# ਪੰਜਾਬ ਵਿਚ ਸਿੱਖ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਸ਼ਹਿਰ ਅਤੇ ਕਸਬੇ: ਇਤਿਹਾਸਕ ਪਰਿਪੇਖ (ਵਰਤਮਾਨ ਭਾਰਤੀ ਪੰਜਾਬ)

ਫੈਕਲਟੀ ਆਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀਜ਼ ਅਧੀਨ

ਪੀ-ਐੱਚ.ਡੀ. (ਧਰਮ ਅਧਿਐਨ)

ਦੀ ਡਿਗਰੀ ਹਿਤ ਪੇਸ਼

ਖੋਜ-ਪ੍ਰਬੰਧ

**ਫਰਵਰੀ-2023**


ਨਿਗਰਾਨ

ਡਾ.ਕਿਰਨਦੀਪ ਕੌਰ

ਮੁਖੀ ਅਤੇ ਸਹਾਇਕ ਪ੍ਰੋਫ਼ੈਸਰ

ਖੋਜਾਰਥੀ

ਦਿਲਪ੍ਰੀਤ ਸਿੰਘ

(ਰਜਿ. ਨੰ: 1632901)

**ਸ੍ਰੀ ਗੁਰੂ ਗ੍ਰੰਥ ਸਾਹਿਬ ਧਰਮ ਅਧਿਐਨ ਵਿਭਾਗ**

**ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ**

**ਫ਼ਤਿਹਗੜ੍ਹ ਸਾਹਿਬ**

# ਪੰਜਾਬ ਵਿਚ ਸਿੱਖ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਸ਼ਹਿਰ ਅਤੇ ਕਸਬੇ: ਇਤਿਹਾਸਕ ਪਰਿਪੇਖ (ਵਰਤਮਾਨ ਭਾਰਤੀ ਪੰਜਾਬ)

ਫੈਕਲਟੀ ਆਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀਜ਼ ਅਧੀਨ

ਪੀ-ਐੱਚ.ਡੀ. (ਧਰਮ ਅਧਿਐਨ)

ਦੀ ਡਿਗਰੀ ਹਿਤ ਪੇਸ਼

ਖੋਜ-ਪ੍ਰਬੰਧ

**ਫਰਵਰੀ-2023**


ਨਿਗਰਾਨ | ਖੋਜਾਰਥੀ

ਡਾ.ਕਿਰਨਦੀਪ ਕੌਰ | ਦਿਲਪ੍ਰੀਤ ਸਿੰਘ

ਮੁਖੀ ਅਤੇ ਸਹਾਇਕ ਪ੍ਰੋਫ਼ੈਸਰ | (ਰਜਿ. ਨੰ: 1632901)

**ਸ੍ਰੀ ਗੁਰੂ ਗ੍ਰੰਥ ਸਾਹਿਬ ਧਰਮ ਅਧਿਐਨ ਵਿਭਾਗ**

**ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ**

**ਫ਼ਤਿਹਗੜ੍ਹ ਸਾਹਿਬ**

# ਘੋਸ਼ਣਾ ਪੱਤਰ

ਮੈਂ ਬਿਆਨ ਕਰਦਾ ਹਾਂ ਕਿ 'ਪੰਜਾਬ ਵਿਚ ਸਿੱਖ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਸ਼ਹਿਰ ਅਤੇ ਕਸਬੇ: ਇਤਿਹਾਸਕ ਪਰਿਪੇਖ (ਵਰਤਮਾਨ ਭਾਰਤੀ ਪੰਜਾਬ)' ਵਿਸ਼ੇ ਉੱਪਰ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ। ਇਸ ਖੋਜ-ਕਾਰਜ ਉੱਪਰ ਕਿਸੇ ਵੀ ਯੂਨੀਵਰਸਿਟੀ ਜਾਂ ਵਿੱਦਿਅਕ ਅਦਾਰੇ ਵੱਲੋਂ ਪਹਿਲਾਂ ਕੋਈ ਡਿਗਰੀ ਜਾਂ ਡਿਪਲੋਮਾ ਪੇਸ਼ ਨਹੀਂ ਕੀਤਾ ਗਿਆ।

ਮਿਤੀ: ਦਿਲਪ੍ਰੀਤ ਸਿੰਘ

ਖੋਜਾਰਥੀ

ਮਿਤੀ: ਡਾ. ਕਿਰਨਦੀਪ ਕੌਰ

ਨਿਗਰਾਨ

# ਪ੍ਰਮਾਣ ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਦਿਲਪ੍ਰੀਤ ਸਿੰਘ ਨੇ ‘ਪੰਜਾਬ ਵਿਚ ਸਿੱਖ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਸ਼ਹਿਰ ਅਤੇ ਕਸਬੇ: ਇਤਿਹਾਸਕ ਪਰਿਪੇਖ (ਵਰਤਮਾਨ ਭਾਰਤੀ ਪੰਜਾਬ)’ ਵਿਸ਼ੇ ਉੱਤੇ ਪੀ-ਐੱਚ.ਡੀ. ਦੀ ਡਿਗਰੀ ਲਈ ਖੋਜ-ਪ੍ਰਬੰਧ ਮੇਰੀ ਨਿਗਰਾਨੀ ਹੇਠ ਤਿਆਰ ਕੀਤਾ ਹੈ। ਇਹ ਖੋਜ-ਪ੍ਰਬੰਧ ਪਹਿਲਾਂ ਕਿਸੇ ਡਿਗਰੀ ਲਈ ਪੇਸ਼ ਨਹੀਂ ਹੋਇਆ। ਇਹ ਖੋਜਾਰਥੀ ਦੀ ਆਪਣੀ ਮੌਲਿਕ ਖੋਜ ਅਤੇ ਮਿਹਨਤ ਦਾ ਨਤੀਜਾ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਪੀ-ਐੱਚ.ਡੀ. ਦੀ ਡਿਗਰੀ ਲਈ ਯੋਗ ਸਮਝਦੀ ਹਾਂ ਅਤੇ ਮੁਲਾਂਕਣ ਵਾਸਤੇ ਪੇਸ਼ ਕਰਨ ਦੀ ਸਿਫ਼ਾਰਸ਼ ਕਰਦੀ ਹਾਂ।

ਮਿਤੀ:

ਡਾ. ਕਿਰਨਦੀਪ ਕੌਰ

ਮੁਖੀ ਅਤੇ ਸਹਾਇਕ ਪ੍ਰੋਫ਼ੈਸਰ

ਸ੍ਰੀ ਗੁਰੂ ਗ੍ਰੰਥ ਸਾਹਿਬ ਧਰਮ ਅਧਿਐਨ ਵਿਭਾਗ

ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ

# ਧੰਨਵਾਦ

ਮੈਂ ਆਪਣੇ ਆਪ ਨੂੰ ਬਹੁਤ ਹੀ ਖੁਸ਼ਨਸੀਬ ਮੰਨਦਾ ਹਾਂ ਕਿ ਮੈਨੂੰ ਡਾ. ਕਿਰਨਦੀਪ ਕੌਰ ਜੀ ਦੀ ਰਹਿਨੁਮਾਈ ਅਧੀਨ ਪੀ-ਐੱਚ.ਡੀ. ਦੇ ਇਸ ਖੋਜ ਕਾਰਜ ਨੂੰ ਮੁਕੰਮਲ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਮੈਂ ਆਪਣੇ ਦਿਲ ਦੀਆਂ ਡੂੰਘਾਈਆਂ ਤੋਂ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਮੇਰੇ ਸਿੱਖ ਇਤਿਹਾਸ ਦੇ ਖੇਤਰ ਵਿਚ ਕੀਤੇ ਕੰਮ ਦੇ ਆਧਾਰ ’ਤੇ ਮੈਨੂੰ ਆਪਣਾ ਖੋਜਾਰਥੀ ਬਣਾਉਣ ਦਾ ਮਾਣ ਬਖ਼ਸ਼ਿਆ। ਇਸ ਖੋਜ-ਕਾਰਜ ਦੇ ਦੌਰਾਨ ਆਪਣੇ ਨਿਗਰਾਨ ਨਾਲ ਬਣੀਆਂ ਮਿੱਠੀਆਂ ਯਾਦਾਂ ਅਤੇ ਖੋਜ-ਕਾਰਜ ਨੂੰ ਮੁਕੰਮਲ ਕਰਨ ਲਈ ਉਨ੍ਹਾਂ ਦੁਆਰਾ ਦਿੱਤਾ ਗਿਆ ਹੌਸਲਾ ਅਭੁੱਲ ਹੈ। ਉਨ੍ਹਾਂ ਦੁਆਰਾ ਦਿੱਤੀ ਗਈ ਹੱਲਾਸ਼ੇਰੀ ਅਤੇ ਵਡਮੁੱਲੇ ਸੁਝਾਵਾਂ ਸਦਕਾ ਮੈਂ ਇਸ ਖੋਜ-ਕਾਰਜ ਨੂੰ ਨੇਪਰੇ ਚਾੜਨ ਦੇ ਯੋਗ ਹੋ ਸਕਿਆ ਹਾਂ।

ਮਿਤੀ: ਦਿਲਪ੍ਰੀਤ ਸਿੰਘ

# ਤਤਕਰਾ


ਭੂਮਿਕਾ i-viii

ਅਧਿਆਇ ਪਹਿਲਾ 1-28

ਪਹਿਲਾਂ ਹੋ ਚੁੱਕੇ ਖੋਜ-ਕਾਰਜਾਂ ਦਾ ਸਰਵੇਖਣ ਅਤੇ ਮੁਲਾਂਕਣ

ਅਧਿਆਇ ਦੂਜਾ 29-90

ਗੁਰੂ ਸਾਹਿਬਾਨ ਦੁਆਰਾ ਸਥਾਪਿਤ ਸ਼ਹਿਰ ਅਤੇ ਕਸਬੇ: ਇਤਿਹਾਸਕ ਪਿਛੋਕੜ

ਅਧਿਆਇ ਤੀਜਾ 91-132

ਗੁਰੂ ਸਾਹਿਬਾਨ ਦੁਆਰਾ ਸਥਾਪਿਤ ਸ਼ਹਿਰਾਂ ਅਤੇ ਕਸਬਿਆਂ ਦਾ ਸਿੱਖ ਧਰਮ ਦੇ ਪ੍ਰਚਾਰ ਅਤੇ ਪਸਾਰ ਵਿਚ ਯੋਗਦਾਨ

ਅਧਿਆਇ ਚੌਥਾ 133-184

ਗੁਰੂ ਸਾਹਿਬਾਨ ਦੁਆਰਾ ਸਥਾਪਿਤ ਸ਼ਹਿਰਾਂ ਅਤੇ ਕਸਬਿਆਂ ਦੀ ਵਰਤਮਾਨ ਸਥਿਤੀ

ਸਾਰੰਸ਼ ਅਤੇ ਸਥਾਪਨਾਵਾਂ 185-192

ਪੁਸਤਕ ਸੂਚੀ 193-205

# ਭੂਮਿਕਾ

ਮੁੱਢ ਕਦੀਮਾਂ ਤੋਂ ਹੀ ਮਨੁੱਖ ਦਾ ਧਰਮ ਅਤੇ ਸਮਾਜ ਨਾਲ ਅਟੁੱਟ ਰਿਸ਼ਤਾ ਬਣਿਆ ਚੱਲਿਆ ਆ ਰਿਹਾ ਹੈ। ਧਰਮ ਹੀ ਹਰ ਇਕ ਮਨੁੱਖ ਨੂੰ ਸਚਿਆਰ ਜੀਵਨ ਜਾਂਚ ਦੀ ਸੂਝ ਪ੍ਰਦਾਨ ਕਰਦਾ ਹੈ, ਜਿਸਦੇ ਤਹਿਤ ਆਦਰਸ਼ ਸਮਾਜ ਦੀ ਸਿਰਜਣਾ ਹੁੰਦੀ ਹੈ। ਜੇਕਰ ਅਸੀਂ ਮਨੁੱਖੀ ਇਤਿਹਾਸ ਨੂੰ ਗੌਰ ਨਾਲ ਵਾਚੀਏ ਤਾਂ ਇਹ ਤੱਤ ਸਾਹਮਣੇ ਆਉਂਦੇ ਹਨ ਕਿ ਜਿਸ ਸਮੇਂ ਸਮਾਜ ਵਿਚ ਅਗਿਆਨਤਾ ਦਾ ਹਨੇਰਾ ਸਿਖਰ ‘ਤੇ ਹੁੰਦਾ ਹੈ ਉਦੋਂ ਹੀ ਕਿਸੇ ਧਰਮੀ ਪੁਰਸ਼ ਦਾ ਜਨਮ ਹੁੰਦਾ ਹੈ, ਜੋ ਆਪਣੇ ਸਿਧਾਂਤਾਂ ਰਾਹੀਂ ਲੋਕਾਈ ਨੂੰ ਪ੍ਰਕਾਸ਼ਮਾਨ ਕਰਦਾ ਹੈ। ਇਸੇ ਤਰ੍ਹਾਂ ਹੀ 15ਵੀਂ ਸਦੀ ਦੌਰਾਨ ਪੂਰੇ ਭਾਰਤ ਵਿਚ ਮਨੁੱਖੀ ਜੀਵਨ ਜਾਤ, ਜਨਮ, ਲਿੰਗ ਅਤੇ ਧਰਮ ਦੇ ਆਧਾਰ ਤੇ ਵੰਡਿਆਂ ਹੋਇਆ ਸੀ, ਰਾਜਨੀਤਿਕ ਅਰਾਜਕਤਾ ਅਤੇ ਵਿਦੇਸ਼ੀ ਹਮਲਿਆਂ ਕਾਰਨ ਸਮਾਜਿਕ-ਏਕਤਾ ਅਤੇ ਆਰਥਿਕਤਾ ਡਾਂਵਾ ਡੋਲ ਹੋ ਚੁੱਕੀ ਸੀ। ਅਜਿਹੇ ਬਿਖੜੇ ਸਮੇਂ ਵਿਚ ਫਸੇ ਲੋਕਾਂ ਦੀ ਪੁਕਾਰ ਨੂੰ ਸੁਣਦੇ ਹੋਏ ਸਿਰਜਣਹਾਰ ਅਕਾਲ ਪੁਰਖ ਨੇ ਗੁਰੂ ਨਾਨਕ ਦੇਵ ਜੀ ਨੂੰ ਇਕ ਮਸੀਹੇ ਦੇ ਰੂਪ ਵਜੋਂ ਇਸ ਜਗਤ ਵਿਚ ਭੇਜਿਆ। ਇਸ ਸੰਬੰਧ ਵਿਚ ਭਾਈ ਗੁਰਦਾਸ ਜੀ ਲਿਖਦੇ ਹਨ:

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ।।[1]

ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ-ਕਾਲ ਦੇ ਮੁੱਢਲੇ ਸਮੇਂ ਤੋਂ ਹੀ ਆਦਰਸ਼ ਸਮਾਜ ਦੀ ਸਿਰਜਣਾ ਦਾ ਕਾਰਜ ਆਰੰਭ ਕਰ ਦਿੱਤਾ ਸੀ। ਇਕ ਅਜਿਹਾ ਸਮਾਜ ਜੋ ਧਾਰਮਿਕ ਪੱਖ ਤੋਂ ਕਿਸੇ ਵੀ ਕਿਸਮ ਦੇ ਫੋਕੇ ਕਰਮ ਕਾਂਡਾਂ, ਵਹਿਮਾਂ-ਭਰਮਾਂ, ਖੋਖਲੇ ਰੀਤੀ ਰਿਵਾਜਾਂ ਅਤੇ ਅਡੰਬਰਾਂ ਤੋਂ ਮੁਕਤ ਹੋਵੇ, ਸਮਾਜਿਕ ਨੁਕਤੇ ਤੋਂ ਮਨੁੱਖੀ ਏਕਤਾ, ਭਰਾਤਰੀ-ਭਾਵ, ਸਮਾਨਤਾ ਅਤੇ ਇਨਸਾਫ ਦੇ ਵਿਚਾਰਾਂ ਦਾ ਧਾਰਨੀ ਹੋਵੇ, ਰਾਜਨੀਤਿਕ ਹਵਾਲੇ ਤੋਂ ਕਿਸੇ ਵੀ ਕਿਸਮ ਦੇ ਜ਼ਬਰ-ਜ਼ੁਲਮ, ਭ੍ਰਿਸ਼ਟਾਚਾਰ ਤੇ ਸ਼ੋਸ਼ਣ ਦਾ ਡਟ ਕੇ ਮੁਕਾਬਲਾ ਕਰਨ ਦੀ ਤਾਕਤ ਰੱਖਦਾ ਹੋਵੇ। ਇਸ ਮਿਸ਼ਨ ਦੀ ਪੂਰਤੀ ਲਈ ਤਕਰੀਬਨ 239 ਸਾਲ ਦਸ ਸਿੱਖ ਗੁਰੂ ਸਾਹਿਬਾਨ ਦੁਆਰਾ ਇਕ ਆਦਰਸ਼ ਸਮਾਜ ਦੀ ਸਿਰਜਣਾ ਲਈ ਸਰਬ-ਪੱਖੀ ਸਿਧਾਂਤਾਂ ਦਾ ਪ੍ਰਚਾਰ ਕੀਤਾ ਗਿਆ।

[1] *ਵਾਰਾਂ ਭਾਈ ਗੁਰਦਾਸ ਜੀ,* ਵਾਰ 1, ਪਉੜੀ 23

ਸਿੱਖ ਗੁਰੂ ਸਾਹਿਬਾਨ ਨੇ ਨਿਰੋਲ ਸਿੱਖ ਸੱਭਿਆਚਾਰ ਦੇ ਪ੍ਰਗਟਾਵੇ ਲਈ ਆਪਣੇ ਵੱਖਰੇ ਨਗਰ ਸਥਾਪਿਤ ਕੀਤੇ। ਇਨ੍ਹਾਂ ਨਗਰਾਂ ਵਿਚ ਬਿਨ੍ਹਾਂ ਕਿਸੇ ਭਿੰਨ-ਭੇਦ ਤੋਂ ਹਰੇਕ ਪ੍ਰਾਣੀ ਨੂੰ ਕੋਈ ਵੀ ਕਾਰਜ ਭਾਵ ਸੰਗਤ, ਪੰਗਤ, ਕਿਰਤ ਆਦਿ ਕਰਨ ਦੀ ਖੁੱਲ ਸੀ। ਇਸ ਦੇ ਉਲਟ ਪੂਰਬਲੇ ਮੌਜੂਦ ਹਰੇਕ ਪਿੰਡ, ਕਸਬੇ ਅਤੇ ਸ਼ਹਿਰ ਵਿਚ ਉੱਚੀ ਅਤੇ ਨੀਵੀਂ ਜਾਤ ਦੇ ਲੋਕਾਂ ਵਿਚਕਾਰ ਰਹਾਇਸ਼, ਕਿੱਤੇ, ਖਾਣ-ਪੀਣ ਆਦਿ ਸੰਬੰਧੀ ਭੇਦ-ਭਾਵ ਪ੍ਰਬਲ ਸੀ। ਇਸ ਨਸਲੀ ਵਖਰੇਵੇਂ ਨੂੰ ਜੀਵਨ ਦੇ ਹਰੇਕ ਪੱਖ ਤੋਂ ਦੂਰ ਕਰਨ ਦੇ ਤਹਿਤ ਹੀ ਗੁਰੂ ਸਾਹਿਬਾਨ ਨੇ ਨਵੇਂ ਨਗਰਾਂ ਦੀ ਸਥਾਪਨਾ ਕੀਤੀ। ਗੁਰੂ ਜੀ ਦੇ ਆਗਮਨ ਦਾ ਮੁੱਖ ਮੰਤਵ ਹੀ ਮਨੁੱਖਤਾ ਨੂੰ ਆਤਮਿਕ ਤੌਰ ਤੇ ਜਾਗ੍ਰਿਤ ਕਰਕੇ ਸਮਾਜਿਕ ਪੱਖ ਤੋਂ ਇਕ ਜੁੱਟ ਕਰਨਾ ਸੀ।

15ਵੀਂ ਸਦੀ ਵਿਚ ਭਾਰਤ ਦੀ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਧਾਰਮਿਕ ਪੱਖੋਂ ਹਾਲਤ ਬਹੁਤ ਗੰਭੀਰ ਸੀ। ਸਮਾਜ ਵਿਚ ਚਾਰੇ ਪਾਸੇ ਅਗਿਆਨਤਾ ਦਾ ਹਨੇਰਾ ਪਸਰਿਆ ਹੋਇਆ ਸੀ। ਸਮਾਜ ਨੂੰ ਚਲਾਉਂਣ ਵਾਲੇ ਦੋ ਪਹੀਏ- ਰਾਜਨੀਤਿਕ ਤੇ ਧਾਰਮਿਕ ਆਗੂ ਦੋਵੇਂ ਹੀ ਟੁੱਟ ਚੁੱਕੇ ਸਨ। ਜਗਤ ਦੀ ਬੇੜੀ ਦਲਦਲ ਵਿਚ ਫਸ ਚੁੱਕੀ ਸੀ। ਸਮੇਂ ਦੇ ਸ਼ਾਸਕ ਆਮ ਲੋਕਾਂ ਦੀ ਸਹਾਇਤਾ ਕਰਨ ਦੀ ਬਜਾਇ ਉਨ੍ਹਾਂ ਉੱਪਰ ਜ਼ੁਲਮ ਕਮਾ ਰਹੇ ਸਨ। ਫੁਰਮਾਨ ਹੈ:

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ।
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ।[2]

ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।
ਰਾਜੇ ਪਾਪੁ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।[3]

ਦਰਸਨਿ ਦੇਖਿਐ ਦਇਆ ਨ ਹੋਇ। ਲਏ ਦਿਤੇ ਵਿਣੁ ਰਹੈ ਨ ਕੋਇ।
ਰਾਜਾ ਨਿਆਉ ਕਰੇ ਹਥਿ ਹੋਇ। ਕਹੈ ਖੁਦਾਇ ਨ ਮਾਨੈ ਕੋਇ।[4]

[2] *ਸ੍ਰੀ ਗੁਰੂ ਗ੍ਰੰਥ ਸਾਹਿਬ*, ਅੰਗ 145

[3] *ਵਾਰਾਂ ਭਾਈ ਗੁਰਦਾਸ ਜੀ*, ਵਾਰ ਪਹਿਲੀ, ਪੌੜੀ 30.

[4] *ਸ੍ਰੀ ਗੁਰੂ ਗ੍ਰੰਥ ਸਾਹਿਬ*, ਅੰਗ 349-350

ਸ਼ਾਸਕ ਨੂੰ ਰਿਸ਼ਵਤ ਦਿੱਤੇ ਬਿਨ੍ਹਾਂ ਕੋਈ ਵੀ ਕਾਰਜ ਸਾਕਾਰ ਨਹੀਂ ਕੀਤਾ ਜਾ ਸਕਦਾ ਸੀ। ਜਗਤ ਦੇ ਸੁਧਾਰਕ, ਧਾਰਮਿਕ ਆਗੂ ਲੋਕਾਂ ਨੂੰ ਧਰਮ ਦੇ ਅਸਲ ਰਾਹ ਤੋਂ ਭਟਕਾ ਕੇ ਖੋਖਲੇ ਰੀਤੀ-ਰਿਵਾਜਾਂ ਅਤੇ ਕਰਮ-ਕਾਂਡਾਂ ਵਿਚ ਉਲਝਾ ਕੇ ਆਰਥਿਕ ਲੁੱਟ ਕਰ ਰਹੇ ਸਨ। ਫੁਰਮਾਨ ਹੈ:

ਕਾਜੀ ਹੋਇ ਕੈ ਬਹੈ ਨਿਆਇ। ਫੇਰੇ ਤਸਬੀ ਕਰੇ ਖੁਦਾਇ।

ਵਢੀ ਲੈ ਕੈ ਹਕੁ ਗਵਾਏ। ਜੇ ਕੋ ਪੁਛੈ ਤਾ ਪੜਿ ਸੁਣਾਏ।[5]

ਕਾਜੀ ਹੋਏ ਰਿਸਵਤੀ ਵਢੀ ਲੈ ਕੈ ਹਕੁ ਗਵਾਈ।

ਇਸਤ੍ਰੀ ਪੁਰਖੈ ਦਾਮਿ ਹਿਤੁ ਭਾਵੈ ਆਇ ਕਿਥਾਊਂ ਜਾਈ।

ਵਰਤਿਆ ਪਾਪੁ ਸਭਸਿ ਜਗਿ ਮਾਂਹੀ।[6]

ਭਾਈ ਸਾਹਿਬ ਅਨੁਸਾਰ ਜਗਤ ਦੇ ਹਾਲਾਤ ਇਸ ਤਰ੍ਹਾਂ ਦੇ ਬਣ ਗਏ ਸਨ ਕਿ ਸਾਰੇ ਪਾਸੇ ਪਾਪ ਵਰਤ ਰਿਹਾ ਸੀ। ਦੇਸ਼ ਦੇ ਲੋਕਾਂ ਨਾਲ ਜਾਤੀ ਅਤੇ ਊਚ-ਨੀਚ ਦੇ ਆਧਾਰ ਤੇ ਵਿਤਕਰਾ ਕੀਤਾ ਜਾਂਦਾ ਸੀ। ਸਮੇਂ ਦੀ ਮੰਗ ਅਤੇ ਲੋਕਾਂ ਦੀ ਪੁਕਾਰ ਨੂੰ ਸੁਣਦੇ ਹੋਏ ਸਿਰਜਣਹਾਰ ਅਕਾਲ ਪੁਰਖ ਨੇ ਗੁਰੂ ਨਾਨਕ ਦੇਵ ਜੀ ਨੂੰ ਮਸੀਹੇ ਦੇ ਰੂਪ ਵਿਚ ਇਸ ਜਗਤ ਵਿਚ ਭੇਜਿਆ। ਭਾਈ ਗੁਰਦਾਸ ਜੀ ਲਿਖਦੇ ਹਨ:

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ।[7]

ਸਤਿਗੁਰੁ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।

ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ[8]

ਭਾਈ ਸਾਹਿਬ ਗੁਰੂ ਮਹਿਮਾ ਕਰਦੇ ਲਿਖਦੇ ਹਨ ਕਿ, ਜਿਸ ਤਰ੍ਹਾਂ ਸੂਰਜ ਦਾ ਪ੍ਰਕਾਸ਼ ਹੋਣ ਨਾਲ ਅੰਧੇਰਾ ਮਿਟ ਜਾਂਦਾ ਹੈ, ਉਸੇ ਤਰ੍ਹਾਂ ਹੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਹੋਣ ਨਾਲ ਜਗਤ ਦਾ ਘੋਰ ਅੰਧੇਰਾ ਦੂਰ ਹੋਇਆ। ਗੁਰੂ ਜੀ ਦੇ ਆਗਮਨ ਦਾ ਮੁੱਖ ਮੰਤਵ ਮਨੁੱਖਤਾ ਨੂੰ ਆਤਮਿਕ ਤੌਰ ਤੇ ਜਾਗ੍ਰਿਤ ਕਰਨਾ ਅਤੇ ਸਮਾਜਿਕ ਪੱਖ ਤੋਂ ਇਕ ਜੁੱਟ ਕਰਨਾ ਸੀ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਸਾਰੇ

[5] ਉਕਤ, ਅੰਗ 951.

[6] *ਵਾਰਾਂ ਭਾਈ ਗੁਰਦਾਸ*, ਵਾਰ 1, ਪਉੜੀ 30.

[7] *ਵਾਰਾਂ ਭਾਈ ਗੁਰਦਾਸ ਜੀ*, ਵਾਰ 1, ਪਉੜੀ 23.

[8] ਉਕਤ, ਵਾਰ 1, ਪਉੜੀ 27.

ਗੁਰੂ ਸਾਹਿਬਾਨ ਨੇ ਮਨੁੱਖਤਾ ਦੀ ਦੈਵੀ ਏਕਤਾ ਦਾ ਸੰਕਲਪ ਸੰਸਾਰ ਨੂੰ ਦਿੱਤਾ। ਇਹ ਬੋਧ ਕਰਵਾਇਆ ਕਿ ਸਮੁੱਚੀ ਮਾਨਵ ਜਾਤੀ ਸਮਾਜਿਕ, ਸਭਿਆਚਾਰਕ, ਧਾਰਮਿਕ, ਰੰਗ, ਨਸਲ, ਬੋਲੀਆਂ, ਭਾਸ਼ਾਵਾਂ, ਪਹਿਰਾਵਿਆਂ ਅਤੇ ਖਾਣ-ਪੀਣ ਦੇ ਬੇਅੰਤ ਵਖਰੇਵਿਆਂ ਦੇ ਬਾਵਜੂਦ ਇਕ ਪ੍ਰਮਾਤਮਾ ਦੀ ਜੋਤ ਦਾ ਹੀ ਨੂਰ ਹੈ। ਭਾਰਤੀ ਸਮਾਜ ਦੀ ਇਹ ਤ੍ਰਾਸਦੀ ਸੀ ਕਿ ਸਦੀਆਂ ਤੋਂ ਭਾਰਤੀ ਲੋਕ ਜਾਤ, ਜਨਮ, ਲਿੰਗ ਅਤੇ ਧਰਮ ਦੇ ਆਧਾਰ ਤੇ ਵੰਡੇ ਹੋਏ ਸਨ, ਰਾਜਨੀਤਿਕ ਅਰਾਜਕਤਾ ਅਤੇ ਵਿਦੇਸ਼ੀ ਹਮਲਿਆਂ ਕਾਰਨ ਸਮਾਜਿਕ-ਏਕਤਾ ਅਤੇ ਆਰਥਿਕਤਾ ਡਾਂਵਾ ਡੋਲ ਹੋ ਚੁਕੀ ਸੀ। ਗੁਰੂ ਜੀ ਨੇ ਆਪਣੀ ਬਾਣੀ ਦੁਆਰਾ ਅਜਿਹੇ ਆਦਰਸ਼ ਲੁਕਾਈ ਸਾਹਮਣੇ ਪ੍ਰਸਤੁਤ ਕੀਤੇ ਜਿਨ੍ਹਾਂ ਵਿਚ ਮਨੁੱਖੀ ਏਕਤਾ ਦੇ ਭਾਵਾਂ ਨੂੰ ਇਕ ਰੂਪ ਕਰ ਦਿੱਤਾ ਗਿਆ ਸੀ। ਇਹ ਆਦਰਸ਼ ਸਿਧਾਂਤ ਸਨ: ਪ੍ਰਮਾਤਮਾ ਇਕ ਹੈ, ਉਹ ਸਾਰਿਆਂ ਵਿਚ ਵਸਦਾ ਹੈ ਇਸ ਲਈ ਸਾਰੇ ਇਨਸਾਨ ਬਰਾਬਰ ਹਨ ਅਤੇ ਸਮਾਨਤਾ ਦਾ ਹੱਕ ਰੱਖਦੇ ਹਨ, ਕਿਸੇ ਵੀ ਮਨੁੱਖ ਨੂੰ ਕਿਸੇ ਦੂਸਰੇ ਮਨੁੱਖ ਦੇ ਸ਼ੋਸ਼ਣ ਦਾ ਕੋਈ ਅਧਿਕਾਰ ਨਹੀਂ। ਮਨੁੱਖੀ ਏਕਤਾ ਅਤੇ ਸਮਾਨਤਾ ਆਦਰਸ਼ ਸਮਾਜ ਦਾ ਬੁਨਿਆਦੀ ਲੱਛਣ ਹੈ। ਸੁਲਤਾਨਪੁਰ ਲੋਧੀ ਵਿਖੇ ਵੇਈਂ ਨਦੀ ਵਿਚ ਇਸ਼ਨਾਨ ਕਰਨ ਤੋਂ ਬਾਅਦ ਗੁਰੂ ਜੀ ਨੇ ਬੁਲੰਦ ਆਵਾਜ਼ ਵਿਚ ਕਿਹਾ ਕਿ 'ਨਾ ਕੋ ਹਿੰਦੂ ਨਾ ਕੋ ਮੁਸਲਮਾਨ'।

ਇਸ ਸਰਵ-ਪੱਖੀ ਵਿਕਾਸ ਨੂੰ ਇਕ ਨਿਰੰਤਰ ਰੂਪ ਪ੍ਰਦਾਨ ਕਰਨ ਲਈ ਗੁਰੂ ਸਾਹਿਬ ਨੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਸਿੱਖ ਧਰਮ ਪ੍ਰਚਾਰ ਕੇਂਦਰ ਸਥਾਪਿਤ ਕੀਤੇ। ਗੁਰੂ ਸਾਹਿਬ ਨੇ ਇਨ੍ਹਾਂ ਪ੍ਰਚਾਰ ਕੇਂਦਰਾਂ ਦਾ ਕਾਰਜ ਪ੍ਰਬੰਧ ਸਿੱਖ ਸੰਗਤਾਂ ਨੂੰ ਸੌਂਪਿਆ। ਇਨ੍ਹਾਂ ਸਿੱਖ ਪ੍ਰਚਾਰਕਾਂ ਦਾ ਪ੍ਰਮੁੱਖ ਉਦੇਸ਼ ਗੁਰੂ ਸਾਹਿਬ ਦੁਆਰਾ ਦਿੱਤੇ ਉਪਦੇਸ਼ਾਂ ਨੂੰ ਦੇਸ਼ ਦੇ ਕੋਨੇ-ਕੋਨੇ ਤੱਕ ਪਹੁੰਚਾਉਣਾ ਅਤੇ ਸਮਾਜ ਭਲਾਈ ਦੇ ਕਾਰਜ ਕਰਨਾ ਸੀ। ਇਨ੍ਹਾਂ ਦੁਆਰਾ ਲੋਕਾਂ ਦੇ ਸਮਾਜਿਕ ਅਤੇ ਧਾਰਮਿਕ ਮਸਲਿਆਂ ਨੂੰ ਸੁਲਝਾਇਆ ਜਾਂਦਾ ਸੀ।

**ਵਿਸ਼ਾ-ਪ੍ਰਵੇਸ਼:** ਸਮਾਜ ਵਿਚ ਫੈਲੇ ਹੋਏ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਨ, ਜਾਤੀ ਭੇਦ-ਭਾਵ ਨੂੰ ਖ਼ਤਮ ਕਰਨ ਅਤੇ ਹਰ ਮਨੁੱਖ ਨੂੰ ਸਮਾਜ ਵਿਚ ਬਰਾਬਰਤਾ ਦੇ ਹੱਕ ਦਾ ਹਿੱਸੇਦਾਰ ਬਨਾਉਣ ਲਈ ਗੁਰੂ ਸਾਹਿਬਾਨ ਦੁਆਰਾ ਨਵੇਂ ਨਗਰਾਂ ਦੀ ਸਥਾਪਨਾ ਕੀਤੀ ਗਈ। ਇਸ ਕਾਰਜ ਦੀ ਸ਼ੁਰੂਆਤ ਗੁਰੂ ਨਾਨਕ ਦੇਵ ਜੀ ਦੁਆਰਾ ਰਾਵੀ ਦਰਿਆ ਦੇ ਕੰਢੇ ਕਰਤਾਰਪੁਰ ਸਾਹਿਬ (ਪਾਕਿਸਤਾਨ) ਦੀ ਸਥਾਪਨਾ ਕਰਨ ਨਾਲ ਹੋਈ। ਇਸ ਨਗਰ ਵਿਚ ਸਿੱਖੀ ਸਿਧਾਂਤਾਂ ਦੇ ਪ੍ਰਚਾਰ ਰਾਹੀਂ ਜਾਤ-ਪਾਤ ਅਤੇ ਊਚ-ਨੀਚ ਦੇ ਭੇਦ ਭਾਵ ਨੂੰ ਠਲ੍ਹ ਪਾਉਣ ਲਈ

ਲੰਗਰ ਪ੍ਰਥਾ ਆਰੰਭ ਕੀਤੀ ਗਈ। ਚਾਰੇ ਵਰਨਾਂ ਦੇ ਲੋਕ ਬਿਨ੍ਹਾਂ ਕਿਸੇ ਭੇਦ-ਭਾਵ ਤੋਂ ਇਕੋ ਪੰਗਤ ਵਿਚ ਬੈਠ ਕੇ ਲੰਗਰ ਛਕਦੇ, ਜਿਸ ਦੇ ਤਹਿਤ ਲੋਕਾਂ ਵਿਚ ਆਪਸੀ ਭਾਈਚਾਰੇ ਅਤੇ ਬਰਾਬਰਤਾ ਦੀ ਭਾਵਨਾ ਨੂੰ ਬਲ ਮਿਲਿਆ। ਇਸ ਤਰ੍ਹਾਂ ਸੰਗਤ ਅਤੇ ਪੰਗਤ ਦੇ ਸਿਧਾਂਤ ਨੇ ਸਮਾਜ ਵਿਚ ਪਸਰੇ ਹੋਏ ਜਾਤੀ ਭੇਦ-ਭਾਵ ਦੇ ਖਾਤਮੇ ਲਈ ਅਹਿਮ ਰੋਲ ਅਦਾ ਕੀਤਾ।

ਕਰਤਾਰਪੁਰ ਸਾਹਿਬ ਵਿਖੇ ਗੁਰੂ ਸਾਹਿਬ ਨੇ ਇਕ ਧਰਮਸ਼ਾਲਾ ਸਥਾਪਿਤ ਕੀਤੀ, ਜਿੱਥੇ ਸਵੇਰ-ਸ਼ਾਮ ਸਿੱਖੀ ਸਿਧਾਂਤਾਂ ਦਾ ਪ੍ਰਚਾਰ ਕੀਤਾ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਦੇ ਜੋਤੀ-ਜੋਤਿ ਸਮਾਉਂਣ ਤੋਂ ਬਾਅਦ ਕ੍ਰਮਵਾਰ ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਨਵੇਂ ਨਗਰਾਂ ਦੀ ਸਥਾਪਨਾ ਹੁੰਦੀ ਰਹੀ। ਇਨ੍ਹਾਂ ਨਗਰਾਂ ਵਿਚ ਮਨੁੱਖ ਦੀ ਸਥਿਤੀ ਸੰਬੰਧੀ ਗੁਰੂ ਅਰਜਨ ਦੇਵ ਜੀ ਨੇ ਕਰਤਾਪੁਰ ਸਾਹਿਬ (ਜਲੰਧਰ) ਦੀ ਸਥਾਪਨਾ ਸਮੇਂ ਬਿਲਾਵਲ ਰਾਗ ਵਿਚ ਇਕ ਸ਼ਬਦ ਉਚਾਰਿਆ:

ਸਿਮਰਿ ਸਿਮਰਿ ਪੂਰਨ ਪ੍ਰਭੂ ਕਾਰਜ ਭਏ ਰਾਸਿ॥
ਕਰਤਾਰਪੁਰਿ ਕਰਤਾ ਵਸੈ ਸੰਤਨ ਕੈ ਪਾਸਿ॥ ਰਹਾਉ ॥
ਬਿਘਨੁ ਨ ਕੋਊ ਲਾਗਤਾ ਗੁਰ ਪਹਿ ਅਰਦਾਸਿ॥
ਰਖਵਾਲਾ ਗੋਬਿੰਦ ਰਾਇ ਭਗਤਨ ਕੀ ਰਾਸਿ॥
ਤੋਟਿ ਨ ਆਵੈ ਕਦੇ ਮੂਲਿ ਪੂਰਨ ਭੰਡਾਰ॥
ਚਰਨ ਕਮਲ ਮਨਿ ਤਨਿ ਬਸੇ ਪ੍ਰਭ ਅਗਮ ਅਪਾਰ॥
ਬਸਤ ਕਮਾਵਤ ਸਭਿ ਸੁਖੀ ਕਿਛੁ ਊਨ ਨ ਦੀਸੈ॥
ਸੰਤ ਪ੍ਰਸਾਦਿ ਭੇਟੇ ਪ੍ਰਭੂ ਪੂਰਨ ਜਗਦੀਸੈ॥
ਜੈ ਜੈ ਕਾਰੁ ਸਭੈ ਕਰਹਿ ਸਚੁ ਥਾਨੁ ਸੁਹਾਇਆ॥
ਜਪਿ ਨਾਨਕ ਨਾਮੁ ਨਿਧਾਨ ਸੁਖ ਪੂਰਾ ਗੁਰੁ ਪਾਇਆ॥

ਇਸ ਵਿਚ ਕੋਈ ਦੋ ਰਾਏ ਨਹੀਂ ਹੈ ਕਿ ਜੇਕਰ ਇਹ ਕਹਿ ਲਿਆ ਜਾਵੇ ਕਿ ਜਿਸ ਬੇਗਮਪੁਰਾ ਸ਼ਹਿਰ ਦਾ ਜਿਕਰ ਭਗਤ ਰਵੀਦਾਸ ਜੀ ਨੇ ਆਪਣੀ ਬਾਣੀ ਵਿਚ ਕੀਤਾ ਸੀ ਉਸ ਦਾ ਪ੍ਰਤੱਖ ਮਾਡਲ ਸਿੱਖ ਗੁਰੂ ਸਾਹਿਬਾਨ ਨੇ ਸਮਾਜ ਵਿਚ ਤਿਆਰ ਕਰ ਕੇ ਵਿਖਾਇਆ। ਗੁਰੂ ਸਾਹਿਬਾਨ ਦੁਆਰਾ ਸਥਾਪਿਤ ਇਨ੍ਹਾਂ ਨਗਰਾਂ

ਨੂੰ ਸਮਾਜ ਨੇ ਇਨ੍ਹਾਂ ਪਿਆਰ ਦਿੱਤਾ ਕਿ ਇਹ ਛੋਟੇ ਪਿੰਡ ਥੋੜ੍ਹੇ ਸਮੇਂ ਵਿਚ ਹੀ ਵੱਡੇ-ਵੱਡੇ ਕਸਬਿਆਂ ਅਤੇ ਸ਼ਹਿਰਾਂ ਦਾ ਰੂਪ ਧਾਰਨ ਕਰ ਗਏ। ਉਦਾਹਰਨ ਵਜੋਂ ਅੰਮ੍ਰਿਤਸਰ ਸਾਹਿਬ ਪੂਰੇ ਭਾਰਤ ਵਿਚ ਇਕ ਸਫਲ ਵਪਾਰਕ ਕੇਂਦਰ ਵਜੋਂ ਜਾਣਿਆ ਜਾਂਦਾ ਹੈ। ਇਸ ਤੋਂ ਇਲਾਵਾ ਗੁਰੂ ਸਾਹਿਬਾਨ ਦੁਆਰਾ ਇਨ੍ਹਾਂ ਨਗਰਾਂ ਵਿਚ ਮਨੁੱਖੀ ਜੀਵਨ ਨਿਰਬਾਹ ਕਰਨ ਲਈ ਮੁੱਢਲੀਆਂ ਲੋੜਾਂ ਮੁਫ਼ਤ ਮੁਹੱਈਆ ਕਰਵਾਈਆਂ ਗਈਆਂ। ਪਾਣੀ ਦੀ ਸਮੱਸਿਆ ਦੂਰ ਕਰਨ ਲਈ ਖੂਹ, ਬਾਉਲੀਆਂ ਅਤੇ ਸਰੋਵਰ ਤਿਆਰ ਕਰਵਾਏ ਗਏ। ਵੱਖ-ਵੱਖ ਤਰ੍ਹਾਂ ਦੇ ਕਿੱਤਾਕਾਰ ਅਤੇ ਵਪਾਰੀ ਵਰਗ ਨੂੰ ਵਸਾ ਕੇ ਇਨ੍ਹਾਂ ਨਗਰਾਂ ਨੂੰ ਆਰਥਿਕ ਪੱਖ ਤੋਂ ਮਜ਼ਬੂਤ ਕੀਤਾ ਗਿਆ। ਰਾਜਨੀਤਿਕ ਪੱਖ ਤੋਂ ਲੋਕਾਂ ਦੇ ਆਪਸੀ ਝਗੜੇ ਭ੍ਰਿਸ਼ਟ ਹੁਕਮਰਾਨਾਂ ਦੀ ਬਜਾਇ ਗੁਰੂ ਦਰਬਾਰ ਵਿਚ ਹੀ ਨਬੇੜੇ ਜਾਂਦੇ ਸਨ। ਇਸ ਤਰ੍ਹਾਂ ਕਿਹਾ ਜਾ ਸਕਦੇ ਹੈ ਕਿ ਜਿਸ ਆਦਰਸ਼ ਸਮਾਜ ਦੀ ਸਿਰਜਨਾ ਦਾ ਸੰਕਲਪ ਗੁਰੂ ਸਾਹਿਬਾਨ ਨੇ ਲਿਆ ਸੀ ਉਹ ਪੂਰਨ ਕਰਕੇ ਵਿਖਾਇਆ।

**ਖੋਜ ਕਾਰਜ ਦਾ ਘੇਰਾ**: ਖੋਜ-ਕਾਰਜ ਦੀ ਵਿਸ਼ਾਲਤਾ ਨੂੰ ਦੇਖਦੇ ਹੋਏ ਇਸਦਾ ਘੇਰਾ ਵਰਤਮਾਨ ਭਾਰਤੀ ਪੰਜਾਬ ਤੱਕ ਨਿਰਧਾਰਿਤ ਕੀਤਾ ਗਿਆ ਹੈ। ਵਿਸ਼ੇ ਨਾਲ ਸੰਬੰਧਿਤ ਕੁਝ ਅਸਥਾਨ ਪੰਜਾਬ ਰਾਜ ਤੋਂ ਬਾਹਰ ਵੀ ਬਣਦੇ ਹਨ, ਪਰ ਅਸੀਂ ਖੋਜ-ਕਾਰਜ ਦੀਆਂ ਹੱਦਬੰਦੀਆਂ ਵਰਤਮਾਨ ਭਾਰਤੀ ਪੰਜਾਬ ਤੱਕ ਹੀ ਸੀਮਿਤ ਰੱਖੀਆਂ ਹਨ। ਸਾਡੇ ਖੋਜ-ਵਿਸ਼ੇ ਦਾ ਸੰਬੰਧ ਸਿਰਫ਼ ਉਹਨਾਂ ਕਸਬਿਆਂ ਅਤੇ ਸ਼ਹਿਰਾਂ ਨਾਲ ਹੈ, ਜੋ ਗੁਰੂ ਸਾਹਿਬਾਨ ਨੇ ਆਪ ਸਥਾਪਿਤ ਕੀਤੇ ਸਨ। ਇਸ ਲਈ ਖੋਜ-ਵਿਸ਼ੇ ਵਿਚ ਅਸੀਂ ਕੇਵਲ ਇਨ੍ਹਾਂ ਕਸਬਿਆਂ ਅਤੇ ਸ਼ਹਿਰਾਂ ਵਿਚਲੇ ਸਿੱਖ ਧਾਰਮਿਕ ਅਸਥਾਨਾਂ ਦੇ ਇਤਿਹਾਸਕ ਪਿਛੋਕੜ ਅਤੇ ਵਰਤਮਾਨ ਸਥਿਤੀ ਤੱਕ ਸੀਮਿਤ ਰਹੇ ਹਾਂ। ਇਸ ਅਧਿਐਨ ਲਈ ਸਿੱਖ ਧਰਮ ਦੇ ਮੂਲ ਅਤੇ ਗੌਣ ਸ੍ਰੋਤ ਗ੍ਰੰਥ ਖੋਜ-ਕਾਰਜ ਦੀ ਪ੍ਰਮੁੱਖ ਸਮੱਗਰੀ ਵਜੋਂ ਵਰਤੇ ਗਏ ਹਨ। ਸਰਵੇਖਣ ਦੌਰਾਨ ਮੌਖਿਕ ਇਤਿਹਾਸ ਅਤੇ ਮਾਨਤਾਵਾਂ ਸੰਬੰਧੀ ਵੀ ਲੋੜੀਂਦੀ ਜਾਣਕਾਰੀ ਇਕੱਤਰ ਕੀਤੀ ਗਈ ਹੈ।

**ਖੋਜ ਕਾਰਜ ਦਾ ਉਦੇਸ਼**: ਇਸ ਖੋਜ ਕਾਰਜ ਦੇ ਉਦੇਸ਼ ਪ੍ਰਾਪਤੀ ਲਈ ਸਿੱਖ ਗੁਰੂ ਸਾਹਿਬਾਨ ਦੁਆਰਾ ਆਪਣੀ ਮੌਜੂਦਗੀ ਵਿਚ ਸਥਾਪਿਤ ਕੀਤੇ ਸ਼ਹਿਰਾਂ ਅਤੇ ਕਸਬਿਆਂ ਦਾ ਸਰਵੇਖਣ ਕਰਦੇ ਹੋਏ ਇਤਿਹਾਸਕ ਅਧਿਐਨ ਕੀਤਾ ਗਿਆ ਹੈ। ਵਿਸ਼ੇ ਨਾਲ ਸੰਬੰਧਿਤ ਸ਼ਹਿਰਾਂ ਅਤੇ ਕਸਬਿਆਂ ਵਿਚਲੇ ਸਿੱਖ ਧਾਰਮਿਕ ਅਸਥਾਨਾਂ ਦਾ

ਇਤਿਹਾਸਕ ਮਹੱਤਵ ਦੱਸਦੇ ਹੋਏ ਇਨ੍ਹਾਂ ਅਸਥਾਨਾਂ ਵਿਖੇ ਮੌਜੂਦ ਗੁਰਦੁਆਰਾ ਸਾਹਿਬ, ਬਾਉਲੀ, ਸਰੋਵਰ, ਕਿਲ੍ਹੇ, ਪੁਰਾਤਨ ਨਿਸਾਨੀਆਂ ਆਦਿ ਦੀ ਵਰਤਮਾਨ ਸਥਿਤੀ ਬਿਆਨ ਕੀਤੀ ਗਈ ਹੈ।

**ਖੋਜ ਵਿਧੀ**: ਖੋਜ-ਕਾਰਜ ਦੀਆਂ ਸਮੱਗਰ ਦਿਸ਼ਾਵਾਂ ਦੇ ਅਧਿਐਨ ਲਈ ਇਹ ਲਾਜ਼ਮੀ ਸੀ ਕਿ ਇਸ ਨੂੰ ਮੁਕੰਮਲ ਕਰਨ ਲਈ ਪ੍ਰਮਾਣਿਕ ਖੋਜ-ਵਿਧੀਆਂ ਦੀ ਵਰਤੋਂ ਕੀਤੀ ਜਾਵੇ। ਇਸ ਖੋਜ-ਕਾਰਜ ਦਾ ਸਿੱਖ ਧਰਮ ਦੇ ਇਤਿਹਾਸ, ਸਿਧਾਂਤਾਂ, ਸੱਭਿਆਚਾਰ ਨਾਲ ਗੂੜ੍ਹਾ ਸੰਬੰਧ ਹੈ। ਇਸ ਲਈ ਨਤੀਜੇ ਵਜੋਂ ਖੋਜ-ਕਾਰਜ ਦੇ ਮੱਦੇਨਜ਼ਰ ਇਤਿਹਾਸਕ, ਪਾਠਾਤਮਕ, ਵਿਸ਼ਲੇਸ਼ਣਾਤਮਕ ਅਤੇ ਸਮਾਜ ਸ਼ਾਸਤਰੀ ਵਿਧੀਆਂ ਦੀ ਵਰਤੋਂ ਕਰਕੇ ਕਾਰਜ ਨੂੰ ਸੰਪੂਰਨ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਇਹਨਾਂ ਵਿਧੀਆਂ ਦੀ ਵਰਤੋਂ ਰਾਹੀਂ ਸਾਰਥਕ ਸਿੱਟਿਆਂ ਤੱਕ ਪਹੁੰਚ ਸਥਾਪਿਤ ਕਰਨ ਦਾ ਯਤਨ ਕੀਤਾ ਗਿਆ ਹੈ।

**ਅਧਿਆਇ ਵੰਡ**: ਹੱਥਲੇ ਖੋਜ-ਪ੍ਰਬੰਧ ਨੂੰ ਵਿਧੀਵਧ ਢੰਗ ਨਾਲ ਮੁਕੰਮਲ ਕਰਨ ਲਈ ਚਾਰ ਅਧਿਆਇਆਂ ਵਿਚ ਵੰਡਿਆ ਗਿਆ ਹੈ, ਜੋ ਇਸ ਪ੍ਰਕਾਰ ਹਨ:

**ਅਧਿਆਇ ਪਹਿਲਾ**: ਪਹਿਲਾਂ ਹੋ ਚੁੱਕੇ ਖੋਜ ਕਾਰਜਾਂ ਦਾ ਸਰਵੇਖਣ ਅਤੇ ਮੁਲਾਂਕਣ

**ਅਧਿਆਇ ਦੂਜਾ**: ਗੁਰੂ ਸਾਹਿਬਾਨ ਦੁਆਰਾ ਸਥਾਪਿਤ ਸ਼ਹਿਰ ਅਤੇ ਕਸਬੇ: ਇਤਿਹਾਸਕ ਪਿਛੋਕੜ

**ਅਧਿਆਇ ਤੀਜਾ**: ਗੁਰੂ ਸਾਹਿਬਾਨ ਦੁਆਰਾ ਸਥਾਪਿਤ ਸ਼ਹਿਰਾਂ ਅਤੇ ਕਸਬਿਆਂ ਦਾ ਸਿੱਖ ਧਰਮ ਦੇ ਪ੍ਰਚਾਰ ਅਤੇ ਪਸਾਰ ਵਿਚ ਯੋਗਦਾਨ

**ਅਧਿਆਇ ਚੌਥਾ**: ਗੁਰੂ ਸਾਹਿਬਾਨ ਦੁਆਰਾ ਸਥਾਪਿਤ ਸ਼ਹਿਰਾਂ ਅਤੇ ਕਸਬਿਆਂ ਦੀ ਵਰਤਮਾਨ ਸਥਿਤੀ

ਪਹਿਲੇ ਅਧਿਆਇ ਵਿਚ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਸ਼ਹਿਰਾਂ ਅਤੇ ਕਸਬਿਆਂ ਸੰਬੰਧੀ ਮਿਲਦੇ ਪੀ-ਐਚ.ਡੀ., ਐਮ.ਫਿਲ. ਅਤੇ ਐਮ.ਏ. ਦੇ ਖੋਜ-ਕਾਰਜਾਂ ਦਾ ਸਰਵੇਖਣ ਅਤੇ ਮੁਲਾਂਕਣ ਕੀਤਾ ਗਿਆ ਹੈ। ਇਸ ਤੋਂ ਇਲਾਵਾ ਖੋਜ-ਵਿਸ਼ੇ ਨਾਲ ਸੰਬੰਧਿਤ ਪੁਸਤਕਾਂ ਦਾ ਵੀ ਅਧਿਐਨ ਕੀਤਾ ਗਿਆ ਹੈ।

ਦੂਜੇ ਅਧਿਆਇ ਵਿਚ ਇਤਿਹਾਸਕ ਸ੍ਰੋਤਾਂ ਦੇ ਹਵਾਲੇ ਨਾਲ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਸ਼ਹਿਰਾਂ ਅਤੇ ਕਸਬਿਆਂ ਦੀ ਸਥਾਪਨਾ ਸੰਬੰਧੀ ਵੱਖ-ਵੱਖ ਇਤਿਹਾਸਕਾਰਾਂ ਦੁਆਰਾ ਪੇਸ਼ ਕੀਤੇ ਪੱਖਾਂ ਨੂੰ ਘੋਖ

ਕੇ ਅਸਲ ਸੱਚ ਤੱਕ ਅੱਪੜਨ ਦਾ ਯਤਨ ਕੀਤਾ ਗਿਆ ਹੈ। ਨਵੇਂ ਨਗਰ ਸਥਾਪਿਤ ਕਰਨ ਦਾ ਮੁੱਢ ਗੁਰੂ ਨਾਨਕ ਦੇਵ ਜੀ ਨੇ ਰਾਵੀ ਦਰਿਆ ਦੇ ਕੰਢੇ ਕਰਤਾਰਪੁਰ ਸਾਹਿਬ ਦੀ ਸਥਾਪਨਾ ਕਰਕੇ ਬੰਨ੍ਹਿਆ। ਫੇਰ ਕ੍ਰਮਵਾਰ ਗੋਇੰਦਵਾਲ ਸਾਹਿਬ, ਅੰਮ੍ਰਿਤਸਰ ਸਾਹਿਬ, ਤਰਨ-ਤਾਰਨ ਸਾਹਿਬ, ਕਰਤਾਰਪੁਰ ਸਾਹਿਬ (ਜਲੰਧਰ) ਆਦਿ ਨਗਰਾਂ ਸੰਬੰਧੀ ਮੂਲ ਅਤੇ ਗੌਣ ਸਰੋਤਾਂ ਦਾ ਅਧਿਐਨ ਕਰਕੇ ਇਤਿਹਾਸਕ ਪਿਛੋਕੜ ਬਿਆਨ ਕੀਤਾ ਗਿਆ ਹੈ। ਗੁਰੂ-ਕਾਲ ਦੇ ਦੌਰਾਨ ਇਹਨਾਂ ਸ਼ਹਿਰਾਂ ਅਤੇ ਕਸਬਿਆਂ ਵਿਚ ਹੋਏ ਉਸਾਰੀ ਦੇ ਕਾਰਜ ਜਿਵੇਂ ਧਰਮਸ਼ਾਲਾ, ਗੁਰਦੁਆਰੇ, ਖੂਹ, ਬਾਉਲੀਆਂ ਆਦਿ ਦਾ ਵੀ ਵਰਣਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਹਨਾਂ ਨਗਰਾਂ ਵਿਚ ਵਾਪਰੀਆਂ ਇਤਿਹਾਸਕ ਘਟਨਾਵਾਂ ਉੱਤੇ ਵੀ ਚਾਨਣਾ ਪਾਇਆ ਗਿਆ ਹੈ।

ਤੀਜੇ ਅਧਿਆਇ ਵਿਚ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਸ਼ਹਿਰਾਂ ਅਤੇ ਕਸਬਿਆਂ ਦਾ ਇਤਿਹਾਸਕ ਮਹੱਤਵ ਦੱਸਦੇ ਹੋਏ ਸਿੱਖ ਧਰਮ ਦੇ ਵਿਕਾਸ ਲਈ ਕੀਤੇ ਗਏ ਧਾਰਮਿਕ, ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਪੱਧਰ ਦੇ ਕਾਰਜਾਂ ਦਾ ਵਰਨਣ ਕੀਤਾ ਗਿਆ ਹੈ। ਗੁਰੂ ਸਾਹਿਬਾਨ ਨੇ ਧਾਰਮਿਕ ਖੇਤਰ ਵਿਚ ਪ੍ਰਚਲਿਤ ਖੋਖਲੇ ਰੀਤੀ ਰਿਵਾਜ ਜਿਵੇਂ ਪਰਦਾ ਪ੍ਰਥਾ, ਸਤੀ ਪ੍ਰਥਾ, ਵਰਣ-ਆਸ਼ਰਮ ਆਦਿ ਦਾ ਖੰਡਨ ਕਰਕੇ ਲੋਕਾਈ ਦਾ ਭਲਾ ਕੀਤਾ। ਸਮਾਜਿਕ ਖੇਤਰ ਵਿਚ ਜਾਤ-ਪਾਤ, ਊਚ-ਨੀਚ ਆਦਿ ਕੁਰੀਤੀਆਂ ਦਾ ਵਿਰੋਧ ਕਰਕੇ ਸਰਬ-ਸਾਂਝੀਵਾਲਤਾ ਦਾ ਉਪਦੇਸ਼ ਦ੍ਰਿੜ੍ਹ ਕਰਵਾਉਣ ਵਿਚ ਅਹਿਮ ਰੋਲ ਅਦਾ ਕੀਤਾ। ਇਹਨਾਂ ਸ਼ਹਿਰਾਂ ਅਤੇ ਕਸਬਿਆਂ ਵਿਚ ਜੀਵਨ ਨਿਰਬਾਹ ਦੀਆਂ ਜ਼ਰੂਰੀ ਵਸਤਾਂ ਜਿਵੇਂ ਕਿ ਰੋਟੀ, ਕੱਪੜਾ ਤੇ ਮਕਾਨ ਬਿਨ੍ਹਾਂ ਕਿਸ ਭੇਦ-ਭਾਵ ਤੋਂ ਮੁਹੱਈਆ ਕਰਵਾਈਆਂ ਗਈਆਂ। ਆਰਥਿਕ ਪੱਖ ਤੋਂ ਵੱਖ-ਵੱਖ ਕਿੱਤਿਆਂ ਦੇ ਕਾਰੀਗਾਰਾਂ ਨੂੰ ਇਹਨਾਂ ਨਗਰਾਂ ਵਿਚ ਵਸਾ ਕੇ ਕਿਰਤ ਦੀ ਦਾਤ ਪ੍ਰਦਾਨ ਕੀਤੀ ਗਈ। ਇਸ ਤੋਂ ਇਲਾਵਾ ਅਕਾਲ ਤਖ਼ਤ ਦੀ ਸਥਾਪਨਾ ਕਰਕੇ ਗੁਰੂ ਹਰਿਗੋਬਿੰਦ ਸਾਹਿਬ ਨੇ ਭ੍ਰਿਸ਼ਟ ਸਮਰਾਜ ਤੋਂ ਸਮਾਜ ਦਾ ਛੁਟਕਾਰਾ ਕਰਵਾਇਆ।

ਚੌਥੇ ਅਧਿਆਇ ਵਿਚ ਖੇਤਰੀ ਖੋਜ ਦੇ ਦੌਰਾਨ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਸ਼ਹਿਰਾਂ ਅਤੇ ਕਸਬਿਆਂ ਵਿਖੇ ਸਥਿਤ ਸਿੱਖ ਇਤਿਹਾਸਕ ਅਸਥਾਨਾਂ ਦੀ ਵਰਤਮਾਨ ਸਥਿਤੀ ਦਾ ਜਾਇਜ਼ਾ ਲਿਆ ਗਿਆ ਹੈ। ਸਰਵੇਖਣ ਦੌਰਾਨ ਇਹਨਾਂ ਅਸਥਾਨਾਂ ਦੀ ਵਰਤਮਾਨ ਸਥਿਤੀ, ਮੌਜੂਦ ਪੁਰਾਤਨ ਨਿਸਾਨੀਆਂ ਆਦਿ ਸੰਬੰਧੀ ਪ੍ਰਾਪਤ ਜਾਣਕਾਰੀ ਦਾ ਇਕੱਤਰੀਕਰਨ ਕੀਤਾ ਗਿਆ ਹੈ।

# ਅਧਿਆਇ ਪਹਿਲਾ

## ਪਹਿਲਾਂ ਹੋ ਚੁੱਕੇ ਖੋਜ ਕਾਰਜਾਂ ਦਾ ਸਰਵੇਖਣ ਅਤੇ ਮੁਲਾਂਕਣ

ਖੋਜ-ਪ੍ਰਬੰਧ ਦੇ ਪਹਿਲੇ ਅਧਿਆਇ ਵਿਚ ਪ੍ਰਸਤੁਤ ਖੋਜ ਕਾਰਜ 'ਸਿੱਖ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਸ਼ਹਿਰ ਅਤੇ ਕਸਬੇ' ਦੇ ਸੰਬੰਧ ਵਿਚ ਮਿਲਦੇ ਖੋਜ ਕਾਰਜਾਂ ਦਾ ਸਰਵੇਖਣ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਇਸ ਅਧਿਆਇ ਦਾ ਮੁੱਖ ਉਦੇਸ਼ ਇਹ ਵਾਚਣਾ ਹੈ ਕਿ ਹੱਥਲੇ ਖੋਜ-ਪ੍ਰਬੰਧ ਨਾਲ ਸੰਬੰਧਤ ਕੋਈ ਕਾਰਜ ਪਹਿਲਾਂ ਵੀ ਹੋ ਚੁੱਕਾ ਹੈ ਜਾਂ ਨਹੀਂ। ਇਸ ਮਨੋਰਥ ਦੀ ਪੂਰਤੀ ਲਈ ਵਿਸ਼ੇ ਨਾਲ ਮਿਲਦੇ-ਜੁਲਦੇ ਖੋਜ-ਨਿਬੰਧ, ਖੋਜ-ਪ੍ਰਬੰਧ, ਪੁਸਤਕਾਂ ਅਤੇ ਹੋਰ ਸਹਾਇਕ ਸਮੱਗਰੀ ਦਾ ਅਧਿਐਨ ਕੀਤਾ ਗਿਆ ਹੈ ਜਿਸਦਾ ਵੇਰਵਾ ਇਸ ਪ੍ਰਕਾਰ ਹੈ:

❖ **ਖੋਜ-ਨਿਬੰਧ**

- **ਅੰਮ੍ਰਿਤਸਰ ਜ਼ਿਲੇ ਦੇ ਪ੍ਰਮੁੱਖ ਗੁਰਦੁਆਰੇ ਅਤੇ ਉਨ੍ਹਾਂ ਨਾਲ ਸੰਬੰਧਿਤ ਲੋਕਧਾਰਾ**: ਖੋਜ-ਨਿਬੰਧ ਸੰਤ ਸੇਵਕ ਸਿੰਘ ਸਰਕਾਰੀਆ ਨੇ ਐਮ.ਫਿਲ ਦੀ ਡਿਗਰੀ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਸੰਨ 2007 ਵਿਚ ਪੇਸ਼ ਕੀਤਾ। ਇਸ ਖੋਜ-ਕਾਰਜ ਵਿਚੋਂ ਸਾਨੂੰ ਅੰਮ੍ਰਿਤਸਰ ਜ਼ਿਲੇ ਦੇ ਗੁਰਦੁਆਰਿਆਂ ਦਾ ਇਤਿਹਾਸਕ ਪਿਛੋਕੜ, ਪ੍ਰਚੱਲਿਤ ਮਰਯਾਦਾ, ਮਾਨਤਾਵਾਂ ਅਤੇ ਮਿੱਥਾਂ ਆਦਿ ਸੰਬੰਧੀ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਹੋਈ ਹੈ।

❖ **ਖੋਜ-ਪ੍ਰਬੰਧ**

- **ਸਿੱਖ ਸਿਮਰਤੀ ਵਿਚ ਸ੍ਰੀ ਅਨੰਦਪੁਰ ਸਾਹਿਬ (ਇਤਿਹਾਸ ਅਤੇ ਸਾਹਿਤ ਦੇ ਹਵਾਲੇ ਵਿੱਚ)** ਖੋਜ-ਪ੍ਰਬੰਧ ਸੰਨ 2021 ਵਿਚ ਖੋਜਾਰਥੀ ਪਰਮਜੀਤ ਸਿੰਘ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਪੀ-ਐੱਚ.ਡੀ. ਦੀ ਡਿਗਰੀ ਲਈ ਪ੍ਰਸਤੁਤ ਕੀਤਾ। ਇਸ ਖੋਜ ਪ੍ਰਬੰਧ ਨੂੰ ਖੋਜਾਰਥੀ ਨੇ ਪੰਜ ਅਧਿਆਇਆਂ ਵਿਚ ਵੰਡਿਆ ਹੈ। ਪਹਿਲੇ ਅਧਿਆਇ ਵਿਚ ਸਿਮਰਤੀ ਸ਼ਬਦ ਦੇ ਅਰਥ, ਸਿਧਾਂਤ, ਪਰਿਭਾਸ਼ਾ ਅਤੇ ਸਿਮਰਤੀ ਦੀਆਂ ਵਿਸੇਸ਼ਤਾਵਾਂ ਦਾ ਵਰਣਨ ਕੀਤਾ ਗਿਆ ਹੈ। ਸਿੱਖ ਸਿਮਰਤੀ ਵਿਚ ਗੁਰੂ ਦੇ ਮਹੱਤਵ, ਸਿੱਖ ਵਿਲੱਖਣ ਪਹਿਚਾਣ ਅਤੇ ਸਿੱਖ ਸੰਸਥਾਵਾਂ ਦੀ ਮਹੱਤਤਾ ਦੇ ਪੱਖਾਂ ਨੂੰ

ਸਿਮਰਤੀ ਦੇ ਪੱਖ ਤੋਂ ਪੜਚੋਲਿਆ ਗਿਆ ਹੈ। ਖੋਜ-ਪ੍ਰਬੰਧ ਦੇ ਦੂਜੇ ਅਧਿਆਇ ਵਿਚ ਸਿੱਖ ਸਿਮਰਤੀ ਨੂੰ ਇਤਿਹਾਸਕ ਪੱਖ ਤੋਂ ਵਾਚਣ ਦਾ ਉਪਰਾਲਾ ਕੀਤਾ ਗਿਆ ਹੈ। ਗੁਰੂ ਤੇਗ ਬਹਾਦਰ ਜੀ ਦੁਆਰਾ ਸਥਾਪਤ ਨਗਰੀ ਅਨੰਦਪੁਰ ਸਾਹਿਬ ਦੇ ਪਿਛੋਕੜ, ਸਰੂਪ ਅਤੇ ਸਿਧਾਂਤ ਨੂੰ ਪੜਚੋਲਿਆ ਗਿਆ ਹੈ। ਨਗਰ ਵਿਚ ਸਥਾਪਿਤ ਕਿਲ੍ਹਿਆਂ ਅਤੇ ਖਾਲਸਾਈ ਬੋਲਿਆਂ ਦਾ ਮਹੱਤਵ ਦੱਸਿਆ ਗਿਆ ਹੈ। ਇਸ ਤੋਂ ਇਲਾਵਾ ਸਿੱਖ ਸਿਮਰਤੀ ਵਿਚ ਗੁਰਦੁਆਰਾ, ਧਾਰਮਿਕ ਆਜ਼ਾਦੀ, ਖਾਲਸੇ ਦੀ ਸਿਰਜਨਾ ਅਤੇ ਸਿੱਖ ਸੱਭਿਆਚਾਰ ਦੇ ਅੰਗ ਹੌਲੇ-ਮਹੱਲੇ ਦੀ ਪੁਰਾਤਨ ਮਰਯਾਦਾ ਦੀ ਅਜੋਕੇ ਸਮੇਂ ਵਿਚ ਹੋਏ ਬਦਲਾਅ ਸੰਬੰਧੀ ਜਾਣਕਾਰੀ ਦਿੱਤੀ ਗਈ ਹੈ। ਤੀਜੇ ਅਧਿਆਇ ਵਿਚ ਸਿੱਖ ਸਾਹਿਤਕ ਸਿਮਰਤੀ ਵਿਚ ਅਨੰਦਪੁਰ ਸਾਹਿਬ ਦਾ ਮਹੱਤਵ ਦਰਸਾਇਆ ਗਿਆ ਹੈ। ਸਾਹਿਤਕ ਪੱਖ ਤੋਂ ਸੱਭਿਆਚਾਰਕ ਵੰਨਗੀਆਂ ਜਿਵੇਂ: ਢਾਡੀ ਵਾਰਾਂ, ਕਵਿਤਾਵਾਂ, ਗੀਤਾਂ ਆਦਿ ਨੂੰ ਸ਼ਾਮਿਲ ਕੀਤਾ ਗਿਆ ਹੈ। ਵਿਸ਼ੇ ਨਾਲ ਸੰਬੰਧਤ ਪੁਸਤਕਾਂ, ਲੇਖ, ਸੋਸ਼ਲ ਮੀਡੀਆ (ਯੂ ਟਿਊਬ) ਆਦਿ ਤੋਂ ਹਵਾਲੇ ਲਏ ਗਏ ਹਨ। ਚੌਥੇ ਅਧਿਆਇ ਵਿਚ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਜੋ ਵਿਸ਼ਵ ਕਲਿਆਣ ਦੀ ਵਿਚਾਰਧਾਰਾ ਉਤਪੰਨ ਹੋਈ ਉਸ ਦਾ ਪ੍ਰਭਾਵ ਸਿੱਖ ਸਿਮਰਤੀ ‘ਤੇ ਕਿਵੇਂ ਪਿਆ ਉਸ ਬਾਰੇ ਵਿਸ਼ੇਸ਼ ਚਰਚਾ ਕੀਤੀ ਗਈ ਹੈ।

- **ਅੰਮ੍ਰਿਤਸਰ ਸ਼ਹਿਰ ਦੀ ਲੋਕਧਾਰਾ: ਅੰਤਰ ਅਨੁਸ਼ਾਸਨੀ ਅਧਿਐਨ** ਖੋਜ-ਕਾਰਜ ਖੋਜਾਰਥੀ ਪੂਜਾ ਦੁਆਰਾ ਪੀ-ਐੱਚ.ਡੀ. ਦੀ ਡਿਗਰੀ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਸੰਨ 2018 ‘ਚ ਪੇਸ਼ ਕੀਤਾ ਗਿਆ। ਇਸ ਖੋਜ-ਪ੍ਰਬੰਧ ਨੂੰ ਚਾਰ ਭਾਗਾਂ ਵਿਚ ਵੰਡਿਆਂ ਗਿਆ ਹੈ। ਪਹਿਲੇ ਅਧਿਆਇ ਵਿਚ ਅੰਮ੍ਰਿਤਸਰ ਸ਼ਹਿਰ ਸੰਬੰਧੀ ਪ੍ਰਾਪਤ ਸਮੱਗਰੀ ਦਾ ਮੁਲਾਂਕਣ ਕੀਤਾ ਗਿਆ ਹੈ। ਦੂਜੇ ਅਧਿਆਇ ਵਿਚ ਅੰਮ੍ਰਿਤਸਰ ਸ਼ਹਿਰ ਦੀ ਸਥਾਪਨਾ ਸੰਬੰਧੀ ਇਤਿਹਾਸਕ ਅਤੇ ਮਿਥਿਹਾਸਕ ਪੱਖਾਂ ਦਾ ਵਰਣਨ ਕੀਤਾ ਗਿਆ ਹੈ। ਤੀਜੇ ਅਧਿਆਇ ਵਿਚੋਂ ਅੰਮ੍ਰਿਤਸਰ ਸ਼ਹਿਰ ਵਿਚਲੇ ਪ੍ਰਮੁੱਖ ਇਤਿਹਾਸਕ ਅਸਥਾਨਾਂ ਤੇ ਲੱਗਦੇ ਮਸ਼ਹੂਰ ਮੇਲਿਆਂ ਅਤੇ ਤਿਉਹਾਰਾਂ ਸੰਬੰਧੀ ਜਾਣਕਾਰੀ ਪ੍ਰਾਪਤ ਹੋਈ ਹੈ। ਇਸ ਖੋਜ-ਪ੍ਰਬੰਧ ਦੇ ਅਧਿਐਨ ਤੋਂ ਸਾਨੂੰ ਆਪਣੇ ਖੋਜ-ਕਾਰਜ ਨਾਲ ਸੰਬੰਧਿਤ ਸ਼ਹਿਰ ਅੰਮ੍ਰਿਤਸਰ ਸਾਹਿਬ ਬਾਰੇ ਮਹੱਤਵਪੂਰਨ ਸਮੱਗਰੀ ਹਾਸਲ ਹੋਈ ਹੈ।

- **Sikh Shrines From Historical Literature (Late 19th and Early 20th Centuries)** ਇਹ ਖੋਜ-ਪ੍ਰਬੰਧ ਦਿਲਜੀਤ ਕੌਰ ਗਿੱਲ ਦੁਆਰਾ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਸੰਨ 2012 ਨੂੰ ਪ੍ਰਸਤੁਤ ਕੀਤਾ ਗਿਆ ਸੀ। ਇਹ ਖੋਜ-ਪ੍ਰਬੰਧ ਉੱਨੀਵੀਂ ਸਦੀਂ ਦੇ ਅੰਤ ਅਤੇ ਵੀਹਵੀਂ ਸਦੀ ਦੇ ਸ਼ੁਰੂਆਤ ਵਿਚ ਗੁਰਦੁਆਰਿਆਂ ਨਾਲ ਸੰਬੰਧਿਤ ਛਪੀਆਂ ਚਾਰ ਮਹੱਤਵਪੂਰਨ ਪੁਸਤਕਾਂ ਦੇ ਸੰਦਰਭ ਵਿਚ ਲਿਖਿਆ ਗਿਆ ਹੈ। ਖੋਜ-ਪ੍ਰਬੰਧ ਦੇ ਪਹਿਲੇ ਅਧਿਆਇ ਵਿਚ ਗੁਰਦੁਆਰਿਆਂ ਦਾ ਇਤਿਹਾਸਕ ਪਿਛੋਕੜ ਬਿਆਨ ਕੀਤਾ ਗਿਆ ਹੈ। ਦੂਜੇ ਅਧਿਆਇ ਵਿਚ ਪੰਡਤ ਤਾਰਾ ਸਿੰਘ ਨਰੋਤਮ ਦੁਆਰਾ ਗੁਰਦੁਆਰਿਆਂ ਦੇ ਸੰਬੰਧ ਵਿਚ ਲਿਖੀ ਪੁਸਤਕ *ਸ੍ਰੀ ਗੁਰੁ ਤੀਰਥ ਸੰਗ੍ਰਹਿ* (1884 ਈ.) ‘ਤੇ ਆਧਾਰਿਤ ਹੈ। ਇਸੇ ਤਰ੍ਹਾਂ ਤੀਜੇ ਅਧਿਆਇ ਵਿਚ ਗਿਆਨੀ ਗਿਆਨ ਸਿੰਘ ਦੁਆਰਾ ਲਿਖੀ ਪੁਸਤਕ *ਗੁਰਧਾਮ ਸਗ੍ਰਹਿ* (1919 ਈ.) ਦਾ ਹਾਲ ਬਿਆਨ ਕੀਤਾ ਗਿਆ ਹੈ। ਚੌਥੇ ਅਧਿਆਇ ਵਿਚ ਗਿਆਨੀ ਠਾਕੁਰ ਸਿੰਘ ਦੁਆਰਾ ਲਿਖੀ ਪੁਸਤਕ *ਗੁਰਦੁਆਰੇ ਦਰਸ਼ਨ* (1923 ਈ.) ਵਿਚ ਵਰਨਣ ਗੁਰਦੁਆਰਿਆਂ ਦਾ ਅਧਿਐਨ ਕੀਤਾ ਗਿਆ ਹੈ। ਪੰਜਵੇਂ ਅਧਿਆਇ ਵਿਚ ਭਾਈ ਕਾਨ੍ਹ ਸਿੰਘ ਨਾਭਾ ਦੀ ਬਹੁਮੁੱਲੀ ਰਚਨਾ *ਗੁਰਸ਼ਬਦ ਰਤਨਾਕਰ ਮਹਾਨ ਕੋਸ਼* (1930 ਈ.) ਵਿਚ ਮਿਲਦੇ ਗੁਰਦੁਆਰਿਆਂ ਦਾ ਵਰਣਨ ਕੀਤਾ ਗਿਆ ਹੈ।

❖ **ਪੁਸਤਕ ਰੂਪ ਵਿਚ ਪ੍ਰਾਪਤ ਕਾਰਜ**

❖ **ਪੰਜਾਬੀ ਪੁਸਤਕਾਂ**

- **ਤਵਾਰੀਖ਼ ਸ੍ਰੀ ਅੰਮ੍ਰਿਤਸਰ** ਗਿਆਨੀ ਗਿਆਨ ਸਿੰਘ ਦੁਆਰਾ ਲਿਖੀ ਇਹ ਪੁਸਤਕ ਕੇਂਦਰੀ ਸਿੰਘ ਸਭਾ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ (ਸੰਨ ਰਹਿਤ) ਕੀਤੀ ਗਈ। ਇਸ ਮਹੱਤਵਪੂਰਨ ਪੁਸਤਕ ਵਿਚ ਗਿਆਨੀ ਜੀ ਨੇ ਅੰਮ੍ਰਿਤਸਰ ਸ਼ਹਿਰ ਦੇ ਸੰਬੰਧ ਵਿਚ ਵਡਮੁੱਲੀ ਜਾਣਕਾਰੀ ਪ੍ਰਦਾਨ ਕੀਤੀ ਹੈ। ਇਸ ਪੁਸਤਕ ਵਿਚ ਅੰਮ੍ਰਿਤਸਰ ਸਾਹਿਬ ਸ਼ਹਿਰ ਦੀ ਸਥਾਪਨਾ, ਅੰਮ੍ਰਿਤਸਰ ਨਾਮ ਹੋਣ ਪਿੱਛੇ ਕਾਰਨ, ਅੰਮ੍ਰਿਤਸਰ ਸ਼ਹਿਰ ਦਾ ਰਕਬਾ, ਕਟੜਿਆਂ ਦਾ ਹਾਲ, ਬੁੰਗਿਆਂ ਦੀ ਗਿਣਤੀ, ਸਰੋਵਰ, ਇਤਿਹਾਸਕ ਗੁਰਦੁਆਰਿਆਂ ਦਾ ਸੰਖੇਪ ਇਤਿਹਾਸ ਆਦਿ ਸੰਬੰਧੀ ਅਹਿਮ ਜਾਣਕਾਰੀ

ਪ੍ਰਾਪਤ ਹੁੰਦੀ ਹੈ। ਇਸ ਤੋਂ ਇਲਾਵਾ ਅੰਮ੍ਰਿਤਸਰ ਸ਼ਹਿਰ ਦੇ ਇਤਿਹਾਸ ਅਤੇ ਪੁਨਰ ਉਸਾਰੀ ਸੰਬੰਧੀ ਭਰਪੂਰ ਮਸਾਲਾ ਵੇਰਵੇ ਸਹਿਤ ਮਿਲਦਾ ਹੈ।

- **ਤਵਾਰੀਖ ਅੰਮ੍ਰਿਤਸਰ** ਸਿੱਖ ਜਗਤ ਦੇ ਮਸ਼ਹੂਰ ਇਤਿਹਾਸਕਾਰ ਸ. ਕਰਮ ਸਿੰਘ ਹਿਸਟੋਰੀਅਨ ਦੀ ਲਿਖੀ ਇਹ ਪੁਸਤਕ ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ (ਸੰਨ ਰਹਿਤ)ਵੱਲੋਂ ਛਾਪੀ ਗਈ। ਇਸ ਪੁਸਤਕ ਵਿਚ ਅੰਮ੍ਰਿਤਸਰ ਸ਼ਹਿਰ ਦੀ ਸਥਾਪਨਾ, ਇਤਿਹਾਸ, ਸ਼ਹਿਰ ਵਿਚਲੇ ਕਟੜੇ, ਇਤਿਹਾਸਿਕ ਗੁਰਦੁਆਰੇ, ਇਮਾਰਤ ਦਰਬਾਰ ਸਾਹਿਬ, ਸਰੋਵਰ, ਗ੍ਰੰਥੀਆਂ, ਗਿਆਨੀਆਂ, ਬੁੰਗਿਆਂ ਅਤੇ ਸਿੱਖ ਮੇਲਿਆਂ ਆਦਿ ਸੰਬੰਧੀ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ। ਇਸ ਪੁਸਤਕ ਵਿਚ ਇਕ ਅਹਿਮ ਤੱਥ ਲਿਖਿਆ ਮਿਲਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਸੰ.1752 ਵਿਚ ਅੰਮ੍ਰਿਤਸਰ ਆਏ ਸਨ। ਅੰਮ੍ਰਿਤਸਰ ਸ਼ਹਿਰ ਦੇ ਹਾਲ ਸੰਬੰਧੀ ਇਹ ਇਕ ਅਹਿਮ ਪੁਸਤਕ ਮੰਨੀ ਜਾ ਸਕਦੀ ਹੈ।
- **ਵਾਰ ਅੰਮ੍ਰਿਤਸਰ ਕੀ** ਕਾਵਿ ਦਰਸ਼ਨ ਦੁਆਰਾ ਰਚਿਤ ਇਹ ਵਾਰ ਸਿੱਖ ਹਿਸਟਰੀ ਸੋਸਾਇਟੀ, ਅੰਮ੍ਰਿਤਸਰ ਵੱਲੋਂ 1951 ਈ. ਵਿਚ ਪ੍ਰਕਾਸ਼ਿਤ ਕੀਤੀ ਗਈ। ਇਸ ਰਚਨਾ ਨੂੰ ਗੰਡਾ ਸਿੰਘ ਦੁਆਰਾ ਸੰਪਾਦਿਤ ਕੀਤਾ ਗਿਆ ਸੀ। ਪੁਸਤਕ ਦੇ ਆਰੰਭਕ ਸ਼ਬਦਾਂ ਵਿਚ ਸੰਪਾਦਕ ਨੇ ਬਿਆਨ ਕੀਤਾ ਹੈ ਕਿ ਇਹ ਬਹੁਮੁੱਲੀ ਰਚਨਾ ਉਸਨੂੰ ਕਿਸੇ ਪੁਰਾਤਨ ਪੋਥੀ ਵਿਚੋਂ ਮਿਲੀ ਸੀ। ਅੱਗੇ ਚਲ ਕੇ ਗੰਡਾ ਸਿੰਘ ਲਿਖਦੇ ਹਨ ਕਿ ਇਹ ਇਕ ਅਦੁੱਤੀ ਲਿਖਤ ਹੈ ਕਿਉਂਕਿ ਇਸ ਵਾਰ ਵਿਚ ਦਰਜ ਇਤਿਹਾਸਕ ਘਟਨਾਵਾਂ ਦਾ ਕਿਸੇ ਹੋਰ ਸਮਕਾਲੀ ਵਿਦਵਾਨ ਨੇ ਇਤਨਾ ਵਿਸਥਾਰ ਸਹਿਤ ਜਿਕਰ ਨਹੀਂ ਕੀਤਾ। ਇਸ ਵਾਰ ਵਿੱਚ ਸਿੰਘਾਂ ਅਤੇ ਚੂਹੜ ਮੱਲ ਵਿਚਕਾਰ ਹੋਈ ਲੜਾਈ ਦਾ ਹਾਲ ਦੱਸਿਆ ਗਿਆ ਹੈ।
- **ਸ੍ਰੀ ਦਰਬਾਰ ਸਾਹਿਬ ਮਹੱਤਤਾ** ਗਿਆਨੀ ਮਹਾਂ ਸਿੰਘ ਦੁਆਰਾ ਸੰਪਾਦਿਤ ਇਹ ਪੁਸਤਕ ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵੱਲੋਂ 1963 ਈ. ਵਿਚ ਪ੍ਰਕਾਸ਼ਿਤ ਕੀਤੀ ਗਈ। ਇਸ ਪੁਸਤਕ ਵਿਚ ਦਰਬਾਰ ਸਾਹਿਬ ਦੀ ਮਹੱਤਤਾ ਦੇ ਸੰਬੰਧ ਵਿਚ 'ਖਾਲਸਾ ਸਮਾਚਾਰ' ਵਿਚ ਕਾਵਿ ਅਤੇ ਵਾਰਤਕ ਰੂਪ ਵਿਚ ਛਪੇ ਕੁਝ ਲੇਖ ਸ਼ਾਮਿਲ ਕੀਤੇ ਗਏ ਹਨ। ਇਹਨਾਂ ਲੇਖਾਂ ਤੋਂ ਸਾਨੂੰ ਦਰਬਾਰ ਸਾਹਿਬ ਦੀ ਮਹੱਤਤਾ, ਦਰਬਾਰ ਸਾਹਿਬ ਦੀ ਰਾਖੀ ਲਈ ਸਿੱਖਾਂ ਦੀਆਂ ਕੁਰਬਾਨੀਆਂ, ਅਧਿਆਤਮਿਕ ਜੀਵਨ ਦੀ ਤਰੱਕੀ ਵਿਚ ਸਹਾਈ ਆਦਿ ਸੰਬੰਧੀ ਜਾਣਕਾਰੀ ਹਾਸਿਲ ਹੁੰਦੀ ਹੈ।

- **ਨਹੀਂ ਤੁਧੁ ਜੇਹਿਆ** ਪੁਸਤਕ ਪ੍ਰੋ. ਜੋਗਿੰਦਰ ਸਿੰਘ ਵੱਲੋਂ 1977 ਈ. ਵਿਚ ਪ੍ਰੀਤ ਪ੍ਰਕਾਸ਼ਨ, ਨਵੀਂ ਦਿੱਲੀ ਤੋਂ ਛਪਵਾਈ ਗਈ। ਇਸ ਪੁਸਤਕ ਵਿਚ ਲੇਖਕ ਨੇ ਅੰਮ੍ਰਿਤਸਰ ਸ਼ਹਿਰ ਨੂੰ ਸਿੱਖੀ ਦੀ ਅਗਵਾਈ ਦਾ ਕੇਂਦਰ ਦੱਸਿਆ ਹੈ। ਹਰਿਮੰਦਰ ਸਾਹਿਬ ਦੀ ਮਹਿਮਾ ਬਿਆਨ ਕਰਦੇ ਹੋਏ ਗੁਰੂ ਅਰਜਵ ਦੇਵ ਜੀ ਦੁਆਰਾ ਇਸ ਸ਼ਹਿਰ ਵਿਚ ਗੁਰੂ ਗ੍ਰੰਥ ਸਹਿਬ ਦੀ ਸੰਪਾਦਨਾ ਕਰਨ ਬਾਰੇ ਦੱਸਿਆ ਗਿਆ ਹੈ।
- **ਅੰਮ੍ਰਿਤਸਰ ਸਿਫਤੀ ਦਾ ਘਰੁ** ਪ੍ਰਤਾਪ ਸਿੰਘ ਗਿਆਨੀ ਦੁਆਰਾ ਲਿਖੀ ਇਹ ਪੁਸਤਕ ਭਾਈ ਉਤਮ ਸਿੰਘ ਗੁਰਬਚਨ ਸਿੰਘ, ਅੰਮ੍ਰਿਤਸਰ ਤੋਂ 1977 ਈ. ਨੂੰ ਪ੍ਰਕਾਸ਼ਿਤ ਕੀਤੀ ਗਈ। ਇਸ ਪੁਸਤਕ ਵਿਚ ਅੰਮ੍ਰਿਤਸਰ ਸ਼ਹਿਰ ਦਾ ਇਤਿਹਾਸਕ ਪਿਛੋਕੜ, ਸਥਾਪਨਾ ਅਤੇ ਸ਼ਹਿਰ ਵਿਚਲੇ ਇਤਿਹਾਸਕ ਅਸਥਾਨਾਂ ਸੰਬੰਧੀ ਜਾਣਕਾਰੀ ਮਿਲਦੀ ਹੈ। ਇਸ ਤੋਂ ਇਲਾਵਾ ਸਿੱਖ ਰਾਜ ਦੇ ਸਮੇਂ ਅੰਮ੍ਰਿਤਸਰ ਸ਼ਹਿਰ ਦੀ ਸਥਿਤੀ ਅਤੇ ਜਲ੍ਹਿਆਂ ਵਾਲੇ ਬਾਗ ਦੇ ਖ਼ੂਨੀ ਕਾਂਢ ‘ਤੇ ਵਿਸ਼ੇਸ਼ ਚਰਚਾ ਕੀਤੀ ਗਈ ਹੈ।
- **ਅੰਮ੍ਰਿਤਸਰ ਸਿਫਤੀ ਦਾ ਘਰ** ਲੇਖਕ ਜਗਜੀਤ ਸਿੰਘ ਦੀ ਇਹ ਪੁਸਤਕ ਨਿਊ ਲਾਈਫ਼ ਪਬਲੀਕੇਸ਼ਨ, ਅੰਬਾਲਾ ਕੈਂਟ ਵੱਲੋਂ ਅੰਮ੍ਰਿਤਸਰ ਦੀ 400 ਸਾਲਾਂ ਸਥਾਪਨਾ ਦਿਵਸ ਨੂੰ ਸਮਰਪਿਤ 1977 ਈ. ਵਿਚ ਛਾਪੀ ਗਈ ਇਸ ਪੁਸਤਕ ਵਿਚ ਲੇਖਕ ਨੇ ਅੰਮ੍ਰਿਤਸਰ ਸ਼ਹਿਰ ਦੀ ਧਾਰਮਿਕ ਅਤੇ ਰਾਜਨੀਤਿਕ ਦਸ਼ਾ ਨੂੰ ਬਿਆਨ ਕੀਤਾ ਹੈ।
- **ਅੰਮ੍ਰਿਤਸਰ ਸਿਫਤੀ ਦਾ ਘਰ** ਜੰਗ ਸਿੰਘ ਗਿਆਨੀ ਵੱਲੋਂ ਲਿਖੀ ਗਈ ਇਹ ਪੁਸਤਕ ਸਿੱਖ ਇਤਿਹਾਸ ਰੀਸਰਚ ਬੋਰਡ, ਅੰਮ੍ਰਿਤਸਰ ਤੋਂ 1977 ਈ. ਵਿਚ ਪ੍ਰਕਾਸ਼ਿਤ ਹੋਈ। ਇਸ ਪੁਸਤਕ ਵਿਚ ਅੰਮ੍ਰਿਤਸਰ ਸ਼ਹਿਰ ਦੇ ਇਤਿਹਾਸਕ ਪਿਛੋਕੜ, ਇਤਿਹਾਸਕ ਅਸਥਾਨਾਂ, ਹਰਿਮੰਦਰ ਸਾਹਿਬ ਵਿਚਲੀ ਚਿੱਤਰਕਲਾ, ਸ਼ਹਿਰ ਵਿਚ ਵੱਖ-ਵੱਖ ਸਮਿਆਂ ‘ਤੇ ਚੱਲੀਆਂ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਲਹਿਰਾਂ, ਸਿੱਖਿਆ ਪ੍ਰਬੰਧ ਆਦਿ ਵਿਸ਼ਿਆਂ ਉੱਤੇ ਚਾਨਣਾ ਪਾਇਆ ਗਿਆ ਹੈ।
- **ਸਿਫਤੀ ਦਾ ਘਰ** ਭਗਤ ਸਿੰਘ ਗਿਆਨੀ ਦੁਆਰਾ ਲਿਖੀ ਇਹ ਪੁਸਤਕ ਸੁੰਦਰ ਪ੍ਰਕਾਸ਼ਨ, ਨਵੀਂ ਦਿੱਲੀ ਵੱਲੋਂ 1977 ਈ. ਵਿਚ ਪ੍ਰਕਾਸ਼ਿਤ ਕੀਤੀ ਗਈ। ਇਸ ਪੁਸਤਕ ਵਿਚ ਅੰਮ੍ਰਿਤਸਰ ਸ਼ਹਿਰ ਦੀ ਸਥਾਪਨਾ ਅਤੇ ਇਤਿਹਾਸਕ ਪਿਛੋਕੜ ਸੰਬੰਧੀ ਅਹਿਮ ਜਾਣਕਾਰੀ ਦਿੱਤੀ ਗਈ ਹੈ। ਇਸ ਪੁਸਤਕ

ਵਿਚ ਗੁਰੂ ਕਾਲ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੱਕ ਅੰਮ੍ਰਿਤਸਰ ਸ਼ਹਿਰ ਵਿਚ ਵਾਪਰੀਆਂ ਘਟਨਾਵਾਂ ਦਾ ਜਿਕਰ ਮਿਲਦਾ ਹੈ। ਇਸ ਤੋਂ ਇਲਾਵਾ ਸਿੱਖ ਸੁਧਾਰਕ ਲਹਿਰਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਚਾਨਣਾ ਪਾਇਆ ਗਿਆ ਹੈ।

- **ਅੰਮ੍ਰਿਤਸਰ ਸਿਫਤੀ ਦਾ ਘਰ** ਡਾ. ਜੀਤ ਸਿੰਘ ਸੀਤਲ ਦੁਆਰਾ ਲਿਖੀ ਇਹ ਪੁਸਤਕ 1978 ਈ. ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਛਾਪੀ ਗਈ। ਇਸ ਪੁਸਤਕ ਵਿਚ ਅੰਮ੍ਰਿਤਸਰ ਸ਼ਹਿਰ ਦਾ ਇਤਿਹਾਸ, ਹਰਿਮੰਦਰ ਸਾਹਿਬ ਦੀ ਸਥਾਪਨਾ, ਸ਼ਹਿਰ ਵਿਚਲੇ ਇਤਿਹਾਸਕ ਅਸਥਾਨਾਂ ਆਦਿ ਸੰਬੰਧੀ ਮਹੱਤਵਪੂਰਨ ਜਾਣਕਾਰੀ ਦਿੱਤੀ ਗਈ ਹੈ। ਅੰਮ੍ਰਿਤਸਰ ਸ਼ਹਿਰ ਦਾ ਸਾਹਿਤਕ ਖੇਤਰ ਵਿਚ ਯੋਗਦਾਨ ਅਤੇ ਗੁਰਬਾਣੀ ਵਿਚ ਦਰਜ਼ ਅੰਮ੍ਰਿਤਸਰ ਅਤੇ ਹਰਿਮੰਦਰ ਸਾਹਿਬ ਸੰਬੰਧੀ ਪੱਖਾਂ ਨੂੰ ਵਾਚਿਆ ਗਿਆ ਹੈ। ਇਸ ਤੋਂ ਇਲਾਵਾ ਲੇਖਕ ਨੇ ਪੁਸਤਕ ਵਿਚ ਦਰਸਾਇਆ ਹੈ ਕਿ ਕਿਸ ਤਰ੍ਹਾਂ ਇਸ ਸ਼ਹਿਰ ਨੇ ਸਮੁੱਚੀ ਮਾਨਵ ਜਾਤੀ ਨੂੰ ਸਰਬ-ਸਾਂਝੀਵਾਲਤਾ ਅਤੇ ਲੌਕਿਕਤਾ ਪ੍ਰਦਾਨ ਕੀਤੀ।
- **ਅੰਮ੍ਰਿਤਸਰ-ਅਨੂਪ ਰਾਮਦਾਸਪੁਰ** ਡਾ. ਸੁਰਿੰਦਰ ਸਿੰਘ ਕੋਹਲੀ ਦੀ ਪੁਸਤਕ ਰਘਵੀਰ ਰਤਨਾ ਪ੍ਰਕਾਸ਼ਨ, ਅੰਮ੍ਰਿਤਸਰ ਤੋਂ 1978 ਈ. ਵਿਚ ਪ੍ਰਕਾਸ਼ਿਤ ਹੋਈ। ਇਸ ਪੁਸਤਕ ਵਿਚ ਸਿੱਖ ਗੁਰੂ ਸਾਹਿਬਾਨ ਦੁਆਰਾ ਅੰਮ੍ਰਿਤਸਰ ਦੇ ਵਿਕਾਸ ਲਈ ਕੀਤੇ ਗਏ ਕਾਰਜਾਂ ਦਾ ਵਰਨਣ ਹੈ। ਅੰਮ੍ਰਿਤਸਰ ਸ਼ਹਿਰ ਵਿਚਲੇ ਪ੍ਰਮੁੱਖ ਸਰੋਵਰ ਭਾਵ ਅੰਮ੍ਰਿਤਸਰ ਸਰੋਵਰ ਦੀ ਪੁਰਾਤਨਤਾ, ਸਰੋਵਰ ਵਿਚਕਾਰ ਹਰਿਮੰਦਰ ਸਾਹਿਬ ਦੀ ਉਸਾਰੀ, ਅੰਮ੍ਰਿਤਸਰ ਸ਼ਹਿਰ ਨਾਲ ਸੰਬੰਧਿਤ ਅਹਿਮ ਘਟਨਾਵਾਂ ਦੀ ਕਾਲਕ੍ਰਮ ਅਨੁਸਾਰ ਜਾਣਕਾਰੀ ਮੁਹੱਈਆ ਕਰਵਾਈ ਗਈ ਹੈ।
- **ਸੁਚੇਤ ਚੇਤਨਾ** ਸੁਰਜੀਤ ਸਿੰਘ ਭਾਟੀਆ ਵੱਲੋਂ ਲਿਖੀ ਇਹ ਪੁਸਤਕ ਲਾਹੌਰ ਬੁੱਕ ਸ਼ਾਪ, ਲੁਧਿਆਣਾ ਦੁਆਰਾ 1982 ਈ. ਵਿਚ ਪ੍ਰਕਾਸ਼ਿਤ ਕੀਤੀ ਗਈ। ਇਸ ਪੁਸਤਕ ਵਿਚ 'ਰਣਜੀਤ ਸਿੰਘ ਕਾਲ ਵਿਚ ਅੰਮ੍ਰਿਤਸਰ' ਸਿਰਲੇਖ ਹੇਠ ਇਕ ਲੇਖ ਮਿਲਦਾ ਹੈ, ਜਿਸ ਵਿਚ ਮਹਾਰਾਜਾ ਰਣਜੀਤ ਸਿੰਘ ਦੁਆਰਾ ਆਪਣੇ ਸ਼ਾਸਨ ਕਾਲ ਦੌਰਾਨ ਅੰਮ੍ਰਿਤਸਰ ਸ਼ਹਿਰ ਵਿਚ ਕੀਤੇ ਵਿਕਾਸ ਕਾਰਜਾਂ ਉੱਤੇ ਚਾਨਣਾ ਪਾਇਆ ਗਿਆ ਹੈ।

- **ਹਰਿਮੰਦਰ ਦੀਆਂ ਕਿਆ ਬਾਤਾਂ ਨੇ** ਪ੍ਰਿੰ. ਸੁਰਜੀਤ ਸਿੰਘ ਦੁਆਰਾ ਸੰਪਾਦਤ ਇਹ ਪੁਸਤਕ ਮਈ, 1989 ਈ. ਨੂੰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ ਵੱਲੋਂ ਪ੍ਰਕਾਸ਼ਿਤ ਕੀਤੀ ਗਈ। ਇਹ ਪੁਸਤਕ ਹਰਿਮੰਦਰ ਸਾਹਿਬ ਦੇ 400 ਸਾਲਾਂ ਸਥਾਪਨਾ ਦਿਵਸ 'ਤੇ ਪ੍ਰਕਾਸ਼ਿਤ ਕੀਤੀ ਗਈ ਸੀ। ਇਸ ਪੁਸਤਕ ਵਿਚ ਹਰਿਮੰਦਰ ਸਾਹਿਬ ਦੇ ਸਰੂਪ ਅਤੇ ਸਿਧਾਂਤ ਸੰਬੰਧੀ ਵੱਖ-ਵੱਖ ਵਿਦਵਾਨਾਂ ਵੱਲੋਂ ਲਿਖੇ ਪਰਚਿਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਹਰਿਮੰਦਰ ਸਾਹਿਬ ਦੀ ਸਥਾਪਨਾ ਅਤੇ ਇਤਿਹਾਸ, ਅੰਮ੍ਰਿਤ ਸਰੋਵਰ ਦਾ ਮਹਿਮਾ, ਤੋਸ਼ਾਖਾਨਾ, ਹਰਿਮੰਦਰ ਸਾਹਿਬ ਦੀ ਕਾਰ-ਸੇਵਾ, ਬਾਬਾ ਬੁੱਢਾ ਜੀ ਦਾ ਯੋਗਦਾਨ ਆਦਿ ਵਿਸ਼ਿਆਂ ਸੰਬੰਧੀ ਜਾਣਕਾਰੀ ਪ੍ਰਾਪਤ ਹੋਈ ਹੈ।
- **ਐਲਬਮ ਕੇਂਦਰੀ ਸਿੱਖ ਅਜਾਇਬ ਘਰ** ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵੱਲੋਂ 1991 ਈ. ਵਿਚ ਛਾਪੀ ਗਈ ਸੀ। ਇਸ ਪੁਸਤਕ ਵਿਚ ਦਰਬਾਰ ਸਾਹਿਬ ਪਰਿਕਰਮਾਂ ਵਿਚ ਸਥਿਤ ਸਿੱਖ ਅਜਾਇਬ ਘਰ ਦੀ ਸਥਾਪਨਾ ਅਤੇ ਸੰਨ 1984 ਦੇ ਫੌਜੀ ਹਮਲੇ ਦੌਰਾਨ ਹੋਏ ਨੁਕਸਾਨ ਸੰਬੰਧੀ ਜਾਣਕਾਰੀ ਮਿਲਦੀ ਹੈ। ਇਸ ਤੋਂ ਇਲਾਵਾ ਇਸ ਪੁਸਤਕ ਰੂਪੀ ਐਲਬਮ ਵਿਚ ਗੁਰੂ ਸਾਹਿਬਾਨ, ਗੁਰੂ-ਪਿਆਰੇ, ਘੱਲੂ-ਘਾਰੇ, ਸ਼ਹੀਦ ਸਿੰਘਾਂ, ਪੁਰਾਤਨ ਲਿਖਤਾਂ, ਪੁਰਾਤਨ ਨਿਸ਼ਾਨੀਆਂ ਆਦਿ ਸੰਬੰਧੀ ਸੰਖੇਪ ਇਤਿਹਾਸ ਬਿਆਨ ਕਰਦੇ ਹੋਏ ਚਿੱਤਰ ਪੇਸ਼ ਕੀਤੇ ਗਏ ਹਨ।
- **ਸਿਰੀ ਅਕਾਲ ਤਖ਼ਤ ਸਾਹਿਬ ਇਤਿਹਾਸਕ ਵਿਸ਼ਲੇਸ਼ਣ** ਡਾ. ਸੁਖਦਿਆਲ ਸਿੰਘ ਦੁਆਰਾ ਲਿਖੀ ਇਹ ਪੁਸਤਕ ਲਾਹੌਰ ਬੁੱਕ ਸ਼ਾਪ, ਲੁਧਿਆਣਾ ਵੱਲੋਂ 1995 ਈ. ਵਿਚ ਪ੍ਰਕਾਸ਼ਿਤ ਕੀਤੀ ਗਈ ਸੀ। ਇਸ ਪੁਸਤਕ ਵਿਚ ਡਾ. ਸਾਹਿਬ ਨੇ ਸਭ ਤੋਂ ਪਹਿਲਾਂ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਸੰਬੰਧੀ ਵੱਖ-ਵੱਖ ਸਿੱਖ ਇਤਿਹਾਸਕ ਸਰੋਤਾਂ ਦਾ ਵਿਸ਼ਲੇਸ਼ਣ ਕਰਕੇ ਅਸਲ ਕਾਰਨਾਂ ਨੂੰ ਸਾਹਮਣੇ ਲਿਆਂਦਾ ਹੈ। ਇਸ ਤੋਂ ਬਾਅਦ ਭਾਈ ਮਨੀ ਸਿੰਘ ਸਮੇਂ, ਦਲ ਖਾਲਸਾ ਸਮੇਂ, ਸਿੱਖ ਰਾਜ ਸਮੇਂ, ਅੰਗਰੇਜ਼ੀ ਰਾਜ ਸਮੇਂ ਅਤੇ ਭਾਰਤੀ ਰਾਜ ਸਮੇਂ ਅਕਾਲ ਤਖ਼ਤ ਸਾਹਿਬ ਦੇ ਪ੍ਰਬੰਧ ਦਾ ਵਿਸਥਾਰ ਸਹਿਤ ਹਾਲ ਬਿਆਨ ਕੀਤਾ ਗਿਆ ਹੈ।
- **ਅਨੰਦਪੁਰ ਸਾਹਿਬ** ਡਾ. ਹਰਜਿੰਦਰ ਸਿੰਘ ਦਿਲਗੀਰ ਦੁਆਰਾ ਲਿਖੀ ਇਹ ਪੁਸਤਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਪਹਿਲੀ ਵਾਰ ਅਕਤੂਬਰ 1998 ਈ. ਵਿਚ

ਪ੍ਰਕਾਸ਼ਿਤ ਕੀਤੀ ਗਈ। ਇਸ ਪੁਸਤਕ ਵਿੱਚ ਚੱਕ ਨਾਨਕੀ ਦੀ ਤਵਾਰੀਖ਼, ਚੱਕ ਨਾਨਕੀ ਦਾ ਇਤਿਹਾਸਕ ਪਿਛੋਕੜ, ਚੱਕ ਨਾਨਕੀ ਦੀ ਮੋੜ੍ਹੀ ਗੱਡਣੀ, ਚੱਕ ਨਾਨਕੀ ਤੋਂ ਅਨੰਦਪੁਰ ਸਾਹਿਬ ਬਨਣ ਤੱਕ ਦੀ ਤਵਾਰੀਖ਼ ਵਿਸਥਾਰ ਸਹਿਤ ਬਿਆਨ ਕੀਤੀ ਗਈ ਹੈ। ਫਿਰ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਅਨੰਦਪੁਰ ਸਾਹਿਬ ਦੀ ਰੱਖਿਆ ਲਈ ਉਸਾਰੇ ਗਏ ਕਿਲ੍ਹਿਆਂ ਦਾ ਵਰਨਣ ਕੀਤਾ ਗਿਆ ਹੈ। ਇਸ ਤੋਂ ਬਾਅਦ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਪਹਾੜੀ ਰਾਜਿਆਂ ਅਤੇ ਮੁਗਲਾਂ ਵੱਲੋਂ ਕੀਤੇ ਹਮਲਿਆਂ ਦੀ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਇਸ ਤੋਂ ਇਲਾਵਾ ਖਾਲਸਾ ਪ੍ਰਗਟ ਕਰਨਾ, ਅਨੰਦਪੁਰ ਸਾਹਿਬ ਦਾ ਨਕਸ਼ਾ, ਆਸ-ਪਾਸ ਦੇ ਇਤਿਹਾਸਕ ਗੁਰਦੁਆਰੇ ਜਿਵੇਂ ਕੀਰਤਪੁਰ ਸਾਹਿਬ ਆਦਿ ਦਾ ਜ਼ਿਕਰ ਕੀਤਾ ਗਿਆ ਹੈ। ਅਨੰਦਪੁਰ ਸਾਹਿਬ ਦੀ ਧਰਤੀ 'ਤੇ ਮਨਾਏ ਜਾਂਦੇ ਖ਼ਾਲਸੇ ਦੇ ਤਿਉਹਾਰ ਹੋਲਾ-ਮਹੱਲਾ ਅਤੇ ਵਿਸਾਖੀ ਨਾਲ ਜਾਣ-ਪਹਿਚਾਣ ਕਰਵਾਈ ਗਈ ਹੈ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਡਾ. ਹਰਜਿੰਦਰ ਸਿੰਘ ਦਿਲਗੀਰ ਦੀ ਇਹ ਰਚਨਾ 'ਅਨੰਦਪੁਰ ਸਾਹਿਬ' ਦੇ ਗੌਰਵਮਈ ਇਤਿਹਾਸ ਨੂੰ ਬਿਆਨ ਕਰਨ ਵਾਲੀ ਇਕ ਮਹੱਤਵਪੂਰਨ ਪੁਸਤਕ ਹੈ। ਇਸ ਵਿਚੋਂ ਅਨੰਦਪੁਰ ਸਾਹਿਬ ਦੇ ਆਲੇ-ਦੁਆਲੇ ਦੇ ਇਲਾਕਿਆਂ ਤੇ ਸਮਾਜਿਕ ਪ੍ਰਸਥਿਤੀਆਂ ਸੰਬੰਧੀ ਵਿਸਥਾਰ ਸਾਹਿਤ ਜਾਣਕਾਰੀ ਪ੍ਰਾਪਤ ਹੁੰਦੀ ਹੈ।

- **ਸ੍ਰੀ ਹਰਿਮੰਦਰ ਸਾਹਿਬ** ਗਿਆਨੀ ਭਜਨ ਸਿੰਘ ਦੁਆਰਾ ਲਿਖੀ ਇਹ ਪੁਸਤਕ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁਕ ਬੋਰਡ, ਚੰਡੀਗੜ੍ਹ ਵੱਲੋਂ 1999 ਈ. ਵਿਚ ਪ੍ਰਕਾਸ਼ਿਤ ਕੀਤੀ ਗਈ। ਇਸ ਪੁਸਤਕ ਵਿਚ ਹਰਿਮੰਦਰ ਸਾਹਿਬ ਦੀ ਸਥਾਪਨਾ, ਚੱਕ ਰਾਮਦਾਸਪੁਰ ਤੋਂ ਅੰਮ੍ਰਿਤਸਰ ਤੱਕ ਦੇ ਸਫਰ, ਹਰਿਮੰਦਰ ਸਾਹਿਬ ਉੱਤੇ ਹੋਏ ਹਮਲੇ, ਵੱਖ-ਵੱਖ ਸਮਿਆਂ ਦੌਰਾਨ ਹਰਿਮੰਦਰ ਸਾਹਿਬ ਦਾ ਪ੍ਰਬੰਧ ਆਦਿ ਵਿਸ਼ਿਆਂ 'ਤੇ ਚਾਨਣਾ ਪਾਇਆ ਗਿਆ ਹੈ।
- **ਸੋ ਥਾਨ ਸੁਹਾਵਾ** ਡਾ. ਰੂਪ ਸਿੰਘ ਦੁਆਰਾ ਲਿਖੀ ਇਹ ਪੁਸਤਕ ਸੰਨ 2001 ਵਿਚ ਸਿੱਖ ਇਤਿਹਾਸ ਰੀਸਰਚ ਬੋਰਡ, ਸ੍ਰੀ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ ਕੀਤੀ ਗਈ। ਇਸ ਪੁਸਤਕ ਵਿਚ ਸਿੱਖ ਇਤਿਹਾਸਕ ਗੁਰਦੁਆਰਿਆਂ ਦੀ ਜਾਣਕਾਰੀ ਨੂੰ ਸਚਿੱਤਰ ਰੂਪ ਵਿਚ ਪੇਸ਼ ਕੀਤਾ ਗਿਆ ਹੈ, ਜੋ ਕਿ ਸਾਡੇ ਖੋਜ-ਕਾਰਜ ਦੇ ਚੌਥੇ ਅਧਿਆਇ ਨਾਲ ਸੰਬੰਧ ਰੱਖਦੀ ਹੈ।

- **ਖਾਲਸਾ ਪੰਥ ਦੇ ਪੰਜ ਤਖ਼ਤ** ਡਾ. ਸੁਖਦਿਆਲ ਸਿੰਘ ਦੁਆਰਾ ਲਿਖੀ ਇਹ ਪੁਸਤਕ ਸੰਨ 2002 ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਕਾਸ਼ਿਤ ਕੀਤੀ ਗਈ। ਇਸ ਪੁਸਤਕ ਵਿਚ ਖਾਲਸਾ ਪੰਥ ਦੇ ਪੰਜ ਤਖ਼ਤਾਂ ਦਾ ਇਤਿਹਾਸਿਕ ਵਿਸ਼ਲੇਸ਼ਣ ਕੀਤਾ ਗਿਆ ਹੈ। ਪਹਿਲੇ ਚੈਪਟਰ ਵਿਚ ਗੁਰੂ ਹਰਿਗੋਬਿੰਦ ਜੀ ਦੁਆਰਾ ਸਿੱਖ ਧਰਮ ਨੂੰ ਰਾਜਨੀਤਿਕ ਪੱਖੋਂ ਮਜ਼ਬੂਤ ਕਰਨ ਲਈ ਹਰਿਮੰਦਰ ਸਾਹਿਬ ਦੇ ਸਨਮੁਖ ਤਿਆਰ ਕਰਵਾਏ ਸਿੱਖ ਧਰਮ ਦੇ ਪਹਿਲੇ ਤਖ਼ਤ ਭਾਵ ਅਕਾਲ ਤਖ਼ਤ ਦਾ ਜਿਕਰ ਹੈ। ਵੱਖ-ਵੱਖ ਸਿੱਖ ਸਰੋਤਾਂ ਦੇ ਹਵਾਲੇ ਨਾਲ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਦਾ ਇਤਿਹਾਸਕ ਵਿਸ਼ਲੇਸ਼ਣ ਕੀਤਾ ਗਿਆ ਹੈ। ਇਸ ਤੋਂ ਇਲਾਵਾ ਗੁਰੂ ਹਰਿਗੋਬਿੰਦ ਜੀ ਦੁਆਰਾ ਇਸ ਅਸਥਾਨ ਤੋਂ ਕੀਤੀਆਂ ਜਾਂਦੀਆਂ ਸਿੱਖ ਗਤੀਵਿਧੀਆਂ ਬਾਰੇ ਜਾਣੂ ਕਰਵਾਇਆ ਗਿਆ ਹੈ। ਲੇਖਕ ਨੇ ਦੱਸਿਆ ਹੈ ਕਿ ਕਿਸ ਤਰ੍ਹਾਂ ਇਸ ਅਸਥਾਨ ਤੋਂ ਗੁਰੂ ਹਰਿਗੋਬਿੰਦ ਜੀ ਸਿੱਖ ਰਾਜਨੀਤਿਕ ਪ੍ਰਬੰਧ ਨੂੰ ਸੁਚਾਰੂ ਢੰਗ ਨਾਲ ਚਲਾਉਂਦੇਂ ਸਨ। ਇਸ ਤੋਂ ਇਲਾਵਾ ਗੁਰੂ ਜੀ ਦੁਆਰਾ ਅਕਾਲ ਤਖ਼ਤ ਵਿਖੇ ਕੀਤੀ ਜਾਂਦੀ ਰੋਜ਼ਮਰਾ ਦੀ ਕਾਰਗੁਜ਼ਾਰੀ ਨੂੰ ਬਿਆਨ ਕੀਤਾ ਗਿਆ ਹੈ। ਦੂਜੇ ਚੈਪਟਰ ਵਿਚ ਤਖ਼ਤ ਸ੍ਰੀ ਪਟਨਾ ਸਾਹਿਬ ਦਾ ਜਿਕਰ ਕੀਤਾ ਹੈ। ਤੀਜੇ ਚੈਪਟਰ ਵਿਚ ਲੇਖਕ ਨੇ ਸਿੱਖਾਂ ਦੇ ਤੀਸਰੇ ਤਖ਼ਤ ਭਾਵ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ ਦਾ ਇਤਿਹਾਸਕ ਵਿਸ਼ਲੇਸ਼ਣ ਕੀਤਾ ਹੈ। ਸਭ ਤੋਂ ਪਹਿਲਾਂ ਅਨੰਦਪੁਰ ਸਾਹਿਬ ਦੇ ਕੁਦਰਤੀ ਨਜਾਰਿਆਂ ਨੂੰ ਬਿਆਨ ਕੀਤਾ ਹੈ। ਉਸ ਤੋਂ ਬਾਅਦ ਇਸ ਨਗਰ ਦੀ ਸਥਾਪਨਾ ਸੰਬੰਧੀ ਜਾਣਕਾਰੀ ਮੁਹੱਈਆ ਕਰਵਾਈ ਹੈ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਗੋਬਿੰਦ ਸਿਘ ਜੀ ਦੁਆਰਾ ਇਸ ਨਗਰ ਦੇ ਵਿਕਾਸ ਲਈ ਕੀਤੇ ਗਏ ਉਸਾਰੀ ਦੇ ਕਾਰਜਾਂ ਦਾ ਵਰਣਨ ਕੀਤਾ ਗਿਆ ਹੈ। ਸ਼ਹਿਰ ਵਿਚ ਮੌਜੂਦ ਕਿਲ੍ਹਿਆਂ ਦਾ ਵਰਨਣ ਕਰਦੇ ਹੋਏ ਇਤਿਹਾਸਕ ਪਿਛੋਕੜ ਬਿਆਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਅਨੰਦਪੁਰ ਸਾਹਿਬ ਸ਼ਹਿਰ ਦੇ ਇਤਿਹਾਸਕ ਅਸਥਾਨਾਂ ਸੰਬੰਧੀ ਸੰਖੇਪ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ।
- **ਅੰਮ੍ਰਿਤਸਰ ਸਿਫ਼ਤੀ ਦਾ ਘਰ** ਡਾ. ਜੇ.ਐਸ. ਗਰੇਵਾਲ ਦੁਆਰਾ ਲਿਖੀ ਇਹ ਪੁਸਤਕ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਡਾ. ਹਰਚੰਦ ਸਿੰਘ ਬੇਦੀ ਦੁਆਰਾ ਪੰਜਾਬੀ ਅਨੁਵਾਦ ਕਰਵਾ ਕੇ ਸੰਨ 2004 ਵਿਚ ਪ੍ਰਕਾਸ਼ਿਤ ਕੀਤੀ ਗਈ। ਇਸ ਪੁਸਤਕ ਵਿਚ ਲੇਖਕ ਨੇ ਅੰਮ੍ਰਿਤਸਰ ਸ਼ਹਿਰ ਦੇ

ਇਤਿਹਾਸ ਨੂੰ ਤਿੰਨ ਹਿੱਸਿਆ ਵਿਚ ਵੰਡ ਕੇ ਬਿਆਨ ਕੀਤਾ ਹੈ। ਲੇਖਕ ਨੇ ਬਿਆਨ ਕੀਤਾ ਹੈ ਕਿ ਕਿਸ ਤਰ੍ਹਾਂ ਗੁਰੂ ਸਾਹਿਬਾਨ ਦੀ ਗੈਰਹਾਜ਼ਰੀ ਵਿਚ ਇਸ ਅਸਥਾਨ ਨੇ ਵਿਦੇਸ਼ੀ ਅਧਿਕਾਰਾਂ ਦੇ ਹੁੰਦੇ ਹੋਏ ਵੀ ਆਪਣੀ ਹੋਂਦ ਨੂੰ ਬਰਕਰਾਰ ਰੱਖਿਆ। ਇਸ ਪੁਸਤਕ ਵਿਚੋਂ ਸਾਨੂੰ ਅਹਿਮਦ ਸ਼ਾਹ ਅਬਦਾਲੀ ਦੁਆਰਾ ਇਸ ਮਹਾਨ ਅਸਥਾਨ ਦੀ ਬੇ-ਅਦਬੀ ਕਰਨ ਬਾਰੇ ਜਿਕਰ ਮਿਲਦਾ ਹੈ। ਗੁਰੂ ਸਾਹਿਬਾਨ ਤੋਂ ਬਾਅਦ ਵੱਖ-ਵੱਖ ਸਮਿਆਂ ਦੌਰਾਨ ਸਿੱਖ ਸ਼ਾਸਕਾਂ ਵੱਲੋਂ ਇਸ ਸ਼ਹਿਰ ਦੇ ਵਿਸਥਾਰ ਵਿਚ ਪਾਏ ਯੋਗਦਾਨ ਨੂੰ ਬਿਆਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਅੰਗੇਰਜ਼ੀ ਹਕੂਮਤ ਦੇ ਕਬਜ਼ੇ ਸਮੇਂ ਅੰਮ੍ਰਿਤਸਰ ਸ਼ਹਿਰ ਦੇ ਵਿਕਾਸ ਸੰਬੰਧੀ ਜਾਣਕਾਰੀ ਹਾਸਿਲ ਹੁੰਦੀ ਹੈ।

- **ਤਵਾਰੀਖ ਲਾਹੌਰ-ਅੰਮ੍ਰਿਤਸਰ** ਅਨੀਤਾ ਤੇ ਸੁਰਿੰਦਰ ਦੁਆਰਾ ਲਿਖੀ ਇਹ ਪੁਸਤਕ ਪ੍ਰਿਮੀਅਰ ਪਬਲੀਕੇਸ਼ਨ, ਅੰਮ੍ਰਿਤਸਰ ਵੱਲੋਂ ਪਹਿਲੀ ਐਡੀਸ਼ਨ ਅਪ੍ਰੈਲ-ਮਈ 2005 ਵਿਚ ਪ੍ਰਕਾਸ਼ਿਤ ਕੀਤੀ ਗਈ ਸੀ। ਇਸ ਪੁਸਤਕ ਵਿਚੋਂ ਸਾਨੂੰ ਅੰਮ੍ਰਿਤਸਰ ਸ਼ਹਿਰ ਦੇ ਸੰਬੰਧਿਤ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਵਿਚੋਂ ਸਾਨੂੰ ਅੰਮ੍ਰਿਤਸਰ ਸ਼ਹਿਰ ਦੇ ਪੂਰਬਲੇ ਨਾਂ, ਨਗਰ ਦੀ ਸਥਾਪਨਾ, ਅੰਮ੍ਰਿਤਸਰ ਸ਼ਹਿਰ ਵਿਚਲੇ ਇਤਿਹਾਸਕ ਗੁਰਧਾਮ, ਹਰਿਮੰਦਰ ਸਾਹਿਬ ਦਾ ਪੁਰਾਤਨ ਪ੍ਰਬੰਧ, ਕਿਲ੍ਹੇ, ਕੱਟੜੇ, ਦਰਵਾਜੇ ਆਦਿ ਪੱਖਾਂ ਸੰਬੰਧੀ ਵਿਸਥਾਰ ਸਹਿਤ ਵੇਰਵਾ ਪ੍ਰਾਪਤ ਹੋਇਆ ਹੈ।
- **ਸਿੱਖ ਮਾਨਸਿਕਤਾ ਅਤੇ ਬਾਬਾ ਅਟੱਲ ਦੇ ਕੰਧ-ਚਿਤਰ** ਸੰਤੋਖ ਸਿੰਘ ਸ਼ਹਰਯਾਰ ਦੀ ਇਹ ਪੁਸਤਕ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਸੰਨ 2007 ਵਿਚ ਪ੍ਰਕਾਸ਼ਿਤ ਕੀਤੀ ਗਈ। ਇਸ ਪੁਸਤਕ ਵਿਚ ਲੇਖਕ ਨੇ ਦਰਸਾਇਆ ਹੈ ਕਿ ਕਿਸ ਤਰ੍ਹਾਂ ਬਾਬਾ ਅਟੱਲ ਜੀ ਦੇ ਗੁਰਦੁਆਰੇ ਵਿਚ ਸਾਨੂੰ ਗੁਰੂ ਨਾਨਕ ਦੇਵ ਜੀ ਦੀ ਪੂਰੀ ਜਨਮਸਾਖੀ ਕੰਧ ਚਿਤਰਾਂ ਦੇ ਰੂਪ ਵਿਚ ਵੇਖਣ ਨੂੰ ਮਿਲਦੀ ਹੈ।
- **ਹਰਿ ਮੰਦਿਰੁ ਹਰਿ ਸਾਜਿਆ** ਕਥਾਵਾਚਕ ਭਾਈ ਪਿੰਦਰਪਾਲ ਸਿੰਘ ਜੀ ਦੇ ਚੋਣਵੇਂ ਲੈਕਚਰਾਂ ਨੂੰ ਕਿਤਾਬ ਰੂਪ ਵਿਚ ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ ਵੱਲੋਂ ਜੂਨ 2008 ਵਿਚ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਕਿਤਾਬ ਵਿਚ ਭਾਈ ਸਾਹਿਬ ਦੇ ਅੱਠ ਲੈਕਚਰ ਸ਼ਾਮਿਲ ਕੀਤੇ ਗਏ ਹਨ

ਜਿਨ੍ਹਾਂ ਵਿਚ ਭਾਈ ਸਾਹਿਬ ਨੇ ਅੰਮ੍ਰਿਤਸਰ ਸ਼ਹਿਰ ਦਾ ਇਤਿਹਾਸ ਬਿਆਨ ਕਰਦੇ ਹੋਏ ਉਸਤਤ ਦੇ ਸੋਹਲੇ ਗਾਏ ਗਏ ਹਨ।

- **ਸ੍ਰੀ ਹਰਿਮੰਦਰ ਸਾਹਿਬ ਜੀ ਦਾ ਇਤਿਹਾਸ** ਡਾ. ਅਜੀਤ ਸਿੰਘ ਔਲਖ ਦੁਆਰਾ ਲਿਖੀ ਇਹ ਪੁਸਤਕ ਚਤਰ ਸਿੰਘ ਜੀਵਨ ਸਿੰਘ, ਸ੍ਰੀ ਅੰਮ੍ਰਿਤਸਰ ਵੱਲੋਂ ਜੁਲਾਈ ਸੰਨ 2009 ਨੂੰ ਪ੍ਰਕਾਸ਼ਿਤ ਕੀਤੀ ਗਈ। ਇਸ ਪੁਸਤਕ ਵਿਚੋਂ ਸਾਨੂੰ ਅੰਮ੍ਰਿਤਸਰ ਸ਼ਹਿਰ ਦਾ ਇਤਿਹਾਸਕ ਪਿਛੋਕੜ, ਗੁਰੂ ਰਾਮਦਾਸ ਜੀ ਦੁਆਰਾ ਤਿਆਰ ਕਰਵਾਏ ਅੰਮ੍ਰਿਤ ਸਰੋਵਰ, ਗੁਰੂ ਅਰਜਨ ਜੀ ਦੁਆਰਾ ਹਰਿਮੰਦਰ ਸਾਹਿਬ ਦੀ ਉਸਾਰੀ, ਜੱਸਾ ਸਿੰਘ ਆਹਲੂਵਾਲੀਆ ਦੁਆਰਾ ਹਰਿਮੰਦਰ ਸਾਹਿਬ ਇਮਾਰਤ ਦੀ ਮੁੜ ਉਸਾਰੀ ਕਰਵਾਉਣਾ, ਮਹਾਰਾਜਾ ਰਣਜੀਤ ਸਿੰਘ ਦੀ ਇਸ ਅਸਥਾਨ ਪ੍ਰਤੀ ਅਥਾਹ ਸ਼ਰਧਾ ਆਦਿ ਵਿਸ਼ਿਆ ਦਾ ਸੰਖੇਪ ਹਾਲ ਬਿਆਨ ਕੀਤਾ ਮਿਲਦਾ ਹੈ।
- **ਅੰਮ੍ਰਿਤਸਰ ਆਰੰਭ ਤੋਂ ਅੱਜ ਤੱਕ** ਸੁਰਿੰਦਰ ਕੋਛੜ ਦੀ ਰਚਨਾ ਪ੍ਰੀਮੀਅਰ ਪਬਲੀਕੇਸ਼ਨ, ਅੰਮ੍ਰਿਤਸਰ ਵੱਲੋਂ ਸੰਨ 2010 ਵਿਚ ਛਾਪੀ ਗਈ। ਲੇਖਕ ਨੇ ਇਸ ਪੁਸਤਕ ਵਿਚ ਅੰਮ੍ਰਿਤਸਰ ਸ਼ਹਿਰ ਦੇ ਇਤਿਹਾਸ, ਧਾਰਮਿਕ ਅਸਥਾਨਾਂ, ਇਤਿਹਾਸਕ ਘਟਨਾਵਾਂ, ਬੁੰਗਿਆਂ ਆਦਿ ਸੰਬੰਧੀ ਵਡਮੁੱਲੀ ਜਾਣਕਾਰੀ ਪ੍ਰਦਾਨ ਕਰਵਾਈ ਹੈ।
- **ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ** ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਦੁਆਰਾ ਲਿਖੀ ਇਹ ਪੁਸਤਕ ਸੰਨ 2010 ਵਿਚ ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ ਵੱਲੋਂ ਛਾਪੀ ਗਈ। ਇਸ ਪੁਸਤਕ ਵਿਚ ਸਾਨੂੰ ਅੰਮ੍ਰਿਤਸਰ ਸ਼ਹਿਰ ਵੱਸਣ ਤੋਂ ਪਹਿਲਾ ਇਸ ਜਗ੍ਹਾ ਦੇ ਹਾਲਾਤ, ਗੁਰੂ ਰਾਮਦਾਸ ਜੀ ਦੁਆਰਾ ਨਗਰ ਦੀ ਸਥਾਪਨਾ, ਇਤਿਹਾਸਕ ਅਸਥਾਨਾਂ ਦੀ ਜਾਣਕਾਰੀ, ਸ਼ਹਿਰ ਦਾ ਵਿਕਾਸ ਆਦਿ ਸੰਬੰਧੀ ਮਹੱਤਵਪੂਰਨ ਸਮੱਗਰੀ ਹਾਸਿਲ ਹੁੰਦੀ ਹੈ। ਲੇਖਕ ਨੇ ਅੰਮ੍ਰਿਤਸਰ ਨੂੰ ਸੰਸਥਾਵਾਂ ਦਾ ਕੇਂਦਰ ਮੰਨਦੇ ਹੋਏ ਵਿਦਿਅਕ ਸੰਸਥਾਵਾਂ, ਤਕਨੀਕੀ ਸੰਸਥਾਵਾਂ, ਪੰਥਕ ਸੰਸਥਾਵਾਂ ਅਤੇ ਲੋਕ ਭਲਾਈ ਸੰਸਥਾ ਪਿੰਗਲਵਾੜਾ ਬਾਰੇ ਚਰਚਾ ਕੀਤੀ ਹੈ। ਇਸ ਤੋਂ ਇਲਾਵਾ ਹਰਿਮੰਦਰ ਸਾਹਿਬ ਦੇ ਗ੍ਰੰਥੀਆਂ, ਕਥਾ-ਵਾਚਕਾਂ, ਪੁਜਾਰੀਆਂ, ਅਰਦਾਸੀਏ ਸਿੰਘਾਂ, ਕੀਰਤਨੀਏ ਆਦਿ ਬਾਰੇ ਜਾਣੂ ਕਰਵਾਇਆ ਹੈ। ਅੰਮ੍ਰਿਤਸਰ ਸ਼ਹਿਰ ਸੰਬੰਧੀ ਲੋੜੀਂਦੀ ਸਮੱਗਰੀ ਪ੍ਰਾਪਤ ਦੇ ਮੰਤਵ ਤੋਂ ਇਹ ਇਕ

ਅਹਿਮ ਪੁਸਤਕ ਮੰਨੀ ਜਾ ਸਕਦੀ ਹੈ। ਲੇਖਕ ਨੇ ਹਰਿਮੰਦਰ ਸਾਹਿਬ ਵਿਖੇ ਬਤੌਰ ਗ੍ਰੰਥੀ ਵਜੋਂ 28 ਸਾਲ ਸੇਵਾ ਨਿਭਾਈ ਹੈ।

- **ਹਰਿਮੰਦਰ ਸਾਹਿਬ ਦੀ ਕਲਾ ਤੇ ਹੋਰ ਲੇਖ** ਇਹ ਪੁਸਤਕ ਹਰਬੰਸ ਸਿੰਘ ਚਾਵਲਾ ਵੱਲੋਂ ਲਿਖੀ ਗਈ ਅਤੇ ਮਨਪ੍ਰੀਤ ਪ੍ਰਕਾਸ਼ਨ, ਦਿੱਲੀ ਵੱਲੋਂ ਸੰਨ 2011 ਵਿਚ ਪ੍ਰਕਾਸ਼ਿਤ ਕੀਤੀ ਗਈ। ਇਸ ਪੁਸਤਕ ਵਿਚੋਂ ਸਾਨੂੰ ਅੰਮ੍ਰਿਤਸਰ ਸ਼ਹਿਰ ਦੇ ਸੰਬੰਧ ਵਿਚ ਤਿੰਨ ਲੇਖ ਪ੍ਰਾਪਤ ਹੋਏ ਹਨ, ਅੰਮ੍ਰਿਤਸਰ–ਸਿਫਤੀ ਦਾ ਘਰ, ਹਰਿਮੰਦਰ ਸਾਹਿਬ ਦੀ ਕਲਾ, ਦਰਬਾਰ ਸਾਹਿਬ ਦਾ ਜਲੌ। ਇਨ੍ਹਾਂ ਲੇਖਾਂ ਵਿਚ ਅੰਮ੍ਰਿਤਸਰ ਸ਼ਹਿਰ ਦੀ ਸਿਫਤ ਸਲਾਹ, ਹਰਿਮੰਦਰ ਸਾਹਿਬ ਦੀ ਇਮਾਰਤ 'ਤੇ ਹੋਈ ਮਨਮੋਹਕ ਭਵਨ ਨਿਰਮਾਣ ਕਲਾ ਅਤੇ ਵੱਖ-ਵੱਖ ਦਿਹਾੜਿਆਂ 'ਤੇ ਹਰਿਮੰਦਰ ਸਾਹਿਬ ਵਿਖੇ ਸਜਾਏ ਜਾਂਦੇ ਜਲੌ ਦਾ ਵਰਨਣ ਕੀਤਾ ਮਿਲਦਾ ਹੈ।
- **ਪੰਜਾਬ ਦੇ ਪਿੰਡ ਸ਼ਹਿਰ ਅਤੇ ਕਸਬੇ** ਸੁਖਮਿੰਦਰ ਸਿੰਘ ਦੁਆਰਾ ਸੰਪਾਦਤ ਇਹ ਪੁਸਤਕ ਇੰਡੀਅਨ ਸਟੈਟਿਸਟੀਕਲ ਲਾਇਬਰੇਰੀ, ਲੁਧਿਆਣਾ ਵੱਲੋਂ ਸੰਨ 2011 ਵਿਚ ਨੌਵਾਂ ਸੰਸਕਰਣ ਪ੍ਰਕਾਸ਼ਿਤ ਕੀਤਾ ਗਿਆ ਸੀ। ਇਸ ਪੁਸਤਕ ਵਿਚ ਪੰਜਾਬ ਦੇ ਜ਼ਿਲ੍ਹਿਆਂ ਨੂੰ ਅੱਖਰ ਕ੍ਰਮ ਅਨੁਸਾਰ ਵੰਡ ਕਰਕੇ ਸੰਖੇਪ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਫਿਰ ਹਰੇਕ ਜ਼ਿਲ੍ਹੇ ਦੇ ਪਿੰਡ ਅੱਖਰ ਕ੍ਰਮ ਅਨੁਸਾਰ ਬਿਆਨ ਕੀਤੇ ਗਏ ਹਨ। ਇਸ ਤੋਂ ਇਲਾਵਾ ਪੰਜਾਬ ਦੇ ਇਤਿਹਾਸਕ ਪਿਛੋਕੜ ਨੂੰ ਬਿਆਨ ਕੀਤਾ ਗਿਆ ਹੈ। ਜਿਸਦੇ ਤਹਿਤ ਦੱਸਿਆ ਗਿਆ ਹੈ ਕਿ ਅੰਗਰੇਜ਼ ਸ਼ਾਸਨ ਕਾਲ 1911 ਈ. ਤੋਂ 1947 ਈ. ਤੱਕ ਪੰਜਾਬ ਦੀ ਹੱਦਬੰਦੀ ਵਿਚ ਕੋਈ ਤਬਦੀਲੀ ਨਹੀਂ ਹੋਈ। ਪਰ 1947 ਈ. ਦੇ ਬਟਵਾਰੇ ਦੌਰਾਨ ਪੰਜਾਬ ਦੋ ਹਿੱਸਿਆ ਵਿਚ ਵੰਡਿਆ ਗਿਆ ਸੀ, ਉਸ ਸਮੇਂ ਚੜ੍ਹਦੇ ਪੰਜਾਬ ਦੇ ਹਿੱਸੇ 13 ਜ਼ਿਲ੍ਹੇ ਆਏ। ਇਸ ਤੋਂ ਬਾਅਦ 15 ਜੁਲਾਈ 1948 ਈ. ਨੂੰ ਪੰਜਾਬ ਅੱਠ ਰਿਆਸਤਾਂ ਨੇ ਮਿਲ ਕੇ ਇੱਕ ਨਵੀਂ ਪੈਪਸੂ ਸਟੇਟ ਦਾ ਗਠਨ ਕੀਤਾ ਸੀ। ਫਿਰ 1956 ਈ. ਨੂੰ ਪੈਪਸੂ ਦਾ ਪੂਰਾ ਰਕਬਾ ਪੰਜਾਬ ਵਿਚ ਸ਼ਾਮਲ ਕਰ ਲਿਆ ਗਿਆ ਸੀ। ਮੌਜੂਦਾ ਪੰਜਾਬ 1 ਨਵੰਬਰ 1966 ਈ. ਨੂੰ ਹੋਂਦ ਵਿਚ ਆਇਆ।
- **ਅੰਮ੍ਰਿਤਸਰ ਦਾ ਇਤਿਹਾਸ** ਡਾ. ਗੁਰਸ਼ਰਨ ਸਿੰਘ ਅਤੇ ਡਾ. ਕ੍ਰਿਸ਼ਨ ਗੋਪਾਲ ਦੁਆਰਾ ਸੰਪਾਦਿਤ ਇਹ ਪਸੁਤਕ ਯੂਨੀਸਟਾਰ ਬੁਕਸ, ਚੰਡੀਗੜ੍ਹ ਤੋਂ ਸੰਨ 2013 ਵਿਚ ਪ੍ਰਕਾਸ਼ਿਤ ਹੋਈ। ਇਹ ਪੁਸਤਕ

ਅੰਮ੍ਰਿਤਸਰ ਸ਼ਹਿਰ ਦਾ ਇਤਿਹਾਸ, ਦੇਸ਼ ਦੀ ਆਜ਼ਾਦੀ ਦੌਰਾਨ ਹੋਏ ਅੰਦਲਨ ਵਿਚ ਅੰਮ੍ਰਿਤਸਰ ਸ਼ਹਿਰ ਦੇ ਯੋਗਦਾਨ ਨੂੰ ਬਿਆਨ ਕਰਦੀ ਹੈ।

- **ਸ੍ਰੀ ਅਨੰਦਪੁਰ ਸਾਹਿਬ ਬਹੁਪੱਖੀ ਦਰਸ਼ਨ** ਦਿਲਜੀਤ ਸਿੰਘ ਬੇਦੀ ਦੁਆਰਾ ਸੰਪਾਦਤ ਇਹ ਪੁਸਤਕ ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਸੰਨ 2015 ਨੂੰ ਪ੍ਰਕਾਸ਼ਿਤ ਕੀਤੀ ਗਈ। ਇਸ ਪੁਸਤਕ ਨੂੰ ਲਿਖੇ ਜਾਣ ਦਾ ਵਿਸ਼ੇਸ਼ ਉਪਰਾਲਾ ਅਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ‘ਤੇ ਕੀਤਾ ਗਿਆ। 54 ਖੋਜ ਪਰਚਿਆਂ ਵਾਲੀ ਇਸ ਪੁਸਤਕ ਤੋਂ ਸਾਨੂੰ ਅਨੰਦਪੁਰ ਸਾਹਿਬ ਦੀ ਸਥਾਪਨਾ, ਸ਼ਹਿਰ ਦਾ ਵਿਕਾਸ, ਇਤਿਹਾਸਕ ਅਤੇ ਧਾਰਮਿਕ ਮਹੱਤਤਾ, ਨਗਰ ਵਿਚਲੇ ਕਿਲ੍ਹਿਆਂ ਦਾ ਹਾਲ, ਇਤਿਹਾਸਕ ਅਸਥਾਨ ਆਦਿ ਸੰਬੰਧੀ ਮਹੱਤਵਪੂਰਨ ਜਾਣਕਾਰੀ ਹਾਸਿਲ ਹੋਈ ਹੈ।
- **ਸ੍ਰੀ ਅਨੰਦਪੁਰ ਸਾਹਿਬ** ਡਾ. ਨਵਰਤਨ ਸਿੰਘ ਕਪੂਰ ਦੁਆਰਾ ਲਿਖੀ ਇਹ ਪੁਸਤਕ ਭਾਸ਼ਾ ਵਿਭਾਗ, ਪੰਜਾਬ ਵੱਲੋਂ ਸੰਨ 2015 ਵਿਚ ਪ੍ਰਕਾਸ਼ਿਤ ਕੀਤੀ ਗਈ। ਇਸ ਪੁਸਤਕ ਵਿਚੋਂ ਸਾਨੂੰ ਅਨੰਦਪੁਰ ਸਾਹਿਬ ਦੇ ਇਤਿਹਾਸਤ ਪਿਛੋਕੜ ਅਤੇ ਸ਼ਹਿਰ ਵਿਚ ਮੌਜੂਦ ਹੋਰ ਸਿੱਖ ਇਤਿਹਾਸਕ ਅਸਥਾਨਾਂ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਤਿਹਾਸਕ ਸਰੋਤਾਂ ਦੇ ਹਵਾਲੇ ਨਾਲ ਇਸ ਨਗਰ ਦਾ ਨਾਂ ਚੱਕ ਨਾਨਕੀ ਤੋਂ ਅਨੰਦਪੁਰ ਹੋਣ ਦਾ ਜਿਕਰ ਮਿਲਦਾ ਹੈ। ਇਸ ਤੋਂ ਇਲਾਵਾ ਇਸ ਪੁਸਤਕ ਵਿਚ ਸਾਨੂੰ ਅਨੰਦਪੁਰ ਸਾਹਿਬ ਵਿਖੇ ਮਨਾਏ ਜਾਂਦੇ ਜੋੜ ਮੇਲੇ, ਪ੍ਰਕਾਸ਼ ਦਿਹਾੜੇ ਅਤੇ ਹੋਰ ਸਿੱਖ ਸਮਾਗਮਾਂ ਦਾ ਵੇਰਵਾ ਮਿਲਦਾ ਹੈ। ਇਸ ਪਵਿੱਤਰ ਅਸਥਾਨ ਦੀ ਕੁਦਰਤੀ ਸੋਭਾ ‘ਤੇ ਚਾਨਣਾ ਪਾਇਆ ਗਿਆ ਹੈ।
- **ਧਰਤ ਅਨੰਦਪੁਰ ਦੀ** ਸੰਤ ਸੇਵਾ ਸਿੰਘ ਦੁਆਰਾ ਲਿਖੀ ਇਹ ਪੁਸਤਕ ਗੁਰਦੁਆਰਾ ਰਾਮਪੁਰ ਖੇੜਾ, ਹੁਸ਼ਿਆਰਪੁਰ ਵੱਲੋਂ ਸੰਨ 2015 ਨੂੰ ਪ੍ਰਕਾਸ਼ਿਤ ਕੀਤੀ ਗਈ। ਇਹ ਪੁਸਤਕ ਵੀ ਅਨੰਦਪੁਰ ਸਾਹਿਬ ਦੇ 350 ਸਾਲਾਂ ਸਥਾਪਨਾ ਦਿਵਸ ਨੂੰ ਸਮਰਪਿਤ ਸੀ। ਇਸ ਪੁਸਤਕ ਵਿਚ ਸੰਤ ਸੇਵਾ ਸਿੰਘ ਜੀ ਨੇ ਅਨੰਦਪੁਰ ਸਾਹਿਬ ਦੀ ਧਰਤੀ ‘ਤੇ ਸਿੱਖ ਧਰਮ ਦੇ ਵਾਧੇ ਅਤੇ ਵਿਕਾਸ ਲਈ ਹੋਏ ਕਾਰਜਾਂ ਦਾ ਵੇਰਵਾ ਪਾਇਆ ਹੈ। ਸੰਤ ਜੀ ਨੇ ਸਭ ਤੋਂ ਪਹਿਲਾਂ ਗੁਰੂ ਤੇਗ ਬਹਾਦਰ ਜੀ ਦੁਆਰਾ ਇਸ ਨਗਰ ਦੀ ਸਥਾਪਨਾ ਨੂੰ ਬਿਆਨ ਕੀਤਾ ਹੈ। ਫਿਰ ਅਨੰਦਪੁਰ ਸਾਹਿਬ ਸੰਬੰਧੀ ਵੱਖ-ਵੱਖ ਪੱਖਾਂ ਨੂੰ ਤਰਤੀਬਵਾਰ ਦਰਜ ਕਰਕੇ ਵੱਖ-ਵੱਖ ਵਿਸ਼ੇਸ਼ਣਾਂ ਰਾਹੀਂ ਸੰਬੋਧਨ ਕੀਤਾ ਗਿਆ ਹੈ ਜਿਵੇਂ: ਜਾਤ-ਪਾਤ ਦਾ ਖਾਤਮਾ

ਕਰਕੇ ਨੀਚਹ ਊਚ ਕਰਨ ਵਾਲੀ ਧਰਤ ਅਨੰਦਪੁਰ ਦੀ, ਸਿਰਦਾਰੀਆਂ ਦੀਆਂ ਬਖਸ਼ਿਸ਼ਾਂ ਕਰਨ ਵਾਲੀ ਧਰਤ ਅਨੰਦਪੁਰ ਦੀ, ਰਣਜੀਤ ਨਗਾਰੇ ਦੀ ਜਨਮ ਦਾਤੀ ਧਰਤ ਅਨੰਦਪੁਰ ਸਾਹਿਬ ਦੀ ਆਦਿ ਅਨੇਕਾਂ ਹੀ ਵਿਲੱਖਣ ਤੱਥਾਂ ਨਾਲ ਭਰਪੂਰ ਇਹ ਪੁਸਤਕ, ਅਨੰਦਪੁਰ ਸਾਹਿਬ ਸੰਬੰਧੀ ਬਹੁਮੁੱਲੀ ਜਾਣਕਾਰੀ ਪ੍ਰਦਾਨ ਕਰਦੀ ਹੈ। ਇਨ੍ਹਾਂ ਵਿਕਾਸ ਕਾਰਜਾਂ ਵਿਚ ਜਾਤ-ਪਾਤ ਦਾ ਖਾਤਮਾ, ਹਿੰਦੂ ਧਰਮ ਦੀ ਰਖਵਾਲੀ ਲਈ ਗੁਰੂ ਜੀ ਦਾ ਬਲੀਦਾਨ, ਰਣਜੀਤ ਨਗਾਰੇ ਦੀ ਮਰਯਾਦਾ, ਖਾਲਸਾ ਪੰਥ ਦੀ ਸਾਜਨਾ, ਯੁੱਧ ਕਲਾ ਦਾ ਕੇਂਦਰ, ਲੰਗਰ ਮਰਯਾਦਾ ਦੀ ਮਹਾਨਤਾ ਆਦਿ ਵਿਸ਼ਿਆ ਸੰਬੰਧੀ ਜਾਣਕਾਰੀ ਹਾਸਿਲ ਹੁੰਦੀ ਹੈ। ਇਸ ਤੋਂ ਇਲਾਵਾ ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਦੇ ਗੁਰਧਾਮਾਂ ਦਾ ਇਤਿਹਾਸਕ ਪਿਛੋਕੜ ਬਿਆਨ ਕੀਤਾ ਗਿਆ ਹੈ।

- **ਹਰਿਮੰਦਰ ਦਰਸ਼ਨ** ਡਾ. ਸਰੂਪ ਸਿੰਘ ਅਲੱਗ ਦੀ ਇਹ ਪੁਸਤਕ ਇੰਟਰਨੈਸ਼ਨਲ ਚੈਰੀਟੇਬਲ ਟਰੱਸਟ, ਲੁਧਿਆਣਾ ਵੱਲੋਂ 196ਵਾਂ ਐਡੀਸ਼ਨ, ਸੰਨ 2017 ਵਿਚ ਪ੍ਰਕਾਸ਼ਿਤ ਕੀਤੀ ਗਈ ਸੀ। ਇਸ ਪੁਸਤਕ ਵਿਚ ਲੇਖਕ ਨੇ ਬਿਆਨ ਕੀਤਾ ਹੈ ਕਿ ਕਿਸ ਤਰ੍ਹਾਂ ਹਰਿਮੰਦਰ ਸਾਹਿਬ ਭਵ ਸਾਗਰ ਤੋਂ ਪਾਰ ਹੋਣ ਦਾ ਬੋਹਿਥ(ਜਹਾਜ) ਹੈ। ਇਸ ਤੋਂ ਇਲਾਵਾ ਹਰਿਮੰਦਰ ਸਾਹਿਬ ਵਿਚ ਪ੍ਰਚੱਲਿਤ ਅੱਠ ਪਹਿਰੀ ਅਨੋਖੀ ਮਰਯਾਦਾ, ਹਰਿਮੰਦਰ ਸਾਹਿਬ ਵਿਖੇ ਵਾਪਰੇ ਕੁਦਰਤੀ ਚਮਤਕਾਰ, ਅੰਗਰੇਜ਼ ਸਰਕਾਰ ਦੁਆਰਾ ਕਰਵਾਏ ਗਏ ਅਖੰਡ ਪਾਠ, ਮਹਾਰਾਜਾ ਪਟਿਆਲਾ ਦੀ ਇਸ ਅਸਥਾਨ ਪ੍ਰਤੀ ਸ਼ਰਧਾ ਆਦਿ ਵਿਸ਼ਿਆ ਦਾ ਜਿਕਰ ਮਿਲਦਾ ਹੈ।
- **ਸ੍ਰੀ ਹਰਿਮੰਦਰ ਸਾਹਿਬ** ਡਾ. ਰੂਪ ਸਿੰਘ ਦੁਆਰਾ ਲਿਖੀ ਇਹ ਪੁਸਤਕ ਸਿੰਘ ਬ੍ਰਦਰਜ਼, ਅੰਮ੍ਰਿਤਸਰ ਵੱਲੋਂ ਸੰਨ 2019 ਵਿਚ ਛਾਪੀ ਗਈ। ਇਸ ਪੁਸਤਕ ਵਿਚ ਹਰਿਮੰਦਰ ਸਾਹਿਬ ਦੀ ਸਥਾਪਨਾ ਅਤੇ ਦਰਬਾਰ ਸਾਹਿਬ ਕੰਪਲੈਕਸ ਵਿਚ ਮੌਜੂਦ ਅਸਥਾਨਾਂ ਸੰਬੰਧੀ ਸਚਿਤਰ ਲਗਾ ਕੇ ਸੰਖੇਪ ਜਾਣਕਾਰੀ ਦਿੱਤੀ ਗਈ ਹੈ।
- **ਸ੍ਰੀ ਹਰਿਮੰਦਰ ਸਾਹਿਬ** ਦਾਨ ਸਿੰਘ ਕੋਮਲ ਦੁਆਰਾ ਲਿਖੀ ਇਹ ਪੁਸਤਕ ਸਿੱਖ ਬੁੱਕ ਕੰਪਨੀ, ਸ੍ਰੀ ਅੰਮ੍ਰਿਤਸਰ (ਮਿਤੀਹੀਣ) ਵੱਲੋਂ ਪ੍ਰਕਾਸ਼ਿਤ ਕੀਤੀ ਗਈ। ਇਸ ਪੁਸਤਕ ਦੇ ਅਧਿਐਨ ਤੋਂ ਸਾਨੂੰ ਅੰਮ੍ਰਿਤਸਰ ਸ਼ਹਿਰ ਦੇ ਗੁਰੂ ਕਾਲ ਤੋਂ ਲੈ ਕੇ 1984 ਈ. ਤੱਕ ਦਾ ਸੰਖੇਪ ਹਾਲ ਮਿਲਦਾ ਹੈ। ਇਸ ਤੋਂ

ਇਲਾਵਾ ਅੰਮ੍ਰਿਤਸਰ ਸਰੋਵਰ ਦੀ ਕਾਰ ਸੇਵਾ, ਆਸ-ਪਾਸ ਦੇ ਇਤਿਹਾਸਕ ਅਸਥਾਨ, ਘਟਨਾਵਲੀ, ਆਦਿ ਵਿਸ਼ਿਆਂ ਸੰਬੰਧੀ ਜਾਣਕਾਰੀ ਪ੍ਰਾਪਤ ਹੋਈ ਹੈ।

❖ **ਗੁਰਦੁਆਰਿਆਂ ਨਾਲ ਸੰਬੰਧਿਤ ਸਰੋਤ**

- **ਸ੍ਰੀ ਗੁਰ ਤੀਰਥ ਸੰਗ੍ਰਹਿ** ਪੰਡਤ ਤਾਰਾ ਸਿੰਘ ਨਰੋਤਮ ਦੁਆਰਾ ਰਚਿਤ ਇਹ ਪੁਸਤਕ 1884 ਈ. ਵਿਚ ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਕਨਖਲ ਤੋਂ ਪ੍ਰਕਾਸ਼ਿਤ ਹੋਈ। ਇਸ ਪੁਸਤਕ ਵਿਚ ਦਸੇ ਗੁਰੂ ਸਾਹਿਬਾਨ ਦੇ ਇਤਿਹਾਸਕ ਅਸਥਾਨਾਂ ਸੰਬੰਧੀ ਜਿਲ੍ਹਾ, ਰਿਆਸਤ, ਤਹਿਸੀਲ, ਦਿਸ਼ਾ, ਕੋਣ ਆਦਿ ਦੀ ਪੂਰੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਪੰਡਿਤ ਜੀ ਨੇ ਇਸ ਪੁਸਤਕ ਵਿਚ ਗੁਰਦੁਆਰਿਆਂ ਦੀ ਯਾਤਰਾ ਦਾ ਲਾਭ ਦਸਦੇ ਹੋਏ ਇਹਨਾਂ ਅਸਥਾਨਾਂ ਦੇ ਬਣਨ ਦਾ ਕਾਰਨ ਵੀ ਦੱਸਿਆ ਹੈ। ਇਸ ਤੋਂ ਬਾਅਦ ਗੁਰੂ ਕ੍ਰਮ ਅਨੁਸਾਰ ਗੁਰਦੁਆਰਿਆਂ ਸੰਬੰਧੀ ਸੰਖੇਪ ਜਾਣਕਾਰੀ ਮੁਹੱਈਆ ਕਰਵਾਈ ਹੈ।
- **ਗੁਰਧਾਮ ਸੰਗ੍ਰਹਿ** ਗਿਆਨੀ ਗਿਆਨ ਸਿੰਘ ਦੁਆਰਾ ਲਿਖੀ ਇਹ ਪੁਸਤਕ ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਕੇਂਦਰੀ ਸਿੰਘ ਸਭਾ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕਰਵਾਈ ਗਈ ਸੀ। ਇਸ ਪੁਸਤਕ ਵਿਚ ਵੀ ਗੁਰੂ ਕ੍ਰਮ ਅਨੁਸਾਰ ਦਸ ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਿਆਂ ਦਾ ਵੇਰਵਾ ਮਿਲਦਾ ਹੈ। ਇਸ ਪੁਸਤਕ ਦੀ ਭੂਮਿਕਾ ਵਿਚ ਗਿਆਨੀ ਗੁਰਦਿੱਤ ਸਿੰਘ ਲਿਖਦੇ ਹਨ ਕਿ ਗੁਰਧਾਮ ਸੰਗ੍ਰਹਿ ਵਿਚ ਅਤਿ ਕੀਮਤੀ ਵੇਰਵੇ ਵੀ ਕਈ ਥਾਵਾਂ ਤੇ ਮਿਲਦੇ ਹਨ, ਜੋ ਵਸਤਾਂ ਉਹਨਾਂ ਨੇ ਜਿੱਥੇ-ਜਿੱਥੇ ਦੇਖੀਆਂ ਸਨ, ਉਨ੍ਹਾਂ ਬਾਰੇ ਕਿਸੇ ਇਕ ਲਿਖਤ ਵਿਚੋਂ ਪੜ੍ਹਿਆ ਜਾ ਸਕਦਾ ਹੈ। ਕੁਝ ਅਸਥਾਨ ਉਸ ਵੇਲੇ ਦੇ ਰੂਪ ਵਿਚ ਹੁਣ ਦੇਖਣ ਵਾਲੇ ਨਹੀਂ ਰਹੇ ਅਤੇ ਕਈਆਂ ਦੇ ਸਮੇਂ ਦੀ ਬਦਲੀ ਕਰਕੇ ਮੁਹਾਂਦਰੇ ਬਦਲ ਚੁੱਕੇ ਹਨ। ਇਸ ਤਰ੍ਹਾਂ ਇਸ ਪੁਸਤਕ ਤੋਂ ਉਸ ਸਮੇਂ ਮੌਜੂਦ ਗੁਰਦੁਆਰਿਆਂ ਦੇ ਸੰਬੰਧ ਵਿਚ ਅਹਿਮ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਪੁਸਤਕ ਵਿਚ ਵੀ ਦਸੇ ਗੁਰੂ ਸਾਹਿਬਾਨ ਦੇ ਇਤਿਹਾਸਕ ਗੁਰਦੁਆਰਿਆਂ ਸੰਬੰਧੀ ਜਿਲ੍ਹਾ, ਰਿਆਸਤ, ਤਹਿਸੀਲ, ਦਿਸ਼ਾ, ਕੋਣ, ਆਦਿ ਦੀ ਪੂਰੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਤੋਂ ਇਲਾਵਾ ਇਸ ਪੁਸਤਕ ਵਿਚ ਇਹਨਾਂ ਗੁਰਦੁਆਰਿਆਂ ਦੇ ਨਾਮ ਲੱਗੀਆਂ ਜਾਇਦਾਦਾਂ ਦਾ ਵੇਰਵਾ ਵੀ ਦੱਸਿਆ ਗਿਆ ਹੈ।

- **ਗੁਰਸ਼ਬਦ ਰਤਨਾਕਰ ਮਹਾਨ ਕੋਸ਼** ਕ੍ਰਿਤ ਭਾਈ ਕਾਨ੍ਹ ਸਿੰਘ ਨਾਭਾ ਭਾਸ਼ਾ ਵਿਭਾਗ, ਪੰਜਾਬ ਵੱਲੋਂ 1960 ਈ. ਵਿਚ ਪ੍ਰਕਾਸ਼ਿਤ ਕੀਤਾ ਗਿਆ। ਇਸ ਕੋਸ਼ ਵਿਚੋਂ ਸਾਨੂੰ ਭਾਈ ਸਾਹਿਬ ਦੇ ਕਾਲ ਸਮੇਂ ਸਿੱਖ ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਿਆਂ ਸੰਬੰਧੀ ਬਹੁਮੁੱਲੀ ਜਾਣਕਾਰੀ ਮਿਲਦੀ ਹੈ। ਭਾਈ ਸਾਹਿਬ ਨੇ ਇਹਨਾਂ ਗੁਰਦੁਆਰਿਆਂ ਦਾ ਇਤਿਹਾਸਕ ਪਿਛੋਕੜ ਬਿਆਨ ਕਰਦੇ ਹੋਏ ਉਸ ਸਮੇਂ ਇਹਨਾਂ ਅਸਥਾਨਾਂ ਦੇ ਪ੍ਰਬੰਧਕੀ ਢਾਂਚੇ, ਸਥਿਤੀ, ਜਾਗੀਰਾ ਆਦਿ ਪੱਖਾਂ ਦਾ ਵਰਨਣ ਕੀਤਾ ਹੈ।
- **The Sikh Gurus And Their Shrines** ਸੁਰਿੰਦਰ ਸਿੰਘ ਜੌਹਰ ਦੁਆਰਾ ਲਿਖੀ ਇਹ ਪੁਸਤਕ Vivek Publishing Company, Delhi ਵੱਲੋਂ ਅਕਤੂਬਰ 1976 ਈ. ਨੂੰ ਛਾਪੀ ਗਈ। ਸਭ ਤੋਂ ਪਹਿਲਾਂ ਲੇਖਕ ਨੇ ਗੁਰਦੁਆਰਾ ਸੰਸਥਾ ਦੀ ਮਹਾਨਤਾ ਨੂੰ ਦਰਸਾਇਆ ਹੈ। ਉਸ ਉਪਰੰਤ ਦਸ ਗੁਰੂ ਸਾਹਿਬਾਨ ਦਾ ਸੰਖੇਪ ਜੀਵਨ ਬਿਆਨ ਕਰਦੇ ਹੋਏ ਉਹਨਾਂ ਨਾਲ ਸੰਬੰਧਿਤ ਇਤਿਹਾਸਕ ਅਸਥਾਨਾਂ 'ਤੇ ਚਾਨਣਾ ਪਾਇਆ ਗਿਆ ਹੈ।
- **ਪ੍ਰਸਿੱਧ ਗੁਰਦੁਆਰੇ** ਸ਼ਮਸ਼ੇਰ ਸਿੰਘ ਅਸ਼ੋਕ ਦੁਆਰਾ ਲਿਖੀ ਇਹ ਪੁਸਤਕ ਭਾਸ਼ਾ ਵਿਭਾਗ, ਪੰਜਾਬ ਵੱਲੋਂ 1991 ਈ. ਵਿਚ ਪ੍ਰਕਾਸ਼ਿਤ ਕੀਤੀ ਗਈ। ਇਸ ਪੁਸਤਕ ਵਿਚ ਵਿਸ਼ਵ ਭਰ ਦੇ ਪ੍ਰਸਿੱਧ ਗੁਰਧਾਮਾਂ ਦਾ ਸੰਖੇਪ ਇਤਿਹਾਸ ਲਿਖਿਆ ਮਿਲਦਾ ਹੈ, ਜੋ ਕਿ ਜਾਣਕਾਰੀ ਪੱਖੋਂ ਬਹੁਤ ਸੀਮਿਤ ਹੈ।
- **Historical Sikh Shrines** ਮੇਜਰ ਗੁਰਮੁਖ ਸਿੰਘ ਦੁਆਰਾ ਲਿਖੀ ਇਹ ਪੁਸਤਕ ਸਿੰਘ ਬ੍ਰਦਰਜ਼, ਅੰਮ੍ਰਿਤਸਰ ਵਲੋਂ 1995 ਈ. ਵਿਚ ਪ੍ਰਕਾਸ਼ਿਤ ਕੀਤੀ ਗਈ। ਇਸ ਪੁਸਤਕ ਵਿਚ ਵਿਸ਼ਵ ਭਰ ਦੇ ਗੁਰਦੁਆਰਿਆਂ ਦੀ ਜਾਣਕਾਰੀ ਦਿੱਤੀ ਗਈ ਹੈ। ਪੰਜਾਬ ਦੇ ਗੁਰਦੁਆਰਿਆਂ ਨੂੰ ਜਿਲ੍ਹਿਆਂ ਅਨੁਸਾਰ ਵੰਡਿਆਂ ਗਿਆ ਹੈ। ਇਸ ਪੁਸਤਕ ਵਿਚ ਕੇਵਲ ਪੰਜਾਬ ਰਾਜ ਦੇ ਪ੍ਰਸਿੱਧ ਗੁਰਦੁਆਰਿਆਂ ਦਾ ਹੀ ਵਰਨਣ ਮਿਲਦਾ ਹੈ।
- **ਇਤਿਹਾਸਕ ਗੁਰਦੁਆਰੇ ਇਕ ਸਰਵੇਖਣ** ਡਾ. ਜਸਬੀਰ ਸਿੰਘ ਭੱਲਾ ਦੁਆਰਾ ਲਿਖੀ ਇਹ ਪੁਸਤਕ ਮਨਪ੍ਰੀਤ ਪ੍ਰਕਾਸ਼ਨ, ਦਿੱਲੀ ਵੱਲੋਂ ਸੰਨ 2001 ਨੂੰ ਪ੍ਰਕਾਸ਼ਿਤ ਕੀਤੀ ਗਈ। ਇਸ ਪੁਸਤਕ ਦੀ ਭੂਮਿਕਾ ਵਿਚ ਲੇਖਕ ਨੇ ਗੁਰਦੁਆਰੇ ਦੀ ਅਹਿਮੀਅਤ ਨੂੰ ਬਿਆਨ ਕੀਤਾ ਹੈ। ਇਸ ਪੁਸਤਕ ਵਿਚੋਂ ਖੋਜ-ਕਾਰਜ ਨਾਲ ਸੰਬੰਧਿਤ ਸ਼ਹਿਰਾਂ ਅਤੇ ਕਸਬਿਆਂ ਵਿਚ ਮੌਜੂਦ ਗੁਰਦੁਆਰਿਆਂ ਦੇ ਇਤਿਹਾਸਕ

ਪਿਛੋਕੜ ਸੰਬੰਧੀ ਜਾਣਕਾਰੀ ਪ੍ਰਾਪਤ ਹੋਈ ਹੈ। ਇਸ ਤੋਂ ਇਲਾਵਾ ਇਨ੍ਹਾਂ ਧਾਰਮਿਕ ਅਸਥਾਨਾਂ ਦੀ ਮਰਯਾਦਾ ਦਾ ਵੇਰਵਾ ਵੀ ਮਿਲਦਾ ਹੈ।

- **ਗੁਰਧਾਮ ਦੀਦਾਰ** ਅਰਥਾਤ ਗੁਰਧਾਮ ਦਰਪਣ ਗਿਆਨੀ ਗੁਰਦਿੱਤ ਸਿੰਘ ਦੁਆਰਾ ਸੰਪਾਦਿਤ ਇਹ ਪੁਸਤਕ ਧਰਮ ਪ੍ਰਚਾਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਸੰਨ 2009 ਵਿਚ ਪ੍ਰਕਾਸ਼ਿਤ ਕੀਤੀ ਗਈ। ਪੁਸਤਕ ਦੀ ਭੂਮਿਕਾ ਵਿਚ ਗਿਆਨੀ ਜੀ ਲਿਖਦੇ ਹਨ ਕਿ *ਮਹਾਨ ਕੋਸ਼* ਵਿਚ ਸ਼ਾਮਿਲ ਗੁਰਦੁਆਰਿਆਂ ਦੇ ਇਤਿਹਾਸ ਦੇ ਆਧਾਰ ਤੇ ਹੀ ਇਹ ਪੁਸਤਕ ਤਿਆਰ ਕੀਤੀ ਗਈ ਹੈ। ਇਸ ਪੁਸਤਕ ਵਿਚੋਂ ਸਾਨੂੰ 20ਵੀਂ ਸਦੀ ਦੇ ਮੁੱਢਲੇ ਸਾਲਾਂ ਵਿਚ ਮੌਜੂਦ ਗੁਰਦੁਆਰਿਆਂ ਦੀ ਸਥਿਤੀ ਦਾ ਜਾਇਜਾ ਮਿਲਦਾ ਹੈ। ਇਤਿਹਾਸਕ ਗੁਰਦੁਆਰਿਆਂ ਸੰਬੰਧੀ 'ਮਹਾਨ ਕੋਸ਼' ਵਿਚੋਂ ਜਿੰਨੀ ਜਾਣਕਾਰੀ ਪ੍ਰਾਪਤ ਹੁੰਦੀ ਹੈ, ਇਸ ਪੁਸਤਕ ਵਿਚ ਸਿਰਫ਼ ਉਹੀ ਦਰਜ ਕੀਤੀ ਗਈ ਹੈ।
- **ਸਾਡੇ ਇਤਿਹਾਸਕ ਗੁਰਧਾਮ, (ਮਾਝਾ, ਮਾਲਵਾ, ਦੁਆਬਾ ਅਤੇ ਹਿਮਾਚਲ ਪ੍ਰਦੇਸ਼ ਦੇ ਗੁਰਦੁਆਰੇ)** ਕ੍ਰਿਤ ਗਿਆਨੀ ਭਜਨ ਸਿੰਘ ਸੰਨ 2012 (ਤੀਜੀ ਐਡੀਸ਼ਨ) ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ ਕੀਤੀ ਗਈ। ਇਸ ਪੁਸਤਕ ਵਿਚ ਗਿਆਨੀ ਭਜਨ ਸਿੰਘ ਦੁਆਰਾ ਇਤਿਹਾਸਕ ਗੁਰਦੁਆਰਿਆਂ ਦੇ ਸੰਬੰਧੀ ਹੋਏ ਪੂਰਬਲੇ ਕਾਰਜਾਂ ਵਿਚੋਂ ਸਮੱਗਰੀ ਇਕੱਤਰ ਕਰਕੇ ਇਹ ਪੁਸਤਕ ਤਿਆਰ ਕੀਤੀ ਗਈ ਹੈ। ਵਾਧੇ ਦੇ ਰੂਪ ਵਿਚ ਇਤਿਹਾਸਕ ਗੁਰਦੁਆਰਿਆਂ ਦੀਆਂ ਰੰਗੀਨ ਫੋਟੋਆ ਦਰਜ ਕੀਤੀਆਂ ਗਈਆਂ ਹਨ।
- **ਗੁਰਦੁਆਰਾ ਕੋਸ਼** ਡਾ. ਜਸਬੀਰ ਸਿੰਘ ਸਰਨਾ ਅਤੇ ਦਿਲਜੀਤ ਸਿੰਘ ਬੇਦੀ ਦੁਆਰਾ ਲਿਖੀ ਇਹ ਪੁਸਤਕ ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਸੰਨ 2013 ਵਿਚ ਪ੍ਰਕਾਸ਼ਿਤ ਕੀਤੀ ਗਈ। ਖੋਜਾਰਥੀਆਂ ਦੀ ਆਸਾਨੀ ਲਈ ਇਸ ਕੋਸ਼ ਵਿਚ ਇਤਿਹਾਸਕ ਅਸਥਾਨਾਂ ਨੂੰ ਅੱਖਰ ਕ੍ਰਮ ਅਤੇ ਮਾਤ੍ਰਾ ਕ੍ਰਮ ਅਨੁਸਾਰ ਲਿਖਿਆ ਗਿਆ ਹੈ। ਇਸ ਕੋਸ਼ ਵਿਚ ਸਾਨੂੰ ਆਪਣੇ ਖੋਜ-ਕਾਰਜ ਨਾਲ ਸੰਬੰਧਿਤ ਇਤਿਹਾਸਕ ਗੁਰਦੁਆਰਿਆਂ ਦਾ ਇਤਿਹਾਸਕ ਪਿਛੋਕੜ, ਪ੍ਰਬੰਧਕੀ ਕਮੇਟੀਆਂ ਅਤੇ ਪੂਰਬ ਸਮੇਂ ਇਹਨਾਂ ਗੁਰਦੁਆਰਿਆਂ ਨਾਲ ਲੱਗੀਆਂ ਜਾਇਦਾਦਾਂ ਦਾ ਵੇਰਵਾ ਮਿਲਦਾ ਹੈ।

- **ਗੁਰ ਤੀਰਥ ਸਾਈਕਲ ਯਾਤਰਾ** ਭਾਈ ਧੰਨਾ ਸਿੰਘ ਪਟਿਆਲਵੀ ਦੁਆਰਾ ਸਰਵੇਖਣ ਕਰਕੇ ਇਤਿਹਾਸਤਕ ਗੁਰਧਾਮਾਂ ਸੰਬੰਧੀ ਜਾਣਕਾਰੀ ਇਕੱਤਰ ਕੀਤੀ ਗਈ ਸੀ। ਸੰਨ 2016 ਵਿਚ ਚੇਤਨ ਸਿੰਘ ਦੁਆਰਾ ਇਸ ਪੁਸਤਕ ਨੂੰ ਸੰਪਾਦਿਤ ਕਰਕੇ ਯੂਰਪੀਅਨ ਪੰਜਾਬੀ ਸੱਥ, ਵਾਲਸਾਲ, ਯੂ. ਕੇ., ਪਾਸੋਂ ਪ੍ਰਕਾਸ਼ਿਤ ਕਰਵਾਇਆ ਗਿਆ। ਇਸ ਪੁਸਤਕ ਵਿਚ ਭਾਈ ਧੰਨਾ ਦੁਆਰਾ 1920-1930 ਈ. ਪੂਰੇ ਭਾਰਤ ਦੇ ਗੁਰਦੁਆਰਿਆਂ ਦਾ ਸਾਇਕਲ 'ਤੇ ਕੀਤੇ ਸਰਵੇਖਣ ਦੀ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ।

ਇਸ ਤੋਂ ਇਲਾਵਾ ਕੁਝ ਹੋਰ ਕੋਸ਼ ਜਿਵੇਂ- 'ਸਿੱਖ ਧਰਮ ਵਿਸ਼ਵਕੋਸ਼ (ਦੋ ਭਾਗ)', ਸੰਪਾਦਿਤ ਜੋਧ ਸਿੰਘ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਸੰਨ 2013 ਵਿਚ, 'ਸਿੱਖ ਪੰਥ ਵਿਸ਼ਵਕੋਸ਼', ਸੰਪਾਦਿਤ ਰਤਨ ਸਿੰਘ ਜੱਗੀ ਗੁਰ ਰਤਨ ਪਬਲੀਕੇਸ਼ਨ, ਪਟਿਆਲਾ ਤੋਂ ਸੰਨ 2005 ਵਿਚ ਅਤੇ 'ਗੁਰੂ ਗ੍ਰੰਥ ਵਿਸ਼ਵਕੋਸ਼ (ਦੋ ਭਾਗ)', ਗੁਰ ਰਤਨ ਪਬਲੀਕੇਸ਼ਨ, ਪਟਿਆਲਾ ਤੋਂ 2005 ਵਿਚ ਪ੍ਰਕਾਸ਼ਿਤ ਕੀਤੇ ਗਏ। ਇਹਨਾਂ ਕੋਸ਼ਾਂ ਵਿਚੋਂ ਵੀ ਸਾਨੂੰ ਆਪਣੇ ਖੋਜ-ਕਾਰਜ ਨਾਲ ਸੰਬੰਧਿਤ ਗੁਰਦੁਆਰਿਆਂ, ਸ਼ਹਿਰਾਂ ਅਤੇ ਕਸਬਿਆਂ ਬਾਰੇ ਜਾਣਕਾਰੀ ਹਾਸਿਲ ਹੋਈ ਹੈ।

**ਸਰਵੇਖਣ ਪੁਸਤਕਾਂ**: ਭਾਸ਼ਾ ਵਿਭਾਗ, ਪੰਜਾਬ ਦੁਆਰਾ ਪੰਜਾਬ ਦੇ ਪ੍ਰਮੁੱਖ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਦੇ ਭਾਸ਼ਾਈ ਅਤੇ ਸਭਿਆਚਾਰਕ ਵਿਸ਼ੇ ਨੂੰ ਆਧਾਰ ਬਣਾ ਕੇ ਸਰਵੇਖਣ ਕਰਵਾਏ ਗਏ। ਖੋਜ-ਕਾਰਜ ਨਾਲ ਸੰਬੰਧਿਤ ਪੁਸਤਕਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

- **ਸ੍ਰੀ ਹਰਿਗੋਬਿੰਦਪੁਰਾ** ਮਦਨ ਲਾਲ ਹਸੀਜਾ ਦੁਆਰਾ ਸੰਪਾਦਿਤ ਇਹ ਪੁਸਤਕ ਭਾਸ਼ਾ ਵਿਭਾਗ, ਪੰਜਾਬ ਦੁਆਰਾ 1995 ਈ. ਵਿਚ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ 400 ਸਾਲਾਂ ਪ੍ਰਕਾਸ਼ ਦਿਹਾੜੇ ਨੂੰ ਪ੍ਰਕਾਸ਼ਿਤ ਕੀਤੀ ਗਈ। ਇਸ ਪੁਸਤਕ ਵਿਚੋਂ ਸਾਨੂੰ ਸ੍ਰੀ ਹਰਿਗੋਬਿੰਦਪੁਰ ਦੇ ਇਤਿਹਾਸ ਪਿਛੋਕੜ, ਭੂਗੋਲਿਕ ਸਥਿਤੀ, ਇਤਿਹਾਸਕ ਅਸਥਾਨ ਆਦਿ ਸੰਬੰਧੀ ਬਹੁਮੁੱਲੀ ਜਾਣਕਾਰੀ ਹਾਸਿਲ ਹੁੰਦੀ ਹੈ। ਇਸ ਤੋਂ ਇਲਾਵਾ ਨਗਰ ਦੀ ਸਥਾਪਨਾ ਕਿਵੇਂ ਹੋਈ, ਨਗਰ ਦੀ ਉਸਾਰੀ, ਨਗਰ ਦਾ ਵਿਕਾਸ ਅਤੇ ਵਰਤਮਾਨ ਸਥਿਤੀ ਆਦਿ ਵਿਸ਼ਿਆਂ ਦਾ ਸੰਖੇਪ ਜਿਕਰ ਮਿਲਦਾ ਹੈ।

- **ਤਰਨ ਤਾਰਨ ਬਹੁ-ਪੱਖੀ ਸਰਵੇਖਣ** ਡਾ. ਐੱਚ. ਐੱਸ. ਚੋਪੜਾ ਦੁਆਰਾ ਲਿਖੀ ਇਹ ਪੁਸਤਕ ਰਵੀ ਪ੍ਰਕਾਸ਼ਨ, ਅੰਮ੍ਰਿਤਸਰ ਵੱਲੋਂ ਸੰਨ 2006 ਵਿਚ ਪ੍ਰਕਾਸ਼ਿਤ ਕੀਤੀ ਗਈ। ਇਸ ਪੁਸਤਕ ਵਿਚ ਸਭ ਤੋਂ ਪਹਿਲਾਂ ਤਰਨ ਤਾਰਨ ਸਾਹਿਬ ਦੀ ਸਥਾਪਨਾ ਬਿਆਨ ਕੀਤੀ ਗਈ ਹੈ। ਉਸ ਤੋਂ ਬਾਅਦ ਤਰਨ ਤਾਰਨ ਸਾਹਿਬ ਦੇ ਇਤਿਹਾਸਕ ਪਿਛੋਕੜ ਦਾ ਵਿਸਥਾਰ ਸਾਹਿਤ ਵਰਨਣ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਸ ਪੁਸਤਕ ਵਿਚੋਂ ਸਾਨੂੰ ਤਰਨ ਤਾਰਨ ਸਾਹਿਬ ਦੇ ਇਤਿਹਾਸਕ ਗੁਰਦੁਆਰੇ, ਸਮਾਜਿਕ ਸੰਸਥਾਵਾਂ ਅਤੇ ਵਿਦਿਅਕ ਸੰਸਥਾਵਾਂ ਸੰਬੰਧੀ ਜਾਣਕਾਰੀ ਪ੍ਰਾਪਤ ਹੋਈ ਹੈ।
- **ਕਰਤਾਰਪੁਰ (ਭਾਸ਼ਾਈ ਤੇ ਸਭਿਆਚਾਰਕ ਸਰਵੇਖਣ)** ਬੀਬੀ ਅਮਰਜੀਤ ਕੌਰ ਦੁਆਰਾ ਸੰਪਾਦਤ ਇਹ ਸਰਵੇਖਣ ਪੁਸਤਕ ਸੰਨ 2008 ਵਿਚ ਭਾਸ਼ਾ ਵਿਭਾਗ, ਪੰਜਾਬ ਤੋਂ ਪ੍ਰਕਾਸ਼ਿਤ ਹੋਈ। ਇਸ ਪੁਸਤਕ ਵਿਚ ਸਭ ਤੋਂ ਪਹਿਲਾਂ ਕਰਤਾਰਪੁਰ (ਜਲੰਧਰ) ਨਗਰ ਬਾਰੇ ਵਾਕਫ਼ੀਅਤ ਕਰਵਾਈ ਗਈ ਹੈ। ਇਸ ਪੁਸਤਕ ਵਿਚੋਂ ਸਾਨੂੰ ਆਪਣੇ ਖੋਜ-ਕਾਰਜ ਦੇ ਸੰਬੰਧ ਵਿਚ ਕਰਤਾਪੁਰ ਨਗਰ ਦੀ ਸਥਾਪਨਾ ਅਤੇ ਨਗਰ ਦੇ ਵਿਕਾਸ ਬਾਰੇ ਜਾਣਕਾਰੀ ਪ੍ਰਾਪਤ ਹੋਈ ਹੈ। ਇਸ ਤੋਂ ਇਲਾਵਾ ਨਗਰ ਵਿਚ ਮੌਜੂਦ ਬਾਗ਼, ਸਰੋਵਰ, ਖੂਹ, ਪੁਰਾਤਨ ਨਿਸਾਨੀਆਂ, ਇਤਿਹਾਸਕ ਅਸਥਾਨਾਂ ਆਦਿ ਸੰਬੰਧੀ ਸਮੱਗਰੀ ਮਿਲੀ ਹੈ।
- **ਤਰਨਤਾਰਨ ਸਾਹਿਬ** ਸੰਤੋਖ ਸਿੰਘ ਤਪੱਸਵੀ ਦੁਆਰਾ ਕੀਤੇ ਗਏ ਸਰਵੇਖਣ ਨੂੰ ਭਾਸ਼ਾ ਵਿਭਾਗ, ਪੰਜਾਬ ਨੇ 'ਤਰਨਤਾਰਨ ਸਾਹਿਬ (ਭਾਸ਼ਾਈ ਤੇ ਸਭਿਆਚਾਰਕ ਸਰਵੇਖਣ)' ਨਾਂ ਹੇਠ ਸੰਨ 2010 ਨੂੰ ਪਾਠਕਾਂ ਦੇ ਰੂਬਰੂ ਕੀਤਾ। ਇਸ ਪੁਸਤਕ ਦੀ ਸੰਪਾਦਨਾ ਦਾ ਕੰਮ ਬੀਬੀ ਹਰਭਜਨ ਕੌਰ ਅਤੇ ਸਹਾਇਕ ਵੱਜੋਂ ਬੀਬੀ ਕੰਵਲਜੀਤ ਕੌਰ ਬੈਨੀਪਾਲ ਨੇ ਜਿੰਮੇਵਾਰੀ ਨਿਭਾਈ। ਇਸ ਪੁਸਤਕ ਵਿਚ ਸਾਨੂੰ ਤਰਨਤਾਰਨ ਸਾਹਿਬ ਦੀ ਸਥਾਪਨਾ, ਇਤਿਹਾਸਕ ਪਿਛੋਕੜ, ਮਿਥਿਹਾਸ, ਭੂਗੋਲਿਕ ਸਥਿਤੀ ਆਦਿ ਸੰਬੰਧੀ ਜਾਣਕਾਰੀ ਹਾਸਿਲ ਹੁੰਦੀ ਹੈ। ਇਸ ਤੋਂ ਇਲਾਵਾ ਇਸ ਨਗਰ ਵਿਚ ਮੌਜੂਦ ਇਤਿਹਾਸਕ ਅਸਥਾਨ, ਸਰੋਵਰ, ਖੂਹ ਆਦਿ ਬਾਰੇ ਮਹੱਤਵਪੂਰਨ ਸਮੱਗਰੀ ਪ੍ਰਾਪਤ ਹੁੰਦੀ ਹੈ।
- **ਛੇਹਰਟਾ ਸਾਹਿਬ (ਭਾਸ਼ਾਈ ਤੇ ਸਭਿਆਚਾਰਕ ਸਰਵੇਖਣ)** ਪੁਸਤਕ ਦਾ ਸਰਵੇਖਕ ਮਨਮੋਹਨ ਸਿੰਘ ਬਾਸਰਕੇ ਅਤੇ ਸੰਪਾਦਕ ਬੀਬੀ ਕੰਵਲਜੀਤ ਕੌਰ ਹਨ। ਇਹ ਪੁਸਤਕ ਗੁਰੂ ਅਰਜਨ ਦੇਵ ਜੀ

ਦੁਆਰਾ ਲੋਕ-ਭਲਾਈ ਦੇ ਨਮਿੱਤ ਲਗਵਾਏ ਗਏ ਛੇ-ਹਰਟਾਂ ਵਾਲੇ ਖੂਹ ਅਸਥਾਨ ਸੰਬੰਧੀ ਜਾਣਕਾਰੀ ਪ੍ਰਦਾਨ ਕਰਦੀ ਹੈ। ਵਰਤਮਾਨ ਸਮੇਂ ਵਿਚ ਇਹ ਇਤਿਹਾਸਕ ਅਸਥਾਨ ਨਗਰ ਦਾ ਰੂਪ ਲੈ ਚੁੱਕਾ ਹੈ। ਇਸ ਸਰਵੇ ਪੁਸਤਕ ਵਿਚ ਸਾਨੂੰ ਆਪਣੇ ਖੋਜ-ਕਾਰਜ ਦੇ ਸੰਬੰਧ ਵਿਚ ਇਸ ਅਸਥਾਨ ਦਾ ਇਤਿਹਾਸਕ ਪਿਛੋਕੜ, ਗੁਰਦੁਆਰਾ ਛੇਹਰਟਾ ਦਾ ਇਤਿਹਾਸ ਅਤੇ ਆਸ-ਪਾਸ ਦੇ ਇਤਿਹਾਸਕ ਅਸਥਾਨਾਂ ਸੰਬੰਧੀ ਸਮੱਗਰੀ ਪ੍ਰਾਪਤ ਹੁੰਦੀ ਹੈ।

❖ **ਹਿੰਦੀ ਪੁਸਤਕਾਂ**

- **ਹਰਿਮੰਦਰ** ਹਰਨਾਮ ਦਾਸ ਸਹਿਰਾਈ ਦੁਆਰਾ ਲਿਖੀ ਇਹ ਪੁਸਤਕ ਲੋਕਭਾਰਤੀ ਪ੍ਰਕਾਸ਼ਨ, ਇਲਾਹਾਬਾਦ ਵੱਲੋਂ 1982 ਈ. ਵਿਚ ਪ੍ਰਕਾਸ਼ਿਤ ਕੀਤੀ ਗਈ। ਇਸ ਪੁਸਤਕ ਵਿਚ ਲੇਖਕ ਨੇ ਹਰਿਮੰਦਰ ਸਾਹਿਬ ਦੀ ਮਹਿਮਾ ਦੱਸਦੇ ਹੋਏ ਇਸ ਅਸਥਾਨ ਪ੍ਰਤੀ ਸਿੱਖਾਂ ਦੀ ਸ਼ਰਧਾ ਨੂੰ ਬਿਆਨ ਕੀਤਾ ਹੈ। ਇਸ ਪੁਸਤਕ ਵਿਚ ਮੱਸੇ ਰੰਘੜ ਦੁਆਰਾ ਹਰਿਮੰਦਰ ਸਾਹਿਬ ਦੀ ਬੇਅਦਬੀ ਕਰਨ ਪਰ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਵੱਲੋਂ ਲਏ ਬਦਲੇ ਦਾ ਮਨਮੋਹਕ ਦ੍ਰਿਸ਼ ਪੇਸ਼ ਕੀਤਾ ਗਿਆ ਹੈ।

❖ **ਅੰਗਰੇਜ਼ੀ ਪੁਸਤਕਾਂ**

- **Amritsar Past and Present** ਵੀ. ਐਨ. ਦੱਤਾ ਦੀ ਇਹ ਮਹੱਤਵਪੂਰਨ ਪੁਸਤਕ ਮਿਉਂਸੀਪਲ ਕਮੇਟੀ, ਅੰਮ੍ਰਿਤਸਰ ਵੱਲੋਂ 1967 ਈ. ਵਿਚ ਪ੍ਰਕਾਸ਼ਿਤ ਕੀਤੀ ਗਈ। ਇਸ ਪੁਸਤਕ ਵਿਚ ਅੰਮ੍ਰਿਤਸਰ ਸ਼ਹਿਰ ਦਾ ਇਤਿਹਾਸਕ ਪਿਛੋਕੜ, ਸੱਭਿਆਚਾਰ, ਵਪਾਰ, ਉਦਯੋਗ, ਇਤਿਹਾਸਕ ਅਸਥਾਨਾਂ ਸੰਬੰਧੀ ਵਡਮੁੱਲੀ ਜਾਣਕਾਰੀ ਦਿੱਤੀ ਗਈ ਹੈ।
- **Amritsar City of The Golden Temple** ਸੁਚਿਤਰ ਕਿਤਾਬ ਜੋ ਕਿ 1977 ਈ. ਵਿਚ ਡਾਇਰੈਕਟਰ ਪਬਲਿਕ ਰਲੇਸ਼ਨਜ਼, ਪੰਜਾਬ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਸੀ। ਇਸ ਕਿਤਾਬ ਵਿਚ ਅੰਮ੍ਰਿਤਸਰ ਸ਼ਹਿਰ ਦੇ ਇਤਿਹਾਸ ਸੰਬੰਧੀ ਸੰਖੇਪ ਜਾਣਕਾਰੀ ਮੁਹੱਈਆ ਕਰਵਾਉਣ ਉਪਰੰਤ ਫੋਟੋਆ ਲਾਈਆਂ ਗਈਆਂ ਹਨ।
- **The Golden Temple** ਪਤਵੰਤ ਸਿੰਘ ਦੁਆਰਾ ਲਿਖੀ ਇਹ ਪੁਸਤਕ Times Book International, New Delhi ਦੁਆਰਾ 1977 ਈ. ਹਰਿਮੰਦਰ ਸਾਹਿਬ ਦੇ ਚਾਰ ਸੌ ਸਾਲਾ

ਸਥਾਪਨਾ ਦਿਵਸ 'ਤੇ ਪ੍ਰਕਾਸ਼ਿਤ ਕੀਤੀ ਗਈ। ਲੇਖਕ ਨੇ ਇਸ ਪੁਸਤਕ ਨੂੰ ਛੇ ਭਾਗਾਂ ਵਿਚ ਵੰਡਿਆਂ ਹੈ। ਇਹ ਪੁਸਤਕ ਅੰਮ੍ਰਿਤਸਰ ਦੀ ਸਥਾਪਨਾ, ਹਰਿਮੰਦਰ ਸਾਹਿਬ ਦਾ ਨਿਰਮਾਣ, ਖਾਲਸਾ ਪੰਥ ਦੀ ਸਾਜਨਾ ਆਦਿ ਵਿਸ਼ਿਆ ਸੰਬੰਧੀ ਜਾਣਕਾਰੀ ਪ੍ਰਦਾਨ ਕਰਦੀ ਹੈ।

- **The Heritage of Amritsar** ਸੁਰਿੰਦਰ ਸਿੰਘ ਜੌਹਰ ਦੀ ਇਹ ਰਚਨਾ ਸੰਦੀਪ ਪ੍ਰਕਾਸ਼ਨ, ਦਿੱਲੀ ਵੱਲੋਂ 1978 ਈ. ਵਿਚ ਛਾਪੀ ਗਈ। ਇਸ ਪੁਸਤਕ ਵਿਚ ਗੁਰੂ ਸਾਹਿਬਾਨ ਅਤੇ ਮਹਾਰਾਜਾ ਰਣਜੀਤ ਸਿੰਘ ਦੁਆਰਾ ਇਸ ਸ਼ਹਿਰ ਦੀ ਉੱਨਤੀ ਲਈ ਕੀਤੇ ਗਏ ਕਾਰਜਾਂ ਦਾ ਵੇਰਵਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਗੁਰੂ ਕਾ ਬਾਗ ਮੋਰਚਾ, ਚਾਬੀਆਂ ਦਾ ਮੋਰਚਾ ਅਤੇ ਜਲ੍ਹਿਆਂ ਵਾਲੇ ਬਾਗ ਦੇ ਦੁਖਾਂਤ ਨੂੰ ਬਿਆਨ ਕੀਤਾ ਗਿਆ ਹੈ।
- **The Akal Takhat** ਹਰਜਿੰਦਰ ਸਿੰਘ ਦਿਲਗੀਰ ਦੁਆਰਾ ਰਚਿਤ ਇਹ ਪੁਸਤਕ ਪੰਜਾਬ ਬੁੱਕ ਕੰਪਨੀ, ਜਲੰਧਰ ਵੱਲੋਂ 1980 ਈ. ਵਿਚ ਪ੍ਰਕਾਸ਼ਿਤ ਕੀਤੀ ਗਈ। ਇਸ ਪੁਸਤਕ ਵਿਚ ਅਕਾਲ ਤਖ਼ਤ ਦੀ ਸਥਾਪਨਾ ਅਤੇ ਇਤਿਹਾਸਕ ਪਿਛੋਕੜ ਬਿਆਨ ਕੀਤਾ ਗਿਆ ਹੈ। ਲੇਖਕ ਨੇ ਆਪਣੇ ਇਸ ਕਾਰਜ ਨੂੰ ਕਾਲ ਕ੍ਰਮ ਅਨੁਸਾਰ ਵੰਡਿਆ ਹੈ। ਜਿਸਦੇ ਤਹਿਤ ਗੁਰੂ ਕਾਲ, ਮਿਸਲ ਕਾਲ, ਮਹਾਰਾਜਾ ਰਣਜੀਤ ਸਿੰਘ ਕਾਲ, ਅੰਗ੍ਰੇਜ਼ੀ ਰਾਜ ਕਾਲ ਆਦਿ ਸਮਿਆਂ ਦੌਰਾਨ ਅਕਾਲ ਤਖ਼ਤ ਦੀ ਮਹੱਤਤਾ ਨੂੰ ਬਿਆਨ ਕੀਤਾ ਗਿਆ ਹੈ।
- **The Golden Temple Past and Present** ਮਦਨਜੀਤ ਕੌਰ ਦੁਆਰਾ ਲਿਖੀ ਇਹ ਪੁਸਤਕ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ 1983 ਈ. ਵਿਚ ਪ੍ਰਕਾਸ਼ਿਤ ਕੀਤੀ ਗਈ ਸੀ। ਲੇਖਕ ਨੇ ਇਸ ਪੁਸਤਕ ਨੂੰ ਸੱਤ ਭਾਗਾਂ ਵਿਚ ਵੰਡਿਆਂ ਹੈ। ਪਹਿਲੇ ਭਾਗ ਵਿਚ ਲਿਖਿਆ ਮਿਲਦਾ ਹੈ ਕਿ ਗੁਰੂ ਅਮਰਦਾਸ ਜੀ ਦੁਆਰਾ ਰਾਮਦਾਸ (ਗੁਰੂ) ਜੀ ਪਾਸੋਂ ਅੰਮ੍ਰਿਤਸਰ ਨਗਰ ਦੀ ਸਥਾਪਨਾ ਕਰਕੇ ਨਗਰ ਵਿਚ ਅੰਮ੍ਰਿਤਸਰ ਸਰੋਵਰ ਤਿਆਰ ਕਰਵਾਇਆ ਗਿਆ। ਦੂਜੇ ਭਾਗ ਵਿਚ ਗੁਰੂ ਕਾਲ ਤੋਂ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅਧਿਕਾਰ ਹੋਣ ਤੱਕ ਇਸ ਸ਼ਹਿਰ ਦਾ ਹਾਲ ਬਿਆਨ ਕੀਤਾ ਗਿਆ ਹੈ। ਤੀਸਰੇ ਭਾਗ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੋਏ ਕਾਰਜਾਂ ਦਾ ਵੇਰਵਾ ਦਿੱਤਾ ਗਿਆ ਹੈ। ਜਿਸਦੇ ਅੰਤਰਗਤ ਦੀਵਾਨ ਹਾਲ, ਜੋੜੇ-ਘਰ, ਲੰਗਰ ਹਾਲ

ਆਦਿ ਕਾਰਜਾਂ ਦਾ ਜਿਕਰ ਕੀਤਾ ਗਿਆ ਹੈ। ਚੌਥੇ ਭਾਗ ਵਿਚ ਹਰਿਮੰਦਰ ਸਾਹਿਬ ਦੇ ਪ੍ਰਬੰਧਕੀ ਢਾਂਚੇ ਬਾਰੇ ਜਾਣਕਾਰੀ ਦਿੱਤੀ ਗਈ ਹੈ। ਜਿਸਦੇ ਅੰਤਰਗਤ ਪ੍ਰਧਾਨ, ਸਕੱਤਰ, ਸਟਾਫ ਮੈਂਬਰ, ਗ੍ਰੰਥੀ, ਕੀਰਤਨਈਏ ਆਦਿ ਸੰਬੰਧੀ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਪੰਜਵੇਂ ਭਾਗ ਵਿਚ ਹਰਿਮੰਦਰ ਸਾਹਿਬ ਵਿਖੇ ਮਨਾਏ ਜਾਂਦੇ ਦਿਹਾੜੇ ਅਤੇ ਅੱਠ ਪਹਿਰੀ ਮਰਯਾਦਾ ਦਾ ਜਿਕਰ ਕੀਤਾ ਗਿਆ ਹੈ। ਛੇਵੇਂ ਭਾਗ ਵਿਚ ਹਰਿਮੰਦਰ ਸਾਹਿਬ ਦੀ ਮਨਮੋਹਕ ਭਵਨ ਨਿਰਮਾਣ ਕਲਾ ਉੱਤੇ ਚਾਨਣਾ ਪਾਇਆ ਗਿਆ ਹੈ। ਜਿਸਦੇ ਅੰਤਰਗਤ ਹਰਿਮੰਦਰ ਦੀ ਇਮਾਰਤ ਤੇ ਹੋਏ ਜੜ੍ਹਤਕਾਰੀ, ਗੱਚ, ਟੁਕੜੀ ਆਦਿ ਕਲਾਵਾਂ ਬਾਰੇ ਦੱਸਿਆ ਗਿਆ ਹੈ। ਸੱਤਵੇਂ ਭਾਗ ਵਿਚ ਅੰਮ੍ਰਿਤਸਰ ਸ਼ਹਿਰ ਵਿਚ ਮੌਜੂਦ ਇਤਿਹਾਸਕ ਅਸਥਾਨਾਂ ਦਾ ਇਤਿਹਾਸਕ ਪਿਛੋਕੜ ਬਿਆਨ ਕੀਤਾ ਗਿਆ ਹੈ। ਅੰਮ੍ਰਿਤਸਰ ਸ਼ਹਿਰ ਸੰਬੰਧੀ ਜਾਣਕਾਰੀ ਪੱਖੋਂ ਇਹ ਪੁਸਤਕ ਬਹੁਤ ਸਮੱਗਰੀ ਪ੍ਰਦਾਨ ਕਰਦੀ ਹੈ।

- **Amritsar A study in Urban History** ਅਨੰਦ ਗਾਬਾ ਵੱਲੋਂ ਲਿਖੀ ਇਹ ਪੁਸਤਕ ਏ. ਬੀ. ਐਸ. ਪਬਲੀਕੇਸ਼ਨ, ਜਲੰਧਰ ਦੁਆਰਾ 1988 ਈ. ਵਿਚ ਛਾਪੀ ਗਈ। ਇਸ ਪੁਸਤਕ ਵਿਚ 1840 ਈ. ਵਿਚ ਇਸ ਸ਼ਹਿਰ ਦੀਆਂ ਪਰਸਥਿਤੀਆਂ, ਵਿਕਾਸ ਕਾਰਜਾਂ, ਸਮਾਜਿਕ ਬਦਲਾਅ, ਸ਼ਹਿਰੀ ਪ੍ਰਸ਼ਾਸਨ, ਵਪਾਰਕ ਢਾਂਚਾ ਅਤੇ ਉਦਯੋਗੀਕਰਨ ਸੰਬੰਧੀ ਅਹਿਮ ਜਾਣਕਾਰੀ ਹਾਸਿਲ ਹੁੰਦੀ ਹੈ।
- **The Golden Temple History, Art and Architecture** P. S. Arshi ਦੁਆਰਾ ਲਿਖੀ ਇਹ ਪੁਸਤਕ Harman Publishing House, New Delhi ਵੱਲੋਂ 1989 ਈ. ਵਿਚ ਪ੍ਰਕਾਸ਼ਿਤ ਕੀਤੀ ਗਈ। ਲੇਖਕ ਦੁਆਰਾ ਇਸ ਪੁਸਤਕ ਨੂੰ ਚਾਰ ਅਧਿਆਇਆਂ ਵਿਚ ਵੰਡਿਆਂ ਹੈ। ਪਹਿਲੇ ਭਾਗ ਵਿਚ ਗੁਰੂ ਅਰਜਨ ਦੇਵ ਜੀ ਦੁਆਰਾ ਹਰਿਮੰਦਰ ਸਾਹਿਬ ਦੀ ਸਥਾਪਨਾ ਅਤੇ ਇਤਿਹਾਸਕ ਪਿਛੋਕੜ ਬਿਆਨ ਕੀਤਾ ਗਿਆ ਹੈ। ਦੂਜੇ ਭਾਗ ਵਿਚ ਹਰਿਮੰਦਰ ਸਾਹਿਬ ਦੀ ਭਵਨ ਨਿਰਮਾਣ ਕਲਾ ਸੰਬੰਧੀ ਜਾਣਕਾਰੀ ਮੁਹੱਈਆ ਕਰਵਾਈ ਗਈ ਹੈ। ਤੀਜੇ ਭਾਗ ਵਿਚ ਹਰਿਮੰਦਰ ਸਾਹਿਬ ਦੀ ਅਲੋਕਿਕ ਸੁੰਦਰਤਾ ਨੂੰ ਬਿਆਨ ਕੀਤਾ ਗਿਆ ਹੈ। ਚੌਥੇ ਭਾਗ ਹਰਿਮੰਦਰ ਸਾਹਿਬ ਭਵਨ ਨਿਰਮਾਣ ਕਲਾ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਜਿਸਦੇ ਅੰਤਰਗਤ ਹਰਿਮੰਦਰ ਸਾਹਿਬ ਦੀ ਇਮਾਰਤ ਦੇ ਨਕਸ਼ੇ ਤਿਆਰ ਕੀਤੇ ਗਏ ਹਨ। ਅੰਤਿਕਾ ਵਿਚ ਹਰਿਮੰਦਰ ਸਾਹਿਬ ਦੇ ਸੰਬੰਧ ਵਿਚ ਅੰਗਰੇਜ਼ੀ

ਸਕੋਲਰਾਂ ਵੱਲੋਂ ਸ਼ੁਰੂਆਤੀ ਨਿਰੀਖਣ ਅਤੇ ਸ੍ਰੀ ਗੁਰੂ ਗ੍ਰੰਥ ਵਿਚ ਹਰਿਮੰਦਰ ਸਾਹਿਬ ਤੇ ਅੰਮ੍ਰਿਤ ਸਰੋਵਰ ਦੇ ਸੰਦਰਭ ਵਿਚ ਆਏ ਸ਼ਬਦਾਂ ਦਾ ਵੇਰਵਾ ਦਿੱਤਾ ਗਿਆ ਹੈ।

- **Golden Temple** ਪਰਮ ਬਖ਼ਸੀਸ਼ ਸਿੰਘ ਦੁਆਰਾ ਸੰਪਾਦਿਤ ਇਹ ਪੁਸਤਕ 1999 ਈ. ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਛਪਵਾਈ ਗਈ। ਖਾਲਸਾ ਪੰਥ ਦੀ 300 ਸਾਲਾ ਸਥਾਪਨਾ ਦਿਵਸ 'ਤੇ ਪੇਸ਼ ਕੀਤੀ ਇਸ ਪੁਸਤਕ ਵਿਚ ਕੁਲ 36 ਲੇਖ ਸ਼ਾਮਿਲ ਕੀਤੇ ਗਏ ਹਨ। ਸਾਨੂੰ ਆਪਣੇ ਖੋਜ-ਕਾਰਜ ਸੰਬੰਧੀ ਇਸ ਪੁਸਤਕ ਵਿੱਚੋਂ ਐਮ.ਐਲ. ਆਹਲੂਵਾਲੀਆ ਦੇ ਖੋਜ ਪਰਚੇ 'The Harmandir Sahib- in Historical Perspective' ਵਿਚੋਂ ਹਰਿਮੰਦਰ ਸਾਹਿਬ ਦੀ ਸਥਾਪਨਾ ਅਤੇ ਇਸਦੇ ਇਤਿਹਾਸਕ ਮਹੱਤਵ ਸੰਬੰਧੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਤੋਂ ਇਲਾਵਾ ਸਾਨੂੰ ਹਰਿਮੰਦਰ ਸਾਹਿਬ ਦੀ ਭਵਨ ਨਿਰਮਾਣ ਕਲਾ ਦੀ ਅਲੌਕਿਕ ਪੇਸ਼ਕਾਰੀ, ਵੱਖ-ਵੱਖ ਸ਼ਾਸਕਾਂ ਦਾ ਸਮੇਂ ਅੰਮ੍ਰਿਤਸਰ ਸ਼ਹਿਰ ਦੇ ਹਾਲਾਤ, ਇਸ ਅਸਥਾਨ ਨਾਲ ਸੰਬੰਧਿਤ ਸਖ਼ਸ਼ੀਅਤਾ ਆਦਿ ਵਿਸ਼ਿਆ 'ਤੇ ਖੋਜ-ਪਰਚੇ ਪ੍ਰਾਪਤ ਹੋਏ ਹਨ। ਇਸ ਪੁਸਤਕ ਦਾ ਮੁੱਖ ਮੰਤਵ ਹਰਿਮੰਦਰ ਸਾਹਿਬ ਦੇ ਬਹੁਪੱਖੀ ਮਹੱਤਵ ਨੂੰ ਬਿਆਨ ਕਰਨਾ ਹੈ।
- **The City of Amritsar - An Introduction** ਫੌਜਾ ਸਿੰਘ ਦੁਆਰਾ ਸੰਪਾਦਿਤ ਇਸ ਪੁਸਤਕ ਨੂੰ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਸੰਨ 2000 ਵਿਚ ਛਾਪਿਆ। ਇਸ ਪੁਸਤਕ ਵਿਚ ਕੁਲ ਛੇ ਪਰਚੇ ਹਨ, ਪਹਿਲੇ ਪਰਚੇ ਵਿਚ ਅੰਮ੍ਰਿਤਸਰ ਸ਼ਹਿਰ ਦੇ ਸੰਸਥਾਪਕ ਗੁਰੂ ਰਾਮਦਾਸ ਜੀ ਦੇ ਜੀਵਨ ਅਤੇ ਕਾਰਜਾਂ ਜਾ ਵੇਰਵਾ ਹੈ, ਦੂਜੇ ਪਰਚੇ ਵਿਚ ਅੰਮ੍ਰਿਤਸਰ ਵਿਚਲੇ ਪ੍ਰਮੁੱਖ ਇਤਿਹਾਸਕ ਅਸਥਾਨ ਹਰਿਮੰਦਰ ਸਾਹਿਬ ਦੀ ਸਥਾਪਨਾ ਦਾ ਵਰਨਣ ਕੀਤਾ ਗਿਆ ਹੈ, ਤੀਜੇ ਪਰਚੇ ਵਿਚ ਗੁਰੂ ਅਰਜਨ ਦੇਵ ਜੀ ਦੁਆਰਾ ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਉਪਰੰਤ ਪਹਿਲਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿਖੇ ਕੀਤੇ ਜਾਣ ਦਾ ਵੇਰਵਾ ਹੈ, ਚੌਥੇ ਪਰਚੇ ਵਿਚ ਮੀਰੀ-ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਜੀ ਦੁਆਰਾ ਸਿੱਖਾਂ ਦੇ ਰਾਜਸੀ ਗਤੀਵਿਧੀਆਂ ਦਾ ਸੰਚਾਲਨ ਕਰਨ ਲਈ ਹਰਿਮੰਦਰ ਸਾਹਿਬ ਦੇ ਸਨਮੁੱਖ ਅਕਾਲ ਤਖ਼ਤ ਦੀ ਰਚਨਾ ਸੰਬੰਧੀ ਜਾਣਕਾਰੀ ਦਿੱਤੀ ਗਈ ਹੈ, ਪੰਜਵੇਂ ਅਧਿਆਇ ਵਿਚ ਅੰਮ੍ਰਿਤਸਰ ਸ਼ਹਿਰ ਦੀ ਸਥਾਪਨਾ ਤੋਂ ਲੈ ਕੇ 1947 ਵਿਚ ਦੇਸ਼ ਦੀ ਵੰਡ ਤੱਕ

ਇਸ ਸ਼ਹਿਰ ਵਿਚ ਵਾਪਰੀਆਂ ਇਤਿਹਾਸਕ ਘਟਨਾਵਾਂ ਦਾ ਕਾਲਕ੍ਰਮ ਜਿਕਰ ਕੀਤਾ ਗਿਆ ਹੈ, ਛੇਵੇਂ ਪਰਚੇ ਵਿਚ ਵੱਖ-ਵੱਖ ਸ਼ਖ਼ਸੀਅਤਾਂ ਦਾ ਇਸ ਸ਼ਹਿਰ ਦੇ ਵਿਕਾਸ ਵਿਚ ਪਾਏ ਯੋਗਦਾਨ ਨੂੰ ਦਰਸਾਇਆ ਗਿਆ ਹੈ। ਇਸ ਤੋਂ ਇਲਾਵਾ ਅੰਤਿਕਾ ਵਿਚ ਮਿਸਲ ਕਾਲ ਦੌਰਾਨ ਅਤੇ ਮਹਾਰਾਜਾ ਰਣਜੀਤ ਸਿੰਘ ਕਾਲ ਦੌਰਾਨ ਹੋਏ ਵਿਕਾਸ ਕਾਰਜਾਂ ਦਾ ਜਿਕਰ ਕੀਤਾ ਗਿਆ ਹੈ।

- **The Golden Temple & The City of Amritsar** ਡਾ. ਦਵਿੰਦਰਪਾਲ ਸਿੰਘ ਦੁਆਰਾ ਲਿਖੀ ਇਹ ਪੁਸਤਕ ਸਿੱਖ ਬੁੱਕ ਕੰਪਨੀ, ਅੰਮ੍ਰਿਤਸਰ ਵੱਲੋਂ 2005 ਈ. ਵਿਚ ਪ੍ਰਕਾਸ਼ਿਤ ਕੀਤੀ ਗਈ। ਇਸ ਪੁਸਤਕ ਵਿਚ ਕੁਲ 16 ਅਧਿਆਇ ਹਨ। ਪਹਿਲੇ ਛੇ ਅਧਿਆਇਆਂ ਵਿਚ ਅੰਮ੍ਰਿਤਸਰ ਸ਼ਹਿਰ ਦਾ 1573 ਈ. ਤੋਂ 2004 ਈ. ਤੱਕ ਇਤਿਹਾਸਕ ਪਿਛੋਕੜ ਬਿਆਨ ਕੀਤਾ ਗਿਆ ਹੈ। ਜਿਸ ਦੌਰਾਨ ਇਸ ਸ਼ਹਿਰ ਵਿਚ ਵਾਪਰੀਆਂ ਅਹਿਮ ਘਟਨਾਵਾਂ ਦਾ ਜਿਕਰ ਮਿਲਦਾ ਹੈ। ਇਸ ਤੋਂ ਬਾਅਦ ਬੀਬੀ ਰਜ਼ਨੀ ਦੇ ਪਤੀ ਦਾ ਅੰਮ੍ਰਿਤਸਰ ਸਰੋਵਰ ਵਾਲੇ ਅਸਥਾਨ ‘ਤੇ ਪੀੜ੍ਹਾ ਤੋਂ ਮੁਕਤ ਹੋਣਾ, ਸ਼ਹਿਰ ਵਿਚ ਵਾਪਰੇ ਚਮਤਕਾਰ, ਸ੍ਰੀ ਗੁਰੂ ਗ੍ਰੰਥ ਦੀ ਸੰਪਾਦਨਾ, ਜਲ੍ਹਿਆਂ ਵਾਲੇ ਬਾਗ ਦਾ ਖ਼ੂਨੀ ਸਾਕਾ, ਇਤਿਹਾਸਕ ਗੁਰਦੁਆਰੇ ਆਦਿ ਸੰਬੰਧੀ ਬਹੁਮੁੱਲੀ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ।
- **Temple of Spirituality or Golden Temple of Amritsar** ਜਗਜੀਤ ਸਿੰਘ ਦੁਆਰਾ ਲਿਖੀ ਇਹ ਕਿਤਾਬ ਸਿੱਖ ਰਿਲੀਜ਼ਿਅਸ ਟ੍ਰੈਕਟ ਸੋਸਾਇਟੀ, ਤਰਨਤਾਰਨ (ਮਿਤੀਹੀਣ) ਵੱਲੋਂ ਪ੍ਰਕਾਸ਼ਿਤ ਕੀਤੀ ਗਈ। ਇਸ ਪੁਸਤਕ ਵਿਚੋਂ ਸਾਨੂੰ ਅੰਮ੍ਰਿਤਸਰ ਸ਼ਹਿਰ ਦੇ ਸੰਬੰਧ ਵਿਚ ਜਾਣਕਾਰੀ ਪ੍ਰਾਪਤ ਹੋਈ ਹੈ। ਸਭ ਤੋਂ ਪਹਿਲਾਂ ਦਸ ਗੁਰੂ ਸਾਹਿਬਾਨ ਦੇ ਜੀਵਨ ਦਾ ਹਾਲ ਪੇਸ਼ ਕੀਤਾ ਗਿਆ ਹੈ। ਉਸ ਤੋਂ ਬਾਅਦ ਅੰਮ੍ਰਿਤਸਰ ਸ਼ਹਿਰ ਦੀ ਸਥਾਪਨਾ ਅਤੇ ਇਤਿਹਾਸਕ ਪਿਛੋਕੜ ਬਿਆਨ ਕੀਤਾ ਗਿਆ ਹੈ। ਇਸ ਭਾਗ ਵਿਚ ਲੇਖਕ ਦਸਦਾ ਹੈ ਪੁਰਾਤਨ ਸਮੇਂ ਵਿਚ ਯੋਗੀਆਂ, ਮੁਨੀਆਂ, ਬੁੱਧ ਭਿਖਸ਼ੂਆਂ ਆਦਿ ਦੁਆਰਾ ਇਸ ਜਗ੍ਹਾ ‘ਤੇ ਚਰਨ ਪਾਏ ਗਏ। ਅਗਲੇ ਭਾਗ ਵਿਚ ਗੁਰੂ ਰਾਮਦਾਸ ਜੀ ਦੁਆਰਾ ਅੰਮ੍ਰਿਤਸਰ ਸ਼ਹਿਰ ਦੀ ਸਥਾਪਨਾ ਅਤੇ ਗੁਰੂ ਸਾਹਿਬਾਨ ਦੁਆਰਾ ਇਸ ਨਗਰ ਦੇ ਵਿਕਾਸ ਲਈ ਕੀਤੇ ਗਏ ਕਾਰਜਾਂ ਦਾ ਵੇਰਵਾ ਦਿੱਤਾ ਗਿਆ ਹੈ। ਇਸ ਤੋਂ ਅਗਲੇਰੇ ਭਾਗਾਂ ਵਿਚ ਬਾਬਾ ਬੰਦਾ ਸਿੰਘ ਬਹਾਦਰ ਕਾਲ, ਮਿਸਲ ਕਾਲ, ਮਹਾਰਾਜਾ ਰਣਜੀਤ ਸਿੰਘ ਕਾਲ, ਅੰਗਰੇਜ਼ ਕਾਲ ਵਿਚ

ਵਾਪਰੀਆਂ ਘਟਨਾਵਾਂ ਦਾ ਜਿਕਰ ਮਿਲਦਾ ਹੈ। ਇਸ ਤੋਂ ਬਾਅਦ ਅੰਮ੍ਰਿਤਸਰ ਸ਼ਹਿਰ ਵਿਚ ਮੌਜੂਦ ਇਤਿਹਾਸਕ ਅਸਥਾਨਾਂ ਦਾ ਵਰਨਣ ਕੀਤਾ ਗਿਆ ਹੈ।

- **Golden Temple Marvel of Sikh Architecture** ਡਾ. ਐਸ. ਐਸ. ਭੱਟੀ, ਦੁਆਰਾ ਲਿਖੀ ਇਹ ਪੁਸਤਕ RoseDog Books, Pennsylvania ਨੇ ਪ੍ਰਕਾਸ਼ਿਤ ਕੀਤੀ। ਇਸ ਪੁਸਤਕ ਨੂੰ ਲੇਖਕ ਨੇ ਅੱਠ ਅਧਿਆਇਆਂ ਵਿਚ ਵੰਡਿਆਂ ਹੈ। ਖੋਜ-ਕਾਰਜ ਨਾਲ ਸੰਬੰਧਿਤ ਇਸ ਪੁਸਤਕ ਦੇ ਪਹਿਲੇ ਅਧਿਆਇ ਵਿਚ ਅੰਮ੍ਰਿਤਸਰ ਸ਼ਹਿਰ ਦਾ ਇਤਿਹਾਸਕ ਪਿਛੋਕੜ ਬਿਆਨ ਕੀਤਾ ਗਿਆ ਹੈ। ਦੂਜੇ ਅਧਿਆਇ ਵਿਚ ਗੁਰਦੁਆਰਾ ਸੰਸਥਾ ਦਾ ਵਿਸਥਾਰ, ਹਰਿਮੰਦਰ ਸਾਹਿਬ ਦੀ ਮਹਿਮਾ, ਹਰਿਮੰਦਰ ਸਾਹਿਬ ਵਿਖੇ 'ਆਦਿ ਗ੍ਰੰਥ' ਸਾਹਿਬ ਦਾ ਪ੍ਰਕਾਸ਼ ਅਤੇ ਸਿੱਖਾਂ ਦੀਆਂ ਧਾਰਮਿਕ ਗਤੀਵਿਧੀਆਂ 'ਤੇ ਚਾਨਣਾ ਪਾਇਆ ਗਿਆ ਹੈ। ਤੀਜੇ ਅਧਿਆਇ ਵਿਚ ਹਰਿਮੰਦਰ ਸਾਹਿਬ ਦੇ ਆਰਕੀਟੈਕਟ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ।

### ❖ ਗਜ਼ਟੀਅਰ

- **Amritsar District Gazetteer** ਪੰਜਾਬ ਸਰਕਾਰ ਦੁਆਰਾ ਇਹ ਗਜ਼ਟੀਅਰ Calcutta Central Press Company ਤੋਂ 1883-84 ਈ. ਪ੍ਰਕਾਸ਼ਿਤ ਕਰਵਾਇਆ ਗਿਆ ਸੀ। ਇਸ ਵਿਚੋਂ ਸਾਨੂੰ ਆਪਣੇ ਖੋਜ-ਕਾਰਜ ਨਾਲ ਸੰਬੰਧਿਤ ਅੰਮ੍ਰਿਤਸਰ ਸ਼ਹਿਰ ਦਾ ਪੂਰਬਲਾ ਇਤਿਹਾਸ ਅਤੇ ਗੁਰੂ ਕਾਲ ਇਤਿਹਾਸ ਦਾ ਵੇਰਵਾ ਪ੍ਰਾਪਤ ਹੋਇਆ ਹੈ। ਇਸ ਤੋਂ ਇਲਾਵਾ 19ਵੀ. ਸਦੀ ਦੇ ਅੰਤਲੇ ਸਮੇਂ ਅੰਮ੍ਰਿਤਸਰ ਸ਼ਹਿਰ ਵਿਖੇ ਮੌਜੂਦ ਪਿੰਡਾਂ ਅਤੇ ਕਸਬਿਆਂ ਦੀ ਜਾਣਕਾਰੀ ਵੀ ਪ੍ਰਾਪਤ ਹੋਈ ਹੈ। ਜਿਸਦੇ ਅੰਤਰਗਤ ਕਸਬਾ ਤਰਨਤਾਰਨ ਦੀ ਸਥਾਪਨਾ ਦਾ ਸੰਖੇਪ ਹਾਲ ਮਿਲਦਾ ਹੈ। ਇਸ ਸਰੋਤ ਵਿਚ ਅੰਮ੍ਰਿਤਸਰ ਨਗਰ ਦੀ ਸਥਾਪਨਾ ਸੰਬੰਧੀ ਇਕ ਅਹਿਮ ਹਵਾਲਾ ਮਿਲਦਾ ਹੈ, ਦਰਜ ਹੈ: "In 1577, he obtained a grant of the site, together with 500 bighas of land from the

Emperor Akbar on payment of Rs. 700 akbari to the zamindars of Tung, who owned the land".[1]

- **Jalandhar District Gazetteer** ਇਹ ਗਜ਼ਟੀਅਰ ਪੰਜਾਬ ਸਰਕਾਰ ਦੁਆਰਾ Arya Press, Lahore ਤੋਂ 1884 ਈ. ਵਿਚ ਪ੍ਰਕਾਸ਼ਿਤ ਕਰਵਾਇਆ ਗਿਆ ਸੀ। ਇਸ ਗਜ਼ਟੀਅਰ ਵਿਚੋਂ ਸਾਨੂੰ ਕਸਬੇ ਕਰਤਾਰਪੁਰ ਸਾਹਿਬ (ਜਲੰਧਰ) ਦੀ ਸਥਾਪਨਾ ਅਤੇ ਕਸਬੇ ਵਿਚਲੇ ਧਾਰਮਿਕ ਅਸਥਾਨਾਂ ਦੇ ਇਤਿਹਾਸਕ ਪਿਛੋਕੜ ਸੰਬੰਧੀ ਅਹਿਮ ਜਾਣਕਾਰੀ ਹਾਸਲ ਹੋਈ ਹੈ।
- **Hoshiarpur District Gazetteer** ਇਹ ਗਜ਼ਟੀਅਰ Punjab Government Press, Lahore ਤੋਂ 1904 ਈ. ਵਿਚ ਪ੍ਰਕਾਸ਼ਿਤ ਹੋਇਆ। ਇਸ ਗਜ਼ਟੀਅਰ ਵਿਚੋਂ ਸਾਨੂੰ ਵੀਹਵੀਂ ਸਦੀ ਦੇ ਸ਼ੁਰੂਆਤ ਵਿਚ ਅਨੰਦਪੁਰ ਸਾਹਿਬ ਦੀ ਜਨਸੰਖਿਆ, ਰਕਬਾ, ਭੂਗੋਲਿਕ ਸਥਿਤੀ ਆਦਿ ਸੰਬੰਧੀ ਆਂਕੜੇ ਹਾਸਲ ਹੋਏ ਹਨ। ਇਸ ਤੋਂ ਇਲਾਵਾ ਅਨੰਦਪੁਰ ਸਾਹਿਬ ਦੀ ਸਥਾਪਨਾ, ਸ਼ਹਿਰ ਵਿਚਲੇ ਇਤਿਹਾਸਕ ਅਸਥਾਨ, ਕੀਰਤਪੁਰ ਸਾਹਿਬ ਦੇ ਇਤਿਹਾਸਕ ਅਸਥਾਨਾਂ ਸੰਬੰਧੀ ਜਾਣਕਾਰੀ ਪ੍ਰਾਪਤ ਹੋਈ ਹੈ।

ਉਪਰੋਕਤ ਪੂਰਬ ਖੋਜ ਕਾਰਜਾਂ ਦੇ ਅਧਿਐਨ ਤੋਂ ਪੁਸ਼ਟੀ ਹੁੰਦੀ ਹੈ ਕਿ 'ਪੰਜਾਬ ਵਿਚ ਸਿੱਖ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਸ਼ਹਿਰ ਅਤੇ ਕਸਬੇ: ਇਤਿਹਾਸਕ ਪਰਿਪੇਖ (ਵਰਤਮਾਨ ਭਾਰਤੀ ਪੰਜਾਬ)' ਵਿਸ਼ੇ ਨਾਲ ਸਿੱਧੇ ਤੌਰ ਤੇ ਕੋਈ ਵੀ ਖੋਜ-ਪ੍ਰਬੰਧ ਜਾਂ ਖੋਜ-ਨਿਬੰਧ ਮੇਲ ਨਹੀਂ ਖਾਂਦਾ। ਸਰੋਤ ਸਰਵੇਖਣ ਤੋਂ ਪਤਾ ਚਲਦਾ ਹੈ ਕਿ ਜਿਆਦਾਤਰ ਖੋਜ-ਕਾਰਜ ਅੰਮ੍ਰਿਤਸਰ ਅਤੇ ਅਨੰਦਪੁਰ ਸ਼ਹਿਰ ਦੇ ਸੰਬੰਧ ਵਿਚ ਹੋਇਆ ਹੈ, ਪਰੰਤੂ ਵਿਸ਼ੇ ਨਾਲ ਸੰਬੰਧਿਤ ਹੋਰ ਕਸਬਿਆਂ ਤੇ ਸ਼ਹਿਰਾਂ ਬਾਰੇ ਸਿਰਫ ਸੰਖੇਪ ਜਾਣਕਾਰੀ ਹੀ ਮਿਲਦੀ ਹੈ। ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਗਿਆਨੀ ਗਿਆਨ ਸਿੰਘ ਅਤੇ ਕਰਮ ਸਿੰਘ ਹਿਸਟੋਰੀਅਨ ਦੁਆਰਾ ਅੰਮ੍ਰਿਤਸਰ ਸ਼ਹਿਰ ਦੇ ਸੰਬੰਧ ਵਿਚ ਸਲਾਘਾਜੋਗ ਕਾਰਜ ਕੀਤਾ ਗਿਆ ਹੈ। ਭਾਸ਼ਾ ਵਿਭਾਗ, ਪੰਜਾਬ ਦੁਆਰਾ ਕਰਵਾਏ ਗਏ ਅਨੇਕਾਂ ਹੀ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਦੇ ਸਰਵੇਖਣ ਵੀ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਵਿਚ ਸਹਾਈ ਸਿੱਧ ਹੋਏ ਹਨ। ਪੰਜਾਬ ਸਰਕਾਰ

[1] *Gazetteer of the Amritsar,* Calcutta, 1883-84, pg.61.

ਦੁਆਰਾ ਤਿਆਰ ਕਰਵਾਏ ਗਜ਼ਟੀਅਰ ਇਹਨਾਂ ਸ਼ਹਿਰਾਂ ਅਤੇ ਕਸਬਿਆਂ ਸੰਬੰਧੀ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦੇ ਹਨ। ਸੋ ਕਿਹਾ ਜਾ ਸਕਦਾ ਹੈ ਇਹ ਸਾਰੇ ਕਾਰਜ ਆਪੋ-ਆਪਣੇ ਪੱਖਾਂ ਦੀ ਸੀਮਾ ਵਿਚ ਅਹਿਮ ਹਨ ਜੋ ਇਸ ਖੋਜ-ਕਾਰਜ ਨੂੰ ਮੁਕੰਮਲ ਕਰਨ ਲਈ ਪ੍ਰੇਰਨਾ ਸਰੋਤ ਸਿੱਧ ਹੋਏ ਹਨ। ਇਹਨਾਂ ਪੁਸਤਕਾਂ ਵਿਚ ਭਾਵੇਂ ਸਾਰੇ ਗੁਰਦੁਆਰਿਆਂ ਸੰਬੰਧੀ ਜਾਣਕਾਰੀ ਮਿਲਦੀ ਹੈ ਪਰ ਫਿਰ ਵੀ ਸਮੇਂ ਦੀ ਗਰਦਸ਼ ਨਾਲ ਇਸ ਜਾਣਕਾਰੀ ਵਿਚ ਬਹੁਤ ਸਾਰੀਆਂ ਸੰਭਾਵਨਾਵਾਂ ਪੈਦਾ ਹੋ ਗਈਆਂ ਹਨ ਕਿਉਂਕਿ ਹੁਣ ਗੁਰਦੁਆਰਿਆਂ ਦੀਆਂ ਇਮਾਰਤਾਂ ਦੀਆਂ ਨਵੀਆਂ ਉਸਾਰੀਆਂ ਹੋ ਗਈਆਂ ਹਨ ਅਤੇ ਹੋਰ ਵੀ ਬਹੁਤ ਸਾਰੀਆਂ ਤਬਦੀਲੀਆਂ ਆ ਗਈਆਂ ਹਨ। ਗੁਰਦੁਆਰਿਆਂ ਸੰਬੰਧੀ ਮਿਲੀ ਜਾਣਕਾਰੀ ਵਿਚ ਵਾਧਿਆਂ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਉਪਰੋਕਤ ਸ੍ਰੋਤਾਂ ਦੇ ਅਧਿਐਨ ਤੋਂ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਸ੍ਰੋਤਾਂ ਤੋਂ ਪ੍ਰਾਪਤ ਜਾਣਕਾਰੀ ਇਹ ਸਪੱਸ਼ਟ ਕਰਦੀ ਹੈ ਕਿ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਸ਼ਹਿਰਾਂ ਅਤੇ ਕਸਬਿਆਂ ਦਾ ਸਿੱਖਾਂ ਦੀ ਰਾਜਨੀਤਕ, ਸਮਾਜਿਕ, ਧਾਰਮਿਕ ਅਤੇ ਅਧਿਆਤਮਕ ਬਿਰਤੀ ਨਾਲ ਡੂੰਘਾ ਸੰਬੰਧ ਹੈ।

# ਅਧਿਆਇ ਦੂਜਾ

## ਗੁਰੂ ਸਾਹਿਬਾਨ ਦੁਆਰਾ ਸਥਾਪਿਤ ਸ਼ਹਿਰ ਅਤੇ ਕਸਬੇ: ਇਤਿਹਾਸਕ ਪਿਛੋਕੜ

ਅਵਤਾਰਾਂ, ਮਹਾਨ ਪੁਰਸ਼ਾਂ, ਸੂਰਮਿਆਂ, ਦਰਵੇਸ਼ਾਂ, ਸੂਫੀਆਂ, ਰਾਜਿਆਂ, ਮਹਾਰਾਜਿਆਂ ਤੇ ਸੁਲਤਾਨਾਂ ਪਾਤਸ਼ਾਹਾਂ ਦੇ ਨਾਮ ਤੇ ਪਿੰਡ ਬਝਦੇ ਰਹੇ, ਨਗਰ ਆਬਾਦ ਹੁੰਦੇ ਰਹੇ ਅਤੇ ਸ਼ਹਿਰ ਵਸਦੇ ਰਹੇ। 'ਬੇਗਮਪੁਰਾ ਸਹਰ' ਦਾ ਸੰਕਲਪ ਭਗਤ ਰਵਿਦਾਸ ਜੀ ਨੇ ਕੀਤਾ।[1] ਸਿੱਖ ਗੁਰੂ ਸਾਹਿਬਾਨ ਦੁਆਰਾ ਸਿੱਖ ਧਰਮ ਦੇ ਵਾਧੇ ਅਤੇ ਵਿਕਾਸ ਲਈ ਅਨੇਕਾਂ ਹੀ ਨਵੇਂ ਨਗਰ ਸਥਾਪਿਤ ਕੀਤੇ ਗਏ। ਇਸ ਕਾਰਜ ਪ੍ਰਣਾਲੀ ਦੀ ਸ਼ੁਰੂਆਤ ਗੁਰੂ ਨਾਨਕ ਦੇਵ ਜੀ ਨੇ ਰਾਵੀ ਦਰਿਆ ਦੇ ਕੰਢੇ ਕਰਤਾਰਪੁਰ ਸਾਹਿਬ (ਪਾਕਿਸਤਾਨ) ਨਗਰ ਦੀ ਮੋੜ੍ਹੀ ਗੱਡ ਕੇ ਕੀਤੀ ਸੀ। ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ-ਕਾਲ ਦੇ ਅੰਤਲੇ ਸਮੇਂ ਕਰਤਾਰਪੁਰ ਸਾਹਿਬ ਸਿੱਖ ਧਰਮ ਦਾ ਪਹਿਲਾ ਕੇਂਦਰ ਸਥਾਪਿਤ ਕੀਤਾ।

ਇਸ ਹਥਲੇ ਅਧਿਆਇ ਵਿਚ ਗੁਰੂ ਕ੍ਰਮ ਅਨੁਸਾਰ ਇਨ੍ਹਾਂ ਨਗਰਾਂ ਦਾ ਸਿੱਖ ਸਰੋਤਾਂ ਦੇ ਹਵਾਲੇ ਨਾਲ ਇਤਿਹਾਸਕ ਪਿਛੋਕੜ ਵਰਨਣ ਕਰਨ ਦਾ ਯਤਨ ਕੀਤਾ ਗਿਆ ਹੈ। ਗੁਰੂ ਸਾਹਿਬਾਨ ਦੁਆਰਾ ਇਨ੍ਹਾਂ ਨਗਰਾਂ ਵਿਚ ਕਰਵਾਏ ਗਏ ਉਸਾਰੀ ਦੇ ਕਾਰਜਾਂ ਜਿਵੇਂ- ਬਾਉਲੀ, ਸਰੋਵਰ, ਕਿਲ੍ਹੇ ਆਦਿ ਸੰਬੰਧੀ ਵੀ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ।

### ਗੋਇੰਦਵਾਲ ਸਾਹਿਬ

ਗੁਰੂ ਨਾਨਕ ਦੇਵ ਜੀ ਜੋਤੀ ਜੋਤਿ ਸਮਾਉਂਣ ਤੋਂ ਪਹਿਲਾਂ ਗੁਰੂ ਅੰਗਦ ਦੇਵ ਜੀ ਨੂੰ ਸਿੱਖ ਪੰਥ ਦਾ ਅਗਲਾ ਗੁਰੂ ਥਾਪ ਗਏ ਸਨ। ਗੁਰਿਆਈ ਦੀ ਦਾਤ ਪ੍ਰਾਪਤ ਕਰਨ ਉਪਰੰਤ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਵਿਖੇ ਸਿੱਖੀ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਸੀ। ਇਸ ਸਮੇਂ ਦੌਰਾਨ ਇਕ ਦਿਨ ਬੀਬੀ ਅਮਰੋ ਦੀ ਮਿਹਰ ਦਾ ਸਦਕਾ ਅਮਰਦਾਸ (ਗੁਰੂ) ਜੀ ਗੁਰੂ ਸ਼ਰਨ ਵਿਚ ਆਏ। ਆਪਣੇ ਸ਼ੰਕੇ ਨਵਿਰਤ ਕਰਕੇ ਗੁਰੂ ਸੇਵਾ ਵਿਚ ਜੁਟ ਗਏ। ਨਿਤਾਪ੍ਰਤੀ ਅੰਮ੍ਰਿਤ ਵੇਲੇ ਬਿਆਸ ਦਰਿਆ ਤੋਂ ਪਾਣੀ ਦੀ ਗਾਗਰ ਭਰ ਕੇ ਲਿਆਉਣੀ ਤੇ ਅਪਣੇ ਹੱਥੀ ਬੜੀ ਸ਼ਰਧਾ ਨਾਲ ਗੁਰੂ ਜੀ ਨੂੰ ਇਸ਼ਨਾਨ ਕਰਵਾਉਣਾ। ਇਹ ਸੇਵਾ ਅਮਰਦਾਸ (ਗੁਰੂ) ਜੀ ਨੇ ਤਕਰੀਬਨ 12 ਸਾਲ ਕੀਤੀ।

- **ਨਗਰ ਦੀ ਸਥਾਪਨਾ**

ਜਿਸ ਸਮੇਂ ਗੁਰੂ ਜੀ ਖਡੂਰ ਸਾਹਿਬ ਤੋਂ ਸਿੱਖੀ ਦਾ ਪ੍ਰਚਾਰ ਕਰ ਰਹੇ ਸਨ ਉਸ ਸਮੇਂ ਗੋਇੰਦਵਾਲ ਸਾਹਿਬ ਵਾਲੀ ਜਗ੍ਹਾ ਬਿਲਕੁਲ ਉਜਾੜ ਪਈ ਸੀ। ਇਸ ਜਗ੍ਹਾ ਦੀ ਸਥਾਪਨਾ ਸੰਬੰਧੀ ਜਿਕਰ ਮਿਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਤੋਂ ਚੱਲ ਕੇ ਇਸ ਥੇਹ ਤੇ ਤਿੰਨ ਦਿਨ ਅਤੇ ਤਿੰਨ ਰਾਤਾਂ ਠਹਿਰੇ ਸਨ। ਇਥੋਂ ਦੇ ਇਕ ਜ਼ਿਮੀਦਾਰ ਨੇ ਗੁਰੂ ਜੀ ਨੂੰ ਛਲੀਆਂ ਅਤੇ ਦੁੱਧ ਛਕਾਇਆਂ ਸੀ। ਪ੍ਰਸੰਨ ਹੋ ਕੇ ਗੁਰੂ ਜੀ ਨੇ ਬਚਨ ਕੀਤਾ, "ਏਥੇ ਸਤ ਪੁਰਖ ਬੈਠਕੇ ਨਾਮ ਤੇ ਅੰਨ ਦਾ ਸਦਾ ਬ੍ਰਤ ਦੇਵੇਗਾ।।"[2] ਇਲਾਕਾ ਨਿਵਾਸੀਆਂ ਵਿਚ ਇਸ ਜਗ੍ਹਾ ਦੇ ਉਜਾੜ ਪਏ ਹੋਣ ਦਾ ਇਕ ਕਾਰਨ ਤਾਂ ਇਹ ਮੰਨਿਆ ਜਾਂਦਾ ਸੀ ਕਿ ਇਸ ਸਥਾਨ 'ਤੇ ਭੂਤਾਂ ਪ੍ਰੇਤਾਂ ਵਾਸਾ ਹੈ ਅਤੇ ਦੂਜਾ ਇਸਦੇ ਆਸ-ਪਾਸ ਧਾੜਵੀ ਲੁਟੇਰਿਆਂ ਦਾ ਹੋਣਾ। ਇਹਨਾਂ ਕਾਰਨਾਂ ਤੋਂ ਤੰਗ ਪਰੇਸ਼ਾਨ ਗੋਂਦਾ ਖੱਤਰੀ ਗੁਰੂ ਸ਼ਰਨ ਆਇਆ ਅਤੇ ਸਹਾਇਤਾ ਲਈ ਬਿਨੈ ਅਰਜ ਕੀਤੀ। ਗੁਰੂ ਜੀ ਨੇ ਗੋਂਦੇ ਦੀ ਬੇਨਤੀ ਪ੍ਰਵਾਨ ਕਰਦੇ ਹੋਏ ਅਮਰਦਾਸ(ਗੁਰੂ) ਨੂੰ ਆਪਣੀ ਸੋਟੀ ਦੇ ਕੇ ਗੋਂਦੇ ਨਾਲ ਪਿੰਡ ਵਸਾਉਣ ਲਈ ਭੇਜਿਆ। ਅਮਰਦਾਸ(ਗੁਰੂ) ਜੀ ਨੇ ਗੁਰੂ ਜੀ ਦੁਆਰਾ ਦੱਸੀ ਵਿਉਂਤ ਅਨੁਸਾਰ ਸੋਟੀ ਨਾਲ ਪਿੰਡ ਦਾ ਘੇਰਾ ਬੰਨ੍ਹ ਕੇ ਜਲ ਦਾ ਛਿੜਕਾ ਕਰਵਾ ਦਿੱਤਾ। ਸਾਰੀ ਜਗ੍ਹਾ ਨੂੰ ਪੱਧਰਾ ਕਰਕੇ ਉਸਾਰੀ ਦਾ ਕੰਮ ਸ਼ੁਰੂ ਕਰਵਾਇਆ ਗਿਆ ਅਤੇ ਇਸ ਨਗਰ ਦਾ ਨਾਮ ਗੋਂਦੇ ਦੇ ਨਾਮ 'ਤੇ 'ਗੋਇੰਦਵਾਲ' ਰੱਖਿਆ:

> ਤਬਿ ਸ੍ਰੀ ਅਮਰ ਬਿਚਾਰ ਕਰ ਯੋਹੈ। ਤਿਸ ਗੋਂਦੇ ਪਰ ਨਾਮ ਧਰਯੋ ਹੈ।
>
> ਗੋਇੰਦਵਾਲ ਉਚਾਰਿ ਸੁਨਾਯੋ। ਭਯੋ ਨਾਮ ਪੁਰਿਕੋ ਬਿਦਤਾਯੋ।[3]

*ਮਹਿਮਾ ਪ੍ਰਕਾਸ਼* ਅਨੁਸਾਰ ਗੁਰੂ ਅੰਗਦ ਦੇਵ ਜੀ ਦੇ ਹੁਕਮ ਅਨੁਸਾਰ ਅਮਰਦਾਸ(ਗੁਰੂ) ਜੀ ਨੇ ਸਭ ਤੋਂ ਪਹਿਲਾਂ ਪੂਰਬ ਵਾਲੀ ਦਿਸ਼ਾ ਵੱਲ ਮਕਾਨਾਂ ਦੀ ਉਸਾਰੀ ਦਾ ਕੰਮ ਸ਼ੁਰੂ ਕਰਵਾਇਆ ਸੀ।[4] ਮੈਕਾਲਿਫ ਦੇ ਕਥਨ ਅਨੁਸਾਰ ਜਿਸ ਜ਼ਮੀਨ ਵਿਚ ਗੋਇੰਦਵਾਲ ਸਾਹਿਬ ਨਗਰ ਵਸਾਇਆ ਗਿਆ ਉਹ ਜ਼ਮੀਨ ਗੋਂਦੇ ਨੇ ਅਕਬਰ ਬਾਦਸ਼ਾਹ ਤੋਂ ਠੇਕੇ ਤੇ ਲਈ ਸੀ। ਗੋਂਦੇ ਨੇ ਅਮਰਦਾਸ(ਗੁਰੂ) ਦੇ ਇਸ ਪਰਉਪਕਾਰੀ ਕਾਰਜ ਤੋਂ ਪ੍ਰਸੰਨ ਹੋ ਕੇ ਨਗਰ ਵਿਚ ਉਨ੍ਹਾਂ ਲਈ ਇਕ ਮਹੱਲ ਬਣਵਾਇਆ ਸੀ।[5] ਗਿਆਨੀ ਗਿਆਨ ਸਿੰਘ ਅਨੁਸਾਰ ਅਮਰਦਾਸ(ਗੁਰੂ) ਜੀ ਨੇ ਗੁਰੂ ਅੰਗਦ ਦੇਵ ਜੀ ਦੇ ਹੁਕਮ ਅਨੁਸਾਰ ਸੰ.1603 (1546ਈ.) ਵਿਚ ਗੋਇੰਦਵਾਲ ਸਾਹਿਬ ਦੀ ਸਥਾਪਨਾ ਕੀਤੀ। ਇਸ ਪਿੰਡ ਵਸਾਉਣ ਦੇ ਬਦਲੇ ਗੋਂਦੇ ਖੱਤ੍ਰੀ ਨੇ ਅੱਧੇ ਪਿੰਡ ਦੀ

ਜ਼ਮੀਨ ਗੁਰੂ ਅੰਗਦ ਦੇਵ ਜੀ ਨੂੰ ਭੇਂਟ ਕੀਤੀ ਸੀ।[6] ਪ੍ਰੋ. ਸਾਹਿਬ ਸਿੰਘ ਦਾ ਮੰਨਣਾ ਹੈ ਕਿ ਅਮਰਦਾਸ (ਗੁਰੂ) ਜੀ ਨੇ ਦੂਸਰੇ ਪਾਤਸ਼ਾਹ ਦੀ ਆਗਿਆ ਅਨੁਸਾਰ 1543 ਈ. ਵਿਚ ਗੋਇੰਦਵਾਲ ਨਗਰ ਦੀ ਸਥਾਪਨਾ ਕੀਤੀ।[7] ਸੋਹਣ ਸਿੰਘ ਸੀਤਲ ਨੇ ਗੋਇੰਦਵਾਲ ਦੀ ਸਥਾਪਨਾ ਦਾ ਸਮਾਂ ਸੰ.1603 (1546 ਈ.) ਦਾ ਮੰਨਿਆ ਹੈ।[8]

ਗੰਡਾ ਸਿੰਘ ਅਨੁਸਾਰ ਗੁਰੂ ਅੰਗਦ ਦੇਵ ਜੀ ਨੇ ਆਪਣੇ ਵੱਡੇ ਪੁੱਤਰ ਦਾਤੂ ਦੀ ਵਿਰੋਧਤਾ ਨੂੰ ਨਿਸਫ਼ਲ ਕਰਨ ਲਈ ਗੁਰੂ ਅਮਰਦਾਸ ਜੀ ਦਾ ਪੱਕਾ ਨਿਵਾਸ ਗੋਇੰਦਵਾਲ ਸਾਹਿਬ ਕਰਵਾਇਆ।[9] ਜਿਸ ਘਰੇਗੀ ਝਗੜੇ ਦੇ ਕਾਰਨ ਗੁਰੂ ਅੰਗਦ ਦੇਵ ਜੀ ਗੁਰੂ ਨਾਨਕ ਦੇਵ ਜੀ ਦਾ ਹੁਕਮ ਪਾ ਕੇ ਖਡੂਰ ਸਾਹਿਬ ਨਿਵਾਸ ਕਰਨ ਲੱਗੇ ਸਨ ਹੁਣ ਉਸੇ ਵਿਵਾਦ ਤੋਂ ਬਚਾਅ ਦੇ ਲਈ ਗੁਰੂ ਅਮਰਦਾਸ ਜੀ ਗੋਇੰਦਵਾਲ ਸਾਹਿਬ ਰਹਿਣ ਲੱਗੇ ਸਨ।

ਉਪਰੋਕਤ ਸਰੋਤਾਂ ਤੋਂ ਇਹ ਗੱਲ ਤਾਂ ਸਪਸ਼ਟ ਹੈ ਕਿ ਗੁਰੂ ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਦੇ ਹੁਕਮ ਨੂੰ ਮੰਨਦੇ ਹੋਏ ਗੋਇੰਦਵਾਲ ਸਾਹਿਬ ਦੀ ਸਥਾਪਨਾ ਕੀਤੀ। ਤਕਰੀਬਨ ਸਾਰੇ ਵਿਦਵਾਨ ਇਸ ਗੱਲ ਨਾਲ ਵੀ ਸਹਿਮਤ ਹਨ ਕਿ ਗੋਇੰਦੇ ਦੀ ਗੁਰੂ ਜੀ ਅੱਗੇ ਬੇਨਤੀ ਕਰਨ ਤੇ ਇਹ ਨਗਰ ਵਸਾਇਆ ਗਿਆ। ਸਮੇਂ ਸੰਬੰਧੀ ਬਹੁਤੇ ਵਿਦਵਾਨ 1546ਈ. ਨਾਲ ਸਹਿਮਤ ਹਨ ਇਸ ਕਰਕੇ ਸਾਨੂੰ ਵੀ ਇਹ ਸਮਾਂ ਵਧੇਰੇ ਠੀਕ ਜਾਪਦਾ ਹੈ।

- **ਨਗਰ ਦੀ ਉਸਾਰੀ**

ਅਮਰਦਾਸ (ਗੁਰੂ) ਜੀ ਨੇ ਗੋਇੰਦਵਾਲ ਸਾਹਿਬ ਦੀ ਸਥਾਪਨਾ ਤੋਂ ਬਾਅਦ ਨਗਰ ਦੀ ਉਸਾਰੀ ਦਾ ਕੰਮ ਸ਼ੁਰੂ ਕਰਵਾਇਆ। ਇਮਾਰਤ ਉਸਾਰੀ ਦਾ ਸਮਾਨ ਉੱਥੇ ਪਹਿਲਾਂ ਹੀ ਜਮਾ ਸੀ, ਰਾਜ, ਮਜ਼ੂਰ, ਤ੍ਰਿਖਾਣ, ਲੁਹਾਰ ਸਭ ਹਾਜ਼ਰ ਸਨ।[10] ਅਮਰਦਾਸ (ਗੁਰੂ) ਜੀ ਇਸ ਨਗਰ ਵਿਚ ਇਕ ਚੁਬਾਰਾ ਤਿਆਰ ਕਰਵਾ ਕੇ ਪਰਿਵਾਰ ਸਮੇਤ ਨਿਵਾਸ ਕਰਨ ਲੱਗੇ ਸਨ:

ਵਹੀ ਛੋਪ ਛਾਇ ਜਾਗਾ ਬਨੀ ਚਉਬਾਰਾ ਭਇਆ ਤਿਆਰ।
ਤਾ ਮੋ ਪ੍ਰਭ ਵਾਸਾ ਕੀਆ ਸਭ ਵਸੈ ਲੋਕ ਪਰਵਾਰ।[11]

ਗੁਰੂ ਅੰਗਦ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਗੁਰੂ ਅਮਰਦਾਸ ਜੀ ਪੱਕੇ ਤੌਰ ਤੇ ਸਿੱਖ ਸੰਗਤਾਂ ਅਤੇ ਪਰਿਵਾਰ ਸਮੇਤ ਗੋਇੰਦਵਾਲ ਸਾਹਿਬ ਆ ਗਏ ਸਨ। ਸਿੱਖ ਪੰਥ ਦਾ ਪ੍ਰਚਾਰ-ਕੇਂਦਰ ਹੁਣ ਖਡੂਰ

ਸਾਹਿਬ ਦੀ ਥਾਂ ਗੋਇੰਦਵਾਲ ਸਾਹਿਬ ਬਣ ਗਿਆ ਸੀ। ਦੂਰ ਨੇੜਿਓ ਅਨੇਕਾਂ ਹੀ ਸਿੱਖ ਗੁਰ ਦਰਸ਼ਨਾਂ ਲਈ ਆਉਂਦੇ। ਕਈ ਸਿੱਖਾਂ ਨੇ ਗੋਇੰਦਵਾਲ ਸਾਹਿਬ ਪੱਕੇ ਤੌਰ ਤੇ ਨਿਵਾਸ ਕਰ ਲਿਆ ਸੀ। ਸਿੱਖ ਸੰਗਤਾਂ ਤੋਂ ਇਲਾਵਾ ਗੁਰੂ ਜੀ ਨੇ ਖੱਤ੍ਰੀ ਕੁਲ ਦੀਆਂ ਬਾਈ ਜਾਤਾਂ ਨੂੰ ਇਸ ਨਗਰ ਵਿਚ ਵਾਸਾ ਕਰਵਾਇਆ:

ਬਾਈ ਜਾਤੇ ਖਤ੍ਰੀ ਕੁਲ ਬਸੇ। ਗੋਬਿੰਦਵਾਲ ਅਨੰਦ ਰੰਗ ਰਸੇ।[12]

ਜਦੋਂ ਨਵੇਂ ਘਰਾਂ ਦੀ ਉਸਾਰੀ ਜਿਆਦਾ ਹੋਣ ਲੱਗੀ ਤਾਂ ਇਮਾਰਤੀ ਲੱਕੜ ਦੀ ਥੁੜ ਨੂੰ ਦੇਖਦੇ ਹੋਏ ਸਿੱਖ ਸੰਗਤਾਂ ਨੇ ਗੁਰੂ ਜੀ ਪਾਸ ਬੇਨਤੀ ਕੀਤੀ। ਗੁਰੂ ਜੀ ਨੇ ਸੋਚ ਵਿਚਾਰ ਕੇ ਆਪਣੇ ਭਤੀਜੇ ਸਾਵਣ ਮੱਲ ਨੂੰ ਹਰੀਪੁਰ ਦੇ ਰਾਜੇ ਪਾਸ ਇਸ ਕਾਰਜ ਨੂੰ ਪੂਰਾ ਕਰਨ ਲਈ ਭੇਜਿਆ। ਰਵਾਇਤ ਪ੍ਰਚਲਿਤ ਹੈ ਕਿ ਉੱਥੇ ਜਾ ਕੇ ਗੁਰੂ ਮਿਹਰ ਦਾ ਸਦਕਾ ਸਾਵਣ ਮੱਲ ਨੇ ਰਾਜੇ ਦਾ ਮੋਇਆ ਪੁੱਤਰ ਜੀਵਾਲ ਦਿੱਤਾ ਸੀ। ਇਸ ਘਟਨਾ ਤੋਂ ਪ੍ਰਭਾਵਿਤ ਹੋ ਕੇ ਰਾਜੇ ਨੇ ਲੱਕੜ ਦੀਆਂ ਗੇਲੀਆਂ ਬਿਆਸ ਦਰਿਆ ਦੇ ਰਾਹੀਂ ਗੋਇੰਦਵਾਲ ਭਜਵਾਈਆਂ। ਗੁਰੂ ਜੀ ਨੇ ਦਰਿਆ 'ਚੋ ਲੱਕੜ ਦੀਆਂ ਗੇਲੀਆਂ ਕਢਵਾ ਕੇ ਸਿੱਖਾਂ ਵਿਚ ਵੰਡ ਦਿੱਤੀਆਂ। ਇਸ ਤਰ੍ਹਾਂ ਗੂਰ ਜੀ ਨੇ ਗੋਇੰਦਵਾਲ ਸਾਹਿਬ ਨੂੰ ਵਿਕਸਿਤ ਰੂਪ ਪ੍ਰਦਾਨ ਕੀਤਾ। ਇਸ ਸੰਬੰਧੀ ਭਾਈ ਸੰਤੋਖ ਸਿੰਘ ਲਿਖਦੇ ਹਨ:

ਸ੍ਰੀ ਗੁਰ ਅਮਰਦਾਸ ਹੁਇ ਠਾਂਢੇ, ਧਾਮਨਿ ਕੀ ਅਵਨੀ ਅਵਿਲੋਕ।
ਜਥਾ ਜੋਗ ਬਾਂਟੀ ਸਭਿਹਿਨਿ ਕੋ, ਲੇਕਰਿ ਮੁਦਿਤਿ ਭਏ ਸਭਿਲੋਕ।
ਆਪ ਆਪਨੇ ਰਚੇ ਸਦਨ ਸੁਭ ਜੋ ਗੁਰੁ ਦਈ ਸੁ ਲੀਨੀ ਰੋਕ।
ਬਡੇ ਭਾਗ ਜਿਨਿ ਭਾਲ ਹੁਤੇ ਤਬਿ ਬਸੇ ਨਗਰ ਮਹਿੰ ਸਦਾ ਅਸ਼ੋਕ।[13]

ਸਾਵਣ ਮੱਲ ਦੀ ਵਾਪਸੀ ਤੇ ਰਾਜੇ ਅਤੇ ਉਸਦੇ ਅਨੇਕਾਂ ਸੇਵਕ ਗੁਰ ਦਰਸ਼ਨਾਂ ਲਈ ਗੋਇੰਦਵਾਲ ਆਏ ਸਨ। ਗਿਆਨੀ ਗਿਆਨ ਸਿੰਘ ਅਨੁਸਾਰ ਇਹ ਵਾਕਿਆ ਸੰ. 1612 (1555 ਈ.) ਦਾ ਹੈ। ਇਸ ਤਰ੍ਹਾਂ ਨਵੇਂ ਘਰਾਂ ਦੀ ਉਸਾਰੀ ਦਾ ਕੰਮ ਮੁਕੰਮਲ ਹੋਣ ਨਾਲ ਗੋਇੰਦਵਾਲ ਸਾਹਿਬ ਦੀ ਰੋਣਕ ਵਿਚ ਹੋਰ ਵਾਧਾ ਹੋਇਆ। ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਗੁਰੂ ਜੀ ਤੇ ਸਿੱਖਾਂ ਦੀ ਮਿਹਨਤ ਦਾ ਸਦਕਾ ਥੋੜੇ ਸਮੇਂ ਵਿਚ ਹੀ "ਬਜ਼ਾਰ ਬਣਿਆ, ਦੁਕਾਨਾਂ ਪੈ ਕੇ ਘਰ ਬਣੇ, ਸਰਾਂ ਸ਼ੁਰੂ ਹੋਈ।[14] ਇਸ ਨਗਰ ਦੀ ਮਹਿਮਾ ਸੰਬੰਧੀ ਭੱਟ ਜਲ੍ਹਣ ਜੀ ਆਖਦੇ ਹਨ:

ਗੋਬਿੰਦਵਾਲੁ ਗੋਬਿੰਦ ਪੁਰੀ ਸਮ ਜਲ੍ਹਨ ਤੀਰਿ ਬਿਪਾਸ ਬਨਾਯਉ॥[15]

- **ਬਾਉਲੀ ਦਾ ਨਿਰਮਾਣ**

ਬਾਉਲੀ ਤੋਂ ਭਾਵ ਪੌੜੀਦਾਰ ਖੂਹ ਤੋਂ ਹੈ।[16] ਗੋਇੰਦਵਾਲ ਦੀ ਸਥਾਪਨਾ ਕਰਨ ਤੋਂ ਬਾਅਦ ਗੁਰੂ ਜੀ ਨੇ ਇਸ ਨਗਰ ਵਿਚ ਬਾਉਲੀ ਦਾ ਨਿਰਮਾਣ ਕਰਵਾਇਆ। ਮੈਕਾਲਫ ਅਨੁਸਾਰ ਬਾਉਲੀ ਤਿਆਰ ਕਰਵਾਉਣ ਲਈ ਗੁਰੂ ਅਮਰਦਾਸ ਜੀ ਨੇ ਇਹ ਜ਼ਮੀਨ ਮੁੱਲ ਖਰੀਦੀ ਸੀ।[17] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਦਾ ਕਰਤਾ ਲਿਖਦਾ ਹੈ ਕਿ ਗੁਰੂ ਅਮਰਦਾਸ ਜੀ ਨੇ ਇਕ ਦਿਨ ਸੰਗਤਾਂ ਦਾ ਇਕੱਠ ਕਰਕੇ ਗੋਇੰਦਵਾਲ ਵਿਖੇ ਬਾਉਲੀ ਤਿਆਰ ਕਰਵਾਉਂਣ ਦਾ ਫੈਸਲਾ ਲਿਆ। ਹੁਕਮਨਾਮੇ ਭੇਜ ਕੇ ਸੰਗਤਾਂ ਨੂੰ ਬਾਉਲੀ ਦਾ ਕਾਰਜ ਕਰਨ ਲਈ ਬੁਲਾਇਆ ਗਿਆ। ਸੰਗਤਾਂ ਦੇ ਪਹੁੰਚਣ ਉਪਰੰਤ ਸੁੰਦਰ ਅਸਥਾਨ ਦੇਖ ਕੇ ਬਾਬਾ ਬੁੱਢਾ ਜੀ ਪਾਸੋ ਟੱਕ ਲਗਵਾ ਕੇ ਕਾਰਜ ਸ਼ੁਰੂ ਕਰਵਾਇਆ। ਸੇਵਕੀ ਸਿੱਖ ਬੜ੍ਹੇ ਚਾਅ ਅਤੇ ਪ੍ਰੇਮ ਨਾਲ ਸੇਵਾ ਵਿਚ ਜੁਟ ਗਏ:

> ਸੁਥਲ ਜਾਨਿ ਗੁਰੁ ਇਸਥਿਤ ਭਏ। ਟਕ ਲਾਵਨ ਕੀ ਆਇਸੁ ਕਏ।
>
> ਬੁੱਢੇ ਪ੍ਰਥਮ ਕਹੀ ਗਹੀ। ਜਹਿਂ ਗੁਰ ਕਹੀ ਤਿਰਥ ਕਰਿ ਸਹੀ।
>
> ਤਹਿਂ ਤੇ ਮਾਟੀ ਲੀਨਿ ਉਪਾਟੀ। ਭਰੀ ਟੋਕਰੀ ਸਿਰ ਧਰਿ ਸਾਟੀ
>
> ਬਹੁਰੋ ਸਕਲ ਸਿੱਖਯ ਲਗਿ ਪਰੇ। ਧਰੇ ਚੌਂਪ ਸੇਵਾ ਹਿਤ ਕਰੇ।[18]

*ਮਹਿਮਾ ਪ੍ਰਕਾਸ਼* ਅਨੁਸਾਰ ਗੁਰੂ ਅਮਰਦਾਸ ਜੀ ਨੇ ਸਿੱਖ ਸੰਗਤਾਂ 'ਤੇ ਪਰਉਪਕਾਰ ਕਰਨ ਹਿਤ ਗੋਇੰਦਵਾਲ ਵਿਖੇ ਬਾਉਲੀ ਤਿਆਰ ਕਰਵਾਉਣ ਦਾ ਫੈਸਲਾ ਲਿਆ ਸੀ। ਬਾਉਲੀ ਤਿਆਰ ਕਰਨ ਲਈ ਸਿੱਖ ਸੰਗਤਾਂ ਖੁਦਾਈ ਦਾ ਕਾਰਜ ਕਰਦੀਆਂ ਸਨ। ਇਸ ਸਰੋਤ ਵਿਚ ਜਿਕਰ ਆਇਆ ਹੈ ਇਸ ਕਾਰ-ਸੇਵਾ ਦੌਰਾਨ ਸਿੱਖ ਸੰਗਤਾਂ ਵਿਚ ਰਾਮਦਾਸ(ਗੁਰੂ) ਜੀ ਵੀ ਸ਼ਾਮਲ ਸਨ:

> ਜੇਠਾ ਜੀ ਗੁਰ ਬਚਨ ਮਨ ਧਾਰਾ। ਜਗ ਕੁਲ ਲਾਜ ਸਭ ਸੰਕ ਨਿਵਾਰਾ।
>
> ਪਰਮ ਧਰਮ ਸਤਿਗੁਰ ਕੀ ਭਗਤ। ਮਨ ਬਚ ਕਰਮ ਤਾਸੋ ਆਸਕਤ।
>
> ਪਰਮ ਪ੍ਰੀਤ ਸੋ ਕਾਰ ਕਮਾਵੈ। ਮਾਟੀ ਖੋਦ ਨਿਜ ਸੀਸ ਉਠਾਵੈ।
>
> ਜੋ ਸਤਗੁਰ ਨਾਮ ਭਜਨ ਮੁਖ ਕਰੈ। ਮਨ ਬਚ ਕਰਮ ਪ੍ਰੀਤ ਤਿਸ ਧਰੈ।[19]

ਚੌਰਾਸੀ ਪੌੜੀਆਂ ਵਾਲੀ ਬਾਉਲੀ ਦਾ ਕਾਰਜ ਸੰਪੂਰਨ ਹੋਂਣ ਉਪਰੰਤ ਬਾਉਲੀ ਵਿਚੋਂ ਜਲ ਭਰਨ ਲਈ ਸੱਤ ਪੌੜੀਆਂ ਕਾਠ ਦੀ ਲੱਕੜੀ ਦੀਆਂ ਤਿਆਰ ਕਰਵਾਈਆਂ ਗਈਆਂ:

ਏਕ ਲੁਹਾਰ ਕਾਰ ਤਹ ਕਰੀ। ਕਾਠ ਕੀ ਸੀੜ੍ਹੀ ਤਿਨ ਸਭ ਘਰੀ।

ਸਾਤ ਸੀੜ੍ਹੀ ਜਲ ਮੋ ਤਿਨ ਕੀਨੀ। ਠੋਕ ਮੇਖ ਮੁਹਰਮ ਕਰ ਦੀਨੀ।

ਸੀਢੀ ਬਨੀ ਸੁੰਦਰ ਜਲ ਮਾਹਿ ਅਤਿ ਸੁਖੇਨ ਜਲ ਲੀਜੇ ਤਾਹ।

ਕਰੀ ਟਹਲ ਮਨ ਪ੍ਰੀਤ ਬਿਸਾਲ। ਸਤਿਗੁਰ ਤਾ ਪਰ ਭਏ ਦਇਆਲ।[20]

ਗੁਰੂ ਜੀ ਦੀ ਨਿਗਰਾਨੀ ਹੇਠ ਪੂਰੀ ਸ਼ਰਧਾ ਨਾਲ ਸਿੱਖ ਸੰਗਤਾਂ ਬਾਉਲੀ ਦੀ ਖੁਦਾਈ ਦਾ ਕਾਰਜ ਕਰਦੀਆਂ ਸਨ। ਰਵਾਇਤ ਪ੍ਰਚਲਿਤ ਹੈ ਕਿ ਗੁਰੂ ਜੀ ਨੇ ਬਾਉਲੀ ਤਿਆਰ ਹੋਣ ਉਪਰੰਤ ਇਹ ਬਚਨ ਕੀਤਾ ਸੀ ਕਿ, ਜੋ ਸਿੱਖ ਪੂਰਨ ਸ਼ਰਧਾ ਨਾਲ ਬਾਉਲੀ ਵਿਚ ਇਸ਼ਨਾਨ ਕਰਕੇ ਹਰੇਕ ਪੌੜੀ ਉੱਤੇ ਇਕ 'ਜਪੁ' ਬਾਣੀ ਦਾ ਪਾਠ ਕਰ ਕੇ ਸੰਪੂਰਨ ਚੌਰਾਸੀ ਪਾਠ ਕਰੇਗਾ, ਉਹ ਮਨੱਖ ਚੌਰਾਸੀ ਦੇ ਗੇੜ ਵਿਚੋਂ ਮੁਕਤੀ ਪ੍ਰਾਪਤ ਕਰੇਗਾ।[21] ਗਿਆਨੀ ਗਿਆਨ ਸਿੰਘ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਗੁਰੂ ਅਮਰਦਾਸ ਜੀ ਨੇ ਸਿੱਖ ਸੇਵਕਾਂ ਨੂੰ ਚੌਰਾਸੀ ਦੇ ਗੇੜ 'ਚੋ ਕੱਢਣ ਲਈ ਚੌਰਾਸੀ ਪੌੜੀਆ ਵਾਲੀ ਬਾਉਲੀ ਤਿਆਰ ਕਰਵਾਈ ਸੀ:

ਚੌਰਾਸੀ ਲਖ ਜੋਨਿ ਕਟਨ ਹਿਤ, ਪੌਰੀ ਰਚੀ ਚੁਰਾਸੀ।

ਜਾਪੁਜੀ ਪਾਢਿ ਮਨਿ ਥਿਰ ਕਰ ਸ਼ਰਨ। ਨ੍ਹਾਇ ਕਟੈ ਜਮ ਫਾਸੀ।[22]

*ਬੰਸਾਵਲੀਨਾਮਾ* ਅਨੁਸਾਰ ਸੰ.1613 (1556ਈ.) ਵਿਚ ਗੁਰੂ ਅਮਰਦਾਸ ਜੀ ਨੇ ਬਾਉਲੀ ਤਿਆਰ ਕਰਵਾਉਣ ਦਾ ਕਾਰਜ ਆਰੰਭ ਕਰਵਾਇਆ।[23] *ਤਵਾਰੀਖ ਗੁਰੂ ਖ਼ਾਲਸਾ* ਅਨੁਸਾਰ ਗੁਰੂ ਅਮਰਦਾਸ ਜੀ ਦੁਆਰਾ 84 ਪੌੜੀਆਂ ਵਾਲੀ ਬਾਉਲੀ ਤਿਆਰ ਕਰਵਾਉਣ ਦਾ ਕਾਰਜ-ਕਾਲ ਸੰ.1616-23 (1559-66ਈ.) ਲਿਖਿਆ ਮਿਲਦਾ ਹੈ।[24] *ਮਹਾਨ ਕੋਸ਼* ਵਿਚ ਬਾਉਲੀ ਦੇ ਕਾਰਜ ਸ਼ੁਰੂ ਹੋਣ ਦਾ ਸਮਾਂ ਸੰ.1616 (1559) ਦਾ ਮੰਨਿਆ ਹੈ, ਪਰ ਸੰਪੂਰਨ ਹੋਣ ਦਾ ਸਮੇਂ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ।[25] *ਗੁਰ ਪ੍ਰਣਾਲੀਆਂ* ਵਿਚ ਅਮਰਦਾਸ(ਗੁਰੂ) ਜੀ ਦੁਆਰਾ ਸੰ.1590 (1543 ਈ.) ਬਾਉਲੀ ਦਾ ਕਾਰਜ ਸ਼ੁਰੂ ਕਰਵਾਉਣ ਸੰਬੰਧੀ ਜਿਕਰ ਮਿਲਦਾ ਹੈ।[26]

*ਗੁਰ-ਇਤਿਹਾਸ ਪਾਤਸ਼ਾਹੀ 2 ਤੋਂ 9*, ਸਿੱਖ ਇਤਿਹਾਸ (1469-1765) ਦੇ ਅਨੁਸਾਰ ਬਾਉਲੀ ਤਿਆਰ ਕਰਵਾਉਣ ਦਾ ਸਮਾਂ 1559 ਈ: ਦਾ ਮੰਨਿਆ ਹੈ।[27] *ਗੁਰ ਇਤਿਹਾਸ ਦਸ ਪਾਤਸ਼ਾਹੀਆਂ* ਅਨੁਸਾਰ ਸੰ.1616 (1559ਈ.) ਵਿਚ ਗੁਰੂ ਅਮਰਦਾਸ ਜੀ ਨੇ ਬਾਉਲੀ ਦੀ ਨੀਂਹ ਰਖਵਾਈ। ਬਾਉਲੀ ਦੇ ਮੁਕੰਮਲ

ਹੋਣ ਦਾ ਸਮਾਂ ਫੁੱਟ ਨੋਟ ਵਿਚ ਸੰ.1621 (1564ਈ:) ਲਿਖਿਆ ਹੈ।[28] *ਮਹਿਮਾ ਪ੍ਰਕਾਸ਼* ਅਨੁਸਾਰ ਗੁਰੂ ਅਮਰਦਾਸ ਜੀ ਨੇ ਬਾਉਲੀ ਦਾ ਨਿਰਮਾਣ ਜਗਤ ਨੂੰ ਤਾਰਨ ਹਿਤ ਕੀਤਾ, ਜਿਸ ਦੀ ਮਹਿਮਾ ਕਹਿਣ ਕਥਨ ਤੋਂ ਪਰੇ ਹੈ:

ਜਗ ਤਾਰਨ ਕਾਰਨ ਬਨਾ ਤੀਰਥ ਪੁਨ ਸਰੂਪ॥
ਕੋ ਕਿਆ ਮਹਿਮਾ ਤਾ ਕੋ ਕਹੇ ਪਰਮਾਰਥ ਛੇਤ੍ਰ ਅਨੂਪ॥[29]

ਗੋਕਲ ਚੰਦ ਨਾਰੰਗ ਅਨੁਸਾਰ "ਗੁਰੂ ਅਮਰਦਾਸ ਨੇ ਗੁਰੂ ਅੰਗਦ ਦੇਵ ਦੇ ਹੁਕਮ ਨਾਲ 1546 ਈ. ਵਿਚ ਬਿਆਸ ਦਰਿਆ ਦੇ ਕੰਢੇ 'ਤੇ ਗੋਇੰਦਵਾਲ ਨਾਮਕ ਨਗਰ ਵਸਾਇਆ ਅਤੇ ਬਾਅਦ ਵਿਚ ਇਕ ਉੱਤਮ ਬਾਉਲੀ (ਜਾਂ ਪੌੜੀਆਂ ਵਾਲਾ ਖੂਹ) ਬਣਵਾਈ ਜਿਹੜੀ ਸਿੱਖਾਂ ਦਾ ਪਹਿਲਾ ਮਹੱਤਵਪੂਰਣ ਤੀਰਥ ਸਥਾਨ ਬਣੀ।"[30] ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਤੀਰਥ ਦਾ ਨਿਰਮਾਣ ਕਰ ਕੇ ਸਮਾਜ 'ਤੇ ਵੱਡਾ ਪਰਉਪਕਾਰ ਕੀਤਾ।

ਪ੍ਰਾਪਤ ਸਰੋਤਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਅਮਰਦਾਸ ਜੀ ਨੇ ਸਿੱਖ ਸੰਗਤਾਂ ਦੀ ਸਹਾਇਤਾ ਨਾਲ ਗੋਇੰਦਵਾਲ ਸਾਹਿਬ ਵਿਚ ਬਾਉਲੀ ਸਾਹਿਬ ਦਾ ਨਿਰਮਾਣ ਕਰਵਾਇਆ। ਇਸ ਬਾਉਲੀ ਸਾਹਿਬ ਦੇ ਕਾਰਜ-ਕਾਲ ਸੰਬੰਧੀ ਵਿਦਵਾਨਾਂ ਨੇ ਵੱਖ-ਵੱਖ ਸਮਾਂ ਦੱਸਿਆ ਹੈ, ਪਰ ਜਿਆਦਾਤਰ ਵਿਦਵਾਨ 1559-66ਈ. ਸਮੇਂ ਨਾਲ ਸਹਿਮਤ ਹਨ ਜਿਸ ਕਰਕੇ ਇਹ ਸਮਾਂ ਵਧੇਰੇ ਠੀਕ ਜਾਪਦਾ ਹੈ।

- **ਥੜ੍ਹਾ ਤਿਆਰ ਕਰਵਾਉਣਾ**

ਗੋਇੰਦਵਾਲ ਸਾਹਿਬ ਵਿਖੇ ਗੁਰੂ ਅਮਰਦਾਸ ਜੀ ਨੇ ਆਪਣੇ ਦੋਵੇਂ ਜੁਆਈਆਂ ਪਾਸੋਂ ਥੜ੍ਹੇ ਤਿਆਰ ਕਰਵਾਏ ਸਨ। *ਮਹਿਮਾ ਪ੍ਰਕਾਸ਼* ਅਤੇ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਅਨੁਸਾਰ ਸਿੱਖ ਸੰਗਤਾਂ ਗੁਰੂ ਅਮਰਦਾਸ ਜੀ ਦੇ ਦੋਵੇਂ ਜੁਆਈਆਂ ਨੂੰ ਗੁਰਿਆਈ ਦੇ ਯੋਗ ਸਮਝਦੀਆਂ ਸਨ। ਸੰਗਤਾਂ ਦੇ ਇਸ ਭੁਲੇਖੇ ਨੂੰ ਦੂਰ ਕਰਨ ਲਈ ਗੁਰੂ ਜੀ ਨੇ ਰਾਮਦਾਸ(ਗੁਰੂ) ਅਤੇ ਭਾਈ ਰਾਮੇ ਨੂੰ ਪਰਖਣ ਦਾ ਮਨ ਬਣਾਇਆ। ਦੋਵੇ ਸਿੱਖਾਂ ਦਾ ਪ੍ਰੇਮ ਵੇਖਣ ਲਈ ਗੁਰੂ ਜੀ ਜੀ ਨੇ ਦੋਵਾਂ ਨੂੰ ਆਪਣੇ ਬੈਠਣ ਲਈ ਧਰਤੀ 'ਤੇ ਨਕਸ਼ਾ ਤਿਆਰ ਕਰਕੇ ਇਕ-ਇਕ ਥੜ੍ਹਾ ਬਣਾਉਣ ਲਈ ਕਿਹਾ:

ਰਾਮਦਾਸ ਕੀ ਦਿਸ਼ਾ ਨਿਹਾਰਾ। ਕਰਨ ਕਾਰ ਕੋ ਗੁਰੂ ਉਚਾਰਾ।

ਇਸ ਦਿਸ਼ ਬੈਠਨ ਹੇਤ ਹਮਾਰੇ। ਥੜੀ ਬਨਾਵਹੁ ਰੁਚਿਰ ਪਰਕਾਰੇ।[31]

ਗੁਰੂ ਜੀ ਦੀ ਆਗਿਆ ਦਾ ਪਾਲਣ ਕਰਦੇ ਹੋਏ ਦੋਵੇਂ ਸਿੱਖਾਂ ਨੇ ਆਪਣੇ-ਆਪਣੇ ਥੜ੍ਹੇ ਤਿਆਰ ਕੀਤੇ। ਥੜ੍ਹੇ ਸਹੀ ਨਾ ਬਣੇ ਦੱਸ ਕੇ ਗੁਰੂ ਜੀ ਜੀ ਨੇ ਦੋਵਾਂ ਨੂੰ ਦੁਬਾਰਾ ਬਣਾਉਂਣ ਦਾ ਹੁਕਮ ਦਿੱਤਾ। ਗੁਰੂ ਜੀ ਦੇ ਦੋ-ਤਿੰਨ ਵਾਰ ਇੰਞ ਕਹਿਣ 'ਤੇ ਰਾਮੇ ਨੇ ਜਵਾਬ ਵਿਚ ਕਹਿ ਦਿੱਤਾ ਕਿ ਗੁਰੂ ਜੀ ਮੈਂ ਤਾਂ ਥੜ੍ਹਾ ਠੀਕ ਬਣਾਇਆ ਹੈ, ਆਪ ਬਿਰਧ ਹੋਣ ਕਰਕੇ ਦੱਸੀ ਵਿਧੀ ਨੂੰ ਭੁੱਲ ਜਾਂਦੇ ਹੋ। ਰਾਮੇ ਦੇ ਹੰਕਾਰ ਭਰੇ ਸ਼ਬਦ ਸੁਣ ਕੇ ਗੁਰੂ ਜੀ ਰਾਮਦਾਸ(ਗੁਰੂ) ਜੀ ਪਾਸ ਗਏ। ਜਦ ਉਸ ਨੂੰ ਵੀ ਉਸੇ ਤਰ੍ਹਾਂ ਕਿਹਾ ਕਿ ਥੜ੍ਹਾ ਅਜੇ ਵੀ ਠੀਕ ਨਹੀਂ ਬਣਿਆ ਹੈ, ਤਾਂ ਰਾਮਦਾਸ(ਗੁਰੂ) ਜੀ ਨੇ ਆਪਣੇ ਆਪ ਨੂੰ ਹੀ ਭੁਲਣਹਾਰ ਅਤੇ ਨਿਮਾਣਾ ਦੱਸਦੇ ਹੋਏ ਇਸ ਕਾਰਜ ਦੇ ਆਯੋਗ ਦੱਸਿਆ। ਗੁਰੂ ਜੀ ਨੇ ਰਾਮਦਾਸ(ਗੁਰੂ) ਦੇ ਇਸ ਨਿਮਰਤਾ, ਸਬਰ ਅਤੇ ਹਲੀਮੀ ਭਰੇ ਗੁਣਾਂ ਨੂੰ ਪਛਾਣਦੇ ਹੋਏ ਗੁਰਿਆਈ ਦਾ ਪੂਰਨ ਹੱਕਦਾਰ ਸਮਝਿਆ।[32] *ਤਵਾਰੀਖ ਗੁਰੂ ਖ਼ਾਲਸਾ* ਵਿਚ ਇਸ ਘਟਨਾ ਦਾ ਸਮਾ ਸੰ.1627 (1570 ਈ.) ਲਿਖਿਆ ਮਿਲਦਾ ਹੈ।[33] *ਗੁਰ-ਇਤਿਹਾਸ ਪਾਤਸ਼ਾਹੀ 2 ਤੋਂ 9 ਅਤੇ ਗੁਰ ਇਤਿਹਾਸ ਦਸ ਪਾਤਸ਼ਾਹੀਆਂ* ਦੇ ਲੇਖਕ ਵੀ ਇਸ ਗੱਲ ਨਾਲ ਸਹਿਮਤ ਹੈ।[34]

ਪ੍ਰਾਪਤ ਸਰੋਤਾਂ ਤੋ ਮਿਲੀ ਜਾਣਕਾਰੀ ਅਨੁਸਾਰ ਅਸੀਂ ਵਿਦਵਾਨਾਂ ਦੀ ਇਸ ਗੱਲ ਨਾਲ ਸਹਿਮਤ ਹਾਂ ਕਿ ਗੁਰੂ ਅਮਰਦਾਸ ਜੀ ਨੇ ਗੁਰਿਆਈ ਲਈ ਯੋਗ ਪੁਰਸ਼ ਦੀ ਪ੍ਰੀਖਿਆ ਕਰਨ ਲਈ ਇਸ ਥੜ੍ਹੇ ਦਾ ਨਿਰਮਾਣ ਕਰਵਾਇਆ ਸੀ।

ਗੁਰੂ ਅਮਰਦਾਸ ਜੀ ਦੇ ਜੋਤਿ-ਜੋਤਿ ਸਮਾਉਣ ਤੋਂ ਬਾਅਦ ਗੁਰੂ ਰਾਮਦਾਸ ਜੀ ਭਾਵੇਂ ਅੰਮ੍ਰਿਤਸਰ ਨਿਵਾਸ ਕਰਨ ਲੱਗੇ ਸਨ, ਪਰ ਆਪਣੇ ਅੰਤਲੇ ਸਮੇਂ ਗੋਇੰਦਵਾਲ ਵਿਖੇ ਹੀ ਨਿਵਾਸ ਕੀਤਾ। ਗੁਰੂ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਇਸ ਨਗਰ ਦਾ ਪ੍ਰਬੰਧ ਭੱਲੇ ਪਰਿਵਾਰ ਪਾਸ ਹੀ ਰਿਹਾ। ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਦੀਆਂ ਪੋਥੀਆਂ ਬਾਬਾ ਮੋਹਣ ਜੀ ਪਾਸੋਂ ਪ੍ਰਾਪਤ ਕਰਨ ਲਈ ਅਤੇ ਦੁਆਬੇ ਦੇ ਪ੍ਰਚਾਰ ਦੌਰੇ ਸਮੇਂ ਇਸ ਨਗਰ ਵਿਚ ਫੇਰਾ ਪਾਇਆ ਸੀ। ਗੁਰੂ ਹਰਿਗੋਬਿੰਦ ਜੀ ਵੀ ਕਈ ਵਾਰ ਆਪਣੇ ਰਿਸ਼ਤੇਦਾਰਾਂ, ਸਾਕ-ਸੰਬੰਧੀਆਂ ਨੂੰ ਮਿਲਣ ਲਈ ਇਸ ਨਗਰ ਵਿਚ ਆਏ ਸਨ। ਇਸ ਨਗਰੀ ਨੂੰ ਗੁਰੂ ਹਰਿਰਾਏ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਹੈ। ਮਿਸਲ ਕਾਲ ਦੇ ਸਮੇਂ ਇਹ ਇਲਾਕਾ ਆਹਲੂਵਾਲੀਆ ਮਿਸਲ ਦਾ

ਅਧੀਨ ਸੀ।[35] ਵਰਤਮਾਨ ਸਮੇਂ ਵਿਚ ਇਹ ਅਸਥਾਨ ਸਿੱਖਾਂ ਦਾ ਪ੍ਰਸਿੱਧ ਧਾਰਮਿਕ ਅਸਥਾਨ ਹੈ। ਇਸ ਨਗਰ ਦੀ ਇਤਿਹਾਸਕ ਮਹਾਨਤਾ ਨੂੰ ਦੇਖਦੇ ਸਰਕਾਰਾਂ ਵੱਲੋਂ ਇਸ ਨੂੰ ਇਕ ਵੱਡਾ ਉਦਯੋਗਿਕ ਕੇਂਦਰ ਬਣਾਇਆ ਜਾ ਰਿਹਾ ਹੈ।

ਉਪਰੋਕਤ ਚਰਚਾ ਤੋਂ ਕਿਹਾ ਜਾ ਸਕਦਾ ਹੈ ਕਿ ਗੁਰੂ ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਦੇ ਹੁਕਮ ਨੂੰ ਮੰਨਦੇ ਹੋਏ ਗੋਇੰਦੇ ਨਾਲ ਜਾ ਕੇ ਗੋਇੰਦਵਾਲ ਸਾਹਿਬ ਦੀ ਸਥਪਨਾ ਕੀਤੀ ਸੀ। ਇਸ ਨਗਰ ਦੇ ਵਸਣ ਨਾਲ ਸਿੱਖਾਂ ਨੂੰ ਇਕ ਨਵਾਂ ਧਰਮ ਪ੍ਰਚਾਰ ਕੇਂਦਰ ਮਿਲਿਆ। ਕਿਹਾ ਜਾ ਸਕਦਾ ਹੈ ਕਿ ਸਿੱਖ ਸੇਵਕਾਂ ਦੀ ਆਤਮਿਕ ਉੱਨਤੀ ਅਤੇ ਸਮਾਜ ਭਲਾਈ ਦੇ ਹਿਤ ਲਈ ਗੁਰੂ ਜੀ ਨੇ ਗੋਇੰਦਵਾਲ ਸਾਹਿਬ ਵਿਖੇ ਬਾਉਲੀ ਦਾ ਨਿਰਮਾਣ ਕਰਵਾਇਆ ਸੀ। ਵੱਖ-ਵੱਖ ਜਾਤਾਂ ਅਤੇ ਧਰਮਾਂ ਦੇ ਲੋਕ ਬਿਨ੍ਹਾਂ ਕਿਸੇ ਭੇਸ-ਭਾਵ ਤੋਂ ਇਸ ਬਾਉਲੀ ਵਿਚੋਂ ਪਾਣੀ ਦੀ ਵਰਤੋਂ ਕਰ ਸਕਦੇ ਸਨ। ਇਹ ਕਾਰਜ ਸਿੱਖ ਧਰਮ ਦੇ ਸਰਬ-ਸਾਂਝੀਵਾਲਤਾ ਦੇ ਸਿਧਾਂਤ ਦੀ ਗਵਾਹੀ ਭਰਦਾ ਹੈ।

**<u>ਅੰਮ੍ਰਿਤਸਰ ਸਾਹਿਬ</u>**

ਇਸ ਸ਼ਹਿਰ ਨੂੰ ਸਿੱਖਾਂ ਦੇ ਕੇਂਦਰੀ ਅਸਥਾਨ ਵੱਜੋਂ ਪੂਰੇ ਵਿਸ਼ਵ ਵਿਚ ਜਾਣਿਆ ਜਾਂਦਾ ਹੈ। "ਜਿਸ ਤਰ੍ਹਾਂ ਇਸਲਾਮ ਵਿਚ 'ਮੱਕਾ ਮੁਨੱਵਰਾ', ਇਸਾਈ ਧਰਮ ਵਿਚ 'ਯੇਰੂਸ਼ਲਮ', ਹਿੰਦੂ ਧਰਮ ਵਿਚ 'ਹਰਿਦੁਆਰ-ਕਾਸ਼ੀ' ਸ਼ਹਿਰਾਂ ਨੂੰ ਪਵਿੱਤਰ ਅਤੇ ਸਨਮਾਨਿਤ ਸ਼ਹਿਰ ਦਾ ਦਰਜਾ ਦਿੱਤਾ ਗਿਆ ਹੈ, ਉਸੇ ਤਰ੍ਹਾਂ ਸਿੱਖਾਂ ਵਿਚ ਇਹ ਸਨਮਾਨ ਸ੍ਰੀ ਅੰਮ੍ਰਿਤਸਰ ਨੂੰ ਪ੍ਰਾਪਤ ਹੈ।"[36] ਗੁਰੂ ਸਾਹਿਬਾਨ ਦੁਆਰਾ ਵੱਖ-ਵੱਖ ਸਮਿਆਂ 'ਤੇ ਇਸ ਸ਼ਹਿਰ ਵਿਚ ਪੰਜ ਸਰੋਵਰ ਤਿਆਰ ਕਰਵਾਏ ਗਏ, ਜੋ ਇਸ ਅਸਥਾਨ ਦੀ ਮਹਾਨਤਾ ਨੂੰ ਪੇਸ਼ ਕਰਦੇ ਹਨ। ਅਜੋਕੇ ਸਮੇਂ ਇਹ ਸ਼ਹਿਰ ਸਿੱਖੀ ਦੇ ਪ੍ਰਚਾਰ ਵਜੋਂ ਪ੍ਰਮੁੱਖ ਕੇਂਦਰ ਮੰਨਿਆ ਜਾਂਦਾ ਹੈ। ਇਸ ਅਸਥਾਨ ਦੀ ਸਥਾਪਨਾ ਸੰਬੰਧੀ ਵੱਖ-ਵੱਖ ਸਰੋਤਾਂ ਵਿਚ ਆਏ ਪੱਖਾਂ ਨੂੰ ਇੱਥੇ ਵਿਚਾਰਿਆ ਜਾ ਰਿਹਾ ਹੈ।

- **ਸਥਾਪਨਾ ਤੋਂ ਪਹਿਲਾ ਦਾ ਹਾਲ**

ਵਰਤਮਾਨ ਸਮੇਂ ਵਿਚ ਜਿਸ ਥਾਂ ਤੇ ਅੰਮ੍ਰਿਤਸਰ ਸ਼ਹਿਰ ਵਸ ਰਿਹਾ ਹੈ, ਪੂਰਬ ਕਾਲ ਵਿਚ ਇੱਥੇ ਰਮਣੀਕ ਜੰਗਲ ਅਤੇ ਪਾਣੀ ਦੀ ਢਾਬ ਸੀ। ਜੰਗਲ ਵਿਚ ਬੇਰੀ ਦੇ ਦਰਖਤਾਂ ਦੀ ਬਹੁਤਾਤ ਸੀ, ਜਿਸ ਦੀ ਗਵਾਹੀ ਦਰਬਾਰ ਸਾਹਿਬ ਪਰਿਕਰਮਾਂ ਵਿਚ ਮੌਜੂਦ ਬੇਰੀਆਂ ਭਰ ਰਹੀਆਂ ਹਨ। ਕੁਦਰਤੀ ਬਣੀ ਢਾਬ ਵਿਚ

ਪਾਣੀ ਸਾਰਾ ਸਾਲ ਜਮ੍ਹਾਂ ਰਹਿੰਦਾ ਸੀ। *ਤਵਾਰੀਖ ਅੰਮ੍ਰਿਤਸਰ* ਵਿਚ ਕਰਮ ਸਿੰਘ ਹਿਸਟੋਰੀਅਨ ਇਸ ਇਲਾਕੇ ਦੀ ਪੁਰਾਤਨ ਮਹਿਮਾ ਸੰਬੰਧੀ ਲਿਖਦੇ ਹਨ, "ਰਾਵੀ ਅਤੇ ਬਿਆਸ ਨਦੀਆਂ ਦੇ ਵਿਚਕਾਰਲੀ ਧਰਤੀ ਕਦੀ ਘਣੇ ਜੰਗਲਾਂ ਨਾਲ ਭਰੀ ਹੋਣ ਕਰ ਕੇ ਰਿਸ਼ੀਆਂ ਦੀ ਤਪੋ ਭੂਮੀ ਬਣੀ ਹੋਈ ਸੀ। ਅਣਗਿਣਤ ਸਾਧੂ ਸੰਤ ਇਸ ਧਰਤੀ ਉਤੇ ਧਿਆਨ ਸਾਧਨਾ ਅਤੇ ਗਿਆਨ ਦੀ ਖੋਜ ਵਿਚ ਇੱਥੇ ਜੀਵਨ ਬਿਤਾਉਂਦੇ ਸਨ। ਪ੍ਰਾਸ਼ਰ ਮੁਨੀ, ਵਿਆਸ ਮੁਨੀ ਅਤੇ ਮਹਾਂ ਰਿਸ਼ੀ ਬਾਲਮੀਕ ਜੀ ਨੇ ਇਸ ਧਰਤੀ ਤੇ ਗਿਆਨ ਪ੍ਰਾਪਤ ਕੀਤਾ। ਸੀਤਾ ਜੀ ਨੇ ਆਪਣੇ ਦੋਹਾਂ ਪੁੱਤਰਾਂ ਲਊ ਅਤੇ ਕੁਸ਼ੂ ਦੀ ਪਾਲਣਾ ਵੀ ਇਥੇ ਹੀ ਕੀਤੀ। ਰਿਸ਼ੀਆਂ ਦੇ ਆਸ਼ਰਮ, ਜਲ-ਕੁੰਡ ਜਾਂ ਪਾਣੀ ਦੀ ਕਿਸੇ ਢਾਬ ਦੇ ਨੇੜੇ ਹੀ ਬਣਾਏ ਜਾਂਦੇ ਸਨ। ਅਜਿਹੇ ਹੀ ਇਕ ਪਵਿੱਤਰ ਜਲ ਕੁੰਡ ਨੂੰ ਅੰਮ੍ਰਿਤ ਸਰੋਵਰ ਬਣਨ ਦਾ ਮਾਨ ਗੁਰੂ ਸਾਹਿਬਾਨ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਹੋਣ ਪਿੱਛੋਂ ਮਿਲਿਆ।"[37] ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਪੂਰਬ ਕਾਲ ਤੋਂ ਹੀ ਇਸ ਇਲਾਕੇ ਵਿਚ ਅਧਿਆਤਮ ਮਾਰਗ ਦੇ ਪਾਂਧੀਆਂ ਨੇ ਪ੍ਰਭੂ ਭਗਤੀ ਦਾ ਆਨੰਦ ਮਾਣਦੇ ਹੋਏ ਇਸ ਧਰਤੀ ਨੂੰ ਭਾਗ ਲਾਏ ਸਨ। *ਤਵਾਰੀਖ ਗੁਰੂ ਖਾਲਸਾ* ਵਿਚ ਗੁਰੂ ਨਾਨਕ ਦੇਵ ਜੀ ਦਾ ਇਸ ਅਸਥਾਨ ਤੇ ਆਉਣ ਸੰਬੰਧੀ ਹਵਾਲਾ ਮਿਲਦਾ ਹੈ। ਕਰਤਾ ਲਿਖਦਾ ਹੈ ਕਿ, ਫਤਿਆਬਾਦ ਤੋਂ ਚੱਲ ਕੇ ਗੁਰੂ ਜੀ ਸੁਲਤਾਨਵਿੰਡ ਦੀ ਜੂਹ ਵਿਚ ਜਿੱਥੇ ਹੁਣ ਅੰਮ੍ਰਿਤਸਰ ਹੈ ਪਹੁੰਚੇ ਸਨ। ਪਾਣੀ ਦੀ ਢਾਬ ਦੇ ਕਿਨਾਰੇ ਹਰੀਜਸ ਕੀਰਤਨ ਕੀਤਾ ਅਤੇ ਬਚਨ ਹੋਇਆ "ਏਥੇ ਭੋਗ ਮੋਖ ਦਾ ਪ੍ਰਵਾਹ ਚੱਲੇਗਾ।"[38]

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਦੇਵ ਜੀ ਇਸ ਸਥਾਨ ਦੀ ਸਥਾਪਨਾ ਸੰਬੰਧੀ ਪਹਿਲਾ ਹੀ ਸੰਕੇਤ ਦੇ ਗਏ ਸਨ।

- **ਨਗਰ ਦੀ ਸਥਾਪਨਾ**

ਗੁਰੂ ਅਮਰਦਾਸ ਜੀ ਨੇ ਆਪਣੇ ਗੁਰਿਆਈ ਕਾਲ ਦੌਰਾਨ ਰਾਮਦਾਸ (ਗੁਰੂ) ਜੀ ਪਾਸੋਂ ਇਸ ਨਗਰ ਨੂੰ ਵਸਾਉਣ ਦਾ ਕਾਰਜ ਸ਼ੁਰੂ ਕਰਵਾ ਦਿੱਤਾ ਸੀ। ਇਸ ਨਗਰ ਦੀ ਸਥਾਪਨਾ ਸੰਬੰਧੀ ਵਿਦਵਾਨਾਂ ਨੇ ਵੱਖ-ਵੱਖ ਪੱਖ ਪੇਸ਼ ਕੀਤੇ ਹਨ। ਕਵੀ ਸੰਤੋਖ ਸਿੰਘ ਅਨੁਸਾਰ ਮੁਗਲ ਬਾਦਸ਼ਾਹ ਅਕਬਰ ਸਿੱਖ ਸਿਧਾਂਤਾ ਤੋਂ ਪ੍ਰਭਾਵਿਤ ਹੋ ਕੇ ਗੋਇੰਦਵਾਲ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਲਈ ਆਇਆ ਸੀ। ਦਰਸ਼ਨ ਕਰਨ ਉਪਰੰਤ ਉਸ ਨੇ ਪ੍ਰਸੰਨ ਚਿਤ ਹੋ ਕੇ ਕਈ ਪਿੰਡਾਂ ਦਾ ਪਟਾ ਭੇਟ ਕੀਤਾ ਸੀ। ਪਹਿਲਾਂ ਤਾਂ ਗੁਰੂ ਜੀ ਨੇ ਇਹ ਪੇਸ਼ਕਸ਼ ਪਰਵਾਨ ਨਾ ਕੀਤੀ, ਪਰ ਬਾਅਦ ਵਿਚ ਬਾਦਸ਼ਾਹ ਆਪਣੀ ਇੱਜ਼ਤ ਦਾ ਵਾਸਤਾ ਪਾ ਕੇ ਬੇਨਤੀਆਂ ਕਰਨ ਲੱਗਾ ਤਾਂ

ਦਇਆਲਤਾ ਦੇ ਸਮੁੰਦਰ ਗੁਰੂ ਅਮਰਦਾਸ ਜੀ ਨੇ ਇਹ ਤੋਹਫ਼ਾ ਪਰਵਾਨ ਕਰ ਲਿਆ ਸੀ। ਇਹ ਪਿੰਡਾਂ ਦਾ ਸਮੂਹ ਝਬਾਲ ਨਗਰ ਵਾਲੀ ਬੀੜ ਦੇ ਪਾਸ ਸੀ:

ਪਟਾ ਪਰਗਨੇ ਕੋ ਲਿਖ ਦੀਨ। 'ਰਹੈਂ ਗ੍ਰਾਮ ਸਭਿ ਗੁਰੂ ਅਧੀਨ'।

ਆਦਿ ਝਭਾਲ ਬੀੜ ਜਹਿਂ ਕਰਯੋ। ਬਹੁਤੇ ਗ੍ਰਾਮ ਅਰਪ ਮੁਦ ਭਰਯੋ।

ਅਪਨੋ ਜਨਮ ਸਕਾਰਥ ਜਾਨਾ। ਗੁਰ ਘਰ ਕੀ ਭੀ ਸੇਵ ਮਹਾਂਨਾ।[39]

ਕੇਸ਼ਰ ਸਿੰਘ ਛਿੱਬਰ ਨੇ ਬਾਦਸ਼ਾਹ ਅਕਬਰ ਦੁਆਰਾ ਇਹਨਾਂ ਪਿੰਡਾਂ ਦੀ ਗਿਣਤੀ 12 ½ ਦੱਸੀ ਗਈ ਹੈ:

ਡੇਰਾ ਆਇਆ ਗੋਇੰਦਵਾਲ। ਅਕਬਰੁ ਸੁਣਿਆ ਫਕੀਰ ਹੈ ਇਥੇ ਮਸਤ ਹਵਾਲ।

ਗੁਰੂ ਅਮਰਦਾਸ ਕੋ ਦੇਖਣ ਆਇਆ। ਕਹਿਆ ਜੀ ਫਕੀਰ ਸਾਈਂ ਕੁਛ ਕਹੋ ਫੁਰਮਾਇਆ।

ਬਚਨ ਕੀਤਾ ਚਾਹ ਕੁਛ ਨਹੀਂ ਹਮਾਰੇ। ਰਾਮਦਾਸ ਜੀ ਚਾਹ ਕੇ ਬਚਨ ਉਚਾਰੇ।

ਤਾਂ ਤੇ ਜਿਮੀ ਕੁਛ ਲਈ/ਲਿਖਾਈ। ਪਟੀ ਕੀ ਤਪਾ ਤਿਸ ਵਿਚੋ ਦਿਵਾਈ।

ਗਾਉਂ ਸਾਢੇ ਬਾਰਾਂ ਆਏ ਵਿਚਿ। ਸੋ ਇਨਾ ਵਖਰੇ ਕਢਿ ਲੀਤੇ ਪਟੀ ਵਿਚੋ ਖਿਚਿ।[40]

ਬਾਦਸ਼ਾਹ ਅਕਬਰ ਦੇ ਸੰਬੰਧੀ ਇਹ ਗੱਲ ਪ੍ਰਚਲਿਤ ਸੀ ਕਿ ਉਹ ਹਰੇਕ ਧਾਰਮਿਕ ਅਸਥਾਨ ਤੇ ਨੰਗੇ ਪੈਰੀ ਜਾਂਦਾ ਸੀ ਅਤੇ ਕੁਝ ਨਾ ਕੁਝ ਭੇਟਾ ਵੀ ਜ਼ਰੂਰ ਦਿੰਦਾ ਸੀ। ਹਿੰਮਤ ਸਿੰਘ ਸੋਢੀ ਇਸ ਕਥਨ ਦੀ ਪੁਸ਼ਟੀ ਸੰਬੰਧੀ ਲਿਖਦੇ ਹਨ ਕਿ 1567 ਈ. ਵਿਚ ਬਾਦਸ਼ਾਹ ਅਕਬਰ ਗੋਇੰਦਵਾਲ ਆਇਆ ਅਤੇ ਪੰਗਤ ਵਿਚ ਬੈਠ ਕੇ ਲੰਗਰ ਛਕਿਆ ਸੀ। ਇੱਥੋਂ ਦੇ ਪ੍ਰਬੰਧ ਤੋਂ ਪ੍ਰਭਾਵਿਤ ਹੋ ਕੇ ਬਾਦਸ਼ਾਹ ਨੇ ਲੰਗਰ ਦੇ ਖਰਚ ਲਈ 12 ਪਿੰਡਾਂ ਦੀ ਜਾਗੀਰ ਗੁਰੂ ਜੀ ਦੇ ਇਨਕਾਰ ਕਰਨ ਦੇ ਬਾਅਦ ਬੀਬੀ ਭਾਨੀ ਦੇ ਨਾਂ ਲਿਖਾ ਦਿੱਤੀ ਸੀ। ਕਹਿੰਦੇ ਹਨ ਕਿ ਇਹ ਪਟਾ ਗੁਰੂ ਘਰ ਦੇ ਆਲੇ ਵਿਚ ਹੀ ਪਿਆ ਰਿਹਾ ਅਤੇ ਗੁਰੂ ਜੀ ਨੇ ਕਦੇ ਵੀ ਇਸ ਨੂੰ ਨਹੀਂ ਵਰਤਿਆ।[41]

*ਬੰਸਾਵਲੀਨਾਮਾ* ਦੇ ਸੰਪਾਦਕ ਨੇ ਲਿਖਿਆ ਹੈ ਕਿ ਉਸ ਸਮੇਂ ਜਾਗੀਰ ਵਿਘਿਆਂ ਜਾਂ ਪ੍ਰਾਪਤ ਲਗਾਨ ਦੀ ਰਾਸ਼ੀ ਅਨੁਸਾਰ ਦਿੱਤੀ ਜਾਂਦੀ ਸੀ, ਪਿੰਡਾਂ ਦੀ ਗਿਣਤੀ ਵਾਲਾ ਕਥਨ ਸਰਕਾਰੀ ਨਿਯਮਾਂ ਅਨੁਸਾਰ ਠੀਕ ਨਹੀਂ ਜਾਪਦਾ।[42]

ਗੁਰੂ ਅਮਰਦਾਸ ਜੀ ਨੇ ਰਾਮਦਾਸ(ਗੁਰੂ) ਜੀ ਅਤੇ ਪ੍ਰਮੁੱਖ ਸਿੱਖਾਂ ਨੂੰ ਨਵੇਂ ਨਗਰ ਦੀ ਸਥਾਪਨਾ ਸੰਬੰਧੀ ਨਿਸਾਨੀਆਂ ਦੱਸ ਕੇ ਕਾਰਜ ਆਰੰਭ ਕਰਨ ਲਈ ਭੇਜਿਆ ਸੀ। ਸੁਲਤਾਨਵਿੰਡ ਦੇ ਪੱਛਮ ਵਾਲੀ ਦਿਸ਼ਾ ਵੱਲ ਪਿੰਡ ਦੀ ਮੋੜ੍ਹੀ ਗੱਡੀ ਗਈ ਅਤੇ ਇਸ ਨਗਰ ਦਾ ਨਾਮ 'ਗੁਰੂ ਕਾ ਚੱਕ' ਰੱਖਿਆ। *ਸੂਰਜ ਪ੍ਰਕਾਸ਼ ਗ੍ਰੰਥ* ਅਨੁਸਾਰ

> ਗਾਢੋ ਮੋੜ੍ਹਾ ਗਾਡ ਖਰਯੋ ਹੈ। ਨਾਮ 'ਗੁਰੂ ਕਾ ਚੱਕ' ਧਰਯੋ ਹੈ।
>
> ਈਂਟੈ ਕੇਤਿਕ ਤਹਾਂ ਪਕਾਇ। ਸਦਨ ਚਿਨਾਵਨ ਕੀਨਿ ਬਨਾਇ।[43]

*ਮਹਿਮਾ ਪ੍ਰਕਾਸ਼* ਦਾ ਕਰਤਾ ਲਿਖਦਾ ਹੈ ਕਿ ਗੁਰੂ ਰਾਮਦਾਸ ਜੀ ਆਪਣੀ ਮਾਝੇ ਇਲਾਕੇ ਦੀ ਫੇਰੀ ਦੌਰਾਨ ਸੁਲਤਾਨਵਿੰਡ ਨਗਰ ਦੇ ਪਾਸ ਪਹੁੰਚੇ ਸਨ। ਇੱਥੇ ਬਹੁਤ ਸਾਰੀ ਖਾਲੀ ਪਈ ਜ਼ਮੀਨ ਨੂੰ ਦੇਖ ਕੇ ਗੁਰੂ ਜੀ ਨੇ ਇਕ ਨਵੇਂ ਨਗਰ ਦੀ ਸਥਾਪਨਾ ਕਰਨ ਦਾ ਮਨ ਬਣਾਇਆ। ਸਭ ਤੋਂ ਪਹਿਲਾਂ ਇਸ ਅਸਥਾਨ ਤੇ ਸਰੋਵਰ ਦੀ ਖੁਦਵਾਈ ਦਾ ਕਾਰਜ ਆਰੰਭ ਕਰਵਾ ਕੇ ਇਸ ਨਗਰ ਦੀ ਸਥਾਪਨਾ ਕੀਤੀ। ਗੁਰੂ ਜੀ ਨੇ ਇਸ ਸਰੋਵਰ ਦਾ ਨਾਮ 'ਅੰਮ੍ਰਿਤਸਰ' ਰੱਖਿਆ।

> ਅਮ੍ਰਿਤ ਦ੍ਰਿਸਟਿ ਤਾਹ ਪਰ ਕਰੀ। ਪੂਰਨ ਭਰਿਓ ਅਮ੍ਰਿਤ ਤਹਿ ਕਰੀ।
>
> ਭਗਤ ਸਰੋਵਰ ਅਮ੍ਰਿਤ ਭਰਾ। ਗੁਰ ਸ੍ਰੀਮੁਖ ਨਾਮ ਅਮ੍ਰਿਤਸਰੁ ਧਰਾ।[44]

ਸ਼ਾਇਦ ਇਸ ਸਰੋਵਰ ਦੇ ਨਾਮ ਉੱਪਰ ਹੀ ਬਾਅਦ ਵਿਚ ਇਸ ਨਗਰ ਦਾ ਨਾਮ ਵੀ ਅੰਮ੍ਰਿਤਸਰ ਪੈ ਗਿਆ ਹੋਵੇ। *ਬੰਸਾਵਲੀਨਾਮਾ* ਵਿਚ ਲਿਖਿਆ ਮਿਲਦਾ ਹੈ ਕਿ ਅਕਬਰ ਬਾਦਸ਼ਾਹ ਨੇ ਗੁਰੂ ਅਮਰਦਾਸ ਜੀ ਨੂੰ ਬਾਰਾਂ ਪਿੰਡਾਂ ਦੀ ਜ਼ਮੀਨ ਭੇਂਟ ਕੀਤੀ ਸੀ। ਉਸ ਜ਼ਮੀਨ ਵਿਚ ਹੀ ਗੁਰੂ ਰਾਮਦਾਸ ਜੀ ਨੇ ਸੰ.1634 (1576 ਈ.) ਵਿਚ 'ਗੁਰੂ ਕਾ ਚੱਕ' ਨਗਰ ਦੀ ਸਥਾਪਨਾ ਕੀਤੀ।[45]

*ਤਵਾਰੀਖ ਗੁਰੂ ਖ਼ਾਲਸਾ* ਅਨੁਸਾਰ ਇਸ ਅਸਥਾਨ ਦੀ ਸਥਾਪਨਾ (ਗੁਰੂ) ਰਾਮਦਾਸ ਜੀ ਦੁਆਰਾ ਸੰ.1627 (1570 ਈ.) ਵਿਚ ਕੀਤੀ ਗਈ। ਉਸ ਸਮੇਂ ਸੁਲਤਾਨਵਿੰਡ, ਤੁੰਗ, ਗੁਮਟਾਲਾ ਅਤੇ ਗਿਲਵਾਲੀ ਇਹਨਾਂ ਚਾਰ ਪਿੰਡਾਂ ਦੇ ਲੋਕਾਂ ਦੀ ਸਹਿਮਤੀ ਨਾਲ ਨਗਰ ਦਾ ਮੁੱਢ ਬੰਨ੍ਹ ਕੇ 'ਰਾਮਦਾਸਪੁਰ' ਨਾਮ ਰੱਖਿਆ।[46] ਗੁਰੂ ਰਾਮਦਾਸ ਜੀ ਦੁਆਰਾ ਵਸਾਉਣ ਕਰਕੇ ਇਸ ਨਗਰੀ ਨੂੰ 'ਰਾਮਦਾਸਪੁਰ' ਦੇ ਨਾਂ ਨਾਲ ਵੀ ਜਾਣਿਆ ਜਾਣ ਲੱਗਾ ਸੀ। *ਮਹਾਨ ਕੋਸ਼* ਅਨੁਸਾਰ ਸੰ. 1631 (1574 ਈ.) ਗੁਰੂ ਅਮਰਦਾਸ ਜੀ ਦੀ ਆਗਿਆ ਨਾਲ

(ਗੁਰੂ) ਰਾਮਦਾਸ ਜੀ ਨੇ 'ਗੁਰੂ ਕਾ ਚੱਕ' ਪਿੰਡ ਦੀ ਨੀਂਹ ਰੱਖੀ ਸੀ।[47] *ਗੁਰ ਪ੍ਰਣਾਲੀਆਂ* ਵਿਚ ਜਿਕਰ ਆਇਆ ਹੈ ਕਿ ਗੋਇੰਦਵਾਲ ਤੋਂ ਚੱਲ (ਗੁਰੂ) ਰਾਮਦਾਸ ਜੀ ਨੇ ਸੰ.1633 (1576 ਈ.) 'ਗੁਰੂ ਕਾ ਚੱਕ' ਦੀ ਨੀਂਹ ਰੱਖੀ।[48] *ਅੰਮ੍ਰਿਤਸਰ ਦੀ ਤਵਾਰੀਖ* ਅਨੁਸਾਰ ਸੰ.1621 (1564 ਈ.) ਵਿਚ ਅੰਮ੍ਰਿਤਸਰ ਸਾਹਿਬ ਦੀ ਨੀਂਹ ਰੱਖੀ ਗਈ।[49]

ਨਗਰ ਦੀ ਨੀਂਹ ਰੱਖੇ ਜਾਣ ਤੋਂ ਬਾਅਦ ਆਸ-ਪਾਸ ਦੇ ਇਲਾਕੇ ਦੀਆਂ ਸੰਗਤਾਂ ਇਸ ਨਵੀਂ ਬਣੀ ਨਗਰੀ ਵਿਚ ਵਾਸਾ ਕਰਨ ਲਈ ਆਉਣ ਲੱਗੀਆਂ। ਵਸੋਂ ਦੀ ਗਿਣਤੀ ਵਿਚ ਹੋ ਰਹੇ ਵਾਧੇ ਨੂੰ ਦੇਖਦੇ ਹੋਏ ਗੁਰੂ ਰਾਮਦਾਸ ਜੀ ਨੇ 1577 ਈ. ਵਿਚ ਤੁੰਗ ਪਿੰਡ ਦੇ ਨਿਵਾਸੀਆਂ ਪਾਸੋਂ 700 ਅਕਬਰੀ ਰੁਪਇਆਂ ਦੇ ਬਦਲੇ 500 ਵਿਘੇ ਜ਼ਮੀਨ ਖਰੀਦੀ ਸੀ।[50] ਇਸ ਕਥਨ ਨਾਲ ਗੰਡਾ ਸਿੰਘ ਨੇ ਸਹਿਮਤੀ ਪ੍ਰਗਟ ਕਰਦੇ ਹੋਏ *ਗਜ਼ਟੀਅਰ* ਦੇ ਹਵਾਲੇ ਨਾਲ ਲਿਖਿਆ ਹੈ ਕਿ 1577 ਈ. ਵਿਚ ਗੁਰੂ ਜੀ ਨੇ ਅੰਮ੍ਰਿਤਸਰ ਸ਼ਹਿਰ ਦੀ ਥਾਂ ਅਤੇ ਨਾਲ ਲਗਦੀ 500 ਵਿੱਘੇ ਜ਼ਮੀਨ ਅਕਬਰ ਤੋਂ ਜਾਗੀਰ ਵਿਚ ਲਈ ਸੀ ਤੇ ਉਸ ਦੇ ਬਦਲੇ ਤੁੰਗ ਪਿੰਡ ਦੇ ਜ਼ਿਮੀਦਾਰਾਂ ਨੂੰ, ਜੋ ਉਸ ਜ਼ਮੀਨ ਦੇ ਮਾਲਕ ਸਨ, 700 ਅਕਬਰੀ ਰੁਪਏ ਦਿਤੇ।[51] ਸਥਾਪਨਾ ਸੰਬੰਧੀ ਜੀਤ ਸਿੰਘ ਸੀਤਲ ਲਿਖਦਾ ਹੈ ਕਿ ਸੰਤੋਖਸਰ ਸਰੋਵਰ ਦੀ ਖੁਦਵਾਈ ਤੋਂ ਦਸ ਸਾਲ ਬਾਅਦ ਗੁਰੂ ਰਾਮਦਾਸ ਜੀ ਨੇ ਸੰ. 1631(1574 ਈ.) ਨੂੰ 'ਚਕ ਗੁਰੂ' ਦੀ ਨੀਂਹ ਰੱਖੀ ਸੀ।[52]

ਫੌਜਾ ਸਿੰਘ ਨੇ ਵਿਦਵਾਨਾਂ ਦੇ ਇਸ ਮੱਤਭੇਦ ਸੰਬੰਧੀ ਸਿੱਟੇ ਵਜੋਂ ਸਾਹਮਣੇ ਆਏ ਪੰਜ ਪੱਖ ਇਸ ਪ੍ਰਕਾਰ ਪੇਸ਼ ਕੀਤੇ ਹਨ:

i. "Though the land was granted by the Emperor, some payment had to be made to the villagers of Tung in order to get its possession.

ii. The land had to be purchased as it lay outside the land granted by the Emperor.

iii. The land was first purchased by the Guru but later it was rendered rent-free by Akbar's orders.

iv. The land was purchased and there was no official grant pertaining to it.

v. The land was grante and no payment had to be made to anybody for it."[53]

ਉਪਰੋਕਤ ਸਰੋਤਾਂ ਦੇ ਹਵਾਲੇ ਨਾਲ ਇਹ ਗੱਲ ਤਾਂ ਸਪਸ਼ਟ ਹੈ ਕਿ ਗੁਰੂ ਰਾਮਦਾਸ ਜੀ ਦੁਆਰਾ ਇਸ ਸ਼ਹਿਰ ਦੀ ਸਥਾਪਨਾ ਕੀਤੀ ਗਈ। ਕਿਸ ਸਮੇਂ ਕੀਤੀ ਗਈ ਇਸ ਸੰਬੰਧੀ ਵਿਦਵਾਨਾਂ ਵਿਚ ਕਾਫ਼ੀ ਮੱਤਭੇਦ ਹੈ। ਉਕਤ ਦੇ ਵਿਸ਼ਲੇਸ਼ਣ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਜੀ ਦੁਆਰਾ ਜ਼ਮੀਨ ਇਲਾਕਾ ਨਿਵਾਸੀਆਂ ਪਾਸੋਂ ਮੁੱਲ ਲੈਣੀ ਵਧੇਰੇ ਠੀਕ ਜਾਪਦਾ ਹੈ, ਕਿਉਂਕਿ ਮੁੱਢ ਤੋਂ ਹੀ ਗੁਰੂ ਜੀ ਨੇ ਕੋਈ ਵੀ ਜਗ੍ਹਾ ਮੁਫ਼ਤ ਨਹੀਂ ਲਈ ਅਤੇ ਨਾ ਹੀ ਦਾਨ ਵਜੋਂ ਸਵੀਕਾਰ ਕੀਤੀ। ਹੋ ਸਕਦਾ ਹੈ ਕਿ ਬਾਦਸ਼ਾਹ ਅਕਬਰ ਨੇ ਜ਼ਮੀਨ ਭੇਟਾ ਕਰਨ ਲਈ ਬੇਨਤੀ ਕੀਤੀ ਹੋਵੇ, ਪਰ ਗੁਰੂ ਜੀ ਨੇ ਦੂਰਅੰਦੇਸ਼ੀ ਤੋਂ ਕੰਮ ਲੈਂਦੇ ਹੋਏ ਅਕਬਰ ਨੂੰ ਇਨਕਾਰ ਕਰ ਦਿੱਤਾ ਹੋਵੇ, ਕਿਉਂਕਿ ਬਾਦਸ਼ਾਹ ਤੋਂ ਬਾਅਦ ਆਉਂਣ ਵਾਲੇ ਹੁਕਮਰਾਨ ਇਸ ਜ਼ਮੀਨ 'ਤੇ ਆਪਣਾ ਹੱਕ ਸਮਝ ਕੇ ਗੁਰੂ ਜੀ ਨਾਲ ਝਗੜਾ ਕਰਨ, ਤਾਂ ਇਸ ਵਿਵਾਦ ਦੇ ਚੱਕਰਾਂ 'ਚ ਪੈਣ ਦੀ ਬਜਾਇ ਗੁਰੂ ਜੀ ਨੇ ਅਕਬਰ ਨੂੰ ਨਾਂਹ ਕਰ ਦਿੱਤੀ ਹੋਵੇਗੀ। ਗੁਰੂ ਜੀ ਦੁਆਰਾ ਇਲਾਕਾ ਨਿਵਾਸੀਆਂ ਪਾਸੋਂ ਜ਼ਮੀਨ ਮੁੱਲ ਖਰੀਦਣ ਦੀ ਗੱਲ ਵਧੇਰੇ ਠੀਕ ਜਾਪਦੀ ਹੈ। ਸਥਾਪਨਾ ਦੇ ਸਮੇਂ ਸੰਬੰਧੀ ਸਿੱਖ ਪਰੰਪਰਾ ਅਤੇ ਇਤਿਹਾਸਕ ਸਰੋਤਾਂ ਅਨੁਸਾਰ 1577 ਈ. ਦਾ ਸਮਾਂ ਠੀਕ ਜਾਪਦਾ ਹੈ।

ਇਸ ਸ਼ਹਿਰ ਦੇ ਵਿਕਾਸ ਲਈ ਗੁਰੂ ਸਾਹਿਬਾਨ ਦੁਆਰਾ ਕੀਤੇ ਕਾਰਜਾਂ ਦਾ ਜਿਕਰ ਨਿਮਨਾਨੁਸਾਰ ਹੈ:

- **ਨਗਰ ਦੀ ਉਸਾਰੀ**

ਗੁਰੂ ਅਮਰਦਾਸ ਜੀ ਦੁਆਰਾ ਰਾਮਦਾਸ (ਗੁਰੂ) ਜੀ ਨੂੰ ਨਗਰ ਵਸਾਉਣ ਸੰਬੰਧੀ ਸਭ ਤੋਂ ਪਹਿਲਾਂ ਜੋ ਹੁਕਮ ਹੋਇਆ, ਉਸ ਸੰਬੰਧੀ ਕਵੀ ਸੰਤੋਖ ਸਿੰਘ ਲਿਖਦੇ ਹਨ:

ਗ੍ਰਾਮ ਤੁੰਗ ਤੇ ਅਹੈ ਉਰੇਰੇ। ਗਿਲਵਾਲੀ ਤੇ ਲਖਹੁ ਪਰੇਰੇ।
ਹੈ ਸੁਲਤਾਨ ਪਿੰਡ ਜਿਸ ਨਾਮੂ। ਤਿਸ ਤੇ ਪਸਚਮ ਦਿਸ ਅਭਿਰਾਮੂ।
ਤਹਾਂ ਜਾਇ ਕਰ ਗ੍ਰਾਮ ਬਸਾਵਹੁ। ਸੁੰਦਰ ਅਪਣੇ ਸਦਨ ਬਨਾਵਹੁ।
ਜਿਤਿਕ ਦਰਬ ਲਾਗੈ ਤਿਸ ਥਾਨੁ। ਸੋ ਸਭਿ ਲੇਹੁ ਬ੍ਰਿਧ ਤੇ ਪਾਨੁ।
ਜਬਹਿ ਸਦਨ ਤਹਿੰ ਲੇਹੁ ਚਿਨਾਇ। ਤਿਸ ਕੇ ਪੂਰਬ ਦਿਸ਼ ਤਬ ਜਾਇ।

ਤਹਾਂ ਬੈਠਿ ਤੀਰਥ ਬਨਵਾਵਹੁ। ਚਾਰਹੁ ਦਿਸ ਦੇ ਭਲੇ ਬਨਾਵਹੁ।[54]

ਇਸ ਤਰ੍ਹਾਂ ਗੁਰੂ ਹੁਕਮ ਦੀ ਪਾਲਣਾ ਕਰਦੇ ਹੋਏ ਰਾਮਦਾਸ (ਗੁਰੂ) ਜੀ ਨੇ ਅੰਮ੍ਰਿਤਸਰ ਦੀ ਨੀਂਹ ਰੱਖਣ ਤੋਂ ਬਾਅਦ ਆਪਣੇ ਨਿਵਾਸ ਲਈ ਸੁੰਦਰ ਮਕਾਨ ਤਿਆਰ ਕਰਵਾਇਆ, ਜਿਸ ਨੂੰ 'ਗੁਰੂ ਕੇ ਮਹਿਲ' ਨਾਂ ਨਾਲ ਜਾਣਿਆ ਜਾਂਦਾ ਹੈ। ਨਗਰ ਦੀ ਮੋੜ੍ਹੀ ਵੀ ਇਸੇ ਸਥਾਨ 'ਤੇ ਹੀ ਗੱਡੀ ਗਈ ਸੀ। *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਵਿਚ ਜਿਕਰ ਮਿਲਦਾ ਹੈ ਕਿ (ਗੁਰੂ) ਰਾਮਦਾਸ ਜੀ ਨੇ 'ਗੁਰੂ ਕਾ ਚੱਕ' ਦੀ ਨੀਂਹ ਰੱਖਣ ਤੋਂ ਬਾਅਦ ਆਪਣੇ ਅਤੇ ਸਿੱਖ ਸੰਗਤਾਂ ਦੇ ਨਿਵਾਸ ਲਈ ਮਕਾਨ ਤਿਆਰ ਕਰਵਾਏ ਸਨ। ਨਵੇਂ ਘਰਾਂ ਦੀ ਉਸਾਰੀ ਲਈ ਘੁਮਿਆਰ ਸੱਦ ਕੇ ਆਵੇ ਲਗਵਾਏ ਗਏ। ਉਸ ਸਮੇਂ ਇਸ ਨਗਰ ਨੂੰ 'ਚੱਕ ਗੁਰੂ', 'ਚੱਕ ਰਾਮਦਾਸ' ਜਾਂ 'ਰਾਮਦਾਸਪੁਰਾ' ਦੇ ਨਾਂ ਨਾਲ ਜਾਣਿਆ ਜਾਂਦਾ ਸੀ।[55] ਨਗਰ ਦੇ ਨਾਮ ਸੰਬੰਧੀ ਖ਼ਜ਼ਾਨ ਸਿੰਘ ਲਿਖਦੇ ਹਨ ਕਿ "ਚੱਕ ਗੁਰੂ, ਗੁਰੂ ਕਾ ਚੱਕ, ਚੱਕ ਰਾਮ ਦਾਸ, ਰਾਮਦਾਸਪੁਰ, ਅੰਮ੍ਰਿਤਸਰ ਦੇ ਪੂਰਵ ਤੇ ਸਦੀਵੀ ਰੂਪ ਹਨ; 'ਚੱਕ ਗੁਰੂ', ਤੇ ਅੰਮ੍ਰਿਤਸਰ ਦਾ ਅੰਤਿਮ ਤੇ ਅਟੱਲ ਰੂਪ ਹੈ।[56] ਸਿੱਖ ਸੰਗਤਾਂ ਨੇ ਥੋੜੇ ਸਮੇਂ ਵਿਚ ਹੀ ਮਕਾਨਾਂ ਦੀ ਉਸਾਰੀ ਕਰਵਾ ਕੇ ਨਗਰ ਵਿਚ ਨਿਵਾਸ ਕਰਨਾ ਸ਼ੁਰੂ ਕਰ ਦਿੱਤਾ ਸੀ:

ਗਾਢੋ ਮੋੜ੍ਹਾ ਗਾਡ ਖਰਯੋ ਹੈ। ਨਾਮ 'ਗੁਰੂ ਕੋ ਚੱਕ'ਧਰਯੋ ਹੈ।

ਈਂਟੈ ਕੇਤਿਕ ਤਹਾਂ ਪਕਾਇ। ਸਦਨ ਚਿਨਾਵਨ ਕੀਨਿ ਬਨਾਇ[57]

ਇਸ ਤਰ੍ਹਾਂ ਨਗਰ ਦੀ ਸਥਾਪਨਾ ਤੋਂ ਬਾਅਦ ਰਿਹਾਇਸ਼ੀ ਮਕਾਨਾਂ ਦਾ ਕੰਮ ਵੀ ਮੁਕੰਮਲ ਕਰ ਲਿਆ ਗਿਆ ਸੀ। ਗੁਰਿਆਈ ਪ੍ਰਾਪਤ ਕਰ ਕੇ ਗੁਰੂ ਰਾਮਦਾਸ ਜੀ ਪਰਿਵਾਰ ਸਮੇਤ ਅੰਮ੍ਰਿਤਸਰ ਆ ਕੇ ਪੱਕੇ ਤੌਰ ਤੇ ਨਿਵਾਸ ਕਰਨ ਲੱਗੇ ਸਨ। ਗੁਰੂ ਹਰਿਗੋਬਿੰਦ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੁਆਰਾ ਇਹਨਾਂ ਮਕਾਨਾਂ ਵਿਚ ਨਿਵਾਸ ਕਰਨ ਦਾ ਜਿਕਰ ਮਿਲਦਾ ਹੈ।[58] ਥੋੜ੍ਹ ਸਮੇਂ ਵਿਚ ਹੀ ਗੁਰੂ ਕੀ ਨਗਰੀ ਆਬਾਦ ਹੋ ਗਈ ਸੀ। ਸੰਗਤਾਂ ਦੂਰੋ-ਨੇੜਿਓ ਆ ਕੇ ਇਸ ਨਗਰ ਵਿਚ ਨਿਵਾਸ ਕਰਨ ਲੱਗੀਆਂ ਜਿਸ ਨਾਲ ਇਸ ਨਗਰ ਦੀ ਰੌਣਕ ਵਿਚ ਹੋਰ ਵਾਧਾ ਹੋਇਆ। ਗੁਰੂ ਰਾਮਦਾਸ ਜੀ ਪੂਰੀ ਵਿਉਂਤਬੰਦੀ ਨਾਲ ਇਸ ਨਗਰ ਦੀ ਉਸਾਰੀ ਦਾ ਕਾਰਜ ਕਰਵਾ ਰਹੇ ਸਨ। ਨਗਰ ਵਿਚ ਵਸ ਰਹੇ ਸਿੱਖਾਂ ਅਤੇ ਬਾਹਰੋ ਆਏ ਯਾਤਰੂਆਂ ਦੀਆਂ ਜੀਵਨ ਲੋੜਾਂ ਨੂੰ ਪੂਰਾ ਕਰਨ ਲਈ ਗੁਰੂ ਜੀ ਨੇ ਜਲਦ ਹੀ ਇਸ ਨਗਰੀ ਵਿਚ ਬਾਜ਼ਾਰ ਤਿਆਰ ਕਰਵਾ ਦਿੱਤਾ ਸੀ, ਜਿਸਨੂੰ 'ਗੁਰੂ ਕਾ ਬਾਜ਼ਾਰ' ਦੇ ਨਾਂ ਨਾਲ ਅੱਜ ਵੀ ਜਾਣਿਆ ਜਾਂਦਾ ਹੈ। 52 ਕਿਸਮ ਦੇ ਕਿੱਤਾਕਾਰਾਂ ਨੂੰ ਇਸ ਨਗਰ ਵਿਚ ਵਸਣ

ਲਈ ਅਤੇ ਗੁਰੂ ਕੀ ਮੰਡੀ ਵਿਚ, ਜਿਸ ਨੂੰ 'ਗੁਰੂ ਕਾ ਬਾਜ਼ਾਰ' ਕਹਿੰਦੇ ਹਨ, ਆਪਣੇ ਕਾਰੋਬਾਰ ਖੋਲਣ ਲਈ ਹਰ ਵਰਗ ਦੇ ਪ੍ਰਾਣੀਆਂ ਨੂੰ ਸੱਦਿਆ ਗਿਆ।[59] ਗੁਰਬਾਣੀ ਵਿਚ ਇਸ ਗੱਲ ਦੀ ਗਵਾਹੀ ਮਿਲਦੀ ਹੈ ਕਿ ਜਲਦੀ ਹੀ ਰਾਮਦਾਸਪੁਰ ਦੀ ਆਬਾਦੀ ਸੰਘਣੀ ਹੋ ਗਈ ਅਤੇ ਲੋਕ ਖੁਸ਼ਹਾਲੀ ਭਰਿਆ ਜੀਵਨ ਬਤੀਤ ਕਰਨ ਲੱਗੇ। ਫੁਰਮਾਨ ਹੈ:

ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ॥[60]

ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰੀ ਕਵੀ ਕੰਕਣ ਨੇ ਇਸ ਸ਼ਹਿਰ ਦੇ ਵਿਕਾਸ ਸੰਬੰਧੀ ਇਸ ਪ੍ਰਕਾਰ ਲਿਖਿਆ ਹੈ:

ਨਹਿ ਬਾਜ਼ਾਰਨ ਕੋ ਕਈ ਅੰਤ। ਐ ਕੂਪਨ ਕਾ ਕਛੁ ਨਹਿ ਸੁਮਾਰਾ।

ਤਹਿ ਅਨੇਕ ਬਸਹਿ ਧਨਵਾਨ। ਸਰਾਫ਼ ਕਹਾਵਤ ਓ ਬਨਜਾਰਾ।[61]

- **ਹਰਿਮੰਦਰ ਸਾਹਿਬ ਉਸਾਰੀ**

ਗੁਰੂ ਅਰਜਨ ਦੇਵ ਜੀ ਅੰਮ੍ਰਿਤਸਰ ਨਗਰੀ ਨੂੰ ਹੋਰ ਮਨਮੋਹਕ ਬਣਾਉਣ ਲਈ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾਈ ਸੀ। ਇਹ ਅਸਥਾਨ ਅੱਜ ਸਿੱਖਾਂ ਦਾ ਕੇਂਦਰੀ ਤੀਰਥ ਅਸਥਾਨ ਹੈ। *ਮਹਿਮਾ ਪ੍ਰਕਾਸ਼* ਦਾ ਕਰਤਾ ਲਿਖਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ ਹਰਿਮੰਦਰ ਤੀਰਥ ਦੀ ਰਚਨਾ ਕੀਤੀ ਅਤੇ ਦਰਸ਼ਨੀ ਡਿਉਢੀ ਵੀ ਤਿਆਰ ਕਰਵਾਈ।

ਸੁਧਾਸਰ ਸਧ ਹਰਿ ਮੰਦਰ ਸੋਹੇ। ਗੁਰ ਭਗਤਨ ਕੇ ਮਨ ਕ ਮੋਹੇ।

ਬਨਿਓ ਪਾਲ ਅਗ੍ਰ ਜਲ ਮਾਹੀ। ਦਿਨ ਪਰਸਿਓ ਤਿਸ ਜਮ ਭੇ ਨਾਹੀ।

ਪੁਨਿ ਦਰਸਨੀ-ਦੁਆਰ ਬਨਿਓ ਅਤ ਸਭਾ। ਜਿਸ ਦੇਖਤ ਸੁਰ ਨਰ ਮਨ ਲੋਭਾ।

ਗੁਰ ਸਰ ਸੋਭਾ ਰਖੀ ਨ ਜਾਇ। ਨਹੀ ਦੂਸਰ ਕਹਿ ਦਿਸਟਾਂਤ ਲਗਾਇ।[62]

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਦੇ ਅਨੁਸਾਰ ਹਰਿਮੰਦਰ ਸਾਹਿਬ ਦੀ ਉਸਾਰੀ ਲਈ ਕਾਰੀਗਰਾਂ ਨੂੰ ਅੰਮ੍ਰਿਤਸਰ ਬੁਲਾਇਆ ਗਿਆ। ਸਾਰੇ ਕਾਰੀਗਰਾਂ ਨੂੰ ਨਕਸ਼ਾ ਸਮਝਾਉਣ ਉਪਰੰਤ ਇਸ ਪਵਿੱਤਰ ਅਸਥਾਨ ਦੀ ਨੀਂਹ ਰੱਖੀ ਗਈ।

ਗਹੀ ਈਂਟ ਤਹਿਂ ਕਰੀ ਟਿਕਾਵਨ। ਮੰਦਰ ਅਵਿਚਲ ਨੀਵ ਰਖਾਵਨ।[63]

ਸਿੱਖਾਂ ਦੇ ਨਵੇਂ ਬਣ ਰਹੇ ਇਸ ਤੀਰਥ ਅਸਥਾਨ ਦੀ ਉਸਾਰੀ ਲਈ ਸੰਗਤਾਂ ਪੂਰੀ ਸ਼ਰਧਾ ਨਾਲ ਕਾਰ ਸੇਵਾ ਕਰਦੀਆਂ ਸਨ। ਚੂਨੇ ਨੂੰ ਚੰਗੀ ਤਰਾਂ ਪੀਸ ਕੇ ਵਧੀਆ ਮਸਾਲਾ ਤਿਆਰ ਕੀਤਾ ਜਾਂਦਾ ਜਿਸ ਵਿਚ ਮਜਬੂਤ ਕੰਧਾਂ ਦੀ ਚਣਾਈ ਹੁੰਦੀ। ਗੁਰੂ ਜੀ ਨੇ ਹਰਿਮੰਦਰ ਸਾਹਿਬ ਦੇ ਚਾਰੋਂ ਦਿਸ਼ਾਵਾਂ ਵਿਚ ਦਰਵਾਜ਼ੇ ਰਖਵਾਏ। ਹਰਿਮੰਦਰ ਸਾਹਿਬ ਦਾ ਨਕਸ਼ਾ ਗੁਰੂ ਜੀ ਦੁਆਰਾ ਖੁਦ ਤਿਆਰ ਕੀਤਾ ਗਿਆ ਸੀ।

ਹਰਿ ਮੰਦਰ ਇਸ ਰੀਤਿ ਬਨਾਵਹੁ। ਚਾਰ ਦਵਾਰ ਚਹੁੰ ਦਿਸਨ ਰਖਾਵਹੁ।
ਨਗਰ ਦਿਸ਼ਾ ਸਰ ਸੇਤ ਰਚੀਜਹਿ। ਦਵਾਰ ਦਰਸ਼ਨੀ ਸਰ ਤਟ ਕੀਜਹਿ।
ਹਰਿਮੰਦਰ ਕੀ ਕੁਰਸੀ ਸਾਰਹੁ। ਤਾਲ ਨੀਰ ਤੇ ਉਰਧ ਉਠਾਵਹੁ।
ਸਵਰਗ ਦਾਰੀਆਂ ਤਰੇ ਬਨਾਵਹੁ। ਪੂਰਬ ਦਿਸਿ ਹਰਿ ਪੌੜ ਚਿਨਾਵਹੁ।
ਚਹੁੰਦਿਸਿ ਕੀ ਪਰਕਰਮਾਂ ਕਰੀਅਹਿ। ਗਾਢੀ ਨੀਵ ਤਰੇ ਤੇ ਧਰੀਅਹਿ।
ਤਿਸ ਪਰ ਰੁਚਿਰ ਬੰਗਲਾ ਥਪਹਿ। ਕੰਚਨ ਤੇ ਚਹੁੰਦਿਸ ਮਹਿੰ ਦਿਪਹਿ।[64]

*ਤਵਾਰੀਖ ਗੁਰੂ ਖ਼ਾਲਸਾ* ਅਨੁਸਾਰ ਇਸ ਤੀਰਥ ਅਸਥਾਨ ਦੀ ਨੀਂਹ ਰੱਖਣ ਸਮੇਂ ਪਹਿਲੀ ਇੱਟ ਗੁਰੂ ਜੀ ਨੇ ਆਪ ਰੱਖੀ ਸੀ ਤਾਂ ਨੇੜੇ ਖੜੇ ਕਾਰੀਗਰ ਨੇ ਆਪਣੀ ਤਸੱਲੀ ਲਈ ਇੱਟ ਚੱਕ ਕੇ ਦੁਬਾਰਾ ਰੱਖ ਦਿੱਤੀ। ਅਜਿਹਾ ਹੋਣ ਤੋਂ ਬਾਅਦ ਗੁਰੂ ਜੀ ਨੇ ਬਚਨ ਕੀਤਾ ਕਿ, "ਇਹ ਮੰਦਰ ਉਖੜ ਕੇ ਫੇਰ ਬਣੇਗਾ"।[65] ਅਰਦਾਸਾ ਸੋਧਣ ਤੋਂ ਬਾਅਦ ਹਰਿਮੰਦਰ ਉਸਾਰੀ ਦਾ ਕਾਰਜ ਆਰੰਭ ਹੋਇਆ। ਗੁਰੂ ਜੀ ਨੇ ਸਭ ਨਿਕਟਵਰਤੀ ਸਿੱਖਾਂ ਨੂੰ ਉਸਾਰੀ ਕਰਵਾਉਣ ਦੀਆਂ ਵੱਖ-ਵੱਖ ਜ਼ੁੰਮੇਵਾਰੀਆਂ ਸੌਂਪੀਆਂ। ਬਾਬਾ ਬੁੱਢਾ ਜੀ ਨੂੰ ਨਿਗਰਾਨ ਦਾ ਕਾਰਜ, ਭਾਈ ਬਹਿਲੋ ਇੱਟਾਂ ਬਣਾਉਣ ਦਾ ਕੰਮ ਜਾਣਦਾ ਸੀ, ਉਸ ਨੂੰ ਇੱਟਾਂ ਦਾ ਕੰਮ ਦਿੱਤਾ, ਕਿਸੇ ਸਿੱਖ ਨੂੰ ਲੰਗਰ ਪ੍ਰਬੰਧ ਦੀ ਸੇਵਾ ਦਿੱਤੀ। ਇਸ ਤਰ੍ਹਾਂ ਗੁਰੂ ਜੀ ਸਭ ਸਿੱਖਾਂ ਨੂੰ ਸੇਵਾਵਾਂ ਬਖ਼ਸ਼ੀਆਂ। ਦੂਰ ਨੇੜੇ ਦੀਆਂ ਸੰਗਤਾਂ ਗੁਰੂ ਜੀ ਦੀ ਖੁਸ਼ੀ ਪ੍ਰਾਪਤ ਕਰਨ ਲਈ ਤਨ, ਮਨ ਅਤੇ ਧਨ ਨਾਲ ਕਾਰਜ ਕਰਦੀਆਂ ਸਨ। ਕਵੀ ਸੰਤੋਖ ਸਿੰਘ ਲਿਖਦੇ ਹਨ ਕਿ ਕਈ ਸਿੱਖ ਤਾਂ ਰਾਤ ਨੂੰ ਵੀ ਸੇਵਾ ਕਰਦੇ ਰਹਿੰਦੇ:

ਧਰੇ ਪ੍ਰੀਤਿ ਸਿਖ ਕਾਰ ਕਰੰਤੇ। ਕੋ ਨਿਸ ਮੈਂ ਭੀ ਲਗੇ ਰਹੰਤੇ।[66]

ਕਾਰਜ ਸੰਪੂਰਨ ਹੋਣ ਤੋਂ ਬਾਅਦ ਗੁਰੂ ਜੀ ਨੇ ਅਕਾਲ ਪੁਰਖ ਦੇ ਸ਼ੁਕਰਾਨੇ ਲਈ ਸੂਹੀ ਰਾਗ ਵਿਚ ਇਹ ਸ਼ਬਦ ਉਚਾਰਨ ਕੀਤਾ ਸੀ:

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥

ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥

ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ॥

ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ॥

ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ॥

ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ॥[67]......

ਹਰ ਵਰਗ ਦੇ ਪ੍ਰਾਣੀਆਂ ਨੂੰ ਬਿਨ੍ਹਾਂ ਕਿਸੇ ਭੇਦ-ਭਾਵ ਤੋਂ ਗੁਰੂ ਦਰਸ਼ਨਾਂ ਲਈ ਆਉਂਣ ਨਮਿਤ ਇਸ ਹਰੀ ਦੇ ਮੰਦਰ ਦੇ ਚਾਰ ਦਰਵਾਜੇ ਰੱਖੇ ਗਏ ਸਨ। ਇਸ ਤਰ੍ਹਾਂ ਗੁਰੂ ਜੀ ਨੇ ਜਗਤ ਕਲਿਆਣ ਹਿੱਤ ਸਿੱਖ ਸੰਗਤਾਂ ਦੀ ਸਹਾਇਤਾ ਨਾਲ ਇਹ ਹਰੀ ਦਾ ਮੰਦਰ ਉਸਾਰਿਆ। ਇਸ ਕਾਰਜ ਦੇ ਕਾਲ ਸੰਬੰਧੀ ਇਤਿਹਾਸਕਾਰਾਂ ਨੇ ਆਪੋ ਆਪਣੇ ਮਤ ਪੇਸ਼ ਕੀਤੇ ਹਨ। *ਬੰਨਸਾਵਲੀਨਾਮਾ* ਅਨੁਸਾਰ ਗੁਰੂ ਰਾਮਦਾਸ ਜੀ ਦੁਆਰਾ ਹਰਿਮੰਦਰ ਸਾਹਿਬ ਦਾ ਕਾਰਜ ਸੰ.1634 (1577 ਈ.) ਵਿਚ ਸ਼ੁਰੂ ਕਰਵਾਇਆ ਅਤੇ ਇਸੇ ਸਾਲ ਹੀ ਇਸ ਤੀਰਥ ਅਸਥਾਨ ਦਾ ਕਾਰਜ ਮੁਕੰਮਲ ਹੋਇਆ ਦੱਸਿਆ ਹੈ।[68] ਇਹਨੇ ਥੋੜੇ ਸਮੇਂ ਵਿਚ ਇਸ ਵਿਸ਼ਾਲ ਤੀਰਥ ਅਸਥਾਨ ਦਾ ਬਨਣਾ ਠੀਕ ਨਹੀਂ ਜਾਪਦਾ ਕਿਉਂਕਿ ਉਹਨਾਂ ਸਮਿਆਂ ਵਿਚ ਉਸਾਰੀ ਕਰਨ ਵਾਲੇ ਸਾਧਨ ਵੀ ਨਾ ਮਾਤਰ ਹੀ ਸਨ। *ਮਹਾਨ ਕੋਸ਼* ਅਨੁਸਾਰ ਇਸ ਪਵਿੱਤਰ ਤੀਰਥ ਅਸਥਾਨ ਦੀ ਨੀਂਹ ਗੁਰੂ ਅਰਜਨ ਦੇਵ ਜੀ ਦੁਆਰਾ ਸੰ.1645 (1588 ਈ.) ਰੱਖਵਾਈ ਗਈ ਅਤੇ ਸੰ. 1661 (1604 ਈ.) ਵਿਚ ਇਸ ਅਸਥਾਨ ਉੱਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਕੀਤਾ ਗਿਆ।[69] ਸਰੋਵਰ ਦੇ ਸੰਪੂਰਨ ਹੋਣ ਦੇ ਸਮੇਂ ਬਾਰੇ ਵਿਦਵਾਨ ਚੁੱਪ ਹੈ। ਸੁਰਜੀਤ ਸਿੰਘ ਗਾਂਧੀ ਗੁਰੂ ਜੀ ਦੀ ਉਸਤਤ ਵਿਚ ਲਿਖਦਾ ਹੈ-"The Construction of Harimandir started on 28 December, 1588 (1 Magh 1645 Bk). The architectural design of temple was planned by the Guru himself and is a standing tribute to his creative genius and imagination." [70]

*ਸਿੱਖ ਇਤਿਹਾਸ (1469-1765)* ਅਨੁਸਾਰ ਇਸ ਪਵਿੱਤਰ ਤੀਰਥ ਅਸਥਾਨ ਦੀ ਨੀਂਹ 1589 ਈ. ਵਿਚ ਗੁਰੂ ਅਰਜਨ ਦੇਵ ਜੀ ਨੇ ਸੂਫੀ ਫ਼ਕੀਰ ਮੀਆਂ ਮੀਰ ਪਾਸੋਂ ਰਖਵਾਈ ਸੀ।[71] *ਗੁਰ-ਇਤਿਹਾਸ*

*ਪਾਤਸ਼ਾਹੀ 2 ਤੋਂ 9* ਅਤੇ *ਗੁਰ-ਇਤਿਹਾਸ ਦਸ ਪਾਤਸ਼ਾਹੀਆਂ* ਵਿਚ ਇਸ ਅਸਥਾਨ ਦੀ ਨੀਂਹ ਗੁਰੂ ਅਰਜਨ ਦੇਵ ਜੀ ਦੁਆਰਾ ਮੀਆਂ ਮੀਰ ਪਾਸੋਂ 1588 ਈ. ਵਿਚ ਰਖਵਾਈ ਲਿਖਿਆ ਮਿਲਦਾ ਹੈ।[72] ਮੀਆਂ ਮੀਰ ਉਸ ਸਮੇਂ ਦੇ ਸੂਫੀ ਫਕੀਰਾਂ ਵਿਚੋਂ ਸਭ ਤੋਂ ਪ੍ਰਸਿੱਧ ਫਕੀਰ ਸਨ ਅਤੇ ਗੁਰੂ ਜੀ ਦੇ ਨਾਲ ਉਨ੍ਹਾਂ ਦਾ ਬਹੁਤ ਪ੍ਰੇਮ ਸੀ।

ਉਪਰੋਕਤ ਸਰੋਤਾਂ ਦੇ ਅਧਿਐਨ ਤੋਂ ਇਹ ਗੱਲ ਤਾਂ ਸਪੱਸ਼ਟ ਹੈ ਕਿ ਹਰਿਮੰਦਰ ਸਾਹਿਬ ਦੀ ਉਸਾਰੀ ਗੁਰੂ ਅਰਜਨ ਦੇਵ ਜੀ ਦੁਆਰਾ ਕਰਵਾਈ ਗਈ ਸੀ। ਇਸ ਅਸਥਾਨ ਦੀ ਨੀਂਹ ਰੱਖਣ ਸੰਬੰਧੀ ਵਿਦਵਾਨਾਂ ਦੇ ਦੋ ਪੱਖ ਸਾਹਮਣੇ ਆਏ ਹਨ। ਇਕ ਪੱਖ ਦੇ ਵਿਦਵਾਨਾਂ ਦਾ ਮੰਨਣਾ ਹੈ ਕਿ ਹਰਿਮੰਦਰ ਸਾਹਿਬ ਦੀ ਨੀਂਹ ਗੁਰੂ ਅਰਜਨ ਦੇਵ ਜੀ ਨੇ ਆਪ ਰੱਖੀ ਅਤੇ ਦੂਸਰੇ ਪੱਖ ਦੇ ਵਿਦਵਾਨ ਮੰਨਦੇ ਹਨ ਕਿ ਗੁਰੂ ਜੀ ਨੇ ਮੀਆਂ ਮੀਰ ਪਾਸੋਂ ਨੀਂਹ ਰਖਵਾਈ। ਗੁਰੂ ਜੀ ਦੁਆਰਾ ਨੀਂਹ ਰੱਖਣ ਦਾ ਕਥਨ ਸਾਨੂੰ ਵਧੇਰੇ ਸਹੀ ਜਾਪਦਾ ਹੈ, ਕਿਉਂਕਿ ਤਕਰੀਬਨ ਸਾਰੇ ਪੁਰਾਤਨ ਅਸਥਾਨਾਂ ਦੀ ਮੋੜ੍ਹੀ ਗੁਰੂ ਜੀ ਨੇ ਬਾਬਾ ਬੁੱਢਾ ਜੀ ਪਾਸੋਂ ਗਡਾਉਦੇਂ ਸਨ। ਇਹ ਵੀ ਹੋ ਸਕਦਾ ਹੈ ਕਿ ਉਸ ਸਮੇਂ ਸਾਈਂ ਮੀਆਂ ਮੀਰ ਗੁਰੂ ਜੀ ਪਾਸ ਮੌਜੂਦ ਹੋਣ, ਜਿਸਦੇ ਤਹਿਤ ਵਿਦਵਾਨਾਂ ਨੇ ਸੂਫ਼ੀ ਫਕੀਰ ਪਾਸੋਂ ਨੀਂਹ ਰਖਵਾਉਣ ਦਾ ਮਤ ਪ੍ਰਚਲਿਤ ਕਰ ਦਿਤਾ ਹੋਵੇ।

ਗੁਰੂ ਹਰਿਗੋਬਿੰਦ ਜੀ ਨੇ ਇਸ ਸ਼ਹਿਰ ਦੀ ਮਹਾਨਤਾ ਨੂੰ ਪਛਾਣਦੇ ਹੋਏ, ਮੁਗਲਾਂ ਦੇ ਪਹਿਲੇ ਹੱਲੇ ਤੋਂ ਬਾਅਦ ਇਸ ਨਗਰ ਨੂੰ ਛੱਡ ਜਾ ਕਰਤਾਰਪੁਰ (ਜਲੰਧਰ) ਡੇਰਾ ਕੀਤਾ। *ਮਹਿਮਾ ਪ੍ਰਕਾਸ਼* ਅਨੁਸਾਰ:

ਤਬ ਸਤਿਗੁਰ ਮਸਲਤ ਕਰੀ ਇਹ ਤੀਰਥ ਗੁਰ ਅਸਥਾਨ।
ਈਹਾ ਜੁੱਧ ਨਾਹੀ ਭਲਾ ਕਰਤਾਰਪੁਰਾ ਦ੍ਰਿੜ ਥਾਨ।[73]

ਗੁਰੂ ਹਰਿਗੋਬਿੰਦ ਜੀ ਦੇ ਅੰਤਲੇ ਸਮੇਂ ਸਿੱਖਾਂ ਦਾ ਕੇਂਦਰ ਕੀਰਤਪੁਰ ਬਣ ਗਿਆ ਸੀ। ਸੱਤਵੇਂ ਅਤੇ ਅੱਠਵੇਂ ਗੁਰੂ ਕੀਰਤਪੁਰ ਤੋਂ ਹੀ ਸਿੱਖੀ ਦਾ ਪ੍ਰਚਾਰ ਕਰਦੇ ਰਹੇ। ਨੌਂਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੇ ਅੰਮ੍ਰਿਤਸਰ ਨਗਰ ਵਿਚ ਫੇਰਾ ਪਾਇਆ ਪਰ ਲਾਲਚੀ ਪੁਜਾਰੀਆਂ ਨੇ ਆਪਣਾ ਮਾਨ-ਸਨਮਾਨ ਨੂੰ ਖ਼ਤਰਾ ਵਿਚ ਪੈਂਦਾ ਦੇਖ ਗੁਰੂ ਜੀ ਨੂੰ ਹਰਿਮੰਦਰ ਸਾਹਿਬ ਦੇ ਦਰਸ਼ਨ ਨਾ ਕਰਨ ਦਿੱਤੇ। ਗੁਰੂ ਗੋਬਿੰਦ ਸਿੰਘ ਜੀ ਵੀ ਆਪਣੇ ਜੀਵਨ ਕਾਲ ਦੌਰਾਨ ਇਸ ਨਗਰੀ ਵਿਚ ਨਾ ਆ ਸਕੇ। ਪਰ ਉਹਨਾਂ ਦੇ ਜੀਵਨ ਕਾਲ ਦੇ ਦੌਰਾਨ ਹੀ ਅੰਮ੍ਰਿਤਸਰ ਸ਼ਹਿਰ ਦੀ ਸੰਗਤ ਨੇ ਪੁਜਾਰੀਆਂ ਦਾ ਮਾੜੇ ਵਤੀਰੇ ਦਾ ਹਾਲ ਦੱਸ ਕੇ ਗੁਰਦੁਆਰੇ ਦਾ ਪ੍ਰਬੰਧ ਸੁਧਾਰਨ ਲਈ ਕਿਸੇ ਸ਼ਰਧਾਵਾਨ ਸਿੱਖ ਦੀ ਮੰਗ ਕੀਤੀ ਸੀ, ਜਿਸ ਦੇ ਫਲਸਰੂਪ ਗੁਰੂ ਜੀ ਨੇ ਭਾਈ ਮਨੀ ਸਿੰਘ

ਨੂੰ ਹਰਿਮੰਦਰ ਸਾਹਿਬ ਦੇ ਪ੍ਰਬੰਧ ਦੀ ਜੁੰਮੇਵਾਰੀ ਦੇ ਕੇ ਅੰਮ੍ਰਿਤਸਰ ਭੇਜਿਆ ਸੀ। ਭਾਈ ਸਾਹਿਬ ਦੀ ਸ਼ਹੀਦੀ ਤੋਂ ਪਹਿਲਾਂ ਅੰਮ੍ਰਿਤਸਰ ਸਾਹਿਬ ਦਾ ਪ੍ਰਬੰਧ ਪੂਰੀ ਮਰਯਾਦਾ ਅਨੁਸਾਰ ਚਲਦਾ ਰਿਹਾ। ਭਾਈ ਮਨੀ ਸਿੰਘ ਦੀ ਸ਼ਹੀਦੀ ਪਿੱਛੋਂ ਅੰਮ੍ਰਿਤਸਰ ਸਾਹਿਬ ਦਾ ਪ੍ਰਬੰਧ ਕਾਫ਼ੀ ਵਿਗੜ ਗਿਆ ਸੀ। ਹਾਲਾਤ ਅਜਿਹੇ ਬਣ ਗਏ ਸਨ ਕਿ ਹਕੂਮਤ ਵੱਲੋਂ ਅੰਮ੍ਰਿਤਸਰ ਸਰੋਵਰ ਦੇ ਦਰਸ਼ਨ ਇਸ਼ਨਾਨ ਤੇ ਪਬੰਧੀ ਲਾ ਦਿੱਤੀ ਗਈ ਸੀ। 1737 ਈ. ਤੋਂ 1767 ਈ. ਤੱਕ ਹਰਿਮੰਦਰ ਸਾਹਿਬ ਦਾ ਪ੍ਰਬੰਧ ਉਦਾਸੀ ਸਾਧੂਆਂ ਪਾਸ ਰਿਹਾ।[74] ਇਸ ਸਮੇਂ ਦੌਰਾਨ ਹੀ ਮੱਸਾ ਰੰਗੜ ਨੇ ਹਰਿਮੰਦਰ ਸਾਹਿਬ ਵਿਚ ਕੁਕਰਮ ਕਰਨ ਲੱਗਾ ਸੀ। ਸਮੇਂ ਦੇ ਮੋਢੀ ਸਿੱਖਾਂ ਨੂੰ ਪਤਾ ਲਗਣ ਤੇ ਭਾਈ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਨੂੰ ਮੱਸੇ ਰੰਗੜ ਦਾ ਸੋਧਾ ਲਾਉਣ ਲਈ ਭੇਜਿਆ ਗਿਆ। ਉਮੀਦ ਤੇ ਖਰੇ ਉਤਰਦੇ ਹੋਏ ਇਹਨਾਂ ਸਿੰਘਾਂ ਨੇ ਮੱਸੇ ਰੰਗੜ ਦਾ ਸਿਰ ਵੱਡ ਕੇ ਨਵਾਬ ਕਪੂਰ ਸਿੰਘ ਦੇ ਪੈਰੀ ਰੱਖਿਆ ਸੀ। ਕੁਝ ਸਮਾਂ ਸਿੰਘ ਇਸੇ ਤਰ੍ਹਾਂ ਹੀ ਹਾਲਾਤਾ ਨਾਲ ਜੂਝਦੇ ਰਹੇ।

29 ਮਾਰਚ 1748 ਈ. ਵਿਚ 12 ਮਿਸਲਾਂ ਬਣਨ ਨਾਲ ਇਸ ਸ਼ਹਿਰ ਦੇ ਹਾਲਾਤਾਂ ਵਿਚ ਕਾਫ਼ੀ ਸੁਧਾਰ ਆਇਆ। ਅਹਿਮਦ ਸ਼ਾਹ ਅਬਦਾਲੀ ਦੇ ਆਉਣ ਤੱਕ ਸਿੱਖ ਸੁਖਨਿਧਾਨ ਵਸਦੇ ਰਹੇ।[75] ਫਿਰ ਅਹਿਮਦ ਸ਼ਾਹ ਅਬਦਾਲੀ ਨੇ ਸਿੱਖਾਂ ਦੇ ਕੇਂਦਰ ਨੂੰ ਆਪਣਾ ਨਿਸ਼ਾਨਾ ਬਣਾਉਂਦੇ ਹੋਏ, ਦਰਬਾਰ ਸਾਹਿਬ ਨੂੰ ਬਾਰੂਦ ਨਾਲ ਉੱਡਾ ਦਿੱਤਾ ਅਤੇ ਸਰੋਵਰ ਗਾਵਾਂ ਦੇ ਪਿੰਜਰਾਂ ਨਾਲ ਭਰਾ ਦਿੱਤਾ। 17 ਨਵੰਬਰ 1763 ਈ. ਨੂੰ ਹਰਿਮੰਦਰ ਦੀ ਦੁਬਾਰਾ ਉਸਾਰੀ ਸਮੇਂ ਪਹਿਲੀ ਇੱਟ ਨਵਾਬ ਕਪੂਰ ਸਿੰਘ ਨੇ ਰੱਖੀ ਸੀ ਅਤੇ ਚੂਨਾ ਜੱਸਾ ਸਿੰਘ ਆਹਲੂਵਾਲੀਆ ਨੇ ਪਾਇਆ ਸੀ।[76] ਅਬਦਾਲੀ ਨੇ ਆਪਣੇ ਸੱਤਵੇਂ ਹਮਲੇ ਦੌਰਾਨ ਹਰਿਮੰਦਰ ਸਾਹਿਬ ਨੂੰ ਫਿਰ ਨੁਕਸਾਨ ਪਹੁੰਚਾਇਆ ਅਤੇ ਕਈ ਸਿੰਘਾਂ ਨੂੰ ਸ਼ਹੀਦ ਕੀਤਾ। ਸੰ.1825 (1768) ਨੂੰ ਵਿਸਾਖੀ ਵਾਲੇ ਦਿਨ ਸਰਬੱਤ ਖਾਲਸੇ ਦਾ ਅੰਮ੍ਰਿਤਸਰ ਵਿਖੇ ਇਕੱਠ ਹੋਇਆ। ਅੰਮ੍ਰਿਤਸਰ ਦੀ ਢਹਿ ਚੁੱਕੀ ਇਮਾਰਤ ਨੂੰ ਬਣਾਉਣ ਸੰਬੰਧੀ ਫੈਸਲੇ ਲਏ ਗਏ। ਜੱਸਾ ਸਿੰਘ ਨੇ 4 ਲੱਖ ਰੁਪਇਆ ਹਰਿਮੰਦਰ ਸਾਹਿਬ ਦੀ ਇਮਾਰਤ ਤਿਆਰ ਕਰਵਾਉਣ ਲਈ ਦਿੱਤਾ ਸੀ।[77]

ਮਿਸਲ ਕਾਲ ਦੌਰਾਨ ਇਸ ਸ਼ਹਿਰ ਦਾ ਪ੍ਰਬੰਧ ਭੰਗੀ ਮਿਸਲ ਦੇ ਮਾਲਕ ਗੁਲਾਬ ਸਿੰਘ ਭੰਗੀ ਦੇ ਅਧੀਨ ਸੀ। ਗੁਲਾਬ ਸਿੰਘ ਦੀ ਮੌਤ ਤੋਂ ਬਾਅਦ ਉਸ ਦਾ ਨਾ-ਬਾਲਗ ਪੁੱਤਰ ਮਿਸਲ ਦਾ ਸਰਦਾਰ ਬਣਿਆ। ਪਰ ਸਾਰਾ ਪ੍ਰਬੰਧ ਗੁਲਾਬ ਸਿੰਘ ਦੀ ਪਤਨੀ ਮਾਈ ਸੁੱਖੋ ਦੇ ਹੱਥ ਵਿਚ ਆ ਗਿਆ। ਉਸ ਦੀਆਂ ਕੂਟਨੀਤੀਆਂ

ਕਾਰਨ ਸ਼ਹਿਰ ਦਾ ਵਪਾਰੀ ਵਰਗ ਤੰਗ ਆ ਚੁੱਕਾ ਸੀ। ਇਹ ਸ਼ਹਿਰ ਕਟੜਿਆ ਵਿਚ ਵੰਡਿਆਂ ਹੋਣ ਕਰਕੇ ਵੱਖ-ਵੱਖ ਮਾਲਕਾਂ ਵੱਲੋਂ ਉਗਰਾਹੀ ਕੀਤੀ ਜਾਂਦੀ ਸੀ, ਜੋ ਇਕਸਾਰ ਨਾ ਹੋਣ ਕਰਕੇ ਸ਼ਾਹੂਕਾਰ ਤੰਗ ਆ ਚੁੱਕੇ ਸਨ। ਸ਼ਾਹੂਕਾਰਾਂ ਵੱਲੋਂ ਮਹਾਰਾਜਾ ਰਣਜੀਤ ਸਿੰਘ ਪਾਸ ਬੇਨਤੀ ਕੀਤੀ ਗਈ। ਫਲਸਰੂਪ 18 ਫਰਵਰੀ, 1805 ਈ. ਨੂੰ ਮਹਾਰਾਜਾ ਰਣਜੀਤ ਸਿੰਘ ਨੇ ਘਨ੍ਹਈਆ, ਆਹਲੂਵਾਲੀਆ ਅਤੇ ਨਕਈ ਮਿਸਲ ਦੀ ਸਹਾਇਤਾ ਨਾਲ ਸ਼ਹਿਰ ਤੇ ਆਸਾਨੀ ਨਾਲ ਕਬਜ਼ਾ ਕਰ ਲਿਆ। ਮਾਈ ਸੁੱਖੋ ਆਪਣੇ ਪੁੱਤਰ ਨੂੰ ਨਾਲ ਲੈ ਕੇ ਕਿਲ੍ਹਾ ਭੰਗੀਆਂ ਚਲੀ ਗਈ। ਪੂਰਾ ਇਕ ਦਿਨ ਫੌਜਾ ਨੇ ਸ਼ਹਿਰ ਨੂੰ ਘੇਰਾ ਪਾਈ ਰੱਖਿਆ ਅਗਲੇ ਦਿਨ ਜੋਧ ਸਿੰਘ ਰਾਮਗੜੀਆ ਨੇ ਸਮਝੌਤਾ ਕਰਵਾ ਕੇ ਮਹਾਰਾਜਾ ਰਣਜੀਤ ਸਿੰਘ ਨੂੰ ਅੰਮ੍ਰਿਤਸਰ ਦਾ ਅਧਿਕਾਰ ਦਵਾ ਦਿੱਤਾ। ਮਾਈ ਸੁੱਖੋ ਨੂੰ ਬਦਲੇ ਵਿਚ ਗੁਜ਼ਾਰੇ ਲਈ ਕੁਝ ਪਿੰਡ ਜਾਗੀਰ ਵਜੋਂ ਦਿੱਤੇ ਗਏ। ਜਿੱਤ ਦੀ ਖੁਸ਼ੀ ਵਿਚ ਦਰਬਾਰ ਦੇ ਰਾਗੀਆਂ, ਗ੍ਰੰਥੀਆਂ ਅਤੇ ਪੁਜਾਰੀਆਂ ਦੀਆਂ ਤਨਖ਼ਾਹਾਂ ਦੋ ਗੁਣਾ ਵਧਾ ਦਿੱਤੀਆ ਗਈਆਂ ਸਨ। ਗੁਰੂ ਕੇ ਲੰਗਰ ਲਈ ਜਾਗੀਰ ਲਗਵਾਈ ਅਤੇ ਸ਼ਹਿਰ ਦੀ ਚੁੰਗੀ ਤੋਂ ਹੋਣ ਵਾਲੀ ਸਾਰੀ ਆਮਦਨ ਵੀ ਲੰਗਰਾਂ ਨਾਮ ਲਗਵਾ ਦਿੱਤੀ।[78] ਆਰਥਿਕ ਪੱਖੋਂ ਪ੍ਰਬੰਧ ਵਿਚ ਕੋਈ ਕਮੀ ਨਾ ਆਵੇ ਇਸ ਲਈ ਮਹਾਰਾਜਾ ਰਣਜੀਤ ਸਿੰਘ ਨੇ ਇਤਿਹਾਸਕ ਅਸਥਾਨਾਂ ਦੇ ਨਾਂ ਜਾਗੀਰਾਂ ਮੁਕਰਰ ਕਰ ਦਿੱਤੀਆਂ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੱਕ ਇਹ ਸ਼ਹਿਰ ਨਿਰੰਤਰ ਵਿਕਾਸ ਕਰਦਾ ਰਿਹਾ ਅਤੇ ਪ੍ਰਬੰਧ ਸਿੱਖਾਂ ਪਾਸ ਰਿਹਾ। ਅੰਗਰੇਜ਼ੀ ਰਾਜ ਦੇ ਸਮੇਂ ਦਰਬਾਰ ਸਾਹਿਬ ਦਾ ਪ੍ਰਬੰਧ ਮਹੰਤਾਂ ਦੇ ਅਧੀਨ ਸੀ। ਮਸੰਦਾਂ ਵਾਂਗ ਮਾਇਆ ਵਸ ਹੋ ਕੇ ਇਹ ਵੀ ਭ੍ਰਿਸ਼ਟ ਹੋ ਗਏ। ਗੁਰਦੁਆਰਾ ਸੁਧਾਰ ਲਹਿਰ ਦੇ ਸਮੇਂ ਸਿੱਖ ਲਿਡਰਾਂ ਨੇ ਬੜੀ ਜੱਦੋ-ਜਹਿਦ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾ ਕੇ ਇਸ ਅਸਥਾਨ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲਿਆ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਸ਼ਹਿਰ ਦਾ ਪ੍ਰਬੰਧ ਤਾਂ ਸਰਕਾਰ ਪਾਸ ਚਲਾ ਗਿਆ ਪਰ ਦਰਾਬਾਰ ਸਾਹਿਬ ਕੰਪਲੈਕਸ ਦਾ ਪ੍ਰਬੰਧ ਕਮੇਟੀ ਪਾਸ ਰਿਹਾ। ਜੂਨ 1984 ਈ. ਵਿਚ ਭਾਰਤ ਸਰਕਾਰ ਦੁਆਰਾ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਨੂੰ ਫੜ੍ਹਨ ਦੀ ਸਾਜਿਸ਼ ਤਹਿਤ ਇਸ ਅਸਥਾਨ ਤੇ ਹਮਲਾ ਕੀਤਾ ਗਿਆ। ਜਿਸ ਦੇ ਸਿੱਟੇ ਵਜੋਂ ਅਕਾਲ ਤਖ਼ਤ ਦੀ ਇਮਾਰਤ ਨੁਕਸਾਨੀ ਗਈ ਅਤੇ ਅਨੇਕਾਂ ਹੀ ਸਿੰਘ ਸ਼ਹੀਦੀਆਂ ਪਾ ਗਏ। ਵਰਤਮਾਨ ਸਮੇਂ ਵਿਚ ਇਸ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਾਸ ਹੈ।

ਉਕਤ ਦੇ ਸਾਰ ਵਜੋਂ ਕਿਹਾ ਜਾ ਸਕਦਾ ਹੈ ਕਿ ਅੰਮ੍ਰਿਤਸਰ ਸ਼ਹਿਰ ਦੀ ਜ਼ਮੀਨ ਗੁਰੂ ਅਮਰਦਾਸ ਜੀ ਨੇ ਮੁੱਲ ਖਰੀਦ ਕੇ, ਇਸਦੇ ਵਿਕਾਸ ਦੀ ਜੁੰਮੇਵਾਰੀ ਗੁਰੂ ਰਾਮਦਾਸ ਜੀ ਦੇ ਹੱਥਾਂ ਵਿਚ ਸੌਂਪੀ ਸੀ। ਸਭ ਤੋਂ ਪਹਿਲਾਂ ਘਰਾਂ ਦੀ ਉਸਾਰੀ ਕਰਵਾ ਕੇ ਸੰਤੋਖਸਰ ਸਰੋਵਰ ਦੀ ਕਾਰ ਆਰੰਭ ਕਰਵਾਈ ਗਈ। ਅੰਮ੍ਰਿਤਸਰ ਕਿਸੇ ਦਰਿਆ ਦੇ ਕੰਢੇ ਨਹੀਂ ਸੀ, ਇਸ ਕਰਕੇ ਗੁਰੂ ਜੀ ਨੇ ਮਨੁੱਖ ਲਈ ਪਾਣੀ ਦੀ ਲੋੜ ਨੂੰ ਮੁੱਖ ਰੱਖਦੇ ਹੋਏ ਸਰੋਵਰ ਤਿਆਰ ਕਰਵਾਏ। ਗੁਰਿਆਈ ਪ੍ਰਾਪਤ ਕਰਨ ਉਪਰੰਤ ਗੁਰੂ ਰਾਮਦਾਸ ਜੀ ਨੇ ਗੁਰੂ ਅਮਰਦਾਸ ਜੀ ਦੇ ਹੁਕਮ ਨੂੰ ਮੰਨਦੇ ਹੋਏ ਸੰਤੋਖਸਰ ਸਰੋਵਰ ਦਾ ਕਾਰਜ ਰੋਕ ਕੇ ਅੰਮ੍ਰਿਤਸਰ ਸਰੋਵਰ ਖੁਦਵਾਇਆ। ਇਸ ਸਰੋਵਰ ਦੀ ਮਹਾਨਤਾ ਦੇ ਕਾਰਨ ਹੀ ਇਸ ਨਗਰੀ ਦਾ ਨਾਂ ਵੀ ਅੰਮ੍ਰਿਤਸਰ ਪੈ ਗਿਆ। ਫਿਰ ਗੁਰੂ ਅਰਜਨ ਦੇਵ ਜੀ ਦੁਆਰਾ ਸੰਤੋਖਸਰ ਅਤੇ ਅੰਮ੍ਰਿਤਸਰ ਦੇ ਅਧੂਰੇ ਪਏ ਕਾਰਜਾਂ ਨੂੰ ਮੁਕੰਮਲ ਕਰਵਾਇਆ ਗਿਆ। ਇਸ ਤੋਂ ਇਲਾਵਾ ਅੰਮ੍ਰਿਤ ਸਰੋਵਰ ਦੇ ਵਿਚਕਾਰ ਸਿੱਖਾਂ ਦਾ ਕੇਂਦਰੀ ਅਸਥਾਨ 'ਹਰਿਮੰਦਰ' ਤਿਆਰ ਕਰਵਾਇਆ। ਇਸ ਸ਼ਹਿਰ ਵਿਚ ਵੱਖ-ਵੱਖ ਸਰੋਵਰਾਂ ਦਾ ਨਿਰਮਾਣ ਕਰਵਾ ਕੇ ਸਮਾਜ ਉੱਪਰ ਵੱਡਾ ਪਰਉਪਕਾਰ ਕੀਤਾ, ਜਿਸ ਕਾਰਨ ਸਮਾਜ ਦੇ ਲੋਕ ਬਿਨ੍ਹਾਂ ਕਿਸੇ ਭੇਦ-ਭਾਵ ਤੋਂ ਪਾਣੀ ਦੀ ਵਰਤੋਂ ਕਰ ਸਕਦੇ ਸਨ। ਇਹ ਸਮਾਜ ਭਲਾਈ ਦਾ ਕਾਰਜ ਗੁਰੂ ਸਾਹਿਬਾਨ ਦੇ ਸਰਬ-ਸਾਂਝੀਵਾਲਤਾ ਦੇ ਗੁਣ ਨੂੰ ਦਰਸਾਉਂਦਾ ਹੈ। ਇਹ ਸ਼ਹਿਰ ਸਥਾਪਿਤ ਹੋਣ ਨਾਲ ਸਾਰੇ ਵਰਗ ਦੇ ਲੋਕਾਂ ਨੂੰ ਹੁਨਰ ਅਨੁਸਾਰ ਕਿੱਤੇ ਮਿਲੇ ਜਿਸ ਨਾਲ ਸਮਾਜ ਨੂੰ ਆਰਥਿਕ ਮਦਦ ਮਿਲੀ। ਵਪਾਰਕ ਪੱਖ ਤੋਂ ਵੀ ਇਹ ਸ਼ਹਿਰ ਬਹੁਤ ਮਹੱਤਵ ਰੱਖਦਾ ਹੈ। ਸਮਾਂ ਪਾ ਕੇ ਅੰਮ੍ਰਿਤਸਰ ਸਿੱਖਾਂ ਦਾ ਕੇਂਦਰੀ ਤੀਰਥ ਬਣ ਗਿਆ ਅਤੇ ਸਿੱਖ ਸੰਗਤਾਂ ਨੂੰ ਧਰਮ ਪ੍ਰਚਾਰ ਦਾ ਇਕ ਨਵਾਂ ਧਾਰਮਿਕ ਅਸਥਾਨ ਮਿਲ ਗਿਆ। ਗੁਰੂ ਜੀ ਦੇ ਦਰਸ਼ਨ ਲਈ ਦੇਸ਼-ਵਿਦੇਸ਼ਾਂ ਤੋਂ ਸਿੱਖ ਸੰਗਤਾਂ ਚੱਲ ਕੇ ਇਸ ਅਸਥਾਨ 'ਤੇ ਆਉਂਦੀਆਂ ਹਨ ਅਤੇ ਆਪਣੇ ਆਤਮਿਕ ਜੀਵਨ ਤਰੱਕੀ ਲਈ ਕੀਰਤਨ ਅਤੇ ਕਥਾ ਦਾ ਜਸ ਮਾਣਦੀਆਂ ਹਨ। ਇਸ ਤਰ੍ਹਾਂ ਗੁਰੂ ਸਹਿਬਾਨ ਨੇ ਵਿਸ਼ਵ ਭਲਾਈ ਲਈ ਅੰਮ੍ਰਿਤਸਰ ਸ਼ਹਿਰ ਦੀ ਸਥਾਪਨਾ ਕੀਤੀ। ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਜੀ ਨੇ ਉਸਾਰੀ ਦੇ ਕਾਰਜਾਂ ਵਿਚ ਆਪਣਾ ਹਿੱਸਾ ਪਾਉਂਦਿਆਂ ਅਕਾਲ ਤਖ਼ਤ, ਕੌਲਸਰ ਸਰੋਵਰ ਅਤੇ ਬਿਬੇਕਸਰ ਸਰੋਵਰ ਤਿਆਰ ਕਰਵਾਏ। ਇਸ ਤੋਂ ਇਲਾਵਾ ਨਗਰ ਦੀ ਸੁਰੱਖਿਆ ਲਈ ਕਿਲ੍ਹਾ ਲੋਹਗੜ੍ਹ ਤਿਆਰ ਕਰਵਾਇਆ ਗਿਆ। ਡਾ. ਸੁਖਦਿਆਲ ਸਿੰਘ ਅਨੁਸਾਰ "ਅੰਮ੍ਰਿਤ ਸਰੋਵਰ ਵਿਚ ਸਿਰੀ ਦਰਬਾਰ ਸਾਹਿਬ ਦੀ ਉਸਾਰੀ ਕਰਕੇ ਅਕਾਲ ਪੁਰਖ ਦੇ ਨਾਮ ਜਪਣ ਲਈ ਜਿਸ ਮਾਹੌਲ ਦੀ ਸਿਰਜਣਾ

ਕੀਤੀ ਜਾ ਚੁੱਕੀ ਸੀ। ਇਸ ਨੇ ਸਿੱਖ ਸਮਾਜ ਦੀ ਧਾਰਮਿਕ ਸੋਚ ਉੱਪਰ ਕਰਾਂਤੀਕਾਰੀ ਅਸਰ ਕੀਤਾ ਸੀ। ਗੁਰੂ ਅਰਜਨ ਦੇਵ ਜੀ ਇਸ ਵਾਤਾਵਰਣ ਤੋਂ ਇਤਨਾ ਆਨੰਦਮਈ ਸਨ ਕਿ ਉਹ ਹੋਰ ਵੀ ਕਈ ਥਾਵਾਂ 'ਤੇ ਅਜਿਹਾ ਹੀ ਮਾਹੌਲ ਸਿਰਜਨਾ ਚਾਹੁੰਦੇ ਸਨ ਤਾਂ ਕਿ ਸਿੱਖ ਸੰਗਤਾਂ ਆਪਣੇ ਨਵੇਂ ਸਭਿਆਚਾਰ ਅਤੇ ਨਵੇਂ ਧਾਰਮਿਕ ਅਕੀਦਿਆਂ ਅਨੁਸਾਰ ਵਿਕਾਸ ਕਰ ਸਕਣ।"[79]

**ਤਰਨਤਾਰਨ ਸਾਹਿਬ**

ਇਹ ਸ਼ਹਿਰ ਸਿੱਖ ਧਰਮ ਦੇ ਪ੍ਰਸਿੱਧ ਧਾਰਮਿਕ ਅਸਥਾਨਾਂ ਵਿਚ ਸ਼ਾਮਲ ਹੈ। ਗੁਰੂ ਅਰਜਨ ਦੇਵ ਜੀ ਦੁਆਰਾ ਤਿਆਰ ਕਰਵਾਏ ਵਿਸ਼ਾਲ ਸਰੋਵਰ ਦੇ ਸਦਕੇ ਇਸ ਸ਼ਹਿਰ ਨੂੰ ਵੱਖਰੀ ਪਹਿਚਾਣ ਮਿਲੀ ਹੈ। ਅੰਮ੍ਰਿਤਸਰ ਵਿਖੇ ਉਸਾਰੀ ਦੇ ਕਾਰਜ ਮੁਕੰਮਲ ਕਰਵਾ ਕੇ ਗੁਰੂ ਜੀ ਸੰਗਤਾਂ ਦੇ ਉਧਾਰ ਲਈ ਦੁਆਬੇ ਇਲਾਕੇ ਦੇ ਪ੍ਰਚਾਰ ਦੌਰੇ ਤੇ ਨਿਕਲੇ ਸਨ। ਜਿਸ ਦੌਰਾਨ ਤਰਨਤਾਰਨ ਸਾਹਿਬ ਨਗਰ ਦੀ ਸਥਾਪਨਾ ਹੋਈ।

- **ਨਗਰ ਦੀ ਸਥਾਪਨਾ**

ਅੰਮ੍ਰਿਤਸਰ ਨੂੰ ਵਿਕਸਿਤ ਰੂਪ ਪ੍ਰਦਾਨ ਕਰਨ ਉਪਰੰਤ ਗੁਰੂ ਅਰਜਨ ਦੇਵ ਜੀ ਨੇ ਪ੍ਰਚਾਰ ਦੌਰਾ ਕਰਨ ਦਾ ਮਨ ਬਣਾਇਆ। ਉਸ ਸਮੇਂ ਪੂਰੇ ਪੰਜਾਬ ਵਿਚ ਸਖੀ ਸਰਵਰ ਦਾ ਪ੍ਰਭਾਵ ਬਹੁਤ ਜਿਆਦਾ ਸੀ, ਇਸ ਪ੍ਰਭਾਵ ਤੋਂ ਲੋਕਾਈ ਨੂੰ ਨਜ਼ਾਤ ਦਵਾਉਣਾ ਲਈ ਗੁਰੂ ਜੀ ਨੇ ਨਵੇਂ ਪ੍ਰਚਾਰ ਕੇਂਦਰ ਸਥਾਪਿਤ ਕੀਤੇ।

ਇਸ ਪਰਉਪਕਾਰੀ ਕਾਰਜ ਦੀ ਪੂਰਤੀ ਲਈ ਅੰਮ੍ਰਿਤਸਰ ਸੰਗਤਾਂ ਤੋਂ ਵਿਦਾਇਗੀ ਲੈ ਕੇ ਗੁਰੂ ਜੀ ਪ੍ਰਮੁੱਖ ਸਿੱਖਾਂ ਨਾਲ ਯਾਤਰਾ ਤੇ ਨਿਕਲ ਤੁਰੇ। ਸਭ ਤੋਂ ਪਹਿਲਾਂ ਆਪਣੇ ਜਨਮ ਅਸਥਾਨ ਗੋਇੰਦਵਾਲ ਜਾ ਰੁਕੇ। ਬਾਉਲੀ ਇਸ਼ਨਾਨ ਕਰਨ ਉਪਰੰਤ ਸਾਕ-ਸੰਬੰਧੀਆਂ ਅਤੇ ਇਲਾਕੇ ਦੀ ਸੰਗਤ ਨਾਲ ਬਚਨ-ਵਿਲਾਸ ਕੀਤੇ। ਗੋਇੰਦਵਾਲ ਤੋਂ ਚੱਲ ਕੇ ਤਰਨਤਾਰਨ ਵਾਲੇ ਅਸਥਾਨ 'ਤੇ ਪਹੁੰਚੇ ਸਨ। ਇਸ ਇਲਾਕੇ ਵਿਚ ਪ੍ਰਚਾਰ ਦੀ ਅਹਿਮੀਅਤ ਨੂੰ ਮੁੱਖ ਰੱਖ ਕੇ ਗੁਰੂ ਜੀ ਇੱਥੇ ਸਿੱਖ ਕੇਂਦਰ ਸਥਾਪਿਤ ਕਰਨਾ ਚਾਹੁੰਦੇ ਸਨ। ਇਸ ਕਾਰਜ ਦੀ ਪੂਰਤੀ ਲਈ ਇਲਾਕੇ ਦੇ ਜ਼ਿਮੀਦਾਰਾਂ ਪਾਸੋਂ ਥਾਂ ਮੁੱਲ ਖ਼ਰੀਦ ਕੇ ਗੁਰੂ ਜੀ ਨੇ ਤਰਨਤਾਰਨ ਸਾਹਿਬ ਨਗਰ ਦੀ ਸਥਾਪਨਾ ਕੀਤੀ। *ਮਹਿਮਾ ਪ੍ਰਕਾਸ਼* ਅਨੁਸਾਰ ਉਸੇ ਸਮੇਂ ਇਕ ਕਾਂ ਇਸ ਛੱਪੜ ਵਿਚ ਇਸਨਾਨ ਕਰ ਕੇ ਨਿਕਲਿਆ ਤਾਂ ਹੰਸ ਬਣ ਗਿਆ। ਸਿੱਖ ਸੰਗਤਾਂ ਇਹ ਕੌਤਕ ਦੇਖ ਕੇ ਹੈਰਾਨ ਹੋਇਆ ਅਤੇ ਉਹਨਾਂ ਨੂੰ ਭਰੋਸਾ ਹੋ ਗਿਆ ਕਿ ਇਹ ਅਸਥਾਨ ਕੋਈ ਆਮ ਨਹੀਂ। ਫਿਰ ਗੁਰੂ ਜੀ ਦੇ ਹੁਕਮ ਨਾਲ ਸਿੱਖ ਸੰਗਤਾਂ ਸਰੋਵਰ ਦੀ

ਖੁਦਵਾਈ ਦਾ ਕਾਰਜ ਸ਼ੁਰੂ ਕਰ ਦਿੱਤਾ। ਜਦੋਂ ਇਸ ਸਰੋਵਰ ਦਾ ਕੁਝ ਹਿੱਸਾ ਮੁਕੰਮਲ ਹੋ ਗਿਆ ਤਾਂ ਗੁਰੂ ਜੀ ਨੇ ਇਸ ਤੀਰਥ ਦਾ ਨਾਮ 'ਤਰਨਤਾਰਨ' ਰੱਖਿਆ ਅਤੇ ਬਚਨ ਕੀਤਾ ਕਿ ਜੋ ਸਿੱਖ ਸ਼ਰਧਾ ਨਾਲ ਇਸ ਸਰੋਵਰ ਵਿਚ ਇਸ਼ਨਾਨ ਕਰੇਗਾ ਉਹ ਭਵ-ਸਾਗਰ ਵਿਚੋਂ ਤਰ ਜਾਏਗਾ:

ਡੇਢ ਬਾਹੀ ਤਬ ਭਈ ਤਿਯਾਰ। ਮੁਖ ਤਰਨ ਕਹਿਓ ਕਰਤਾਰ।

ਤਰਨਤਾਰਨ ਸਰ ਨਾਮ ਧਰ ਮਹਾਤਮ ਦੀਆ ਦਿਖਾਇ।

ਜੌ ਕਰ ਇਸਨਾਨ ਨਿਸਚਾ ਧਰੇ ਹਰਿ ਭਗਤੀ ਪਾਇ ਤਰ ਜਾਇ।[80]

ਜ਼ਮੀਨ ਦੀ ਕੀਮਤ ਸੰਬੰਧੀ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਅਨੁਸਾਰ ਦੇ ਕਥਨ ਅਮੁਸਾਰ ਨਵੇਂ ਅਸਥਾਨ ਦੀ ਭਾਲ ਵਿਚ ਅੰਮ੍ਰਿਤਸਰ ਤੋਂ ਚੱਲਕੇ ਗੁਰੂ ਜੀ ਖਾਨਵਾਲ ਪਿੰਡ ਪਾਸ ਪਹੁੰਚੇ। ਪ੍ਰਚਾਰ ਕੇਂਦਰ ਤਿਆਰ ਕਰਨ ਦੇ ਨਮਿਤ ਪਿੰਡ ਵਾਲਿਆਂ ਪਾਸੋਂ ਇਕ ਲੱਖ ਸਤਵੰਜਾ ਹਜਾਰ ਸਿੱਕੇ ਦੇ ਕੇ ਥਾਂ ਮੁੱਲ ਖਰੀਦੀ।

ਦੀਏ ਰਜਤਪਣ ਲੱਛ ਪ੍ਰਕਾਸ਼। ਅਧਿਕ ਸਹੰਸ ਸਪਤ ਪੰਚਾਸਿ।

ਲਈ ਭੂਮਿਕਾ ਮੋਲ ਘਨੇਰੀ। ਦੀਨਸਿ ਦਰਬ ਬ੍ਰਿੰਦ ਤਿਸ ਬੇਰੀ।[81]

ਭਾਈ ਕਾਨ੍ਹ ਸਿੰਘ ਇਸ ਕਥਨ ਨਾਲ ਸਹਿਮਤੀ ਪ੍ਰਗਟ ਕਰਦਾ ਲਿਖਦੇ ਹਨ, ਕਿ ਅੰਮ੍ਰਿਤਸਰ ਤੋਂ 14 ਮੀਲ ਦੱਖਣ-ਪੂਰਬ ਵੱਲ ਸੰ.1647 (1590 ਈ.) ਵਿਚ ਗੁਰੂ ਅਰਜਨ ਦੇਵ ਜੀ ਨੇ ਖਾਰੇ ਅਤੇ ਪਲਾਸੂਰ ਦੀ ਜ਼ਮੀਨ ਇਕ ਲੱਖ ਸਤਵੰਜਾ ਹਜ਼ਾਰ ਨੂੰ ਖ਼ਰੀਦ ਕੇ ਤਰਨਤਾਰਨ ਤਾਲ ਖੁਦਵਾਈਆ। ਸੰ.1653 (1596 ਈ.) ਵਿਚ ਇਸ ਤਾਲ ਨੂੰ ਪੱਕਾ ਕਰਨ ਅਤੇ ਗੁਰਦੁਆਰਾ ਸਾਹਿਬ ਤਿਆਰ ਕਰਵਾਉਣ ਲਈ ਪੱਕੀਆਂ ਇੱਟਾਂ ਤਿਆਰ ਕਰਨ ਵਾਲੇ ਆਵੇ ਲਗਵਾਏ ਗਏ। ਇਹ ਕਾਰਜ ਅਮੀਰ ਦੀਨ ਦੁਆਰਾ ਇੱਟਾਂ ਆਪਣੀ ਹਵੇਲੀ ਨੂੰ ਲਾਉਣ ਕਾਰਨ ਵਿਚ ਹੀ ਰਹਿ ਗਿਆ ਅਤੇ ਬਾਅਦ ਵਿਚ ਸਿੱਖ ਸੰਗਤਾਂ ਨੇ ਮੁਕੰਮਲ ਕਰਵਾਇਆ। ਪੈਰ ਟਿੱਪਣੀ ਵਿਚ ਇਸ ਸਰੋਵਰ ਦੀ ਲੰਬਾਈ 999 ਅਤੇ ਚੌੜਾਈ 990 ਫੁੱਟ ਦੱਸੀ ਗਈ ਹੈ।[82]

ਤਰਨਤਾਰਨ ਸਾਹਿਬ ਦਾ ਸਰਕਾਰੀ ਪਟਾ ਜੋ ਕਿ ਫਤਿਆਬਾਦ ਦੇ ਹਾਕਮ ਦੀ ਮੌਜੂਦਗੀ ਵਿਚ ਲਿਖਿਆ ਗਿਆ ਸੀ, ਉਸਦਾ ਵੇਰਵਾ ਇਸ ਪ੍ਰਕਾਰ ਹੈ: ਸ਼ਜਰਾ ਨਸਬ ਕਸਬਾ ਤਾਰਨ ਸੰਨ 1865 ਦਫ਼ਾ ਅੱਵਲ ਹਾਲਾਤ ਆਬਾਦੀ : "ਅਰਸਾ 275 ਸਾਲ ਕਾ ਗੁਜਰਾ ਹੈ ਕਿ ਗੁਰੂ ਅਰਜਨ ਦੇਵ ਜੀ ਸ੍ਰੀ ਅੰਮ੍ਰਿਤਸਰ ਸੇ ਇਸ ਜਗ੍ਹਾ ਜੋ ਬਤੌਰ ਜੰਗਲ ਵੈਰਾਨ ਪੜ੍ਹੀ ਹੂਈ ਥੀ। ਗੁਰੂ ਜੀ ਵਹਾਂ ਏਕ ਮਕਾਨ ਫ਼ਕੀਰਾਨਾ ਬਣਾ ਕਰ ਗੁਜ਼ਾਰਾ

ਕਰਤੇ ਰਹੇ ਔਰ ਅਕਵਾਮ ਮੁਖਤਲਿਫ਼ ਕਸਰਤ ਸੇ ਉਨ ਕੇ ਸੇਵਕ ਹੋ ਗਏ। ਉਸ ਵਕਤ ਗੁਰੂ ਜੀ ਨੇ ਤਖ਼ਮੀਨਨ ਏਕ ਹਜ਼ਾਰ ਆਰ ਸੌ ਵਿਘਾ ਆਗਜੀ ਮਸੰਮੀ ਖਾਨਾ ਰਾਜਪੂਤ ਸਾਕਨ ਪਲਾਸੌਰ ਵਨੀਜ਼ ਦੀਗਰ ਦੇਹਾਤ ਗੁਰਦੋਨਵਾਹ ਬ ਤਫ਼ਸੀਲ ਜ਼ੈਲ ਪੱਟੀ ਪਲਾਸੌਰ ਥੇਹ ਬ੍ਰਾਮਣਾਂ ਵਾਲਾ ਸੇ ਖ਼ਰੀਦ ਕਰੀ। ਸਿਰਫ਼ ਖ਼ਾਨਾ ਰਾਜਪੂਤ ਮੁਸਲਮਾਨ ਨੇ ਤਖ਼ਮੀਨਨ ਪਾਂਚ ਸੌ ਰੁਪਏ ਕੋ ਦੀ ਔਰ ਕੌਮ ਹਿੰਦੂ ਨੇ ਬਤੌਰ ਹਿਬਾ ਬਿਲਾ ਲੇਨੇਂ ਕੀਮਤ ਦੇ ਦੀ। ਗੁਰੂ ਜੀ ਨੇ ਅਬਾਦ ਕਰਨਾ ਵੀ ਗੁਰਦੁਆਰਾ ਵ ਤਲਾਬ ਕੇ ਨਾਮ ਬਨਾਨਾ ਸ਼ੁਰੂ ਕੀਆ ਔਰ ਚਾਹਾਤ ਆਪਣੀ ਲਾਗਤ ਸੇ ਤਿਆਰ ਕਰਵਾਏ। ਔਰ ਵਹਾਂ ਏਕ ਛੰਭ ਜਿਸ ਮੇਂ ਪਾਣੀ ਰਹਿਤਾ ਥਾ ਜੋ ਸ਼ਖ਼ਸ ਬੀਮਾਰ ਮਜ਼ੂਜਮ ਕੀ ਤਰਹਾ ਆਤਾ ਥਾ ਵੁਹ ਬੀਮਾਰੀ ਸੇ ਆਰਾਮ ਪਾਤਾ ਥਾ। ਉਸ ਵਕਤ ਸੇ ਗੁਰੂ ਪਰ ਤਰਨ ਤਾਰਨ ਮਸ਼ਹੂਰ ਕੀਆ ਗਿਆ ਜਬ ਸੇ ਬਰਾਬਰ ਆਬਾਦ ਹੈ।"[83] ਇਸ ਸਰਕਾਰੀ ਰਿਕਾਰਡ ਮੁਤਾਬਕ ਗੁਰੂ ਜੀ ਨੇ 1100 ਵਿੱਘੇ ਜ਼ਮੀਨ 500 ਰੁਪਏ ਅਦਾ ਕਰ ਕੇ ਖ਼ਰੀਦੀ ਸੀ।

ਕਵੀ ਸੰਤੋਖ ਸਿੰਘ ਅਨੁਸਾਰ ਗੁਰੂ ਘਰ ਦੀ ਮਰਯਾਦਾ ਅਨੁਸਾਰ ਬਾਬਾ ਬੁੱਢਾ ਜੀ ਨੇ ਅਰਦਾਸ ਕੀਤੀ ਅਤੇ ਗੁਰੂ ਜੀ ਨੇ ਸਰੋਵਰ ਦਾ ਟੱਕ ਲਾਇਆ:

ਲਗਯੋ ਦਿਵਾਨ ਅਧਿਕ ਗੁਰ ਪਾਸ। ਬੋਲੇ ਬਾਕ "ਕਰਹੁ ਅਰਦਾਸ"।
ਭਾਈ ਬੁੱਢੇ ਕਹੁ ਕਿਯ ਖਰਯੋ। ਬ੍ਰਹਮ ਸਰੂਪ ਬਿਖੈ ਚਿਤ ਜੁਰਯੋ।
ਮਹਾਂ ਸ਼ਕਤਿ ਧਰਿ ਸਿੱਖਯ ਮਹਾਨਾ। ਕਰਤਲ ਫਲ ਸਮ ਰੂਪ ਸੁ ਜਾਨਾ।
ਰਾਤਿ ਦਯੋਸ ਜਿਸ ਰਹੈ ਸਮਾਧਿ। ਦਾਤ ਸ਼ਾਂਤਿ ਜੁਤ ਰਿਦਾ ਅਗਾਧਿ।
ਤੀਰਥ ਕੀ ਸੁ ਹੋਨਿ ਲਗਿ ਕਾਰੀ। ਕਾਰੀਗਰ ਬੁਲਾਇ ਮਤਿਭਾਰੀ।[84]

ਅਰਦਾਸ ਸੋਧਣ ਉਪਰੰਤ ਇਸ ਵਿਸ਼ਾਲ ਸਰੋਵਰ ਦੀ ਖੁਦਵਾਈ ਦਾ ਕਾਰਜ ਸਿੱਖ ਸੰਗਤਾਂ ਦੁਆਰਾ ਗੁਰੂ ਜੀ ਨੇ ਆਰੰਭ ਕਰਵਾ ਦਿੱਤਾ। ਪੱਕੀਆਂ ਇੱਟਾਂ ਬਣਾਉਂਣ ਲਈ ਬਹੁਤ ਸਾਰੇ ਆਵੇ ਲਾਏ ਗਏ। ਇਸ ਕਾਰਜ ਵਿਚ ਉਸ ਸਮੇਂ ਵਿਘਨ ਪੈ ਗਿਆ, ਜਦੋਂ ਨੂਰਦੀਨ ਅਤੇ ਅਸਮਤ ਖਾਂ ਨੇ ਸਰੋਵਰ ਦੀਆਂ ਇੱਟਾਂ ਆਪਣੇ ਘਰਾਂ ਨੂੰ ਜਾ ਲਾ ਲਾਈਆਂ। ਗੁਰੂ ਜੀ ਜੀ ਨੇ ਸਿੱਖ ਸੰਗਤਾਂ ਨੂੰ ਬਚਨ ਕੀਤਾ, ਕਿ ਕਿਸੇ ਸਮੇਂ ਗੁਰੂ ਕੇ ਸਿੱਖ ਇਹਨਾਂ ਦੇ ਘਰਾਂ ਨੂੰ ਢਾਹ ਕੇ ਸਭ ਇੱਟਾਂ ਮੁੜ ਇਸ ਸਰੋਵਰ ਨੂੰ ਲਾ ਦੇਣਗੇ। ਗੁਰੂ ਜੀ ਜੀ ਇਹ ਕਾਰਜ ਵਿਚਕਾਰ ਹੀ ਛੱਡ ਕੇ ਚਲੇ ਗਏ ਸਨ।[85]

*ਤਵਾਰੀਖ ਗੁਰੂ ਖਾਲਸਾ* ਦਾ ਕਰਤਾ ਲਿਖਦਾ ਹੈ ਕਿ ਗੁਰੂ ਜੀ ਸੰ.1646 (1589 ਈ.) ਵਿਚ ਖਾਰੇ ਪਿੰਡ ਪਾਸ ਪਹੁੰਚੇ ਸਨ। ਇਲਾਕੇ ਦੀਆਂ ਸੰਗਤਾਂ ਦੀ ਮੰਗ ਤੇ ਗੁਰੂ ਜੀ ਨੇ ਗਿਰਦਨਵਾਈ ਦੇ ਪੈਂਚਾਂ ਪਾਸੋਂ ਜ਼ਮੀਨ ਲੈ ਕੇ ਸੰ.1647 (1590 ਈ.) ਵਿਚ ਤਰਨਤਾਰਨ ਸਾਹਿਬ ਵਸਾਇਆ। ਸੰ. 1648 (1591 ਈ.) ਵਿਚ ਸਰੋਵਰ ਦੀ ਖੁਦਵਾਈ ਦਾ ਕਾਰਜ ਆਰੰਭ ਕਰਵਾਇਆ। ਇਸ ਸਰੋਤ ਵਿਚ ਇਹ ਜਿਕਰ ਵੀ ਮਿਲਦਾ ਹੈ ਕਿ ਸਰੋਵਰ ਦਾ ਕਾਰਜ ਜੋ ਗੁਰੂ ਜੀ ਦੇ ਸਮੇਂ ਤੋਂ ਅਧੂਰਾ ਪਿਆ ਸੀ ਉਹ ਸੰ.1832 (1775 ਈ.) ਵਿਚ ਬੁੱਧ ਸਿੰਘ ਫੈਜ਼ਲਪੁਰੀਏ ਨੇ ਨੂਰਦੀਨ ਦੀ ਹਵੇਲੀ ਨੂੰ ਢਾਹ ਕੇ ਸਾਰੀਆਂ ਇੱਟਾਂ ਸਰੋਵਰ ਨੂੰ ਲਾ ਕੇ ਸੰਪੂਰਨ ਕੀਤਾ।[86] ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਗੁਰੂ ਜੀ ਦੁਆਰਾ ਸਿੱਖ ਸੰਗਤਾਂ ਨੂੰ ਦਿੱਤਾ ਬਚਨ ਪੂਰਾ ਹੋਇਆ।

*ਗੁਰਧਾਮ ਸੰਗ੍ਰਹਿ* ਅਨੁਸਾਰ ਗੁਰੂ ਅਰਜਨ ਦੇਵ ਜੀ ਸੰ.1644 (1587ਈ:) ਵਿਚ ਖਾਰੇ ਪਿੰਡ ਦੇ ਟੋਭੇ ਪਾਸ ਜਾ ਡੇਰਾ ਲਾਇਆ। ਆਲੇ-ਦੁਆਲੇ ਨਿਗ੍ਹਾ ਮਾਰ ਕੇ ਗੁਰੂ ਜੀ ਨੇ ਬਚਨ ਕੀਤਾ ਕਿ ਇਥੇ ਇਕ ਵੱਡੀ ਭਾਰੀ ਰੌਣਕ ਵਾਲੀ ਨਗਰੀ ਬਸੇਗੀ, ਇਹ ਸੁਣਕੇ ਖਾਰੇ ਪਿੰਡ ਦੇ ਭੋਲੇ ਪੈਂਚ ਨੇ ਹੱਥ ਜੋੜਕੇ ਅਰਜ ਕੀਤੀ ਓਹ ਨਗਰੀ ਹੁਣੇ ਕਿਉਂ ਨਹੀਂ ਬਸਾ ਲੈਂਦੇ। ਗੁਰੂ ਜੀ ਨੇ ਸਿੱਖ ਸੰਗਤਾਂ ਦੀ ਬੇਨਤੀ ਨੂੰ ਸਵੀਕਾਰ ਕਰਦੇ ਹੋਏ ਇਲਾਕੇ ਦੇ ਤਹਿਸੀਲਦਾਰ ਨੂਰਦੀਨ ਨੂੰ ਬੁਲਾ ਕੇ ਪਿੰਡ ਦੀ ਮੋੜ੍ਹੀ ਗੱਡੀ ਅਤੇ ਇਸਦਾ ਨਾਮ 'ਤਰਨਤਾਰਨ' ਰੱਖਿਆ। ਇਸ ਤੋਂ ਬਾਅਦ ਸਰੋਵਰ ਦੀ ਖੁਦਵਾਈ ਦਾ ਕਾਰਜ ਆਰੰਭ ਕਰਵਾਇਆ ਗਿਆ। ਗੁਰੂ ਜੀ ਨੇ ਬਚਨ ਕੀਤਾ ਕਿ, "ਏਸ ਤਾਲਾਬ ਵਿਚ ਕੁਸ਼ਟੀ ਲੋਗ ਤੇ ਹਮੇਸ਼ ਇਸ਼ਨਾਨ ਸੇਵਾ ਕਰਨ ਵਾਲੇ ਭੀ ਨਿਰੋਗਤਾ ਪਾਉਣਗੇ।" ਇਸ ਸਰੋਤ ਅਨੁਸਾਰ ਸੰ. 1647(1590ਈ:) ਵਿਚ ਇਸ ਸਰੋਵਰ ਨੂੰ ਪੱਕਾ ਕਰਨ ਦਾ ਕਾਰਜ ਆਰੰਭਿਆ ਗਿਆ।[87] *ਸ੍ਰੀ ਗੁਰੁ ਤੀਰਥ ਸੰਗ੍ਰਹਿ* ਦਾ ਕਰਤਾ ਲਿਖਦਾ ਹੈ, ਕਿ ਤਰਨਤਾਰਨ ਸਰੋਵਰ ਪੱਕਾ ਕਰਵਾਉਣਾ ਦਾ ਕਾਰਜ ਸੰ.1653 (1596 ਈ.) ਵਿਚ ਆਰੰਭ ਕੀਤਾ ਗਿਆ।[88] ਹੋ ਸਕਦਾ ਹੈ, ਕਿ ਲੇਖਕ ਟਪਲਾ ਖਾ ਕੇ ਦਰਾਬਰ ਸਾਹਿਬ ਤਿਆਰ ਕਰਵਾਉਣ ਦੀ ਬਜਾਇ ਸਰੋਵਰ ਤਿਆਰ ਕਰਵਾਉਣ ਦਾ ਕਥਨ ਲਿਖ ਗਿਆ ਹੋਵੇ। ਇਸ ਕਥਨ ਦੀ ਪੁਸ਼ਟੀ *Encyclopedia of Sikhism* according this place is founded by Guru Arjan in 1596. Six years earlier, on 13 April 1590, he had inauguranted the conversion of a natural pond lying along the Delhi-Lahore highway into a quadrangular tank. Digging operations on full scale commenced on the last day of the

dark half of the month, Bhandon, falling on 19 August 1590. With the completion of digging, on Chet vadi Amavas 1653 Bk/ 19 March 1596, began the construction of the main shrine, the Darbar Sahib, and ancillary buildings.[89] *ਸਿੱਖ ਪੰਥ ਵਿਸ਼ਵਕੋਸ਼* ਅਨੁਸਾਰ ਜਦ ਸਰੋਵਰ ਖੁਦਵਾਇਆ ਜਾ ਚੁੱਕਿਆ ਸੀ ਤਾਂ ਗੁਰੂ ਜੀ ਨੇ ਸੰਨ 1596 ਈ. ਵਿਚ ਦਰਬਾਰ ਸਾਹਿਬ ਦੀ ਉਸਾਰੀ ਸ਼ੁਰੂ ਕਰਵਾਈ। ਫਿਰ ਸੋਰਵਰ ਨੂੰ ਪੱਕਾ ਕਰਨ ਅਤੇ ਦਰਬਾਰ ਸਾਹਿਬ ਉਸਾਰਨ ਲਈ ਇੱਟਾਂ ਦੇ ਆਵੇ ਲਗਵਾਏ ਗਏ।[90] *ਗੁਰ ਪ੍ਰਣਾਲੀਆਂ* ਅਨੁਸਾਰ ਇਸ ਤੀਰਥ ਦਾ ਕਾਰਜ ਗੁਰੂ ਰਾਮਦਾਸ ਪਾਤਸ਼ਾਹ ਨੇ ਸ਼ੁਰੂ ਕੀਤਾ ਸੀ ਅਤੇ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਸੰਪੂਰਨ ਕਰਵਾਇਆ। ਸਮੇਂ ਸੰਬੰਧੀ ਕੋਈ ਜਾਣਕਾਰੀ ਨਹੀਂ ਪ੍ਰਾਪਤ ਹੁੰਦੀ।[91] ਇਹ ਕਥਨ ਠੀਕ ਨਹੀਂ ਜਾਪਦਾ ਕਿਉਂਕਿ ਤਕਰੀਬਨ ਸਾਰੇ ਵਿਦਵਾਨਾਂ ਦਾ ਮੰਨਣਾ ਹੈ ਕਿ ਤਰਨਤਾਰਨ ਸਾਹਿਬ ਦੀ ਸਥਾਪਨਾ ਗੁਰੂ ਅਰਜਨ ਦੇਵ ਜੀ ਦੁਆਰਾ ਕੀਤੀ ਗਈ।

*ਸਿੱਖ ਇਤਿਹਾਸ (1469-1765)* ਅਨੁਸਾਰ ਗੁਰੂ ਅਰਜਨ ਦੇਵ ਜੀ ਨੇ 1590ਈ: ਵਿਚ ਤਰਨਤਾਰਨ ਦੀ ਨੀਂਹ ਰੱਖਵਾਈ।[92] *ਗੁਰ-ਇਤਿਹਾਸ ਪਾਤਸ਼ਾਹੀ 2 ਤੋਂ 9* ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਖਾਰੇ ਅਤੇ ਆਲੇ-ਦੁਆਲੇ ਦੇ ਪਿੰਡਾਂ ਵਾਲਿਆਂ ਪਾਸੋਂ ਜ਼ਮੀਨ ਲੈ ਕੇ ਤਰਨਤਾਰਨ ਨਗਰ ਦੀ ਨੀਂਹ ਰੱਖੀ। ਇਸ ਨਗਰ ਵਿਚ ਗੁਰੂ ਜੀ ਨੇ ਸੰ.1647 (1590ਈ.) ਵਿਚ ਵਿਸ਼ਾਲ ਸਰੋਵਰ ਤਿਆਰ ਕਰਵਾਉਣਾ ਆਰੰਭ ਕੀਤਾ।[93] *ਸਿੱਖ ਇਤਿਹਾਸ* ਪੁਸਤਕ ਅਨੁਸਾਰ ਤਰਨਤਾਰਨ ਨਗਰ ਵਸਾਉਣ ਲਈ ਭਾਈ ਲੰਗਾਹ ਜੀ ਢਿੱਲੋਂ ਚੌਧਰੀ ਨੇ ਪਲਾਸੌਰ ਦੇ ਰੰਘੜਾਂ ਤੋਂ ਜ਼ਮੀਨ ਮੁੱਲ ਲੈ ਕੇ ਗੁਰੂ ਜੀ ਨੂੰ ਭੇਂਟ ਕੀਤੀ ਸੀ।[94] ਇਸ ਸਰੋਵਰ ਸੰਬੰਧੀ ਸਿੱਖ ਰਵਾਇਤ ਪ੍ਰਚਲਿਤ ਹੈ, ਕਿ ਇਕ ਜੋਗੀ ਨੇ ਜਦ ਗੁਰੂ ਅਰਜਨ ਦੇਵ ਜੀ ਨੂੰ ਰਸਾਇਣ ਦੀ ਇਕ ਪੋਟਲੀ ਭੇਟ ਕੀਤੀ ਅਤੇ ਕਿਹਾ ਕਿ ਉਸ ਵਿਚ ਇਹ ਵਿਸ਼ੇਸ਼ਤਾ ਹੈ ਕਿ ਜਿਸਤ ਤੇ ਕਲੀ ਨਾਲ ਲਗਾਇਆ ਚਾਂਦੀ ਅਤੇ ਤਾਂਬੇ ਤੇ ਪਿੱਤਲ ਨਾਲ ਲਗਾਇਆ ਸੋਨਾ ਬਣ ਜਾਂਦੀ ਹੈ। ਗੁਰੂ ਮਹਾਰਾਜ ਨੇ ਪੁੱਛਿਆ ਕਿ ਕੋਈ ਹੋਰ ਵੀ ਗੁਣ ਉਸ ਰਸਾਇਣ ਵਿਚ ਹੈ ਤਾਂ ਜੋਗੀ ਨੇ ਕਿਹਾ ਕਿ ਜੇ ਇਸ ਰਸਾਇਣ ਦਾ ਤਿਣਕਾ ਪਾਣੀ ਵਿਚ ਪਾ ਕੇ ਇਸ਼ਨਾਨ ਕੀਤਾ ਜਾਵੇ ਤਾਂ ਕੋਹੜ ਦੂਰ ਹੋ ਜਾਂਦਾ ਹੈ। ਇਹ ਗੱਲ ਸੁਣਦੇ ਸਾਰ ਸਾਰੀ ਪੋਟਲੀ ਤਰਨਤਾਰਨ ਸਰੋਵਰ ਵਿਚ ਸੁੱਟ ਦਿਤੀ।[95]

ਗੁਰੂ ਅਰਜਨ ਦੇਵ ਜੀ ਤੋਂ ਬਾਅਦ ਗੁਰੂ ਹਰਿਗੋਬਿੰਦ ਜੀ, ਗੁਰੂ ਹਰਿਰਾਇ ਜੀ ਅਤੇ ਗੁਰੂ ਤੇਗ ਬਹਾਦਰ ਜੀ ਨੇ ਇਸ ਨਗਰ ਵਿਚ ਚਰਨ ਪਾ ਕੇ ਇਸ ਨਗਰ ਦੀ ਇਤਿਹਾਸਕ ਮਹੱਤਤਾ ਵਿਚ ਵਾਧਾ ਕੀਤਾ। ਗਰੂ ਕਾਲ ਤੋਂ ਬਾਅਦ ਮੁਗਲ ਰਾਜ ਦੇ ਸਮੇਂ ਬਾਕੀ ਅਸਥਾਨਾਂ ਦੀ ਤਰ੍ਹਾਂ ਤਰਨਤਾਰਨ ਦਾ ਵਿਕਾਸ ਕਾਰਜ ਵੀ ਰੁਕਿਆ ਰਿਹਾ। ਮਿਸਲ ਕਾਲ ਦੇ ਸਮੇਂ ਜਦੋਂ ਸਿੱਖਾਂ ਦਾ ਕਬਜਾ ਪੰਜਾਬ ‘ਤੇ ਹੋਇਆ ਤਾਂ ਇਹ ਇਲਾਕੇ ਸਿੰਘ ਪੁਰੀਏ ਮਿਸਲ ਦੇ ਹਿੱਸੇ ਆਇਆ ਸੀ। ਬੁੱਧ ਸਿੰਘ ਫੈਜੁੱਲਪੁਰੀਏ ਨੇ ਤਰਨਤਾਰਨ ਸਰੋਵਰ ਦਾ ਅਧੂਰਾ ਪਿਆ ਕਾਰਜ ਮੁਕੰਮਲ ਕਰਵਾਇਆ ਸੀ। ਜਿਸ ਘਟਨਾ ਦਾ ਜਿਕਰ ਉੱਪਰ ਆ ਚੁੱਕਾ ਹੈ। ਸਿੱਖ ਰਾਜ ਦੇ ਸਮੇਂ ਮਹਾਰਾਜਾ ਰਣਜੀਤ ਸਿੰਘ ਨੇ ਸਿੱਖ ਧਾਰਮਿਕ ਅਸਥਾਨਾਂ ਦੀਆਂ ਉਸਾਰੀਆਂ ਵੱਲ ਵਿਸ਼ੇਸ਼ ਧਿਆਨ ਦਿੱਤਾ ਸੀ। ਅੰਮ੍ਰਿਤਸਰ ਅਤੇ ਤਰਨਤਾਰਨ ਨਗਰ ਦੇ ਵਿਕਾਸ ਲਈ 27 ਲੱਖ ਰੁਪਏ, 300 ਗੱਡੇ ਤੇ ਨੌਕਰ ਸੰਗਮਰਮਰ ਲਿਆਉਣ ਲਈ ਜੋਧਪੁਰ ਭੇਜੇ ਸਨ। ਪਰ ਉਨੀਂ ਦਿਨੀ ਨੌਨਿਹਾਲ ਸਿੰਘ ਦੀ ਮੌਤ ਹੋਣ ਨਾਲ ਬਹੁਤ ਸਾਰਾ ਰੁਪਿਆ ਅਤੇ ਸੋਨਾ ਗਲਤ ਹੱਥਾਂ ਵਿਚ ਜਾਣ ਕਾਰਨ ਖੁਰਦ-ਬੁਰਦ ਹੋ ਗਿਆ।[96] ਇਸ ਤਰ੍ਹਾਂ ਕਿਹਾ ਜਾ ਸਕਦ ਹੈ ਕਿ ਇਸ ਨਗਰ ਦਾ ਬਹੁਤਾ ਵਿਕਾਸ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਹੋਇਆ।

ਸਿੱਖ ਰਾਜ ਤੋਂ ਬਾਅਦ ਅੰਗਰੇਜ਼ੀ ਸ਼ਾਸਨ ਕਾਲ ਦੌਰਾਨ ਤਰਨਤਾਰਨ ਸਾਹਿਬ ਦਾ ਪ੍ਰਬੰਧ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੇ ਅਧੀਨ ਚਲਾ ਗਿਆ ਸੀ। ਸਮੇਂ ਦੀ ਗਰਦਸ਼ ਨਾਲ ਗੁਰਦੁਆਰਾ ਸੁਧਾਰ ਲਹਿਰ ਦੇ ਦੌਰਾਨ ਤਰਨਤਾਰਨ ਸਾਹਿਬ ਦੇ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਆ ਗਿਆ, ਜੋ ਹੁਣ ਤੱਕ ਕਾਬਜ਼ ਹੈ।

ਉਪਰੋਕਤ ਸਰੋਤਾਂ ਦੇ ਹਵਾਲੇ ਨਾਲ ਕਿਹਾ ਜਾ ਸਕਦਾ ਹੈ, ਕਿ ਗੁਰੂ ਅਰਜਨ ਦੇਵ ਜੀ ਨੇ ਤਤਕਾਲੀਨ ਪਰਿਸਥੀਆਂ ਨੂੰ ਦੇਖਦੇ ਹੋਏ, ਇਸ ਪ੍ਰਚਾਰ ਕੇਂਦਰ ਦੀ ਸਥਾਪਨਾ ਕੀਤੀ। ਉਸ ਸਮੇਂ ਪੰਜਾਬ ਵਿਚ ਸਖੀ ਸਰਵਰ ਦਾ ਪ੍ਰਭਾਵ ਬਹੁਤ ਵਧ ਚੁੱਕਾ ਸੀ, ਇਸ ਕਰਕੇ ਗੁਰੂ ਜੀ ਨੇ ਸਿੱਖੀ ਦੇ ਨਵੇਂ ਕੇਂਦਰ ਸਥਾਪਿਤ ਕੀਤੇ। ਇਹ ਵੀ ਕਿਹਾ ਜਾ ਸਕਦਾ ਹੈ, ਕਿ ਲਾਹੌਰ ਤੋਂ ਗੋਇੰਦਵਾਲ ਜਾਣ ਵਾਲੇ ਤਜਾਰਤੀ ਯਾਤਰੂਆਂ ਦੀ ਲੋੜ ਨੂੰ ਮੁੱਖ ਰੱਖਦੇ ਹੋਏ, ਇਸ ਨਗਰ ਦੀ ਸਥਾਪਨਾ ਕੀਤੀ ਗਈ। ਇਨ੍ਹਾਂ ਸਿੱਖ ਸਰੋਤਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਵਧੇਰੇ ਵਿਦਵਾਨ ਇਸ ਕਥਨ ਨਾਲ ਸਹਿਮਤ ਹਨ, ਕਿ ਗੁਰੂ ਅਰਜਨ ਦੇਵ ਜੀ ਨੇ 1590ਈ. ਵਿਚ ਤਰਨਤਾਰਨ ਸਾਹਿਬ ਦੀ ਨੀਂਹ ਰੱਖੀ ਸੀ।

ਇਸ ਨਗਰ ਦੀ ਸਥਾਪਨਾ ਤੋਂ ਬਾਅਦ ਗੁਰੂ ਜੀ ਨੇ ਤਰਨਤਾਰਨ ਸਰੋਵਰ ਤਿਆਰ ਕਰਵਾਇਆ ਜੋ ਬਾਅਦ ਵਿਚ ਸਿੱਖ ਸੰਗਤਾਂ ਦੁਆਰਾ ਸੰਪੂਰਨ ਕਰਵਾਇਆ ਗਿਆ। ਗੁਰੂ-ਕਾਲ ਤੋਂ ਬਾਅਦ ਕਾਫੀ ਸਮੇਂ ਲਈ ਵਿਕਾਸ ਰੁਕਿਆ ਰਿਹਾ, ਪਰ ਸਿੱਖ ਰਾਜ ਦੇ ਸਮੇਂ ਇਸ ਸ਼ਹਿਰ ਦਾ ਬਹੁਤ ਵਿਕਾਸ ਹੋਇਆ।

- **<u>ਕਰਤਾਰਪੁਰ ਸਾਹਿਬ (ਜਲੰਧਰ)</u>**

ਕਰਤਾਰਪੁਰ ਨਾਂ ਦੇ ਹੇਠ ਸਿੱਖ ਜਗਤ ਵਿਚ ਦੋ ਨਗਰਾਂ ਦਾ ਵੇਰਵਾ ਮਿਲਦਾ ਹੈ। ਪਹਿਲਾ ਕਰਤਾਰਪੁਰ, ਜੋ ਗੁਰੂ ਨਾਨਕ ਦੇਵ ਜੀ ਨੇ ਰਾਵੀ ਦਰਿਆ ਦੇ ਕੰਢੇ 'ਤੇ ਵਸਾਇਆ ਅਤੇ ਦੂਜਾ ਗੁਰੂ ਅਰਜਨ ਦੇਵ ਜੀ ਦੁਆਰਾ ਦੁਆਬੇ ਵਿਚ ਸਥਾਪਿਤ ਕੀਤਾ ਗਿਆ। ਤਰਨਤਾਰਨ ਸਾਹਿਬ ਦੀ ਸਥਾਪਨਾ ਕਰਨ ਉਪਰੰਤ ਗੁਰੂ ਅਰਜਨ ਦੇਵ ਜੀ ਨੇ ਬਿਆਸ ਦਰਿਆ ਪਾਰ ਕਰ ਦੁਆਬੇ ਇਲਾਕੇ ਵਿਚ ਪਰਵੇਸ਼ ਕੀਤਾ। ਮਾਝੇ ਦੀ ਤਰ੍ਹਾਂ ਗੁਰੂ ਜੀ ਇਸ ਇਲਾਕੇ ਨੂੰ ਵੀ ਸਿੱਖੀ ਰੰਗ ਵਿਚ ਰੰਗਣਾ ਚਾਹੁੰਦੇ ਸਨ, ਜਿਸਦੇ ਤਹਿਤ ਕਰਤਾਰਪੁਰ ਦੀ ਸਥਾਪਨਾ ਕੀਤੀ ਗਈ।

- **ਨਗਰ ਦੀ ਸਥਾਪਨਾ**

ਇਤਿਹਾਸਕ ਸਰੋਤਾਂ ਦੇ ਅਧਿਐਨ ਤੋਂ ਕਰਤਾਰਪੁਰ ਦੀ ਸਥਾਪਨਾ ਸੰਬੰਧੀ ਦੋ ਪੱਖ ਸਾਹਮਣੇ ਆਏ ਹਨ। ਪਹਿਲਾ ਇਹ ਕਿ ਗੁਰੂ ਜੀ ਪ੍ਰਿਥੀ ਚੰਦ ਦੀ ਵਿਰੋਧਤਾ ਦੇ ਕਾਰਨ ਕੁਝ ਸਮੇਂ ਲਈ ਸੰ.1650 (1593 ਈ.) ਨੂੰ ਅੰਮ੍ਰਿਤਸਰ ਸਾਹਿਬ ਤੋਂ ਕੁਝ ਮੁਖੀ ਸਿੱਖਾਂ ਨੂੰ ਨਾਲ ਲੈ ਕੇ ਮਾਝੇ ਅਤੇ ਦੁਆਬੇ ਇਲਾਕੇ ਦੇ ਪ੍ਰਚਾਰ ਦੌਰੇ 'ਤੇ ਨਿਕਲੇ ਸਨ। ਅੰਮ੍ਰਿਤਸਰ ਤੋਂ ਚੱਲ ਕੇ ਗੋਇੰਦਵਾਲ ਗੁਰੂ ਅਮਰਦਾਸ ਜੀ ਦੇ ਪਰਿਵਾਰਕ ਮੈਂਬਰਾਂ ਪਾਸ ਚਾਰ ਦਿਨ ਰੁਕੇ। ਇਥੋਂ ਚੱਲ ਕੇ ਸਿਰਹਾਲੀ, ਚੋਲਾ ਸਾਹਿਬ ਆਦਿਕ ਪਿੰਡਾਂ ਤੋਂ ਹੁੰਦੇ ਹੋਏ ਬਿਆਸ ਦਰਿਆ ਪਾਰ ਕਰਕੇ ਡੱਲੇ ਪਿੰਡ ਜਾ ਉੱਤਰੇ ਸਨ। ਕਈ ਦਿਨ ਭਾਈ ਲਾਲੋ ਅਤੇ ਹੋਰ ਸ਼ਰਧਾਵਾਨ ਸਿੱਖ ਗੁਰੂ ਜੀ ਦੀ ਟਹਿਲ ਸੇਵਾ ਵਿਚ ਪ੍ਰੇਮ ਨਾਲ ਲੱਗੇ ਰਹੇ। ਇਕ ਦਿਨ ਗੁਰੂ ਜੀ ਦੀ ਮਹਿਮਾ ਸੁਣ ਕੇ ਜਲੰਧਰ ਦਾ ਸੂਬੇਦਾਰ ਸੱਯਦ ਅਜ਼ੀਮ ਖਾਂ ਗੁਰੂ ਦਰਬਾਰ ਵਿਚ ਆਇਆ। ਪੰਗਤ ਅਤੇ ਸੰਗਤ ਵਿਚ ਬਿਨ੍ਹਾਂ ਕਿਸੇ ਭੇਦ-ਭਾਵ ਤੋਂ ਲੰਗਰ ਅਤੇ ਉਪਦੇਸ਼ ਮਿਲਦਾ ਦੇਖ ਬੜ੍ਹਾ ਪ੍ਰਸੰਨ ਹੋਇਆ। ਆਪਣੇ ਸ਼ੰਕਿਆ ਦੀ ਨਵਿਰਤੀ ਕਰਨ ਉਪਰੰਤ ਬੇਨਤੀ ਕੀਤੀ, ਕਿ ਜਲੰਧਰ ਦੇ ਨੇੜੇ ਪੱਕਾ ਨਿਵਾਸ ਕਰੋ ਤਾਂ ਜੋ ਅਸਾਨੀ ਨਾਲ ਦਰਸ਼ਨ ਕਰ ਸਕਾ। ਗੁਰੂ ਜੀ ਨੇ ਸੱਚੇ

ਸ਼ਰਧਾਲੂ ਦੀ ਬੇਨਤੀ ਪ੍ਰਵਾਨ ਕਰਕੇ 21 ਮੱਘਰ ਸੰ.1651 (1594 ਈ.) ਨੂੰ ਜਲੰਧਰ ਦੇ ਪਾਸ ਕਰਤਾਰਪੁਰ ਸਾਹਿਬ ਨਗਰ ਦੀ ਸਥਾਪਨਾ ਕੀਤੀ।[97]

ਦੂਜਾ ਪੱਖ ਕਵੀ ਸੰਤੋਖ ਸਿੰਘ ਅਨੁਸਾਰ ਗੁਰੂ ਜੀ ਸਹਿਜ ਸੁਭਾਅ ਹੀ ਅੰਮ੍ਰਿਤਸਰ ਤੋਂ ਚੱਲ ਕੇ ਗੋਇੰਦਵਾਲ ਜਾ ਪਹੁੰਚੇ। ਗੁਰੂ ਅਮਰਦਾਸ ਜੀ ਦੇ ਪਰਿਵਾਰਕ ਮੈਂਬਰਾਂ ਨੂੰ ਜਾ ਮਿਲੇ ਅਤੇ ਉਹਨਾਂ ਪਾਸ ਚਾਰ ਦਿਨ ਰੁਕੇ ਰਹੇ। ਫਿਰ ਬਿਆਸ ਦਰਿਆ ਪਾਰ ਕਰ ਕੇ ਜਲੰਧਰ ਸ਼ਹਿਰ ਦੇ ਪਾਸ ਰੁੱਖਾਂ ਦੀ ਸੰਘਣੀ ਛਾਂ ਦੇਖ ਉਤਾਰਾ ਕੀਤਾ। ਇਹ ਉਹੀ ਅਸਥਾਨ ਸੀ, ਜਿੱਥੇ ਬਾਅਦ ਵਿਚ 'ਗੰਗਸਰ' ਖੂਹ ਤਿਆਰ ਕਰਵਾਇਆ ਗਿਆ। ਉਸ ਸਮੇਂ ਗੁਰੂ ਜੀ ਨਾਲ ਭਾਈ ਗੁਰਦਾਸ ਜੀ, ਭਾਈ ਊਦਾ, ਭਾਈ ਦਾਊ, ਮਲਕ ਜਾਤੀ, ਭਾਈ ਸੰਘੇੜਾ, ਭਾਈ ਜੇਠਾ ਆਦਿਕ ਸਿੱਖ ਸਨ। ਗੁਰੂ ਜੀ ਨੇ ਇਸ ਸੁੰਦਰ ਅਸਥਾਨ ਨੂੰ ਨਗਰ ਵਿਚ ਤਬਦੀਲ ਕਰਨ ਦਾ ਮਨ ਬਣਾਇਆ। ਜੰਗਲ ਦੇ ਪਾਸ ਵਸਦੇ ਪਿੰਡ ਦੇ ਲੋਕਾਂ ਪਾਸੋਂ ਜ਼ਮੀਨ ਮੁੱਲ ਖਰੀਦ ਲਈ ਅਤੇ ਅਰਦਾਸਾ ਸੋਧਣ ਉਪਰੰਤ ਜ਼ਮੀਨ ਦੇ ਆਲੇ-ਦੁਆਲੇ ਮਜ਼ਬੂਤ ਮਿੱਟੀ ਦੀ ਉੱਚੀ ਦੀਵਾਰ ਤਿਆਰ ਕਰਵਾ ਕੇ ਹੱਦਬੰਦੀ ਕਰਵਾ ਦਿੱਤੀ। ਕਾਰੀਗਰਾਂ ਅਤੇ ਮਜ਼ਦੂਰਾਂ ਨੂੰ ਘਰਾਂ ਦੀ ਉਸਾਰੀ ਕਰਨ ਦਾ ਹੁਕਮ ਦਿੱਤਾ ਅਤੇ ਨਗਰ ਦਾ ਨਾਂ ਕਰਤਾਰਪੁਰ ਰੱਖਿਆ।

> ਬਹੁਰ ਹੁਕਮ ਘਰ ਚਿਨਿਬੇ ਕਰਿਓ। ਸੁੰਦਰ ਨਾਮ ਗੁਰੂ ਤਬਿ ਧਰਿਓ॥25॥
> 'ਸ੍ਰੀ ਕਰਤਾਰ ਪੁਰਾ ਸਭਿ ਬੀਚ। ਬਿਦਤ ਹੋਇ ਕਹਿੰ ਊਚ ਰੁ ਨੀਚ॥
> ਸ੍ਰੀ ਅਰਜਨ ਪੁਨ ਲੋਕ ਬੁਲਾਏ। ਮਾਨ ਦਾਨ ਦੇ ਘਨੇ ਬਸਾਏ॥26॥[98]

*ਗੁਰਦੁਆਰੇ ਦਰਸ਼ਨ* ਅਨੁਸਾਰ ਕਰਤਾਰਪੁਰ ਦਾ ਵੇਰਵਾ ਇਸ ਪ੍ਰਕਾਰ ਹੈ "ਦੇਸ਼ ਦੁਆਬੇ ਵਿਚ ਸ਼ੈਹਰ ਜਲੰਧਰ ਦੇ ਨੇੜੇ ਸ੍ਰੀ ਗੁਰੂ ਅਰਜਨ ਜੀ ਜੀ ਮਹਾਰਾਜ ਨੇ ਇਕ ਲੰਮਾ ਚੌੜਾ ਜੰਗਲ ਦੇਖ ਕੇ ਸ਼ੈਹਰ ਬੰਨ੍ਹਣ ਦਾ ਖਿਆਲ ਕੀਤਾ ਅਤੇ ਸੰਮਤ 1663 ਵਿਚ ਹੀ ਇਥੇ ਆ ਕੇ ਨੀਂਹ ਰੱਖੀ।"[99] 1598 ਈ: ਵਿਚ ਬਾਦਸ਼ਾਹ ਜਹਾਂਗੀਰ ਨੇ ਕਰਤਾਰਪੁਰ ਦੇ ਮਾਮਲੇ ਦੀ ਮੁਆਫੀ ਦਾ ਪਟਾ ਧਰਮਸ਼ਾਲਾ ਦੇ ਨਾਂ ਦਿੱਤਾ। ਇਸ ਪਟੇ ਵਿਚ ਕਰਤਾਰਪੁਰ ਦੀ 8946 ਘੁਮਾ 7 ਕਨਾਲ 15 ਮਰਲੇ ਜ਼ਮੀਨ ਦਰਜ਼ ਹੈ।[100]ਇਸ ਗੱਲ ਤੋਂ ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਉਸ ਸਮੇਂ ਬਾਦਸ਼ਾਹ ਜਹਾਂਗੀਰ ਦਾ ਗੁਰੂ ਅਰਜਨ ਦੇਵ ਜੀ ਨਾਲ ਕੋਈ ਝਗੜਾ ਨਹੀਂ ਸੀ। *Jullundur District Gazetteer* ਅਨੁਸਾਰ "Kartarpur is said to have been founded in

1593 A.D. by Guru Arjan Dev (1581—1606 A.D.) in some waste land granted to him by the Emperor Akbar (1556—1605 A.D.)."[101] Encyclopedia of Sikhism ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਬਾਦਸ਼ਾਹ ਅਕਬਰ ਦੁਆਰਾ ਭੇਟ ਕੀਤੀ ਜ਼ਮੀਨ 'ਤੇ 1594 ਈ. ਨੂੰ ਕਰਤਾਰਪੁਰ ਨਗਰ ਆਬਾਦ ਕੀਤਾ।[102]

ਇਨ੍ਹਾਂ ਸਰੋਤਾਂ ਨੂੰ ਵਾਚਣ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਜੀ ਨੇ ਕਰਤਾਰਪੁਰ ਵਾਲੀ ਜ਼ਮੀਨ ਖ਼ਰੀਦ ਕੇ 1593ਈ: ਨੂੰ ਨਗਰ ਦੀ ਸਥਾਪਨਾ ਕੀਤੀ ਹੋਵੇਗੀ। ਕੁਝ ਵਿਦਵਾਨ ਮੰਨਦੇ ਹਨ, ਕਿ 1594 ਈ. ਵਿਚ ਕੀਤੀ। ਇਹ ਵੀ ਹੋ ਸਕਦਾ ਹੈ, ਕਿ ਪਹਿਲਾਂ ਗੁਰੂ ਜੀ ਨੇ ਇਸ ਅਸਥਾਨ ਦੀ ਜਗ੍ਹਾ ਖਰੀਦ ਕੇ ਆਲੇ-ਦੁਆਲੇ ਮਜ਼ਬੂਤ ਕੰਧ ਤਿਆਰ ਕਰਵਾਈ ਹੋਵੇ ਅਤੇ ਬਾਅਦ ਵਿਚ ਥੰਮ੍ਹ ਗਡਾ ਕੇ ਨੀਂਹ ਰਖਾਈ ਹੋਵੇ। ਇਨ੍ਹਾਂ ਉਸਾਰੀ ਦੇ ਕਾਰਜਾਂ ਨੂੰ ਵੀ ਕੁਝ ਸਮਾਂ ਤਾਂ ਜਰੂਰ ਲੱਗਿਆ ਹੋਵੇਗਾ। ਹੋ ਸਕਦਾ ਹੈ ਕਿ 'ਚ ਨੀਂਹ ਰੱਖਣ ਦਾ ਕੰਮ ਅਗਲੇ ਸਾਲ 'ਤੇ ਚਲਾ ਗਿਆ ਹੋਵੇ।

- **ਨਗਰ ਦੀ ਉਸਾਰੀ**

ਗੁਰੂ ਜੀ ਨੇ ਨਗਰ ਦੀ ਸਥਾਪਨਾ ਕਰਨ ਤੋਂ ਬਾਅਦ ਬੇਲਦਾਰ ਬੁਲਵਾ ਕੇ ਨਗਰ ਦੀ ਉਸਾਰੀ ਦਾ ਕਾਰਜ ਆਰੰਭ ਕਰਨ ਨਮਿਤ ਅਰਦਾਸ ਸੋਧੀ ਗਈ। ਫਿਰ ਨਗਰ ਦੀ ਚਾਰ ਦੀਵਾਰੀ ਕਰਨ ਲਈ ਟੱਕ ਲਗਾਇਆ ਗਿਆ:

ਡੇਰੇ ਕੋ ਮੁਕਾਮ ਕਰਿ ਰਹੇ। ਇਕ ਦੁਇ ਦਿਨ ਬੀਤੇ ਜਬਿ ਲਹੇ।
ਬੇਲਦਾਰ ਬੁਲਵਾਇ ਮਜੂਰ। ਫਿਰਿ ਕੈ ਅਵਿਲੋਕੋ ਥਲ ਰੂਰ।
ਭਾਈ ਬ੍ਰਿਧ, ਭਗਤੂ ਤੇ ਆਦਿ। ਜੇ ਗੁਰ ਦਰਸ਼ਨ ਤੇ ਅਹਿਲਾਦ।
ਬ੍ਰਿੰਦ ਪ੍ਰਸ਼ਾਦਿ ਮਧੁਰ ਅਨਵਾਯੋ। ਸ੍ਰੀ ਨਾਨਕ ਕੋ ਪੂਰਬ ਧਾਯੋ।
ਸਰਬ ਗੁਰਨਿ ਕੇ ਸਿਮਰੇ ਨਾਮਾ। ਕਰਿ ਅਰਦਾਸ ਰੀਤਿ ਅਭਿਰਾਮਾ।
ਸਤਿਗੁਰ ਸਹਿਤ ਸੀਸ ਕੋ ਨਾਇ। ਸਭਿਹਿਨਿ ਮੈਂ ਪ੍ਰਸਾਦਿ ਬਰਤਾਇ।
ਬੇਲਦਾਰ ਕੋ ਆਇਸੁ ਦਈ। ਕਰਹੁ ਕੋਟ ਚਹੁਦਿਸ਼ਿ ਦਿਢ ਮਈ।
ਸੁਨਿ ਗੁਰੁ ਹੁਕਮ ਸੁ ਕਸੀ ਉਭਾਰੀ। ਖਨਨਿ ਹੇਤੁ ਅਨਿਵੀ ਮਹਿ ਮਾਰੀ।[103]

ਅਪਣੇ ਨਿਵਾਸ ਲਈ ਕਾਰੀਗਰਾਂ ਨੂੰ ਵੱਡਾ ਘਰ ਤਿਆਰ ਕਰਨ ਦਾ ਹੁਕਮ ਦਿੱਤਾ। ਉਸਾਰੀ ਦੇ ਦੌਰਾਨ ਕਾਰੀਗਰਾਂ ਦੁਆਰਾ ਲੱਕੜੀ ਦੀ ਮੰਗ ਕਰਨ 'ਤੇ ਭਾਈ ਪਰਾਣਾ ਅਤੇ ਤਰਖਾਣ ਲਾਗਲੇ ਜੰਗਲ ਵਿਚੋਂ ਵੱਡੀ ਭਾਰੀ ਟਾਹਲੀ ਕੱਟ ਕੇ ਲੈ ਆਏ। ਟਾਹਲੀ ਦੇ ਮੋਟੇ ਹਿੱਸੇ ਨੂੰ ਗੁਰਦੁਆਰੇ ਦੀ ਇਮਾਰਤ ਵਿਚ ਥੰਮ੍ਹ ਦੀ ਥਾਂ ਵਰਤਿਆ ਗਿਆ ਅਤੇ ਗੁਰਦੁਆਰਾ ਦਾ ਨਾਂ 'ਥੰਮ੍ਹ ਸਾਹਿਬ' ਰੱਖਿਆ ਗਿਆ। ਬਾਕੀ ਬਚਦੀ ਲੱਕੜ ਨਾਲ ਗੁਰੂ ਜੀ ਦੇ ਨਿਵਾਸ ਲਈ ਸੁੰਦਰ ਘਰ ਤਿਆਰ ਕੀਤਾ ਗਿਆ:

ਲਗੇ ਬਸਾਵਨਿ ਪੁਰਿ ਕਰਤਾਰੰ। ਅਪਨਿ ਬਾਸ ਹਿਤ ਸੁਥਲ ਨਿਹਾਰੰ।
ਰਚਹੁ ਸਦਨ ਕੋ ਆਇਸੁ ਦੀਨਿ। ਤੁਰਤ ਮਸੰਦਨਿ ਉੱਦਮ ਕੀਨਿ।
ਕਾਰੀਗਰ ਬੁਲਾਇ ਲਗਵਾਏ। ਦੀਰਘ ਰਚਹੁ ਗੁਰੂ ਫੁਰਮਾਏ।[104]

ਸਥਾਪਨਾ ਤੋਂ ਬਾਅਦ ਇਸ ਨਗਰ ਨੂੰ ਵਸਾਉਣ ਲਈ ਸਿੱਖ ਸੇਵਕਾਂ ਨੂੰ ਇਸ ਨਗਰ ਵਿਚ ਵਾਸਾ ਕਰਨ ਦਾ ਸੱਦਾ ਦਿੱਤਾ ਗਿਆ। ਵਪਾਰੀਆਂ ਦੇ ਇਸ ਨਗਰ ਵਿਚ ਆ ਵਸਣ ਨਾਲ ਇਹ ਨਗਰ ਵਪਾਰ ਦੇ ਕੇਂਦਰ ਬਣ ਰਿਹਾ ਸੀ। ਨਗਰ ਦੀ ਸੁੰਦਰਤਾ ਨੂੰ ਹੋਰ ਨਖੇਰਨ ਲਈ ਬਾਗ਼ ਲਗਾਏ ਗਏ। ਥੋੜ੍ਹੇ ਸਮੇਂ ਵਿਚ ਹੀ ਕਾਫੀ ਘਰ ਤਿਆਰ ਹੋ ਗਏ ਅਤੇ ਚੌਪੜ ਸ਼ਕਲ ਵਾਲਾ ਸੰਘਣਾ ਬਜ਼ਾਰ ਬਣ ਗਿਆ:

ਸਾਜਿਆ ਕਿਲਾ ਬਿਲੰਦ ਅਜੀਤ ਸੁਹਾਵਣਾ।
ਚੌਪੜ ਸਕਲ ਬਜਾਰ ਸਹਿਰੁ ਮਨ ਭਾਵਣਾ।
ਲਾਏ ਬਾਗ ਬਿਸਾਲ ਘਟਾ ਜਨੁ ਪਾਵਸੀ।
ਹੋ ਛਾਇਆ ਕੁਹੂ ਕਰਾਲ ਨਿਸਾ ਸਮ ਮਾਵਈ।[105]

ਦੂਰੋ ਨੇੜਿਓ ਸੰਗਤਾਂ ਨੇ ਆ ਕੇ ਨਗਰ ਵਿਚ ਘਰਾਂ ਦੀ ਉਸਾਰੀ ਕਰਵਾ ਕੇ ਵਾਸਾ ਕਰ ਲਿਆ। ਇਸ ਤਰ੍ਹਾਂ ਗੁਰੂ ਜੀ ਜੀ ਨੇ ਸੰਗਤਾਂ ਦੇ ਸਹਿਯੋਗ ਨਾਲ ਕਰਤਾਰਪੁਰ ਵਸਾਇਆ। ਗਿਆਨੀ ਗਿਆਨ ਸਿੰਘ ਦਾ ਮੰਨਣਾ ਹੈ ਕਿ ਗੁਰੂ ਜੀ ਨੇ ਕਰਤਾਰਪੁਰ ਦੇ ਆਸ-ਪਾਸ ਪੰਜ ਖੂਹ ਲਗਵਾਏ ਸਨ।[106] ਇਸ ਗੱਲ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਲੋਕ ਬਹੁਤ ਤੇਜ਼ੀ ਨਾਲ ਇਸ ਨਗਰ ਵਿਚ ਵਸਣ ਲਈ ਆਏ ਹੋਣਗੇ। *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਵਿਚ ਕਰਤਾਰਪੁਰ ਸਾਹਿਬ ਦੀ ਮਹਿਮਾ ਵਿਚ ਗੁਰੂ ਅਰਜਨ ਦੇਵ ਜੀ ਨੇ ਬਿਲਾਵਲ ਰਾਗ ਵਿਚ ਇਕ ਸ਼ਬਦ ਵੀ ਅੰਕਿਤ ਕੀਤਾ ਹੈ:

ਸਿਮਰਿ ਸਿਮਰਿ ਪੂਰਨ ਪ੍ਰਭੂ ਕਾਰਜ ਭਏ ਰਾਸਿ।।

ਕਰਤਾਰਪੁਰਿ ਕਰਤਾ ਵਸੈ ਸੰਤਨ ਕੈ ਪਾਸਿ।। ਰਹਾਉ ।।

ਬਿਘਨੁ ਨ ਕੋਊ ਲਾਗਤਾ ਗੁਰ ਪਹਿ ਅਰਦਾਸਿ।।

ਰਖਵਾਲਾ ਗੋਬਿੰਦ ਰਾਇ ਭਗਤਨ ਕੀ ਰਾਸਿ।।

ਤੋਟਿ ਨ ਆਵੈ ਕਦੇ ਮੂਲਿ ਪੂਰਨ ਭੰਡਾਰ।।

ਚਰਨ ਕਮਲ ਮਨਿ ਤਨਿ ਬਸੇ ਪ੍ਰਭ ਅਗਮ ਅਪਾਰ।।

ਬਸਤ ਕਮਾਵਤ ਸਭਿ ਸੁਖੀ ਕਿਛੁ ਊਨ ਨ ਦੀਸੈ।।

ਸੰਤ ਪ੍ਰਸਾਦਿ ਭੇਟੇ ਪ੍ਰਭੂ ਪੂਰਨ ਜਗਦੀਸੈ।।

ਜੈ ਜੈ ਕਾਰੁ ਸਭੈ ਕਰਹਿ ਸਚੁ ਥਾਨੁ ਸੁਹਾਇਆ।।

ਜਪਿ ਨਾਨਕ ਨਾਮੁ ਨਿਧਾਨ ਸੁਖ ਪੂਰਾ ਗੁਰੁ ਪਾਇਆ।।[107]

ਇਸ ਤੋਂ ਇਲਾਵਾ ਗੁਰੂ ਜੀ ਨੇ ਦੁਆਬੇ ਦੇ ਇਲਾਕੇ ਵਿਚ ਸਖੀ ਸਰਵਰ ਨੂੰ ਮੰਨਣ ਵਾਲੇ ਅਤੇ ਭੁੱਲੇ ਭਟਕੇ ਕਰਮ ਕਾਂਡਾ ਵਿਚ ਫਸੇ ਲੋਕਾਂ ਨੂੰ ਇਕ ਅਕਾਲ ਪੁਰਖ ਦਾ ਸੰਦੇਸ਼ ਦੇ ਕੇ ਸਿੱਧੇ ਰਾਹੇ ਪਾਇਆ। ਥੋੜ੍ਹਾ ਸਮਾਂ ਨਿਵਾਸ ਕਰਕੇ ਭਾਈ ਕਲਿਆਣੇ, ਧੀਰੇ, ਪੈੜੇ, ਭਗਤੂ ਆਦਿਕ ਨਾਮੀ ਸਿੱਖਾਂ ਨੂੰ ਨਗਰ ਉਸਾਰੀ ਦੀ ਜ਼ੁੰਮੇਵਾਰੀ ਦਾ ਕਾਰਜ ਸੌਂਪ ਕੇ ਗੁਰੂ ਜੀ ਵੈਰੋਵਾਲ, ਗੋਇੰਦਵਾਲ ਹੁੰਦੇ ਹੋਏ ਅੰਮ੍ਰਿਤਸਰ ਜਾ ਬਿਰਾਜੇ। ਨਗਰ ਨੂੰ ਪ੍ਰਫੁਲਿਤ ਕਰਕੇ ਗੁਰੂ ਜੀ ਵਾਪਸ ਧਰਮ ਦੇ ਪ੍ਰਚਾਰ ਲਈ ਮਾਝੇ ਇਲਾਕੇ ਵਿਚ ਚਲੇ ਗਏ।[108]

ਸਮੇਂ-ਸਮੇਂ ਗੁਰੂ ਹਰਿਗੋਬਿੰਦ ਜੀ ਇਸ ਨਗਰ ਵਿਚ ਵਿਚਰ ਕੇ ਵਿਕਾਸ ਕਰਦੇ ਰਹੇ। ਗੁਰੂ ਜੀ ਬੱਡੇ ਮੀਰ ਪਿੰਡ ਦੇ 26 ਸੂਰਬੀਰ ਪਠਾਣ ਯੋਧੇ ਆਪਣੀ ਸੈਨਾ ਵਿਚ ਭਰਤੀ ਕਰੇ। ਇਹਨਾਂ ਵਿਚੋਂ ਪੈਂਦੇ ਖਾਂ ਨੂੰ ਹੋਣਹਾਰ ਸਮਝਕੇ ਆਪਣੇ ਪਾਸ ਰੱਖ ਕੇ ਉਸ ਦੀ ਪਰਵਰਸ਼ ਕਰਵਾਈ।[109] ਦੂਜੀ ਵਾਰ ਝਬਾਲ ਬੀਬੀ ਵੀਰੋ ਦੇ ਵਿਆਹ ਤੋਂ ਬਾਅਦ ਸੰਮਤ 1685. ਨੂੰ ਤਰਨਤਾਰਨ ਸਾਹਿਬ, ਖਡੂਰ ਸਾਹਿਬ ਹੁੰਦੇ ਹੋਏ ਗੋਇੰਦਵਾਲ ਸਾਹਿਬ ਪਹੁੰਚੇ। ਦਸ ਕੁ ਦਿਨ ਗੋਇੰਦਵਾਲ ਠਹਿਰਾ ਕਰ ਕੇ ਕਰਤਾਰਪੁਰ ਸਾਹਿਬ (ਜਲੰਧਰ) ਜਾ ਡੇਰੇ ਲਾਏ। ਸਭ ਤੋਂ ਪਹਿਲਾਂ ਤਾਂ ਅੰਤਿਮ ਸਾਹਾਂ ਤੇ ਗੁਰੂ ਦਰਸ਼ਨਾਂ ਦੀ ਭੁੱਖ ਵਿਚ ਪਈ ਬੀਬੀ ਕੌਲਾਂ ਨੂੰ ਜਾ ਦਰਸ਼ਨ ਦਿੱਤੇ। ਬੀਬੀ ਕੌਲਾਂ ਨੂੰ ਸਿੱਖਾਂ ਦੀ ਵਿਰੋਧਤਾ ਦੇ ਚਲਦਿਆਂ ਗੁਰੂ ਜੀ ਨੇ ਬੀਬੀ ਵੀਰੋ ਦੇ ਵਿਆਹ ਤੋਂ ਪਹਿਲਾਂ ਹੀ ਕਰਤਾਰਪੁਰ

ਸਾਹਿਬ ਭੇਜ ਦਿੱਤਾ ਸੀ। ਅੰਤਿਮ ਸਮੇਂ ਸਤਿ ਨਾਮ ਦਾ ਉਪਦੇਸ਼ ਦੇ ਕੇ ਨਿਹਾਲ ਕੀਤਾ ਅਤੇ ਅੰਤਿਮ ਸੰਸਕਾਰ ਮੁਸਲਮਾਨ ਰਵਾਇਤ ਅਨੁਸਾਰ ਕੀਤਾ। ਇਸ ਗੱਲ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਗੁਰੂ ਜੀ ਦੂਸਰੇ ਧਰਮ ਦੇ ਪ੍ਰੇਮੀਆਂ ਨੂੰ ਕਿੰਨ੍ਹਾਂ ਮਾਨ ਆਦਰ ਦਿੰਦੇ ਸਨ। ਭਾਵੇਂ ਬੀਬੀ ਕੌਲਾਂ ਗੁਰੂ ਜੀ ਦੇ ਸੰਪਰਕ ਵਿਚ ਆਉਂਣ ਤੋਂ ਬਾਅਦ ਸਿੱਖ ਖਿਆਲਾਂ ਦੀ ਧਾਰਨੀ ਹੋਈ ਸੀ ਪਰ ਫਿਰ ਵੀ ਗੁਰੂ ਜੀ ਨੇ ਉਸਦੀ ਮ੍ਰਿਤਕ ਦੇਹ ਨੂੰ ਮੁਸਲਮਾਨੀ ਸ਼ਰਾ ਦੇ ਅਨੁਸਾਰ ਹੀ ਦਫ਼ਨਾਇਆ।[110]

ਤੀਜੀ ਵਾਰ ਗੁਰੂ ਜੀ ਮਹਿਰਾਜ ਦੀ ਜੰਗ ਤੋਂ ਬਾਅਦ ਕਰਤਾਰਪੁਰ ਜਾ ਡੇਰਾ ਕੀਤਾ ਸੀ। ਗੁਰੂ ਦਰਸ਼ਨਾਂ ਲਈ ਸੰਗਤਾਂ ਬਹੁਤ ਜਿਆਦਾ ਤਦਾਦ ਵਿਚ ਕਰਤਾਰਪੁਰ ਸਾਹਿਬ ਆਉਂਣ ਲੱਗੀਆਂ। ਇਸ ਪਿੱਛੇ ਇਹ ਵੀ ਕਾਰਨ ਹੋ ਸਕਦਾ ਹੈ ਕਿ ਗੁਰੂ ਜੀ ਦੀ ਤੀਸਰੀ ਵੱਡੀ ਜਿੱਤ ਦੇ ਕਰਕੇ ਆਮ ਲੋਕਾਈ ਨੂੰ ਹਾਕਮਾਂ ਦੀਆਂ ਗਲਤ ਨੀਤੀਆ ਤੋਂ ਸੁਤੰਤਰ ਹੋਣ ਦਾ ਰਾਹ ਦਿਸ ਰਿਹਾ ਹੋਵੇ। ਗੁਰੂ ਜੀ ਦੇ ਪ੍ਰਤਾਪ ਨੂੰ ਦੇਖਦਿਆ ਬਹੁਤ ਪ੍ਰੇਮੀਆਂ ਨੇ ਸਿੱਖੀ ਧਾਰਨ ਕੀਤੀ।

3 ਸੰ.1689 ਬਿ ਨੂੰ ਇਸ ਨਗਰ ਵਿਚ ਗੁਰੂ ਤੇਗ ਬਾਹਦਰ ਦਾ ਵਿਆਰ ਮਾਤਾ ਗੁਜ਼ਰੀ ਜੀ ਨਾਲ ਹੋਇਆ। *ਗੁਰਬਿਲਾਸ ਪਾਤਸ਼ਾਹੀ ਛੇਵੀਂ* ਦੇ ਹਵਾਲੇ ਨਾਲ:

ਸੰਮਤ ਸੋਰਹ ਸੈ ਸੁਖਦ ਔਰ ਉਨਾਨਵ ਜਾਨੁ।
ਤੇਗਬਹਾਦਰ ਬਯਾਹ ਕਰਿ ਫੱਗਨ ਗ੍ਰਹ ਅਹਿ ਮਾਨੁ।
ਸੁਰ ਪਤਨੀ ਪੁਰ ਨਾਰਿ ਕਹਿ ਹੋ ਅਲਿ ਦੂਲੋ ਜੈਸ।
ਇਹ ਲਾਇਕ ਬਿਧਨ ਰਚੀ ਸੁਤਾ ਗੂਜਰੀ ਤੈਸ।[111]

- **ਕਰਤਾਰਪੁਰ ਸਾਹਿਬ ਯੁੱਧ**

1690 ਈ. ਦੀ ਵਿਸਾਖੀ ਨੂੰ ਕਰਤਾਰਪੁਰ ਸਾਹਿਬ ਵਿਖੇ ਬਹੁਤ ਸੰਗਤ ਗੁਰੂ ਦਰਸ਼ਨਾਂ ਲਈ ਆਈ। ਨਗਰ ਵਿਚ ਉਤਰਨ ਲਈ ਕੋਈ ਜਗ੍ਹਾ ਨਾ ਰਹੀ, ਬਾਹਰ ਤੰਬੂ ਲਗਵਾਏ ਗਏ। ਲੰਗਰ ਵਿਚ ਸੱਠ ਸੱਤਰ ਲਾਂਗਰੀ ਕਾਇਮ ਕੀਤੀ ਗਏ। ਹਰ ਪ੍ਰਾਣੀ ਨੂੰ ਦੋ ਦੋ ਪ੍ਰਸ਼ਾਦੇ ਅਤੇ ਕੜਛਾ ਖਿਚੜੀ ਦਾ ਮਿਲਦਾ ਸੀ।[112] ਗੁਰੂ ਜੀ ਨੇ ਇਸ ਜੋੜ ਮੇਲੇ ਦੌਰਾਨ ਆਈਆਂ ਕੀਮਤੀ ਵਸਤਾਂ ਵਿਚੋਂ ਬਾਬਾ ਗੁਰਦਿੱਤਾ ਜੀ ਨੂੰ ਚਿੱਟਾ ਬਾਜ਼ ਅਤੇ ਪੈਂਦੇ ਖਾਂ ਨੂੰ ਇਕ ਤਲਵਾਰ, ਬਹੁ-ਮੁੱਲੀ ਢਾਲ, ਪੁਸ਼ਾਕ, ਅਤੇ ਕਾਬਲੀ ਘੋੜਾ ਬਖਸ਼ਿਆ। ਕੀਮਤੀ ਸਮਾਨ ਬਖ਼ਸ ਕੇ ਗੁਰੂ

ਜੀ ਨੇ ਪੈਂਦੇ ਖਾਂ ਨੂੰ ਹੁਕਮ ਕੀਤਾ ਕਿ ਇਹ ਸਾਰਾ ਸਮਾਨ ਪਹਿਨ ਕੇ ਹੀ ਦਰਬਾਰ ਆਇਆ ਕਰ। ਥੋੜ੍ਹੇ ਸਮੇਂ ਬਾਅਦ ਇਹ ਸਮਾਨ ਪੈਂਦੇ ਖਾਂ ਦੇ ਜਵਾਈ ਨੇ ਆਪਣੀ ਜ਼ਿੱਦ ਕਰਕੇ ਲੈ ਲਿਆ ਸੀ ਗੁਰੂ ਜੀ ਦੇ ਪੁੱਛਣ ਤੇ ਪੈਂਦੇ ਖਾਂ ਨੇ ਝੂਠ ਬੋਲ ਦਿੱਤਾ ਪਰ ਗੁਰੂ ਹੁਕਮ ਪਾ ਕੇ ਸਿੱਖ ਸਾਰਾ ਸਮਾਨ ਉਸ ਦੇ ਘਰੋਂ ਬਰਾਮਦ ਕਰ ਲੈ ਆਏ। ਗੁਰੂ ਜੀ ਨੇ ਉਸ ਨੂੰ ਭਰੇ ਦਰਬਾਰ ਵਿਚ ਦੋਸ਼ੀ ਠਹਿਰਾਇਆ। ਇਸ ਅਪਮਾਨ ਨੂੰ ਉਹ ਸਹਾਰ ਨਾ ਸਕਿਆ ਅਤੇ ਸ਼ਾਹੀ ਫੌਜਾ ਗੁਰੂ ਜੀ ਦੀ ਦੇ ਵਿਰੁੱਧ ਚੜ੍ਹਾ ਲਿਆਇਆ।

1691 ਸੰ. ਨੂੰ ਬਾਦਸ਼ਾਹ ਨੇ ਕਾਲੇ ਖਾਂ ਨੂੰ ਜੰਗ ਦੀ ਕਮਾਨ ਸੌਂਪੀ। ਉਹ ਅਨਵਰ ਖਾਂ, ਪੈਂਦੇ ਖਾਂ, ਅਸਮਾਨ ਖਾਂ ਅਤੇ ਜਲੰਧਰ ਵਾਲੇ ਕੁਤਬਦੀਨ ਨੂੰ ਨਾਲ ਲੈ ਕੇ ਕਰਤਾਰਪੁਰ ਜੰਗ ਲਈ ਆਇਆ।[113] ਗੁਰੂ ਜੀ ਨੇ ਇਸ ਜੰਗ ਵਿਚ ਦੁਸ਼ਮਨ ਨੂੰ ਮਾਤ ਦੇ ਕੇ ਜਿੱਤ ਪ੍ਰਾਪਤ ਕੀਤੀ ਅਤੇ ਫਿਰ ਕੀਰਤਪੁਰ ਸਾਹਿਬ ਚਲੇ ਗਏ। ਇਸ ਤੋਂ ਇਹ ਵੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਗੁਰੂ ਜੀ ਦੀ ਇਸ ਚੌਥੀ ਜਿੱਤ ਨਾਲ ਸਿੱਖ ਪੰਥ ਦੀ ਚੜ੍ਹਦੀ ਕਲਾ ਹੋਈ। ਗੁਰੂ ਜੀ ਦੀ ਯੁੱਧ ਨੀਤੀ ਵਿਚ ਨਿਪੁੰਨਤਾ ਦਰਸਾਉਂਦੀ ਸੀ। ਇਹ ਗੁਰੂ ਜੀ ਦੇ ਸਿੱਖਾਂ ਦੀ ਸੂਰਬੀਰਤਾ ਅਤੇ ਗੁਰੂ ਜੀ ਦੀ ਸੁਚੱਜੀ ਕਮਾਂਡ ਦਾ ਨਤੀਜਾ ਸੀ।

ਗੁਰੂ ਹਰਿਗੋਬਿੰਦ ਸਿੰਘ ਜੀ ਦੇ ਸਮੇਂ ਗੁਰਦੁਆਰਾ ਥੰਮ੍ਹ ਸਾਹਿਬ ਦਾ ਪ੍ਰਬੰਧ ਉਦਾਸੀ ਸਾਧੂ ਬਾਲੂ ਹਸਨਾ ਜੀ ਪਾਸ ਸੀ। ਉਹ ਗੁਰੂ ਦੇ ਪਿਆਰੇ ਸਿੱਖ ਸਨ ਜੋ ਹਰ ਸਮੇਂ ਗੁਰੂ ਜੀ ਯਾਦ ਵਿਚ ਡੁੱਬੇ ਰਹਿੰਦੇ ਸਨ। ਸੰ. 1694 ਨੂੰ ਬਾਬਾ ਗੁਰਦਿੱਤਾ ਜੀ ਕੀਰਤਪੁਰ ਸਾਹਿਬ ਜਾਣ ਤੋਂ ਪਹਿਲਾਂ ਗੁਰੂ ਆਗਿਆ ਅਨੁਸਾਰ ਗੁਰਦੁਆਰਾ ਥੰਮ੍ਹ ਸਾਹਿਬ ਦਾ ਪ੍ਰਬੰਧ ਬਾਲੂ ਹਸਣਾ ਜੀ ਨੂੰ ਸੌਂਪ ਗਏ ਸਨ। ਬਾਲੂ ਹਸਨਾ ਸੰ. 1698 ਨੂੰ ਚਾਰ ਸਾਲ ਸੇਵਾ ਕਰਨ ਤੋਂ ਬਾਅਦ ਗੁਰੂ ਹੁਕਮ ਪਾ ਕੇ ਪੋਠੋਹਾਰ ਦੇ ਇਲਾਕੇ ਵਿਚ ਧਰਮ ਪ੍ਰਚਾਰ ਲਈ ਚਲੇ ਗਏ ਅਤੇ ਗੁਰਦੁਆਰੇ ਦਾ ਪ੍ਰਬੰਧ ਆਪਣੇ ਇਕ ਸੇਵਕ ਨੂੰ ਸੌਂਪ ਗਏ। ਕਾਫ਼ੀ ਸਮਾਂ ਇਸ ਗੁਰਧਾਮ ਦੀ ਸੇਵਾ ਧੂੰਏਂ ਦੇ ਉਦਾਸੀ ਸਾਧੂ ਹੀ ਕਰਦੇ ਰਹੇ।[114]

ਮਿਸਲ ਕਾਲ ਦੌਰਾਨ ਨਾਸਰਦੀਨ ਜਲੰਧਰ ਦੇ ਸੂਬੇ ਦੁਰਾਨੀ ਨੇ ਅਦੀਨਾ ਬੇਗ ਅਤੇ ਸੋਢੀ ਵਡਭਾਗ ਨੂੰ ਇਥੋਂ ਭਜਾ ਕੇ ਗੁਰਦੁਆਰੇ ਨੂੰ ਅੱਗ ਲਗਾ ਕੇ ਸਾੜ ਦਿੱਤਾ ਸੀ ਅਤੇ ਗਊ ਹੱਤਿਆ ਕਰਕੇ ਅਨੇਕਾਂ ਹਿੰਦੂ ਇਸਤਰੀਆਂ ਨੂੰ ਧੱਕੇ ਨਾਲ ਤੁਰਕ ਬਣਾਇਆ।[115] ਜੱਸਾ ਸਿੰਘ ਆਹਲੂਵਾਲੀਆ ਨੇ ਗੁਰਦੁਆਰਾ ਥੰਮ੍ਹ ਜੀ ਸਾਹਿਬ ਜੋ ਨਾਸਰ ਅਲੀ ਨੇ ਢੁਹਾ ਦਿੱਤਾ ਸੀ, ਉਸ ਨੂੰ ਨਵੇਂ ਸਿਰਿਓ ਤਿਆਰ ਕਰਵਾਇਆ। ਗੁਰਦੁਆਰਾ

ਸਾਹਿਬ ਦਾ ਪ੍ਰਬੰਧ ਚੰਗੇ ਢੰਗ ਨਾਲ ਚਲਾਉਣ ਲਈ ਜਗੀਰ ਇਸ ਗੁਰਦੁਆਰੇ ਦੇ ਨਾਮ ਲਗਵਾ ਦਿੱਤੀ। 1833 ਈ. ਨੂੰ ਮਹਾਰਾਜਾ ਰਣਜੀਤ ਸਿੰਘ ਨੇ ਇਕ ਲੱਖ ਰੁਪਿਆ ਭੇਜ ਕੇ, ਹੁਕਮ ਦਿਤਾ ਕਿ ਥੰਮ੍ਹ ਸਾਹਿਬ ਦੀ ਇਮਾਰਤ ਐਸੀ ਤਿਆਰ ਕਰੋ ਜੋ ਦਸ-ਦਸ ਕੋਹ ਤੋ ਨਜ਼ਰੀ ਪਵੇ।[116] ਇਸ ਤਰ੍ਹਾਂ ਕਿਹਾ ਜਾ ਸਕਦਾ ਹੈ, ਕਿ ਮਹਾਰਾਜਾ ਰਣਜੀਤ ਸਿੰਘ ਨੂੰ ਇਸ ਇਤਿਹਾਸਕ ਅਸਥਾਨ ਦੀ ਇਮਾਰਤੀ ਹਾਲਤ ਠੀਕ ਨਾ ਲੱਗੀ ਹੋਵੇ, ਜਿਸ ਕਰਕੇ ਉਸਨੇ ਖ਼ਾਲਸੇ ਦੀ ਉੱਚੀ ਸ਼ਾਨ ਦਾ ਪ੍ਰਗਟਾਵਾ ਕਰਨ ਲਈ ਸੱਤ ਮੰਜ਼ਲੀ ਇਮਾਰਤ ਤਿਆਰ ਕਰਵਾਈ।

ਸੋਢੀ ਵਡਭਾਗ ਸਿੰਘ ਤੋਂ ਬਾਅਦ ਗੁਲਾਬ ਸਿੰਘ ਕਰਤਾਰਪੁਰ ਸਾਹਿਬ ਦਾ ਡੇਰੇਦਾਰ ਬਣਿਆ। ਉਸ ਤੋਂ ਬਾਅਦ ਸੋਢੀ ਗੁਲਾਬ ਸਿੰਘ ਨੇ ਸੇਵਾ ਸੰਭਾਲੀ। ਉਸ ਤੋਂ ਬਾਅਦ ਸਾਧੂ ਸਿੰਘ, ਜਵਾਹਰ ਸਿੰਘ ਅਤੇ ਫਿਰ ਨੌਨਿਹਾਲ ਡੇਰੇਦਾਰ ਬਣਿਆ, ਜਿਸ ਨੇ ਨਗਰ ਵਿਚ ਕਤਨੀ ਦਰਵਾਜ਼ੇ ਦੇ ਪਾਸ ਹੜ੍ਹਾਂ ਤੋਂ ਬਚਾਅ ਲਈ ਤਾਲਾਬ ਤਿਆਰ ਕਰਵਾਇਆ ਸੀ।[117] ਗੁਰਦੁਆਰਾ ਸੁਧਾਰ ਲਹਿਰ ਦੇ ਸਮੇਂ ਕਰਤਾਰਪੁਰ ਸਾਹਿਬ ਦੇ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੋ ਗਿਆ ਅਤੇ ਹੁਣ ਤੱਕ ਕਮੇਟੀ ਪਾਸ ਹੀ ਹੈ।

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਸਿੱਖੀ ਦੇ ਪ੍ਰਚਾਰ ਅਤੇ ਪਸਾਰ ਵਿਚ ਵਾਧਾ ਕਰਦੇ ਹੋਏ ਤੇ ਦੁਆਬੇ ਦੇ ਲੋਕਾਂ ਨੂੰ ਸਖੀ ਸਰਵਰ ਦੇ ਪ੍ਰਭਾਵ ਤੋਂ ਮੁਕਤ ਕਰਨ ਲਈ ਕਰਤਾਰਪੁਰ ਸਾਹਿਬ ਦੀ ਸਥਾਪਨਾ ਕੀਤੀ। ਉਨ੍ਹਾਂ ਤੋਂ ਬਾਅਦ ਗੁਰੂ ਹਰਿਗੋਬਿੰਦ ਜੀ ਨੇ ਇਸ ਨਗਰੀ ਵਿਚ ਬਹੁਤ ਸਮਾਂ ਬਤੀਤ ਕੀਤਾ। ਗੁਰੂ ਜੀ ਨੇ ਸੁੰਦਰ ਮਕਾਨ ਤਿਆਰ ਕਰਵਾਏ, ਬਾਗ਼ ਲਗਵਾਏ ਅਤੇ ਪੈਂਦੇ ਖਾਂ ਨਾਲ ਜੰਗ ਵਿਚ ਜਿੱਤ ਪ੍ਰਾਪਤ ਕੀਤੀ।

### ਸ੍ਰੀ ਹਰਿਗੋਬਿੰਦਪੁਰ

ਇਹ ਨਗਰ ਬਿਆਸ ਦਰਿਆ ਦੇ ਕੰਢੇ ਜ਼ਿਲ੍ਹਾ ਗੁਰਦਾਸਪੁਰ ਦੀ ਤਹਿਸੀਲ ਬਟਾਲਾ ਵਿਚ ਸਥਿਤ ਹੈ। ਇਹ ਨਗਰ ਰਮਣੀਕ ਥਾਂ ਤੇ ਮੌਜੂਦ ਹੈ, ਇਕ ਪਾਸੇ ਤਾਂ ਦਰਿਆ ਬਿਆਸ ਸ਼ੋਭਦਾ ਹੈ ਅਤੇ ਇਕ ਪਾਸੇ ਪਹਾੜਾਂ ਦਾ ਮਨਮੋਹਕ ਦ੍ਰਿਸ਼। ਇਹ ਰਿਆੜਕੀ ਇਲਾਕੇ ਦਾ ਪ੍ਰਸਿੱਧ ਨਗਰ ਹੈ, ਜੋ ਗੁਰੂ ਹਰਿਗੋਬੰਦ ਜੀ ਦੁਆਰਾ ਵਸਾਇਆ ਗਿਆ ਸੀ।

• **ਨਗਰ ਦੀ ਸਥਾਪਨਾ**

ਇਸ ਨਗਰ ਦੀ ਸਥਾਪਨਾ ਸੰਬੰਧੀ ਇਤਿਹਾਸਕਾਰਾਂ ਦੇ ਦੋ ਪੱਖ ਮਿਲਦੇ ਹਨ। ਪਹਿਲਾ ਪੱਖ ਇਹ ਕਿ ਇਸ ਨਗਰ ਦੀ ਸਥਾਪਨਾ ਗੁਰੂ ਅਰਜਨ ਦੇਵ ਜੀ ਨੇ ਕੀਤੀ ਸੀ ਅਤੇ ਦੂਜੇ ਪੱਖ ਦੇ ਵਿਦਵਾਨ ਮੰਨਦੇ ਹਨ, ਕਿ ਇਸ ਨਗਰ ਦੀ ਸਥਾਪਨਾ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਗੁਰਿਆਈ ਕਾਲ ਦੌਰਾਨ ਕੀਤੀ ਸੀ। ਇਥੇ ਵੱਖ-ਵੱਖ ਇਤਿਹਾਸਕ ਸਰੋਤਾਂ ਦੇ ਵਿਸ਼ਲੇਸ਼ਣ ਨਾਲ ਇਸ ਤੱਥ ਨੂੰ ਸਪਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਨਗਰ ਦੀ ਸਥਾਪਨਾ ਸੰਬੰਧੀ *ਮਹਾਨ ਕੋਸ਼* ਵਿਚ ਇਸ ਪ੍ਰਕਾਰ ਲਿਖਿਆ ਹੈ: "ਜ਼ਿਲ੍ਹਾ ਗੁਰਦਾਸਪੁਰ ਦੀ ਬਟਾਲਾ ਤਹਿਸੀਲ ਵਿਚ ਬਿਆਸ ਦੇ ਉਤਰੀ ਕਿਨਾਰੇ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸੰਮਤ 1664 ਵਿਚ ਵਸਾਇਆ ਇਸ ਨਗਰ, ਜੋ ਚੰਦੂ ਦੀ ਸ਼ਰਾਰਤ ਨਾਲ ਭਗਵਾਨ ਦਾਸ ਘਿਰੜ ਨੂੰ ਮਿਲਿਆ ਸੀ। ਗੁਰ ਪ੍ਰਤਾਪ ਸੂਰਯ ਵਿਚ ਲਿਖਿਆ ਹੈ ਕਿ ਇਹ ਨਗਰ ਛੀਵੇਂ ਸਤਿਗੁਰੂ ਨੇ ਵਸਾਇਆ ਹੈ, ਪਰ ਇਹ ਸਹੀ ਨਹੀਂ. ਕਰਤਾਪੁਰ ਵਾਲੇ ਪ੍ਰਾਚੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਨਾਰੇ ਦੇ ਪੱਤਰਿਆਂ ਉੱਤੇ ਨੋਟ ਹੈ ਕਿ ਸ੍ਰੀ ਗੋਬਿੰਦਰਪੁਰ ਸੰਮਤ 1644 ਵਿਚ ਆਬਾਦ ਹੋਇਆ ਹੈ।" [118]

ਗੰਡਾ ਸਿੰਘ ਆਪਣੀ ਪੁਸਤਕ *ਸਿੱਖ ਇਤਿਹਾਸ* ਗੁਰੂ ਅਰਜਨ ਦੇਵ ਜੀ ਨੇ ਹਰਿਗੋਬਿੰਦ (ਗੁਰੂ) ਜੀ ਦੇ ਜਨਮ ਦੀ ਖੁਸ਼ੀ ਵਿਚ ਬਿਆਸ ਦਰਿਆ ਦੇ ਕੰਢੇ ਸ੍ਰੀ ਹਰਿਗੋਬਿੰਦਪੁਰ ਨਗਰ ਆਬਾਦ ਕੀਤਾ।[119] ਗੁਰੂ ਹਰਿਗੋਬਿੰਦ ਜੀ ਦਾ ਜਨਮ 1595 ਈ. ਨੂੰ ਹੋਇਆ ਸੀ, ਇਸ ਹਿਸਾਬ ਨਾਲ ਇਸ ਨਗਰ ਦਾ ਸਥਾਪਨਾ ਕਾਲ 1595 ਈ. ਦਾ ਬਣਦਾ ਹੈ। *Encyclopedia of Sikhism* ਅਨੁਸਾਰ ਰੁਹੇਲੇ ਦੀ ਥੇਹ ਤੇ ਗੁਰੂ ਅਰਜਨ ਦੇਵ ਜੀ ਦੁਆਰਾ 1587 ਈ. ਵਿਚ ਸਥਾਪਿਤ ਕੀਤਾ ਗਿਆ ਅਤੇ ਨਾਮ ਸ੍ਰੀ ਗੋਬਿੰਦਪੁਰ ਰੱਖਿਆ। ਪਰ ਬਾਅਦ ਵਿਚ ਚੰਦੂ ਦੀ ਸ਼ਹਿ ਤੇ ਭਗਵਾਨ ਦਾਸ ਘੇਰੜ ਨੇ ਇਸਨੂੰ ਆਪਣੇ ਕਬਜ਼ੇ ਵਿਚ ਲੈ ਲਿਆ।[120]

*Gurdaspur District Gazetteer* ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਇਹ ਜਗ੍ਹਾ ਮੁੱਲ ਖਰੀਦ ਕੇ ਨਗਰ ਸਥਾਪਿਤ ਕੀਤਾ ਸੀ।[121] *ਪੰਜਾਬ ਦਾ ਇਤਿਹਾਸ* ਪੁਸਤਕ ਵਿਚ ਸੁਖਦਿਆਲ ਸਿੰਘ ਨੇ ਲਿਖਿਆ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਜ਼ਮੀਨ ਦਾ ਇਕ ਪੂਰਾ ਮੁਰੱਬਾ ਖਰੀਦਿਆ ਸੀ।[122]

ਹੁਣ ਅਸੀਂ ਗੱਲ ਕਰਦੇ ਹਾਂ ਦੂਜੇ ਪੱਖ ਦੇ ਵਿਦਵਾਨਾਂ ਦੀ, ਜੋ ਗੁਰੂ ਹਰਿਗੋਬਿੰਦ ਜੀ ਦੁਆਰਾ ਇਸ ਨਗਰ ਦੀ ਸਥਾਪਨਾ ਮੰਨਦੇ ਹਨ। ਪੁਰਾਤਨ ਇਤਿਹਾਸਕ ਸਰੋਤ *ਗੁਰਬਿਲਾਸ ਪਾਤਸ਼ਾਹੀ-6* ਅਨੁਸਾਰ ਗੁਰੂ

ਹਰਿਗੋਬਿੰਦ ਜੀ ਕਰਤਾਰਪੁਰ ਪੈਂਦੇ ਖਾਂ ਦੀ ਸ਼ਾਦੀ ਤੋਂ ਬਾਅਦ ਸਿੱਖਾਂ ਸਮੇਤ ਸ਼ਿਕਾਰ ਖੇਡਣ ਲਈ ਬਾਘੇ ਪਿੰਡ ਹੁੰਦੇ ਹੋਏ, ਬਿਆਸ ਦਰਿਆ ਦੇ ਕੰਢੇ 'ਸ੍ਰੀ ਹਰਿਗੋਬਿੰਦਪੁਰ' ਵਾਲੇ ਸਥਾਨ 'ਤੇ ਆਏ ਸਨ:

ਤੀਰ ਬਿਪਾਸਾ ਕੋ ਬਸਤ ਬਾਘੋ ਹਮਰੋ ਗਾਂਵ।

ਸ਼ਿਕਾਰ ਭੂਮਿ ਤਿਹ ਠਾਂ ਘਨੀ ਸੁੰਦਰ ਹੈ ਬਹੁ ਠਾਂਵ।

ਇਹ ਸੁਨਿ ਮੋਨਿ ਗੁਰੂ ਜੀ ਰਹੇ। ਔਰ ਸਿੱਖ ਤਬ ਬਚਨ ਆਲਏ।

ਸੁੰਦਰ ਭੂਮ ਬਿਪਾਸਾ ਤੀਰਾ। ਰੁਹੇਲਾ ਨਾਮੁ ਸੁ ਥੇਹੁ ਗੰਭੀਰਾ।[123]

ਆਲੇ-ਦੁਆਲੇ ਦਾ ਸੁੰਦਰ ਨਜ਼ਾਰਾ ਦੇਖ ਕੇ ਨਗਰ ਦੀ ਨੀਂਹ ਰਖਾਈ:

ਭਾਖਤ ਬਚਨ ਸੁ ਨਗਰ ਸਿਧਾਯੋ। ਸ੍ਰੀ ਗੁਰ ਕੇ ਮਨ ਐਸੇ ਭਾਯੋ।

ਰਚੀਏ ਇਹ ਠਾਂ ਸ਼ਹਰ ਅਪਾਰੀ। ਸੁੰਦਰ ਭੂਮਿ ਸਰਤ ਨਿਕਟਾਰੀ।[124]

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਅਨੁਸਾਰ ਗੁਰੂ ਜੀ ਨੇ ਕਰਤਾਰਪੁਰ ਤੋਂ ਚੱਲ ਕੇ ਬਿਆਸ ਦਰਿਆ ਦੇ ਕੰਢੇ ਆਏ ਸਨ ਅਤੇ ਭਗਵਾਨ ਦਾਸ ਘੇਰੜ ਨਾਲ ਜੰਗ ਵਿਚ ਜਿੱਤ ਪ੍ਰਾਪਤ ਉਪਰੰਤ ਸ੍ਰੀ ਹਰਿਗੋਬਿੰਦਪੁਰ ਦੀ ਸਥਾਪਨਾ ਕੀਤੀ:

ਤਿਸੀ ਰੀਤਿ ਹੀ ਹੁਇ ਅਭਿਰਾਮੂ। ਸ੍ਰੀ ਹਰਿਗੋਬਿੰਦਪੁਰਿ ਸ਼ੁਭ ਨਾਮੂ।

ਸ੍ਰੀ ਨਾਨਕ ਰਚਿ ਪੁਰਿ ਕਰਤਾਰਾ। ਬਿਬ ਗੁਰੁ ਕਰੀ ਖਡੂਰ ਉਦਾਰਾ।[125]

*ਸਿੱਖ ਪੰਥ ਵਿਸ਼ਵਕੋਸ਼* ਅਨੁਸਾਰ ਗੁਰੂ ਹਰਿਗੋਬਿੰਦ ਸੰਨ 1630 ਈ. ਵਿਚ ਇਸ ਨਗਰ ਵਿਚ ਆਏ ਸਨ।[126] ਇਸ ਹਵਾਲੇ ਅਨੁਸਾਰ ਅਸੀਂ ਕਹਿ ਸਕਦੇ ਹਾਂ ਕਿ ਇਸ ਨਗਰ ਦੀ ਮੁੜ ਉਸਾਰੀ ਗੁਰੂ ਹਰਿਗੋਬਿੰਦ ਜੀ ਦੁਆਰਾ 1630ਈ. ਵਿਚ ਕਰਵਾਈ ਗਈ।

ਉਪਰੋਕਤ ਸਰੋਤਾਂ ਦੇ ਅਧਿਐਨ ਤੋਂ ਕਿਹਾ ਜਾ ਸਕਦਾ ਹੈ ਕਿ ਸ੍ਰੀ ਹਰਿਗੋਬਿੰਦਪੁਰ ਦੀ ਸਥਾਪਨਾ ਗੁਰੂ ਅਰਜਨ ਦੇਵ ਜੀ ਦੁਆਰਾ ਕੀਤੀ ਗਈ। ਸਮੇਂ ਸੰਬੰਧੀ ਵਿਦਵਾਨਾਂ ਵਿਚ ਕਾਫ਼ੀ ਮੱਤਭੇਦ ਹੈ। ਜੇਕਰ ਗੁਰੂ ਹਰਿਗੋਬਿੰਦ ਜੀ ਦੀ ਜਨਮ ਤਾਰੀਖ਼ ਅਨੁਸਾਰ ਦੇਖੀਏ ਤਾਂ ਇਹ ਸਮਾਂ ਸੰਨ 1595 ਦਾ ਬਣਦਾ ਹੈ। ਸਥਾਪਨਾ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਦਾ ਇਸ ਨਗਰ ਵਿਚ ਦੁਬਾਰੇ ਆਉਂਣ ਸੰਬੰਧੀ ਕੋਈ ਜ਼ਿਕਰ ਨਹੀਂ ਮਿਲਦਾ। ਸ਼ਾਇਦ ਇਸ ਕਾਰਨ ਮੌਕੇ ਦਾ ਫ਼ਾਇਦਾ ਉਠਾਉਂਦੇ ਹੋਏ ਨਗਰ 'ਤੇ ਚੰਦੂ ਦੀ ਸ਼ਾਜਸ ਤਹਿਤ ਭਗਵਾਨ ਦਾਸ

ਘੇਰੜ ਨੇ ਕਬਜ਼ਾ ਕਰ ਲਿਆ ਸੀ। ਬਾਅਦ ਵਿਚ ਗੁਰੂ ਹਰਿਗੋਬਿੰਦ ਜੀ ਨੇ ਇਥੇ ਭਗਵਾਨ ਦਾਸ ਘੇਰੜ ਨਾਲ ਹੋਈ ਜੰਗ ਵਿਚ ਜਿੱਤ ਪ੍ਰਾਪਤ ਕਰਕੇ ਇਸ ਨਗਰ ਦੀ ਉਸਾਰੀ ਕਰਵਾਈ ਸੀ। ਗੁਰੂ ਹਰਿਗੋਬਿੰਦ ਜੀ ਦੁਆਰਾ ਇਸ ਨਗਰ ਨੂੰ ਵਸਾਉਣ ਕਰਕੇ ਇਸਦਾ ਨਾਂ 'ਗੋਬਿੰਦਪੁਰ' ਤੋਂ ਬਦਲ ਕੇ 'ਹਰਿਗੋਬਿੰਦਪੁਰ' ਪੈ ਗਿਆ ਹੋਵੇਗਾ।

- **ਸ੍ਰੀ ਹਰਿਗੋਬਿੰਦਪੁਰ ਯੁੱਧ**

ਗੁਰੂ ਅਰਜਨ ਦੇਵ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਗੁਰੂ ਹਰਿਗੋਬਿੰਦ ਜੀ ਨੂੰ ਗੁਰਿਆਈ ਪ੍ਰਾਪਤ ਹੋਈ ਸੀ। ਸ਼ੁਰੂ ਤੋਂ ਹੀ ਗੁਰੂ ਜੀ ਰਾਜਸੀ ਠਾਠ-ਬਾਠ ਵਾਲਾ ਜੀਵਨ ਬਸਰ ਕਰਦੇ ਸਨ। ਸਿੱਖ ਸੈਨਾ ਦਾ ਸੰਗਠਨ ਕੀਤਾ ਅਤੇ ਸਿੱਖਾਂ ਨੂੰ ਯੁੱਧ ਕਲਾ ਦਾ ਅਭਿਆਸ ਕਰਾਉਂਦੇ ਸਨ। ਅੰਮ੍ਰਿਤਸਰ ਜੰਗ ਵਿਚ ਜਿੱਤ ਪ੍ਰਾਪਤ ਕਰਨ ਉਪਰੰਤ ਗੁਰੂ ਜੀ ਨੇ ਕਰਤਾਰਪੁਰ ਸਾਹਿਬ (ਜਲੰਧਰ) ਜਾ ਡੇਰਾ ਕੀਤਾ ਸੀ। ਇਸ ਸਮੇਂ ਦੌਰਾਨ ਗੁਰੂ ਜੀ ਨੇ ਕਰਤਾਰਪੁਰ ਸਾਹਿਬ ਦਾ ਪ੍ਰਬੰਧ ਪੈਂਦੇ ਖਾਂ ਦੇ ਹੱਥਾਂ ਵਿਚ ਸੌਂਪ ਕੇ ਆਪ ਸਿੱਖਾਂ ਸਮੇਤ ਰੁਹੇਲੇ ਪਿੰਡ ਵਲ ਚਲੇ ਗਏ।

ਉਸ ਸਮੇਂ ਰੁਹੇਲੇ ਪਿੰਡ ਤੇ ਭਗਵਾਨ ਦਾਸ ਘੇਰੜ ਨੇ ਕਬਜ਼ਾ ਕੀਤਾ ਹੋਇਆ ਸੀ, ਜੋ ਚੰਦੂ ਦਾ ਮਿੱਤਰ ਹੋਣ ਕਰ ਕੇ ਗੁਰੂ ਘਰ ਦਾ ਵਿਰੋਧੀ ਬਣ ਬੈਠਾ ਸੀ। ਇਕ ਦਿਨ ਗੁਰੂ ਜੀ ਰੁਹੇਲੇ ਦੀ ਥੇਹ ਤੇ ਦੀਵਾਨ ਸਜਾਈ ਬੈਠੇ ਸਨ ਤਾਂ ਭਰੇ ਦੀਵਾਨ ਵਿਚ ਭਗਵਾਨ ਦਾਸ ਗੁਰ ਜੀ ਦਾ ਅਪਜਸ ਕਰਨ ਲੱਗਾ। ਜੋਸ਼ ਵਿਚ ਆਏ ਸਿੰਘਾਂ ਨੇ ਗੁਰੂ ਜੀ ਦਾ ਹੁਕਮ ਪਾ ਕੇ ਘੇਰੜ ਨੂੰ ਮੌਤ ਦੇ ਘਾਟ ਉਤਾਰ ਦਿੱਤਾ:

ਬਹੁ ਨਿੰਦਾ ਗੁਰ ਕੀ ਤਿਨਿ ਕੀਨੀ। ਕ੍ਰਿਪਾਸਿੰਧੁ ਤਬ ਆਗਯਾ ਦੀਨੀ।
ਮਾਰੋ ਇਸੇ ਨ ਦੇਰਿ ਲਗਾਏ। ਇਹ ਸੁਨਿ ਬਹੁਤੁ ਸਿੱਖ ਜਬ ਆਏ।
ਬਹੁ ਪਨਹੀ ਸਿਰ ਪੈ ਪਰੀ ਗਿਰਾ ਭੂਮਿ ਮੁਰਛਾਇ।
ਲਾਤ ਮੁਸ਼ਟ ਕਰਿ ਮਾਰਯੋ ਮਨ ਮੈ ਹਰਖ ਧਰਾਇ।
ਤਬ ਘੇਰੜ ਕੋ ਮਾਰ ਨਦੀ ਬੀਚ ਡਾਰਯੋ ਤਿਨੈ।
ਸਤਿਗੁਰ ਕੈ ਨਿਕਟਾਰਿ ਕਰਿ ਬੰਦਨ ਬੈਠੇ ਤਬੈ।[127]

ਮੌਤ ਦਾ ਪਤਾ ਜਦ ਪੁੱਤਰ ਰਤਨ ਚੰਦ ਨੂੰ ਲੱਗਾ ਤਾਂ ਜਲੰਧਰ ਦੇ ਸੂਬੇਦਾਰ ਪਾਸ ਸ਼ਕਾਇਤ ਕੀਤੀ ਕਿ ਗੁਰੂ ਜੀ ਨੇ ਘੇਰੜ ਨੂੰ ਮਾਰ ਕੇ ਰੁਹੇਲੇ ਤੇ ਕਬਜ਼ਾ ਕਰ ਲਿਆ ਹੈ:

ਘੇਰੜ ਸੁਤ ਸਭ ਬਾਤ ਉਚਾਰੀ। ਮਹਾਰਾਜ ਸੁਨੀਏ ਨਿਰਧਾਰੀ।

ਰੁਹੇਲਾ ਭੂਮਿ ਸੁ ਰੋਕੀ ਸਭ ਹੀ। ਰਚਾ ਸ਼ਹਰ ਗੁਰ ਨਿਜ ਬਲ ਤਬ ਹੀ।[128]

ਇਹ ਵੀ ਜਿਕਰ ਮਿਲਦਾ ਹੈ ਕਿ ਇਸ ਸਮੇਂ ਦੌਰਾਨ ਹੀ ਗੁਰੂ ਜੀ ਦੂਰ ਦ੍ਰਿਸ਼ਟੀ ਤੋਂ ਕੰਮ ਲੈਂਦੇ ਹੋਏ ਨਗਰ ਵਿਚ ਕਿਲੇਬੰਦੀ ਕਰਵਾ ਦਿੱਤੀ:

ਅਬਿ ਤਹਿਂ ਪਰਯੋ ਕੋਟ ਚਨਵਾਵੈ। ਅਪਨਿ ਨਾਮ ਪਰ ਨਗਰ ਬਸਾਵੈ।

ਅਬਿ ਸੁਨਿ ਮਾਰਨਿ ਕੇਰ ਉਪਾਊ। ਜੈਸੇ ਮੈਂ ਆਯੋ ਤਕਿ ਦਾਊ।[129]

ਗੁਰੂ ਜੀ ਦੇ ਨਗਰ ਉਸਾਰਨ ਦੇ ਮਨਸੂਬੇ ਨੂੰ ਫੇਲ ਕਰਨ ਅਤੇ ਪਿਤਾ ਦਾ ਬਦਲਾ ਲੈਣ ਹਿਤ ਜਲੰਧਰ ਦੇ ਸੂਬੇਦਾਰ ਪਾਸ ਜਾ ਸਹਾਇਤਾ ਦੀ ਮੰਗ ਕੀਤੀ। ਜਿਸ ਦੇ ਫਲਸਰੂਪ ਭਗਵਾਨ ਦਾਸ ਨੇ ਅਬਦੱਲਾਂ ਖਾਂ ਦੀ ਕਮਾਨ ਹੇਠ ਗੁਰੂ ਜੀ ਤੇ ਚੜਾਈ ਕੀਤੀ। ਕਿਹਾ ਜਾਂਦਾ ਹੈ ਕਿ ਇਹ ਯੁੱਧ 14 ਦਿਨ ਤੇ 14 ਰਾਤਾਂ ਚੱਲਿਆ। ਯੁੱਧ ਵਿਚ ਸਿੱਖਾਂ ਨੇ ਮੁਗਲ ਫੌਜਾਂ ਦੇ 1400 ਜਵਾਨ ਮਾਰ ਮੁਕਾਏ ਅਤੇ ਜਿੱਤ ਪ੍ਰਾਪਤ ਕੀਤੀ।[130] ਗੁਰੂ ਜੀ ਦੇ ਹੁਕਮ ਨਾਲ ਜੰਗ ਵਿਚ ਸ਼ਹੀਦ ਹੋਏ ਸਿੱਖਾਂ ਦਾ ਗੁਰਮਤਿ ਅਨੁਸਾਰ ਸਸਕਾਰ ਕੀਤਾ ਗਿਆ ਅਤੇ ਮੁਗਲਾਂ ਨੂੰ ਧਰਤੀ 'ਚ ਦਫ਼ਨਾਇਆ ਗਿਆ। ਇਸ ਗੱਲ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਦੂਸਰੇ ਧਰਮਾਂ ਦੇ ਮਨੁੱਖਾਂ ਪ੍ਰਤੀ ਗੁਰੂ ਜੀ ਨੇ ਕੋਈ ਵਿਤਕਰਾ ਨਾ ਕੀਤਾ, ਸਗੋਂ ਮੁਸਲਮਾਨੀ ਸ਼ਰਾ ਅਨੁਸਾਰ ਹੀ ਮ੍ਰਿਤਕਾਂ ਦਾ ਅੰਤਿਮ ਸਸਕਾਰ ਕੀਤਾ।

- **ਨਗਰ ਦੀ ਉਸਾਰੀ**

ਜੰਗ ਵਿਚ ਜਿੱਤ ਪ੍ਰਾਪਤ ਕਰਨ ਤੋਂ ਬਾਅਦ ਗੁਰੂ ਜੀ ਨੇ ਤਤਕਾਲ ਹੀ ਨਗਰ ਦੀ ਉਸਾਰੀ ਦਾ ਕਾਰਜ ਸ਼ੁਰੂ ਕਰਵਾ ਦਿੱਤਾ ਸੀ, ਕਿਉਂਕਿ ਇਸ ਘਮਸਾਨ ਦੇ ਯੁੱਧ ਵਿਚ ਨਗਰ ਦੀਆਂ ਬਹੁਤ ਇਮਾਰਤਾਂ ਢਹਿ-ਢੇਰੀ ਹੋ ਗਈਆਂ ਸਨ। ਬਾਬਾ ਬੁੱਢਾ ਜੀ ਪਾਸੋਂ 1621 ਈ. ਨੂੰ ਨੀਂਹ ਰਖਵਾ ਕੇ ਨਗਰ ਦਾ ਨਾਂ 'ਹਰਿਗੋਬਿੰਦਪੁਰ' ਰੱਖਿਆ:

ਪ੍ਰਭ ਜੀ ਕੇ ਸਭਿ ਅਗ੍ਰਜ ਆਏ। ਸਾਹਿਬ ਬੁੱਢੇ ਬਚਨ ਅਲਾਏ।

ਸ੍ਰੀ ਹਰਿ ਗੁਵਿੰਦ ਪੁਰ ਯਾ ਕਾ ਨਾਮ। ਬਸੈ ਧਨਾਢ ਸੁ ਅਚਲ ਮੁਦਾਮ।[131]

ਨਗਰ ਦੀ ਉਸਾਰੀ ਦਾ ਪੂਰੇ ਯੋਜਨਾਬੱਧ ਤਰੀਕੇ ਨਾਲ ਕਾਰਜ ਮੁਕੰਮਲ ਕਰਵਾਉਣ ਲਈ ਮਸੰਦਾਂ ਨੂੰ ਹੁਕਮ ਦਿਤਾ ਗਿਆ। ਕਾਰੀਗਰ ਸੱਦ ਕੇ ਸਭ ਤੋਂ ਪਹਿਲਾਂ ਨਗਰ ਦੀ ਸੁਰੱਖਿਆ ਲਈ ਚਾਰ ਦੀਵਾਰੀ ਕਰਵਾ ਕੇ ਪੰਜ ਦਰਵਾਜ਼ੇ ਰਖਵਾਏ। ਫਿਰ ਇੱਟਾਂ ਤਿਆਰ ਕਰਨ ਲਈ ਆਵੇ ਲਗਵਾਏ ਗਏ:

ਬੈਠਯੋ ਸ੍ਰੀ ਹਰਿਗੋਬਿੰਦ ਜੋਧਾ। ਮਨਹੁਂ ਰੂਪ ਇਹ ਧਰਯੋ ਪ੍ਰਬੋਧਾ।

ਹੁਕਮ ਮਸੰਦਨਿ ਸੰਗ ਬਖਾਨਾ। 'ਕਰੋ ਕੋਟ ਚੌਗਿਰਦ ਮਹਾਨਾ।

ਬਸਹਿ ਨਗਰ ਸੁੰਦਰ ਜਿਸ ਬੀਚਿ। ਪਰਹਿਂ ਮਹਲ ਗਨ ਊਚ ਰੁ ਨੀਚਿ।

ਰਾਖਹੁ ਪੰਚ ਪੌਰ ਪੁਰਿ ਕੇਰੇ। ਕਾਰੀਗਰਨਿ ਲਗਾਇ ਘਨੇਰੇ।[132]

ਸੰਗਤਾਂ ਦੇ ਨਿਵਾਸ ਲਈ ਸੁੰਦਰ ਘਰ ਤਿਆਰ ਕੀਤੇ ਗਏ। ਭਗਵਾਨ ਦਾਸ ਘੇਰੜ ਦਾ ਘਰ ਢੁਹਾ ਕੇ, ਉਥੇ ਇਕ ਮਸੀਤ ਬਣਵਾ ਦਿੱਤੀ:

ਢਾਹਿ ਮਲੇਛ ਦੇਹਿਂ ਸ੍ਰਮ ਹੋਈ। ਤਾ ਤੇ ਜਤਨ ਕਰੋਂ ਅਬ ਸੋਈ।

ਕਰਿ ਬਿਚਾਰੁ ਤਬ ਰਚੀ ਮਸੀਤ। ਜਿਹ ਪਿਖਿ ਕਰੈਂ ਬਹੁਤੁ ਚਿਤਿ ਪ੍ਰੀਤਿ[133]

*ਸ੍ਰੀ ਹਰਿਗੋਬਿੰਪੁਰ* ਸਰਵੇ ਪੁਸਤਕ ਅਨੁਸਾਰ ਗੁਰੂ ਜੀ ਨੇ ਨਗਰ ਦੇ ਚਾਰੇ ਪਾਸੇ ਫਸੀਲ ਤਿਆਰ ਕਰਵਾ ਕੇ ਛੇ ਵੱਡੇ ਗੇਟ ਰੱਖੇ ਸਨ। ਇਨ੍ਹਾਂ ਦੇ ਨਾਮ ਸਨ- ਲਾਹੌਰੀ ਦਰਵਾਜਾ, ਮੋਰੀ ਦਰਵਾਜਾ, ਸ਼ਾਹਮਾਨਾ ਦਰਵਾਜਾ, ਮਿਆਦੀ ਦਰਵਾਜਾ, ਤੇਲੀ ਦਰਵਾਜਾ, ਘਿਰੜ ਦਰਵਾਜਾ।[134] ਗੁਰੂ ਜੀ ਨੇ ਬਾਕੀ ਨਗਰਾਂ ਵਾਂਗ ਇਸ ਨਗਰ ਨੂੰ ਵੀ ਪੂਰੇ ਵਧੀਆ ਢੰਗ ਨਾਲ ਤਿਆਰ ਕਰਵਾਇਆ। ਉਸਾਰੀ ਦਾ ਕਾਰਜ ਸੰਪੂਰਨ ਹੋਣ ਤੋਂ ਬਾਅਦ ਗੁਰੂ ਜੀ ਇਸ ਨਗਰ ਦੀ ਕਮਾਨ ਭਾਈ ਨਿਹਾਲੂ ਜੀ ਨੂੰ ਸੌਂਪ ਕੇ ਬਾਬਾ ਬੁੱਢਾ ਜੀ ਪਾਸ ਰਮਦਾਸ ਪੁੱਜੇ:

ਭਾਈ ਨਿਹਾਲੂ ਸੌਂਪਯੋ ਨਗਰ ਸੈਨ ਦੈ ਸਾਥਿ।

ਕ੍ਰਿਪਾਸਿੰਧੁ ਪਯਾਨਾ ਕੀਯੋ ਔਰ ਸੁਨੋ ਤੁਮ ਗਾਥ।[135]

ਇਸ ਤਰ੍ਹਾਂ ਗੁਰੂ ਜੀ ਦੁਆਬੇ ਵਿਚ ਸਿੱਖੀ ਦਾ ਕੇਂਦਰ ਸਥਾਪਿਤ ਕਰਕੇ ਵਾਪਸ ਅੰਮ੍ਰਿਤਸਰ ਚਲੇ ਗਏ। ਬਾਅਦ ਵਿਚ ਇਸ ਨਗਰ ਦੀ ਮਲਕੀਅਤ ਕਰਤਾਰਪੁਰ ਦੇ ਰਈਸ ਸੋਢੀਆਂ ਪਾਸ ਰਹੀ।[136]

1767 ਈ. ਵਿਚ ਅਬਦਾਲੀ ਦੇ ਆਖਰੀ ਭਾਵ ਅੱਠਵੇਂ ਹੱਲੇ ਤੋਂ ਬਾਅਦ ਪੰਜਾਬੀ 'ਤੇ ਮਿਸਲਾਂ ਦੇ ਸਰਦਾਰਾਂ ਨੇ ਆਪੋ ਆਪਣੇ ਇਲਾਕਿਆਂ 'ਤੇ ਕਬਜ਼ਾ ਕੀਤਾ ਸੀ। ਇਸ ਸਮੇਂ ਦੌਰਾਨ ਹੀ ਜੱਸਾ ਸਿੰਘ

ਰਾਮਗੜ੍ਹੀਆ ਨੇ ਸ੍ਰੀ ਹਰਿਗੋਬਿੰਦਪੁਰ ਉੱਤੇ ਆਪਣਾ ਪੱਕਾ ਕਬਜ਼ਾ ਕਰ ਲਿਆ ਸੀ।[137] ਆਪਣੇ ਰਾਜ ਦੌਰਾਨ ਜੱਸਾ ਸਿੰਘ ਰਾਮਗੜ੍ਹੀਆ ਨੇ ਇਸ ਨਗਰ ਵਿਚ ਇਕ ਪੱਕੀ ਹਵੇਲੀ, ਦੀਵਾਨਖਾਨ, ਇਕ ਛੋਟਾ ਕਿਲ੍ਹਾ ਤੇ ਇਕ ਖੂਹ ਤਿਆਰ ਕਰਵਾ ਕੇ ਸ੍ਰੀ ਹਰਿਗੋਬਿੰਦਪੁਰ ਨੂੰ ਆਪਣੀ ਰਾਜਧਾਨੀ ਬਣਾ ਲਿਆ।[138]

ਪੰਜਾਬ ਉਤੇ ਅੰਗਰੇਜ਼ਾਂ ਦੇ ਕਬਜ਼ਾ ਹੋਣ ਨਾਲ ਇਹ ਇਲਾਕਾ ਅੰਗਰੇਜ਼ੀ ਰਾਜ ਦੇ ਅਧੀਨ ਰਿਹਾ। ਨਗਰ ਦੇ ਇਤਿਹਾਸਕ ਅਸਥਾਨਾਂ ਦਾ ਪ੍ਰਬੰਧ ਗੁਰਦੁਆਰਾ ਸੁਧਾਰ ਲਹਿਰ ਦੇ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਆ ਗਿਆ, ਜੋ ਹੁਣ ਤੱਕ ਬਰਕਰਾਰ ਹੈ।

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ 'ਸ੍ਰੀ ਹਰਿਗੋਬਿੰਦਪੁਰ' ਦੀ ਸਥਾਪਨਾ ਤਾਂ ਗੁਰੂ ਅਰਜਨ ਦੇਵ ਜੀ ਨੇ ਕੀਤੀ ਸੀ ਪਰ ਨਗਰ ਉਸਾਰੀ ਗੁਰੂ ਹਰਿਗੋਬਿੰਦ ਜੀ ਦੁਆਰਾ ਕਰਵਾਈ ਗਈ। ਇਤਿਹਾਸਕ ਪੱਖ ਤੋਂ ਇਹ ਨਗਰ ਸਿੱਖ ਜਗਤ ਵਿਚ ਵਿਸ਼ੇਸ਼ ਮਹੱਤਤਾ ਰੱਖਦਾ ਹੈ।

**ਕੀਰਤਪੁਰ ਸਾਹਿਬ**

ਪੰਜਾਬ ਦੇ ਉੱਤਰ-ਪੂਰਬੀ ਇਲਾਕੇ ਵਿਚ ਦਰਿਆ ਸਤਲੁਜ ਦੇ ਕੰਢੇ ਗੁਰੂ ਹਰਿਗੋਬਿੰਦ ਜੀ ਦੁਆਰਾ ਵਸਾਇਆ ਕਸਬਾ ਕੀਰਤਪੁਰ ਸਾਹਿਬ ਸਥਿਤ ਹੈ। ਇਕ ਪਾਸੇ ਦਰਿਆ ਸਤਲੁਜ ਅਤੇ ਦੂਜੇ ਪਾਸੇ ਸਥਿਤ ਸਿਵਾਲਿਕ ਦੀਆਂ ਪਹਾੜੀਆਂ ਇਸ ਨਗਰੀ ਨੂੰ ਮਨਮੋਹਕ ਰੂਪ ਪ੍ਰਦਾਨ ਕਰਦੀਆਂ ਹਨ। ਪੁਆਧ ਇਲਾਕੇ ਵਿਚ ਇਸ ਅਸਥਾਨ ਨੂੰ ਸਿੱਖੀ ਪ੍ਰਚਾਰ ਦਾ ਪਹਿਲਾ ਕੇਂਦਰ ਹੋਣ ਦਾ ਮਾਣ ਹਾਸਲ ਹੈ। ਇਸ ਕਸਬੇ ਨੂੰ ਛੇ ਸਿੱਖ ਗੁਰੂਆਂ ਦੀ ਚਰਨ ਛੋਹ ਪ੍ਰਾਪਤ ਹੈ।

- **ਨਗਰ ਦੀ ਸਥਾਪਨਾ**

ਇਸ ਨਗਰ ਦੀ ਸਥਾਪਨਾ ਦੇ ਸੰਬੰਧ ਵਿਚ ਵਿਦਵਾਨਾਂ ਦਾ ਕਾਫ਼ੀ ਮੱਤਭੇਦ ਹੈ। ਸਿੱਖ ਪਰੰਪਰਾ ਅਨੁਸਾਰ ਗੁਰੂ ਨਾਨਕ ਦੇਵ ਜੀ ਆਪਣੀ ਤੀਜੀ ਉਦਾਸੀ ਦੌਰਾਨ ਰਵਾਲਸਰ, ਕੁੱਲੂ, ਕਹਿਲੂਰ ਹੁੰਦੇ ਹੋਏ ਕੀਰਤਪੁਰ ਸਾਹਿਬ ਵਾਲੀ ਥਾਂ ਤੇ ਪੁੱਜੇ ਸਨ। ਇਥੇ ਇਕ ਅੱਲਾਹ ਦੇ ਭਗਤ ਪੀਰ ਬਾਬਾ ਬੁੱਢਣ ਸ਼ਾਹ ਨਾਲ ਵਿਚਾਰ ਚਰਚਾ ਕੀਤੀ ਸੀ। ਗੁਰੂ ਜੀ ਦੀ ਸਖਸ਼ੀਅਤ ਤੋਂ ਪ੍ਰਭਾਵਿਤ ਹੋ ਕੇ ਬਾਬਾ ਬੁੱਢਣ ਸ਼ਾਹ ਜੀ ਨੇ ਇਸ ਥਾਂ ਤੇ ਨਗਰ ਵਸਾਉਣ ਲਈ ਬੇਨਤੀ ਕੀਤੀ ਸੀ। *ਗੁਰਬਿਲਾਸ ਪਾਤਸ਼ਾਹੀ ਛੇਵੀਂ* ਅਨੁਸਾਰ:

ਔਰ ਬਿਨਤਿ ਮੋਰੀ ਸੁਨਿ ਲੀਜੈ। ਉੱਤਮ ਠੌਰ ਨਿਕਟਿ ਪਿਖ ਲੀਜੈ।

ਸੁੰਦਰ ਪੁਰ ਰਚਿ ਕੀਜੈ ਵਾਸਾ। ਕਰੋਂ ਦਰਸੁ ਕਿਆ ਤਨ ਭਰਵਾਸਾ।[139]

ਗੁਰੂ ਜੀ ਨੇ ਬੇਨਤੀ ਪ੍ਰਵਾਨ ਕਰਦੇ ਹੋਏ ਕਿਹਾ, ਕਿ ਛੇਵੇਂ ਸਿੱਖ ਗੁਰੂ ਦਾ ਵੱਡਾ ਪੁੱਤਰ ਜੋ ਸਾਡੇ ਸਰੂਪ ਵਰਗਾ ਹੋਵੇਗਾ ਉਹ ਇਸ ਸਥਾਨ 'ਤੇ ਨਗਰ ਸਥਾਪਿਤ ਕਰੇਗਾ:

ਛਠਮ ਰੂਪ ਮੈ ਜਬੈ ਧਰਾਵੋਂ। ਹਰਿਗੁਵਿੰਦ ਨਿਜ ਨਾਮੁ ਕਹਾਵੋਂ।

ਤਿਹ ਸੁਤ ਜੇਸ਼ਟ ਮੋਹਿ ਸਰੂਪਾ। ਆਵੈ ਤੁਮਰੇ ਨਿਕਟਿ ਅਨੂਪਾ।

ਜਬੈ ਆਇ ਪੈ ਮਾਂਗ ਹੈ ਤਬੈ ਸਤਿ ਬਚ ਮਾਨਿ।

ਦੀਜੈ ਪੈ ਮਮ ਰੂਪ ਲਖਿ ਸੰਸ ਨ ਯਾ ਮੈ ਠਾਨ।

ਆਇਸ ਦੀਜੈ ਤਾਹਿ ਕੌ ਨਗਰ ਬਸਾਵੈ ਸੋਇ।

ਛਠਮ ਰੂਪ ਕਾ ਦਰਸ ਕਰਿ ਪ੍ਰਾਨ ਅੰਤ ਤਬ ਹੋਇ।[140]

ਇਸ ਕਥਨ ਦੀ ਪੁਸ਼ਟੀ ਕਰਦੇ ਹੋਏ ਕਾਨ੍ਹ ਸਿੰਘ ਨਾਭਾ *ਮਹਾਨ ਕੋਸ਼* ਵਿਚ ਇੰਞ ਲਿਖਦੇ ਹਨ "ਸੰਮਤ 1683 ਵਿਚ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਰਾਜਾ ਤਾਰਾਚੰਦ ਤੋਂ ਜ਼ਮੀਨ ਖਰੀਦਕੇ ਬਾਬਾ ਗੁਰਦਿੱਤਾ ਜੀ ਦੀ ਮਾਰਫ਼ਤ ਆਬਾਦ ਕਰਵਾਇਆ, ਇਸ ਦੇ ਵਸਣ ਦਾ ਵਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਦਿੱਤਾ ਸੀ, ਜਦੋਂ ਗੁਰੂ ਜੀ ਇੱਥੇ ਆਏ ਹੋਏ "ਚਰਣਕਮਲ" ਠਹਿਰੇ ਅਤੇ ਸਾਂਈ ਬੁੱਢਣਸ਼ਾਹ ਨੂੰ ਜੰਗਲ ਵਿਚ ਮਿਲੇ ਸਨ।"[141] ਇਸ ਸਰੋਤ ਅਨੁਸਾਰ 1626 ਈ. ਨੂੰ ਇਹ ਨਗਰ ਦੀ ਨੀਂਹ ਰੱਖੀ ਗਈ। ਏ. ਐਚ. ਰੋਜ਼ ਦਾ ਮੰਨਣਾ ਹੈ, ਕਿ ਜਦੋਂ 1626-27 ਈ. ਵਿਚ ਪਹਾੜੀ ਰਾਜਿਆਂ ਨੇ ਗੁਰੂ ਜੀ ਨੂੰ ਆਪਣੇ ਇਲਾਕੇ ਵਿਚ ਆਉਣ ਲਈ ਬੇਨਤੀ ਕੀਤੀ ਸੀ ਤਾਂ ਉਸੇ ਸਾਲ ਬਾਬਾ ਗੁਰਦਿੱਤਾ ਜੀ ਨੇ ਰਾਜੇ ਤਾਰਾਚੰਦ ਪਾਸੋਂ ਜ਼ਰ ਖਰੀਦ ਕੇ ਕੀਰਤਪੁਰ ਨਗਰ ਦੀ ਸਥਾਪਨਾ ਕੀਤੀ। ਪਹਾੜੀ ਰਾਜਿਆਂ ਦਾ ਸੰਬੰਧ ਗੁਰੂ ਘਰ ਨਾਲ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਮੰਨਿਆ ਜਾਂਦਾ ਹੈ। ਫਿਰ ਜਦੋਂ ਛੇਵੇਂ ਪਾਤਸ਼ਾਹ ਨੇ ਗਵਾਲੀਅਰ ਦੇ ਕਿਲ੍ਹੇ ਵਿਚੋ 52 ਰਾਜੇ ਛਡਵਾਏ ਸਨ ਤਾਂ ਉਨ੍ਹਾਂ ਵਿਚ ਕਹਿਲੂਰ ਦਾ ਰਾਜਾ ਵੀ ਸ਼ਾਮਲ ਸੀ।[142] ਕਵੀ ਸੰਤੋਖ ਸਿੰਘ ਅਨੁਸਾਰ ਛੇਵੇਂ ਪਾਤਸ਼ਾਹ ਕਰਤਾਰਪੁਰ ਦੀ ਜੰਗ ਤੋਂ ਬਾਅਦ ਪਰਿਵਾਰ ਅਤੇ ਮੁਖੀ ਸਿੱਖਾਂ ਸਮੇਤ ਕੀਰਤਪੁਰ ਆਏ ਸਨ। ਇਸ ਸਮੇਂ ਦੌਰਾਨ ਗੁਰੂ ਜੀ ਅਤੇ ਬਾਬਾ ਗੁਰਦਿੱਤਾ ਜੀ ਬਾਬਾ ਬੁੱਢਣ ਸ਼ਾਹ ਨੂੰ ਮਿਲੇ ਸਨ। ਦਰਸ਼ਨ ਦੇ ਕੇ ਨਿਹਾਲ ਕੀਤਾ:

ਬੁੱਢਣ ਸ਼ਾਹੁ ਨਿਕਟਿ ਚਲਿ ਗਏ। ਬੈਠਯੋ ਜਹਾਂ ਸਮਾਧੀ ਕਏ।

ਸਿਮਰਤ ਸ੍ਰੀ ਹਰਿਗੋਬਿੰਦ ਰੂਪ। 'ਦਿਹੁ ਦਰਸ਼ਨ ਅਬਿ ਆਨਿ ਅਨੂਪ'

ਕਹਯੋ 'ਆਇ ਮੈਂ ਹਰਿਗੋਬਿੰਦ। ਖੋਲਿ ਬਿਲੋਕਹੁ ਚਖ ਅਰਬਿੰਦ।

ਦੇਹੁ ਦਰਸ ਨਿਜ ਬਾਕ ਸੁਨਾਇ।' ਜਬਿ ਇਹੁ ਕਾਨ ਪਰੀ ਧੁਨਿ ਜਾਇ।[143]

ਦਰਸ਼ਨ ਦੇਣ ਤੋਂ ਬਾਅਦ ਦੁੱਧ ਛਕਿਆ ਅਤੇ ਫਕੀਰ ਨੂੰ ਮੁਕਤੀ ਮਾਰਗ ਦੀ ਸੋਝੀ ਪਾਈ। ਗਿਆਨੀ ਗਿਆਨ ਸਿੰਘ ਰਾਜਿਆਂ ਦਾ ਗੁਰੂ ਜੀ ਪਾਸ ਆਉਣ ਦਾ ਕਾਰਨ ਦੱਸਦੇ ਹੋਏ ਲਿਖਦੇ ਹਨ, ਕਿ ਸੰ.1684 (1627 ਈ.) ਨੂੰ ਜਦੋਂ ਬਾਦਸ਼ਾਹ ਸਾਹਜਹਾਂ ਲਾਹੌਰ ਆਇਆ ਹੋਇਆ ਸੀ ਤਾਂ ਮੰਡੀ, ਸੁਕੇਤ, ਕੁੱਲੂ, ਬਿਲਾਸਪੁਰ, ਨਾਲਾਗੜ੍ਹੀਏ ਆਦਿਕ ਰਾਜੇ ਨਜ਼ਰਾਨਾਂ ਦੇਣ ਆਏ ਗੁਰੂ ਦਰਸ਼ਨਾਂ ਲਈ ਅੰਮ੍ਰਿਤਸਰ ਸਾਹਿਬ ਆਏ ਸਨ। ਜਥਾ ਯੋਗ ਪੂਜਾ ਚੜ੍ਹਾਕੇ ਦਰਸ਼ਨ ਪਾਏ ਤੇ ਬਹੁਤ ਪ੍ਰਸੰਨ ਹੋਏ। ਦੋ ਦਿਨ ਗੁਰੂ ਜੀ ਨਾਲ ਮਿਲ ਕੇ ਸ਼ਿਕਾਰ ਖੇਡਣ ਜਾਂਦੇ ਰਹੇ। ਜੋ 52 ਰਾਜੇ ਗੁਰੂ ਜੀ ਨੇ ਗਵਾਲੀਅਰ ਦੇ ਕਿਲ੍ਹੇ ਵਿਚੋਂ ਛਡਵਾਏ ਸਨ, ਉਹਨਾਂ ਵਿਚ ਬਹੁਤ ਆਏ ਹੋਏ ਸਨ। ਇਹਨਾਂ ਵਿਚ ਤਾਰਾ ਚੰਦ ਹੰਡੂਰੀਆਂ ਵੀ ਸ਼ਾਮਲ ਸੀ, ਜਿਸ ਨੇ ਗੁਰੂ ਜੀ ਨੂੰ ਆਪਣੇ ਨਾਲ ਪਹਾੜ ਦੀ ਸੈਰ ਤੇ ਜਾਣ ਲਈ ਬਹੁਤ ਬੇਨਤੀਆਂ ਕੀਤੀਆਂ। ਗੁਰੂ ਜੀ ਆਪ ਤਾਂ ਨਾ ਗਏ ਪਰ ਬਾਬਾ ਗੁਰਦਿੱਤਾ ਜੀ ਨੂੰ ਭੇਜ ਦਿੱਤਾ। ਇਕ ਮਹੀਨੇ ਪਿਛੋਂ ਰਾਜੇ ਨੇ ਗੁਰੂ ਜੀ ਦੇ ਹਮੇਸ਼ਾ ਦਰਸ਼ਨ ਕਰਨ ਲਈ ਬਹੁਤ ਸਾਰੀ ਜ਼ਮੀਨ ਭੇਟ ਕੀਤੀ। ਇਸ ਗੱਲ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ, ਕਿ ਪਹਾੜੀ ਰਾਜੇ ਗੁਰੂ ਜੀ ਦੀ ਸਖਸ਼ੀਅਤ ਅਤੇ ਦਰਸ਼ਨਾਂ ਤੋਂ ਕਿੰਨੇ ਪ੍ਰਭਾਵਿਤ ਸਨ। ਉਸੇ ਸਾਲ ਗੁਰੂ ਜੀ ਨੇ 13 ਹਾੜ ਸੰ.1684 (1627ਈ.) ਨੂੰ ਟਿੱਕੇ ਗੁਰਦਿੱਤੇ ਜੀ ਦੇ ਹੱਥੋਂ ਕੀਰਤਪੁਰ ਦੀ ਮੋਹੜ੍ਹੀ ਗਡਵਾਈ ਤੇ ਮਲਕੀਅਤ ਤੇ ਮਾਫੀ ਦੀ ਸਨਦ ਲਿਖ ਦਿਤੀ। ਫਿਰ ਗੁਰੂ ਜੀ ਦੀ ਕਿਰਪਾ ਨਾਲ ਇਹ ਨਗਰ ਬਹੁਤ ਛੇਤੀ ਵਸ ਗਿਆ ਸੀ।[144]

ਮੇਜਰ ਗੁਰਮੁਖ ਸਿੰਘ ਕੀਰਤਪੁਰ ਸਾਹਿਬ ਦੀ ਸਥਾਪਨਾ ਸੰਬੰਧੀ ਲਿਖਦਾ ਹੈ, "Kiratpur Sahib, one of the several towns founded by the Sikh Gurus, is situated on the left bank of Sutlej river in the Shivalik foothills, 30 kilometres north of Ropar to which it is connected by rail and road. It was founded by Baba Gurditta, Under orders from Guru Hargobind, in 1626 on land acquires from Raja Tara Chand of Kahlur (Bilaspur)

state." ਗੰਡਾ ਸਿੰਘ ਵੀ ਇਸ ਪੱਖ ਨਾਲ ਸਹਿਮਤ ਹਨ, ਕਿ ਗੁਰੂ ਹਰਿਗੋਬਿੰਦ ਜੀ ਨੇ ਇਸ ਨਗਰ ਦੀ ਸਥਾਪਨਾ ਕੀਤੀ। ਕਿਸ ਸੰਨ ਵਿਚ ਸਥਾਪਨਾ ਕੀਤੀ ਇਸ ਸੰਬੰਧੀ ਕੋਈ ਵੇਰਵਾ ਪ੍ਰਾਪਤ ਨਹੀਂ ਹੁੰਦਾ।[145]

ਨਗਰ ਦੀ ਸਥਾਪਨਾ ਸੰਬੰਧੀ ਕੁਝ ਵਿਦਵਾਨਾਂ ਦਾ ਮੰਨਣਾ ਹੈ, ਕਿ ਇਸ ਨਗਰ ਦੀ ਸਥਾਪਨਾ ਬਾਬਾ ਸ੍ਰੀ ਚੰਦ ਜੀ ਨੇ ਕੀਤੀ ਸੀ। ਜਿਵੇਂ *Encyclopedia of Sikhism* ਦਾ ਕਰਤਾ *ਭੱਟ ਵਹੀਆਂ* ਦੇ ਹਵਾਲੇ ਨਾਲ ਲਿਖਦਾ ਹੈ, ਕਿ ਇਸ ਨਗਰ ਦੀ ਸਥਾਪਨਾ ਬਾਬਾ ਸ੍ਰੀ ਚੰਦ ਜੀ ਨੇ 1626 ਈ. ਵਿਚ ਗੁਰੂ ਜੀ ਦੁਆਰਾ ਰਾਜੇ ਤਾਰਾ ਚੰਦ ਤੋਂ ਖਰੀਦੀ ਜ਼ਮੀਨ ਵਿਚ ਕੀਤੀ।[146]

ਉਪਰੋਕਤ ਵਿਸ਼ਲੇਸ਼ਣ ਤੋਂ ਕਿਹਾ ਜਾ ਸਕਦਾ ਹੈ, ਕਿ ਗੁਰੂ ਹਰਿਗੋਬਿੰਦ ਜੀ ਦੁਆਰਾ ਕੀਰਤਪੁਰ ਸਾਹਿਬ ਦੀ ਸਥਾਪਨਾ ਕਹਿਲੂਰ ਦੇ ਰਾਜੇ ਪਾਸੋ ਜ਼ਰ ਖਰੀਦ ਕੇ ਬਾਬਾ ਗੁਰਦਿਤਾ ਜੀ ਪਾਸੋਂ 1626-27 ਈ. ਵਿਚ ਕਰਵਾਈ ਗਈ। ਤਕਰੀਬਨ ਸਾਰੇ ਵਿਦਵਾਨ ਇਸ ਸਮੇਂ ਨਾਲ ਸਹਿਮਤ ਹਨ।

- **ਨਗਰ ਦਾ ਵਿਕਾਸ**

ਕਰਤਾਰਪੁਰ ਸਾਹਿਬ ਦੀ ਜੰਗ ਤੋਂ ਬਾਅਦ ਗੁਰੂ ਜੀ ਨੇ ਪਰਿਵਾਰ ਸਮੇਤ ਕੀਤਰਪੁਰ ਨਗਰ ਵਿਚ ਪੱਕੇ ਪੈਰੀ ਨਿਵਾਸ ਕੀਤਾ। ਪਹਿਲਾਂ ਤੋਂ ਹੀ ਕੁਦਰਤੀ ਰੰਗਤ ਨਾਲ ਭਰਪੂਰ ਇਸ ਨਗਰ ਦੀ ਸੁੰਦਰਤਾ ਵਿਚ ਹੋਰ ਵਾਧਾ ਕਰਦੇ ਹੋਏ ਗੁਰੂ ਜੀ ਨੇ ਬਾਗ਼ ਲਗਵਾਏ, ਖੂਹ ਲਗਵਾਏ, ਫੁੱਲ ਵਾੜੀਆਂ ਤਿਆਰ ਕਰਵਾਈਆਂ, ਯਾਤਰੂਆਂ ਲਈ ਧਰਮਸ਼ਾਲਾ ਤਿਆਰ ਕਰਵਾਈ। ਰਾਹਾਂ ਦੇ ਆਲੇ ਦੁਆਲੇ ਸ਼ਾਨਦਾਰ ਬੂਟੇ ਅਤੇ ਖੂਹ ਲਗਵਾਏ।[147] ਇਸ ਤੋਂ ਇਲਾਵਾ ਗੁਰੂ ਜੀ ਨੇ ਅਧਿਆਤਮਕ ਮਾਰਗ ਦੀ ਉੱਨਤੀ ਲਈ ਕੀਰਤਨ ਦਰਬਾਰ ਸ਼ੁਰੂ ਕਰਵਾਇਆ। ਅੱਠੇ ਪਹਿਰ ਅਟੁੱਟ ਲੰਗਰ ਵਰਤਦਾ। ਗੰਡਾ ਸਿੰਘ ਅਨੁਸਾਰ ਗੁਰੂ ਹਰਿਗੋਬੰਦ ਜੀ ਨੇ ਇਸ ਨਗਰ ਵਿਚ ਗੁਰਦੁਆਰਿਆਂ ਤੋਂ ਇਲਾਵਾ ਆਪਣੇ ਖਰਚ ਤੇ ਮੰਦਰ ਅਤੇ ਮਸਜਿਦਾਂ ਵੀ ਬਣਵਾਈਆਂ।[148] ਇਸ ਗੱਲ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ, ਕਿ ਗੁਰੂ ਜੀ ਨੇ ਇਸ ਨਗਰ ਨੂੰ ਵਿਕਸਿਤ ਕਰਨ ਲਈ ਬਿਨ੍ਹਾਂ ਕਿਸੇ ਭੇਦ-ਭਾਵ ਤੋਂ ਬਾਕੀ ਧਰਮਾਂ ਦੇ ਪੂਜਾ ਅਸਥਾਨ ਵੀ ਆਪਣੇ ਖਰਚ ਤੇ ਬਣਵਾਏ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਦੂਸਰੇ ਨਗਰਾਂ ਦੀ ਤਰ੍ਹਾਂ ਇਸ ਨਗਰ ਨੂੰ ਵੀ ਗੁਰੂ ਜੀ ਨੇ ਪੂਰਨ ਤੌਰ ਤੇ ਵਸਾਇਆ।

ਗੁਰੂ ਜੀ ਦੇ ਘਰ ਦਾ ਸਾਰਾ ਪ੍ਰਬੰਧ ਸੂਰਜ ਮੱਲ ਦੇ ਹੱਥਾਂ ਵਿਚ ਸੀ। ਦਿਨ ਪ੍ਰਤੀ ਦਿਨ ਨਗਰ ਦੀ ਰੌਣਕ ਵਿਚ ਵਾਧਾ ਹੋਣ ਲੱਗਾ, ਸੰਗਤਾਂ ਦੂਰੋ ਨੇੜਿਓ ਗੁਰੂ ਜੀ ਦੀ ਮਹਿਮਾ ਸੁਣ ਕੇ ਆਉਣ ਲੱਗੀਆਂ। ਇਸ

ਇਲਾਕੇ ਵਿਚ ਆਉਣ ਦਾ ਪਤਾ ਜਦ ਪਹਾੜੀ ਰਾਜਿਆਂ ਨੂੰ ਲੱਗਿਆ ਤਾਂ ਦਰਸ਼ਨਾਂ ਦੀ ਤਾਂਘ ਵਿਚ ਉਹ ਕੀਰਤਪੁਰ ਸਾਹਿਬ ਆਏ। ਦਰਸ਼ਨ ਕਰਨ ਵਾਲੇ ਰਾਜਿਆਂ ਵਿਚ ਜਗਤ ਪ੍ਰਕਾਸ਼ ਸਿਰਮੌਰੀਆਂ, ਕਰਮ ਚੰਦ ਭੰਬੋਰੀਆ, ਨਰਪਲ ਸਿੰਘ ਜਮਵਾਲੀਆ, ਧਰਮਪਾਲ, ਬੂਘਾਟ ਵਾਲਾ, ਗੱਜ ਸਿੰਘ ਹੰਡੂਰ, ਭੂਖ ਸੇਨ ਕੈਂਥਲੀਆਂ ਤੇ ਅੰਮ੍ਰਿਤ ਪਾਲ ਭੰਜੀ ਵਾਲਾ ਸ਼ਾਮਲ ਸਨ।[149]

ਲੋਕਾਈ ਦਾ ਉਧਾਰ ਤੇ ਸਧਾਰ ਕਰਦੇ ਹੋਏ ਗੁਰੂ ਹਰਿਗੋਬਿੰਦ ਜੀ ਕੀਰਤਪੁਰ ਵਿਖੇ ਗੁਰਿਆਈ ਪੋਤਰੇ ਗੁਰੂ ਹਰਿਰਾਇ ਜੀ ਨੂੰ ਬਖ਼ਸ਼ ਕੇ ਜੋਤੀ-ਜੋਤਿ ਸਮਾ ਗਏ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਗੁਰੂ ਹਰਿਗੋਬਿੰਦ ਜੀ ਨੇ ਨਗਰ ਦੀ ਉਸਾਰੀ ਲਈ ਉਚੇਚੇ ਕਦਮ ਚੁੱਕੇ।

*ਗੁਰਬਿਲਾਸ ਪਾਤਸ਼ਾਹੀ ਦਸਵੀਂ* ਦਾ ਕਰਤਾ ਇਸ ਨਗਰ ਦੀ ਮਹਿਮਾ ਬਿਆਨ ਕਰਦਾ ਹੋਇਆ ਲਿਖਦਾ ਹੈ:

> ਕੀਰਤਪੁਰੀ ਅਜਬ ਅਸਥਾਨਾ। ਜਸੁ ਸਮ ਚੌਦਹ ਲੋਕ ਨ ਆਨਾ।
> ਗਿਰਦ ਗਿਰੋਵਰ ਮਧਿ ਸੁ ਨਗਰੀ। ਦੇਸ ਕੇ ਬੀਚ ਉਜਗਰੀ।
> ਸੁੰਦਰ ਸਤਿ ਗੰਗਾ ਤਟ ਜਾਕੇ। ਔਰ ਠੌਰ ਸਮ ਤੁਲ ਨ ਤਾਕੇ।
> ਅਦਭੁਤ ਦਿਪਤ ਬਾਗ ਬਰ ਸੋਹੈ। ਦੇਖਨ ਹਾਰਨ ਕੋ ਮਨ ਮੋਹੈ।[150]

ਗੁਰੂ ਹਰਿਰਾਇ ਜੀ ਦਾ ਜਨਮ ਅਤੇ ਅਨੰਦ ਵਿਆਹ ਇਸ ਨਗਰ ਵਿਚ ਹੀ ਹੋਇਆ ਸੀ। ਗੁਰਿਆਈ ਪ੍ਰਾਪਤ ਕਰਨ ਉਪਰੰਤ ਸਿੱਖੀ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ। ਭਾਵੇਂ ਗੁਰੂ ਜੀ ਨੇ ਆਪਣੇ ਜੀਵਨ ਕਾਲ ਦੌਰਾਨ ਕੋਈ ਵੱਡੀ ਜੰਗ ਨਹੀਂ ਲੜੀ, ਪਰ ਆਪ ਜੀ ਪਾਸ 2200 ਘੋੜਸਵਾਰ ਸੈਨਿਕ ਸਨ।[151] ਨਗਰ ਦੀ ਰਾਖੀ ਲਈ ਨਦੀ ਦੇ ਕਿਨਾਰੇ ਕਿਲ੍ਹਾ ਤਿਆਰ ਕਰਵਾਇਆ।[152]

ਇਸ ਤਰ੍ਹਾਂ ਗੁਰੂ ਹਰਿਰਾਇ ਜੀ ਨਗਰ ਦਾ ਵਿਕਾਸ ਕਰਦੇ ਹੋਏ ਗੁਰਿਆਈ ਗੁਰੂ ਹਰਿਕ੍ਰਿਸ਼ਨ ਜੀ ਨੂੰ ਬਖ਼ਸ਼ ਕੇ ਜੋਤੀ-ਜੋਤਿ ਸਮਾ ਗਏ। ਗੁਰੂ ਹਰਿਕ੍ਰਿਸ਼ਨ ਜੀ ਦਾ ਜਨਮ ਕੀਰਤਪੁਰ ਸਾਹਿਬ ਵਿਖੇ ਹੋਇਆ ਸੀ। ਗੁਰਿਆਈ ਪ੍ਰਾਪਤ ਕਰਕੇ ਸਿੱਖੀ ਸਿਧਾਂਤਾਂ ਦਾ ਪ੍ਰਚਾਰ ਕਰਦੇ ਰਹੇ। ਆਪਣੇ ਛੋਟੇ ਜਿਹੇ ਗੁਰਿਆਈ ਕਾਲ ਦੌਰਾਨ ਨਗਰ ਵਿਚ ਸਿੱਖ ਸੰਗਤਾਂ ਨੂੰ ਉਪਦੇਸ਼ ਕੇ ਨਿਹਾਲ ਕਰਦੇ ਰਹੇ। ਦਿੱਲੀ ਦੀ ਸੰਗਤ ਨੂੰ ਨਿਹਾਲ ਕਰਨ

ਲਈ ਗੁਰੂ ਜੀ ਕੀਰਤਪੁਰ ਸਾਹਿਬ ਦਾ ਸਾਰਾ ਪ੍ਰਬੰਧ ਮੁਖੀ ਸਿੱਖਾਂ ਭਾਈ ਭਗਤੇ ਆਦਿਕ ਨੂੰ ਸੌਂਪ ਕੇ ਰਵਾਨਾ ਹੋਏ।[153] ਗੁਰੂ ਹਰਿਕ੍ਰਿਸ਼ਨ ਜੀ ਲੋਕਾਈ ਦਾ ਭਲਾ ਕਰਦੇ ਹੋਏ ਦਿੱਲੀ ਵਿਖੇ ਹੀ ਜੋਤੀ-ਜੋਤਿ ਸਮਾ ਗਏ।

ਸਿੱਖ ਪੰਥ ਦੇ ਨੌਵੇਂ ਗੁਰੂ, ਗੁਰੂ ਤੇਗ ਬਹਾਦਰ ਜੀ ਬਣੇ। ਆਪਣੇ ਗੁਰਿਆਈ ਕਾਲ ਦੌਰਾਨ ਗੁਰੂ ਜੀ ਬਾਬਾ ਬਕਾਲਾ ਤੋਂ ਹੁੰਦੇ ਹੋਏ ਕੀਰਤਪੁਰ ਆਏ ਸਨ। ਭਰਾਤਾ ਸੂਰਜ ਮੱਲ ਨੇ ਪਹਿਲਾਂ ਤਾਂ ਬੜ੍ਹਾ ਮਾਨ ਆਦਰ ਦਿੱਤਾ ਪਰ ਬਾਅਦ ਵਿਚ ਗੁਰੂ ਜੀ ਨਾਲ ਈਰਖਾ ਕਰਨ ਲੱਗਾ ਸੀ। ਗੁਰੂ ਜੀ ਨੇ ਪਰਿਵਾਰਕ ਵਿਵਾਦ ਤੋਂ ਕਿਨਾਰਾ ਕਰਦੇ ਹੋਏ ਕੀਰਤਪੁਰ ਤੋਂ ਥੋੜੀ ਦੂਰੀ ਤੇ 'ਚੱਕ ਨਾਨਕੀ' ਨਗਰ ਸਥਾਪਿਤ ਕਰਕੇ ਪਰਿਵਾਰ ਸਮੇਤ ਵਾਸਾ ਕਰਨਾ ਸ਼ੁਰੂ ਕਰ ਦਿੱਤਾ ਸੀ। ਉਸ ਸਮੇਂ ਕੀਰਤਪੁਰ ਦਾ ਪ੍ਰਬੰਧ ਸੂਰਜ ਮੱਲ ਪਾਸ ਸੀ। ਗੁਰੂ ਜੀ ਸਿੱਖੀ ਪ੍ਰਚਾਰ ਕਰਨ ਹਿਤ ਇਸ ਨਗਰ ਵਿਚ ਫੇਰਾ ਪਾਉਂਦੇ ਰਹਿੰਦੇ। ਗੁਰੂ ਤੇਗ ਬਹਾਦਰ ਜੀ ਗੁਰਿਆਈ ਦਾ ਤਿਲਕ ਗੁਰੂ ਗੋਬਿੰਦ ਸਿੰਘ ਜੀ ਨੂੰ ਲਗਵਾ ਕੇ ਦਿੱਲੀ ਵਿਖੇ ਸ਼ਹੀਦ ਹੋ ਗਏ। ਗੁਰੂ ਗੋਬਿੰਦ ਸਿੰਘ ਜੀ ਵੀ ਆਪਣੇ ਜੀਵਨ ਕਾਲ ਦੌਰਾਨ ਬਹੁਤ ਵਾਰ ਕੀਰਤਪੁਰ ਸਾਹਿਬ ਆਏ। ਗੁਰੂ ਗੋਬਿੰਦ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ 1709 ਈ. ਨੂੰ ਇਸ ਨਗਰ ਵਿਚ ਆਏ ਸਨ। ਨਗਰ ਦੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਕਰਵਾਈ।[154] ਰਤਨ ਸਿੰਘ ਭੰਗੂ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਪੰਜਾਬ ਨੂੰ ਜਿੱਤਣ ਤੋਂ ਬਾਅਦ ਕੀਰਤਪੁਰ ਸਾਹਿਬ ਆਏ ਸਨ:

ਪੰਜਾਬ ਬੰਦੇ ਜਬ ਜਿੱਤ ਲਈ, ਚੜ੍ਹਯੋ ਸੁ ਪਰਬਤ ਵੱਲ।
ਡੇਰਾ ਕੀਰਤਪੁਰ ਕੀਯੋ, ਅਨੰਦਪੁਰੈ ਕੁਛ ਤੱਲ[155]

ਅਨੰਦਪੁਰ ਸਾਹਿਬ ਤੇ ਹੋਏ ਹਮਲਿਆਂ ਦੌਰਾਨ ਜ਼ਾਲਮਾਂ ਨੇ ਇਸ ਨਗਰ ਨੂੰ ਕਾਫ਼ੀ ਨੁਕਸਾਨ ਪਹੁੰਚਾਇਆ ਸੀ। ਬਾਅਦ ਵਿਚ ਬਾਬਾ ਬੰਦਾ ਸਿੰਘ ਬਹਾਦਰ ਨੇ ਗੁਰਦੁਆਰਿਆਂ ਦੀ ਮੁਰੰਮਤ ਕਰਵਾਈ। ਨਿਤਨੇਮ ਅਨੁਸਾਰ ਦੀਵਾਨ ਸਜਾਉਣਾ ਸ਼ੁਰੂ ਕਰ ਦਿੱਤਾ ਸੀ। ਕੀਰਤਪੁਰ ਕੁਝ ਸਮਾਂ ਰਹਿ ਕੇ ਪਹਾੜੀ ਰਾਜਿਆਂ ਨੂੰ ਸੋਧਾ ਲਾਉਣ ਲਈ ਕਹਿਲੂਰ ਵੱਲ ਚੜ੍ਹਾਈ ਕਰ ਦਿਤੀ। ਨਗਰ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਦਾ ਇਕ ਛੋਟਾ ਕਿਲਾ ਮੌਜੂਦ ਹੁੰਦਾ ਸੀ, ਜੋ ਸਮੇਂ ਦੀ ਗਰਦਸ਼ ਨਾਲ ਢਹਿ ਗਿਆ।[156] ਕਿਸੇ ਸਮੇਂ ਰੋਪੜ ਦੇ ਰਾਜੇ ਨੇ ਇਸ ਨਗਰ ਵਿਚ ਮਕਾਨ ਅਤੇ ਬਾਉਲੀ ਆਦਿ ਬਣਵਾਈ।[157]

ਉਕਤ ਦੇ ਸਾਰ ਵਜੋਂ ਕਹਿ ਸਕਦੇ ਹਾਂ ਕਿ ਕੀਰਤਪੁਰ ਸਾਹਿਬ ਦੀ ਸਥਾਪਨਾ ਗੁਰੂ ਹਰਿਗੋਬਿੰਦ ਜੀ ਦੇ ਹੁਕਮ ਉੱਤੇ ਬਾਬਾ ਗੁਰਦਿੱਤਾ ਜੀ ਨੇ ਕਰਵਾਈ ਸੀ। ਸਰੋਤ ਅਧਿਐਨ ਦੌਰਾਨ ਜਮੀਨ ਦੇ ਮੁੱਲ ਸੰਬੰਧੀ ਕਿਸੇ ਇਤਿਹਾਸਕ ਸਰੋਤ 'ਚੋ ਹਵਾਲਾ ਪ੍ਰਾਪਤ ਨਹੀਂ ਹੋਇਆ ਪਰ ਇਹ ਜਰੂਰ ਕਿਹਾ ਜਾ ਸਕਦਾ ਹੈ ਕਿ ਬਾਕੀ ਦੇ ਨਗਰਾ ਵਾਂਗ ਇਸ ਨਗਰ ਦੀ ਜ਼ਰ ਵੀ ਗੁਰੂ ਜੀ ਨੇ ਆਪ ਹੀ ਖਰੀਦੀ ਹੋਵੇਗੀ। ਕਿਉਂਕਿ ਗੁਰੂ ਜੀ ਇਸ ਮਸਲੇ ਵਿਚ ਕਿਸੇ ਪਾਸੋਂ ਇਹ ਅਹਿਸਾਨ ਲੈਣਾ ਠੀਕ ਨਹੀਂ ਸਮਝਦੇ ਸਨ। ਹਾਂ ਇਹ ਕਿਹਾ ਜਾ ਸਕਦਾ ਹੈ ਕਿ, ਤਾਰਾ ਚੰਦ ਦੀ ਬੇਨਤੀ ਕਰਨ 'ਤੇ ਇਹ ਨਗਰ ਆਬਾਦ ਕਰਵਾਇਆ ਹੋਵੇ। ਇਹ ਵੀ ਹੋ ਸਕਦਾ ਹੈ ਕਿ ਇਸ ਇਲਾਕੇ ਵਿਚ ਪਹਿਲਾਂ ਕੋਈ ਸਿੱਖੀ ਦਾ ਕੇਂਦਰ ਨਾ ਹੋਣ ਕਰਕੇ ਗੁਰੂ ਜੀ ਨੇ ਕੀਰਤਪੁਰ ਸਾਹਿਬ ਦੀ ਸਥਾਪਨਾ ਇਸ ਇਲਾਕੇ ਵਿਚ ਕੀਤੀ। ਇਤਿਹਾਸਕ ਪੱਖ ਤੋਂ ਇਸ ਨਗਰ ਦਾ ਵਿਸ਼ੇਸ਼ ਮਹੱਤਵ ਹੈ, ਕਿਉਂਕਿ ਇਸ ਨਗਰ ਨੂੰ ਛੇ ਗੁਰੂ ਸਾਹਿਬਾਨ ਦੀ ਚਰਨ-ਛੋਹ ਪ੍ਰਾਪਤ ਹੈ। ਛੇਵੇਂ ਅਤੇ ਸੱਤਵੇਂ ਗੁਰੂ ਜੀ ਨੇ ਇਸ ਨਗਰ ਦਾ ਬਹੁਤ ਵਿਕਾਸ ਕੀਤਾ।

**ਅਨੰਦਪੁਰ ਸਾਹਿਬ**

ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਵਿਖੇ ਸਿੱਖਾਂ ਦਾ ਅਗਲਾ ਗੁਰੂ 'ਬਾਬਾ ਬਕਾਲਾ' ਵਿਖੇ ਹੋਣ ਦਾ ਸੰਕੇਤ ਦੇ ਕੇ 30 ਮਾਰਚ, 1664 ਈ. ਨੂੰ ਜੋਤੀ-ਜੋਤਿ ਸਮਾ ਗਏ ਸਨ। 1665 ਈ. ਨੂੰ 43 ਵਰ੍ਹਿਆਂ ਦੀ ਉਮਰ ਵਿਚ ਗੁਰੂ ਤੇਗ ਬਹਾਦਰ ਜੀ ਸਿੱਖ ਪੰਥ ਦੇ ਨੌਂਵੇਂ ਗੁਰੂ ਬਣੇ।[158] ਘਰੇਲੂ ਵਿਵਾਦ ਭਰੇ ਮਾਹੌਲ ਦੇ ਚਲਦਿਆਂ ਗੁਰੂ ਜੀ ਮੱਖਣ ਸ਼ਾਹ ਅਤੇ ਹੋਰ ਸਿੱਖਾਂ ਸਮੇਤ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਗਏ ਸਨ। ਸਠਿਆਲਾ, ਕਾਲੇਕੇ, ਗੋਇੰਦਵਾਲ ਸਾਹਿਬ, ਤਰਨਤਾਰਨ ਸਾਹਿਬ ਹੁੰਦੇ ਹੋਏ ਅੰਮ੍ਰਿਤਸਰ ਸਾਹਿਬ ਪੁੱਜੇ।[159] ਜਦ ਪੁਜਾਰੀਆਂ ਨੂੰ ਇਹ ਖਬਰ ਮਿਲੀ ਤਾਂ ਉਨ੍ਹਾਂ ਆਪਣੀਆਂ ਪਦਵੀਆਂ ਖੁਸਣ ਦੇ ਡਰ ਕਰਕੇ ਹਰਿਮੰਦਰ ਸਾਹਿਬ ਦੇ ਕਿਵਾੜ ਬੰਦ ਕਰ ਦਿੱਤੇ। ਗੁਰੂ ਜੀ ਨੇ ਹਰਿਮੰਦਰ ਸਾਹਿਬ ਦੇ ਸੱਜੇ ਹੱਥ ਇਕ ਬੇਰੀ (ਗੁਰਦੁਆਰਾ ਥੜ੍ਹਾ ਸਾਹਿਬ) ਹੇਠ ਵਿਸ਼ਰਾਮ ਕਰਨ ਉਪਰੰਤ ਬਕਾਲੇ ਨੂੰ ਚਾਲੇ ਪਾ ਦਿੱਤੇ।[160] ਵੇਰਕਾ, ਵੱਲਾ, ਗੋਇੰਦਵਾਲ ਸਾਹਿਬ, ਤਰਨਤਾਰਨ ਸਾਹਿਬ ਸੰਗਤਾਂ ਨੂੰ ਤਾਰਦੇ ਹੋਏ ਅਤੇ ਇਤਿਹਾਸਕ ਆਸਥਾਨਾਂ ਦੇ ਦਰਸ਼ਨ ਕਰਦੇ ਹੋਏ ਵਾਪਸ ਬਕਾਲੇ ਜਾ ਪੁੱਜੇ।

ਬਕਾਲੇ ਵਿਖੇ ਧੀਰਮੱਲ ਦੇ ਈਰਖਾਲੂ ਵਤੀਰੇ ਦੇ ਚਲਦਿਆਂ ਗੁਰੂ ਜੀ ਪਰਿਵਾਰ ਸਮੇਤ ਕੀਰਤਪੁਰ ਸਾਹਿਬ ਲਈ ਰਵਾਨਾ ਹੋਏ। ਪਰਿਵਾਰਕ ਮੈਬਰਾਂ ਅਤੇ ਮੁਖੀ ਸਿੱਖਾਂ ਸਮੇਤ ਬਕਾਲੇ ਤੋਂ ਚੱਲ ਕੇ ਰਸਤੇ ਵਿਚ ਮਿਲਦੀਆਂ ਸੰਗਤਾਂ ਨੂੰ ਸਤਿਨਾਮ ਦਾ ਉਪਦੇਸ਼ ਦਿੰਦੇ ਹੋਏ ਕੀਰਤਪੁਰ ਸਾਹਿਬ ਜਾ ਪੁੱਜੇ। ਇਸ ਨਗਰ ਦੀ ਸਥਾਪਨਾ ਗੁਰੂ ਹਰਿਗੋਬਿੰਦ ਜੀ ਦੇ ਹੁਕਮ ਪਰ ਬਾਬਾ ਗੁਰਦਿੱਤਾ ਜੀ ਨੇ ਸੰਮਤ 1683 (1626 ਈ.) ਵਿਚ ਕੀਤੀ ਸੀ।[161] ਸੰਗਤ ਦਾ ਇਕੱਠ ਅਤੇ ਵਧੇਰੇ ਕਾਰ ਭੇਟਾ ਆਉਂਦੀ ਦੇਖ ਕੁਝ ਪਰਵਾਰਿਕ ਮੈਂਬਰ ਗੁਰੂ ਜੀ ਨਾਲ ਖਾਰ ਖਾਣ ਲੱਗ ਪਏ। ਗੁਰੂ ਜੀ ਕਿਸੇ ਪ੍ਰਕਾਰ ਦੇ ਝਗੜੇ 'ਚ ਨਹੀਂ ਪੈਣਾ ਚਾਹੁੰਦੇ ਸਨ, ਇਸ ਕਰਕੇ ਅਜਿਹੇ ਸ਼ਰੀਕੇਬਾਜ਼ੀ ਭਰੇ ਮਾਹੌਲ ਦੇ ਚਲਦਿਆਂ ਨਵਾਂ ਨਗਰ ਸਥਾਪਿਤ ਕਰਨ ਦਾ ਮਨ ਬਣਾਇਆ।

- **ਚੱਕ ਨਾਨਕੀ ਦੀ ਸਥਾਪਨਾ**

ਪੂਰਬਲੇ ਗੁਰੂ ਸਾਹਿਬਾਨ ਨੇ ਅਪਣੇ ਗੁਰਿਆਈ ਕਾਲ ਦੌਰਾਨ ਸਿੱਖ ਪੰਥ ਦੇ ਵਾਧੇ ਅਤੇ ਵਿਕਾਸ ਲਈ ਅਨੇਕਾਂ ਨਵੇਂ ਨਗਰਾਂ ਦੀ ਸਥਾਪਨਾ ਕੀਤੀ ਸੀ। ਇਸ ਯੋਗਦਾਨ ਵਿਚ ਆਪਣਾ ਹਿੱਸਾ ਪਾਉਂਦਿਆਂ ਗੁਰੂ ਤੇਗ ਬਹਾਦਰ ਜੀ ਨੇ ਸ਼ਿਵਾਲਿਕ ਦੀਆਂ ਪਹਾੜੀਆਂ ਪਾਸ 'ਚੱਕ ਨਾਨਕੀ' ਦੀ ਸਥਾਪਨਾ ਕੀਤੀ। ਇਸ ਨਗਰ ਦੀ ਸਥਾਪਨਾ ਸੰਬੰਧੀ ਇਤਿਹਾਸਕਾਰਾਂ ਨੇ ਆਪਣੇ ਵੱਖੋ-ਵੱਖ ਪੱਖ ਪੇਸ਼ ਕੀਤੇ ਹਨ, ਜਿਨ੍ਹਾਂ ਦਾ ਵੇਰਵਾ ਇਸ ਅਨੁਸਾਰ ਹੈ- *ਗੁਰਬਿਲਾਸ ਪਾਤਸ਼ਾਹੀ 10* ਅਨੁਸਾਰ ਗੁਰੂ ਜੀ ਨੇ ਇਹ ਜਮੀਨ ਆਪ ਖਰੀਦ ਕੇ ਨਗਰ ਦੀ ਸਥਾਪਨਾ ਕੀਤੀ ਸੀ:

> ਆਨ ਬਸਾਯੋ ਚਕ ਤਬ ਆਨੰਦ ਪਰੁ ਕੀ ਜਾਇ।
>
> ਜਰਖਰੀਦ ਜਾਗਾ ਲੈ ਆਨਾ। ਨਗਰ ਰਚਿਓ ਆਛੋ ਸੁਖਦਾਨਾ।
>
> ਮਾਤਾ ਜੀ ਕੇ ਇਸ ਮਨਿਧਾਨ। ਸਬ ਕਾਰਜ ਕੀਨੇ ਨਿਜ ਜਾਨ।[162]

*ਗੁਰੂ ਕੀਆਂ ਸਾਖੀਆਂ* ਅਨੁਸਾਰ 'ਰਾਣੀ ਚੰਪਾ ਸਤਾਰ੍ਵੀ ਤੇ ਫਾਰਗ ਹੋਇ ਮਾਤਾ ਨਾਨਕੀ ਜੀ ਪਾਸ ਆਈ। ਇਸੇ ਮਾਤਾ ਜੀ ਕੇ ਪਾਉਂ ਪਕੜ ਬੇਨਤੀ ਕੀ-ਜੀ ਅਸਾਂ ਸੁਨਾਂ ਹੈ ਕਿ ਗੁਰੂ ਜੀ ਕੋਟਿ ਗੁਰੂ ਹਰਿ ਰਾਇ ਜੀ ਕਾ ਨਿਵਾਸ ਛੋਰ ਬਾਂਗਰ ਦੇਸ਼ ਜਾਏ ਰਹੇ ਹੈਂ, ਐਸਾ ਨਾ ਕੀਜੀਏ, ਜੋ ਸਤਿਗੁਰੂ ਜੀ ਕੋਟਿ ਗੁਰੂ ਹਰਿ ਰਾਇ ਮੇਂ ਨਹੀਂ ਰਹਿਨਾ ਚਾਹਤੇ ਤਾਂ ਨਯਾ ਗਾਮ ਬਸਾਨੇ ਕੇ ਲੀਏ ਹੋਰ ਭੁਇ ਅਰਦਾਸ ਕਰਾਨੇ ਕੇ ਲੀਏ ਤਿਆਰ ਹਾਂ।..... ਰਾਣੀ ਚੰਪਾ ਨੇ ਗਾਮ ਬਸਾਨੇ ਕੇ ਲੀਏ ਲੋਦੀਪੁਰ, ਮੀਆਂ ਪੁਰ ਤੇ ਸਹੋਟੇ ਗਾਮਾਂ ਕੀ ਭੋਇੰ ਅਰਦਾਸ

ਕਰਾਈ।.......ਸੰਮਤ ਸਤਰਾਂ ਸੈ ਬਾਈਸ ਅਸਾਢ ਮਾਸ ਕੀ ਇਕੀਸ ਕੇ ਦਿਹੁੰ ਬਾਬਾ ਗੁਰਦਿੱਤਾ ਜੀ ਰੰਧਾਵਾ ਕੇ ਹਾਛ ਸੇ ਸਹੋਟੇ ਗਾਉਂ ਕੇ ਰਕਬਾ ਮੇਂ ਮਾਖੋਵਾਲ ਕੇ ਥੇਹ ਤੇ ਮੋੜ੍ਹੀ ਗਾਡੀ। ਇਸ ਨਏਂ ਗਾਉਂ ਕਾ ਨਾਮ 'ਚੱਕ ਨਾਨਕੀ' ਰਾਖਾ।'[163] ਇਸ ਸਰੋਤ ਅਨੁਸਾਰ ਰਾਣੀ ਚੰਪਾ ਨੇ ਮਾਤਾ ਨਾਨਕੀ ਜੀ ਨੂ ਨਵੇਂ ਨਗਰ ਦੀ ਸਥਾਪਨਾ ਕਰਨ ਲਈ ਲੋਧੀਪੁਰ, ਮੀਆਂਪੁਰ ਅਤੇ ਸਹੋਟਾ ਪਿੰਡਾਂ ਦੀ ਜ਼ਮੀਨ ਭੇਟ ਕੀਤੀ। ਇਸ ਤੋਂ ਬਾਅਦ ਗੁਰੂ ਜੀ ਨੇ ਸਹੀ ਜਗ੍ਹਾ ਦੀ ਚੋਣ ਕਰਕੇ ਮਾਖੋਵਾਲ ਦੀ ਉੱਜੜੀ ਥੇਹ ਵਿਖੇ 21 ਹਾੜ੍ਹ ਸੰ.1722 (19 ਜੂਨ, 1665 ਈ.) ਨੂੰ ਬਾਬਾ ਗੁਰਦਿੱਤਾ ਰੰਧਾਵਾ ਜੀ ਪਾਸੋਂ ਮੋੜ੍ਹੀ ਗੱਡਵਾਈ ਅਤੇ ਨਗਰ ਦਾ ਨਾਂ ਚੱਕ ਨਾਨਕੀ ਰੱਖਿਆ।

*ਹੁਸ਼ਿਆਰਪੁਰ ਗਜ਼ਟੀਅਰ* ਵਿਚ ਲਿਖਿਆ ਮਿਲਦਾ ਹੈ ਕਿ ਗੁਰੂ ਜੀ ਨੇ ਨਵੇਂ ਨਗਰ ਦੀ ਸਥਾਪਨਾ ਕਰਨ ਲਈ ਬਿਲਾਸਪੁਰ ਦੇ ਰਾਜੇ ਦੀਪ ਚੰਦ ਪਾਸੋਂ ਜਮੀਨ ਦਾ ਟੁਕੜਾ ਖ਼ਰੀਦਿਆ ਅਤੇ ਚੱਕ ਨਾਨਕੀ ਦੀ ਸਥਾਪਨਾ ਕੀਤੀ। ਉਸ ਸਮੇਂ ਇਹ ਇਲਾਕਾ ਰਾਜੇ ਦੇ ਅਧੀਨ ਜਾਂਦਬਾਰੀ ਤੁਅੱਲਕਾ (ਤਹਿਸੀਲ) ਵਿਚ ਪੈਂਦਾ ਸੀ।[164]

ਗਿਆਨੀ ਗਿਆਨ ਸਿੰਘ ਅਨੁਸਾਰ ਗੁਰੂ ਜੀ ਨੇ ਪਰਿਵਾਰਕ ਸ਼ਰੀਕੇਬਾਜੀ ਨੂੰ ਆਪਣੇ ਰਾਹ ਵਿਚ ਵਿਘਨਕਾਰੀ ਸਾਬਿਤ ਹੁੰਦੇ ਦੇਖ ਰਾਜੇ ਦੀਪ ਚੰਦ ਪਾਸੋਂ ਮਾਖੋਵਾਲ ਦੀ ਉਜੜੀ ਥੇਹ ਦਸ ਹਜ਼ਾਰ ਰੁਪਏ ਵਿਚ ਖਰੀਦ ਕੇ 9 ਹਾੜ, ਸੰਮਤ 1721 (1664 ਈ.) ਨੂੰ ਅਨੰਦਪੁਰ ਸਾਹਿਬ ਦੀ ਸਥਾਪਨਾ ਕੀਤੀ।[165]

ਗੰਡਾ ਸਿੰਘ ਦੇ ਕਥਨ ਅਨੁਸਾਰ ਜਦ ਕੀਰਤਪੁਰ ਸਾਹਿਬ ਵਿਖੇ ਗੁਰੂ ਜੀ ਦੀ ਮਹਿਮਾ ਦਿਨ ਪ੍ਰਤੀ ਦਿਨ ਵਧਣ ਲੱਗੀ ਤਾਂ ਕੁਝ ਪਰਿਵਾਰਕ ਮੈਂਬਰ ਗੁਰੂ ਜੀ ਪ੍ਰਤੀ ਈਰਖਾ ਕਰਨ ਲੱਗੇ। ਮਾਤਾ ਨਾਨਕੀ ਜੀ ਨੇ ਇਸ ਵਿਵਾਦ ਭਰੇ ਮਾਹੌਲ ਨੂੰ ਆਪਣੇ ਪਰਿਵਾਰ ਲਈ ਠੀਕ ਨਾ ਸਮਝਦੇ ਹੋਏ ਗੁਰੂ ਜੀ ਨੂੰ ਨਵਾਂ ਨਗਰ ਵਸਾਉਣ ਦੀ ਤਾਕੀਦ ਕੀਤੀ। ਫਲਸਰੂਪ ਗੁਰੂ ਜੀ ਨੇ ਦਰਘਾ ਮੱਲ ਨੂੰ ਨਾਲ ਲੈ ਕੇ ਕੀਰਤਪੁਰ ਸਾਹਿਬ ਤੋਂ ਥੋੜ੍ਹੀ ਦੂਰ ਚੰਗੀ ਜਗ੍ਹਾ ਦੀ ਭਾਲ ਕਰਕੇ 500 ਰੁਪਏ ਵਿਚ ਮਾਖੋਵਾਲ ਦੀ ਥੇਹ ਖਰੀਦੀ।[166]

ਇਹਨਾਂ ਸਰੋਤਾਂ ਦੇ ਅਧਿਐਨ ਤੋਂ ਇਹ ਗੱਲ ਤਾਂ ਸਪਸ਼ਟ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਪਰਵਾਰਿਕ ਵਾਦ-ਵਿਵਾਦ ਦੇ ਚਲਦਿਆਂ ਮਾਖੋਵਾਲ ਦੀ ਉਜੜੀ ਥੇਹ ਖਰੀਦੇ ਕੇ ਚੱਕ ਨਾਨਕੀ ਦੀ ਸਥਾਪਨਾ ਕੀਤੀ। ਇਸ ਨਗਰ ਦੀ ਸਥਾਪਨਾ ਹੋਣ ਨਾਲ ਸਿੱਖ ਪੰਥ ਨੂੰ ਇਕ ਨਵਾਂ ਪ੍ਰਚਾਰ ਕੇਂਦਰ ਮਿਲਿਆ। ਇਸ ਤੋਂ ਇਲਾਵਾ ਇਹ ਵੀ ਪੱਖ ਸਾਹਮਣੇ ਆਇਆ ਹੈ ਕਿ ਨਗਰ ਦੀ ਸਥਾਪਨਾ ਲਈ ਬਿਲਾਸਪੁਰ ਦੀ ਰਾਣੀ ਨੇ

ਜਮੀਨ ਭੇਟ ਕੀਤੀ ਸੀ। ਇਹ ਵੀ ਹੋ ਸਕਦਾ ਹੈ ਕਿ ਰਾਣੀ ਨੇ ਨਗਰ ਦੀ ਸਥਾਪਨਾ ਸੰਬੰਧੀ ਬੇਨਤੀ ਕੀਤੀ ਹੋਵੇ ਜਾਂ ਕੁਝ ਮਾਇਕ ਸਹਾਇਤਾ ਪ੍ਰਦਾਨ ਕੀਤੀ ਹੋਵੇ। ਪਰ ਗੁਰੂ ਜੀ ਦੁਆਰਾ ਆਪ ਜਮੀਨ ਖਰੀਦ ਕੇ ਸਥਾਪਨਾ ਕਰਨਾ ਵਧੇਰੇ ਠੀਕ ਜਾਪਦਾ ਹੈ।

- **ਚੱਕ ਨਾਨਕੀ ਦਾ ਵਿਕਾਸ**

ਗੁਰੂ ਜੀ ਨੇ ਇਸ ਨਗਰ ਦਾ ਨਕਸ਼ਾ ਆਪ ਤਿਆਰ ਕਰਕੇ ਨੀਂਹ ਰਖਵਾਈ। ਇਸ ਨਗਰ ਨੂੰ ਅਜਿੱਤ ਕਹਿ ਕੇ ਕਾਰਜ ਆਰੰਭ ਕਰਵਾਇਆ। ਕਵੀ ਸੰਤੋਖ ਸਿੰਘ ਅਨੁਸਾਰ:

> ਸਬ ਤਰਤੀਬ ਆਪ ਉਪਦੇਸ਼ੀ। ਸਦ ਆਦਿ ਕੀ ਨੀਵ ਵਿਸ਼ੇਸ਼ੀ।
> ਥਾਨ ਅਜੀਤ ਜਾਨਿ ਪਰੁ ਕੀਨਾ। ਬਿਜੈ ਮਹੂਰਤ ਮਹਿਂ ਚਿਤ ਚੀਨਾ।
> ਟਕ ਲਗਾਇ ਗੁਰ ਪ੍ਰਥਮ ਮਨਾਏ। ਦਾਸਨਿ ਤੇ ਪਕਵਾਨ ਅਨਾਏ।[167]

ਪੂਰਬ ਕਾਲ ਵਿਚ ਵਸੇ ਨਗਰਾਂ ਦੀ ਤਰ੍ਹਾਂ ਇਸ ਨਗਰ ਵਿਚ ਵੀ ਗੁਰੂ ਜੀ ਨੇ ਉਸਾਰੀ ਦਾ ਕਾਰਜ ਆਰੰਭ ਕਰਵਾ ਕੇ ਸਿੱਖ ਸੰਗਤਾਂ ਨੂੰ ਨਿਵਾਸ ਕਰਨ ਲਈ ਆਦੇਸ਼ ਦਿੱਤੇ:

> ਕਾਰੀਗਰ ਲਗਾਇ ਗਨ ਦਏ। ਸਦਨ ਉਸਾਰਨਿ ਲਾਗਤਿ ਭਏ।
> ਬਸਨਹਾਰ ਗਨ ਲੋਕ ਬੁਲਾਏ। ਦਾਨ ਮਾਨ ਕਰਿ ਸੇ ਹਰਖਾਏ।[168]

ਗੁਰੂ ਜੀ ਨੇ ਆਪਣੀ ਵਿਉਂਤ ਅਨੁਸਾਰ ਇਮਾਰਤਾਂ ਦੇ ਉਸਾਰੀ ਕਰਵਾਈ। ਸਭ ਤੋਂ ਪਹਿਲਾਂ ਰਹਾਇਸ਼ੀ ਮਕਾਨ, ਗੁਰਦੁਆਰਾ ਸਾਹਿਬ ਅਤੇ ਦੂਰੋ ਆਉਣ ਵਾਲੀ ਸੰਗਤ ਲਈ ਵਿਸ਼ਰਾਮ ਘਰ ਤਿਆਰ ਕਰਵਾਏ। ਕਵੀ ਸੰਤੋਖ ਸਿੰਘ ਅਨੁਸਾਰ:

> ਪੁਨ ਸਤਿਗੁਰ ਨਿਜ ਧਾਮਨਿ ਕੇਰੀ। ਨੀਵੀ ਨੀਵ ਖੁਦਾਇ ਘਨੇਰੀ।
> ਖਰੇ ਹੋਇ ਕਰਿ ਜੁਗਤਿ ਬਤਾਈ। 'ਇਸ ਚਿਨੀਯਹਿ ਨਿਕੇਤ ਸੁਖਦਾਈ'।
> ਸੁਨਿ ਕਾਰੀਗਰ ਲਗੇ ਉਸਾਰਨਿ। ਸੁੰਦਰ ਘਰ ਸਮੇਤ ਬਿਸਤਾਰਨਿ।
> ਇਕ ਧ੍ਰਮਸਾਲਾ ਬਡੀ ਬਨਾਈ। ਜਿਸ ਮਹਿਂ ਸੰਗਤਿ ਉਤਰਹਿ ਆਈ।[169]

ਗੁਰੂ ਜੀ ਦੇ ਚੱਕ ਨਾਨਕੀ ਵਿਖੇ ਨਿਵਾਸ ਕਰਨ ਦੀ ਖ਼ਬਰ ਜਦ ਸਿੱਖ ਸੰਗਤਾਂ ਤੱਕ ਪਹੁੰਚੀ ਤਾਂ ਸੰਗਤਾਂ ਹੁੰਮ-ਹੁੰਮਾ ਕੇ ਇਸ ਨਵੇਂ ਨਗਰ ਵਿਚ ਆਉਣ ਲੱਗੀਆਂ। ਗੁਰੂ ਜੀ ਨੇ ਮੁਖੀ ਸਿੱਖਾਂ, ਕਾਰੀਗਰਾਂ ਅਤੇ

ਵਪਾਰੀਆਂ ਨੂੰ ਨਗਰ ਵਿਚ ਨਿਵਾਸ ਕਰਨ ਲਈ ਮੁਫ਼ਤ ਜਮੀਨ ਅਤੇ ਮਾਇਕ ਸਹਾਇਤਾ ਪ੍ਰਦਾਨ ਕੀਤੀ।[170] ਨਗਰ ਦੀ ਸਥਾਪਨਾ ਕਰਨ ਤੋਂ ਬਾਅਦ ਗੁਰੂ ਜੀ ਨੇ ਸਭ ਤੋਂ ਪਹਿਲਾਂ ਮੁਖੀ ਸਿੱਖਾਂ ਨੂੰ ਨਿਵਾਸ ਕਰਵਾਇਆ। ਗੁਰੂ ਜੀ ਨੇ ਨਗਰ ਦੀ ਉਸਾਰੀ ਲਈ ਸਭ ਤੋਂ ਪਹਿਲਾ ਕਾਰੀਗਰਾਂ ਨੂੰ ਬੁਲਾ ਕੇ ਘਰ ਤਿਆਰ ਕਰਵਾਏ ਅਤੇ ਫਿਰ ਵਪਾਰੀਆਂ ਨੂੰ ਸੱਦੇ ਭੇਜੇ। ਨਗਰ ਪਹਾੜੀ ਇਲਾਕੇ ਲਾਗੇ ਹੋਣ ਕਰਕੇ ਘਰਾਂ ਦੀ ਉਸਾਰੀ ਲਈ ਅਤੇ ਰਸੋਈ ਲਈ ਲੱਕੜੀ ਦਾ ਪ੍ਰਬੰਧ ਸੌਖਾ ਹੀ ਹੋ ਗਿਆ। ਇਸ ਤੋਂ ਇਲਾਵਾ ਰੋਜ਼ ਮੱਰਾ ਦੀ ਵਰਤੋਂ ਵਿਚ ਆਉਣ ਵਾਲੀਆਂ ਵਸਤਾਂ ਅਸਾਨੀ ਨਾਲ ਪ੍ਰਾਪਤ ਕਰਵਾਉਣ ਲਈ ਵਪਾਰੀਆਂ ਨੂੰ ਪਹਿਲ ਦੇ ਅਧਾਰ ਤੇ ਵਸਾਇਆ ਗਿਆ। ਇਹ ਨਗਰ ਮਨੁੱਖੀ ਜੀਵਨ ਦੀਆਂ ਪ੍ਰਮੁੱਖ ਲੋੜਾਂ ਜਿਵੇਂ ਕਿ ਪਾਣੀ, ਲੱਕੜੀ, ਚਰਗਾਹਾਂ, ਉਪਜਾਊ ਭੂਮੀ ਆਦਿ ਸਭ ਸਹੂਲਤਾਂ ਪੱਖੋਂ ਮੁਕੰਮਲ ਸੀ। ਚੱਕ ਨਾਨਕੀ ਦੀ ਜ਼ਮੀਨ ਜ਼ਰਖੇਜ ਹੋਣ ਕਰਕੇ ਕਿਸਾਨੀ ਲਈ ਵੀ ਵਧੇਰੇ ਲਾਹੇਵੰਦ ਸਿੱਧ ਹੋਈ। ਦੁਕਾਨਾਂ ਤਿਆਰ ਕਰਵਾਈਆ ਗਈਆਂ, ਜਿਸ ਨਾਲ ਨਗਰ ਨੂੰ ਇਕ ਬਜ਼ਾਰ ਵੀ ਮਿਲਿਆ। ਪ੍ਰਿੰ. ਸਤਿਬੀਰ ਸਿੰਘ ਆਪਣੀ ਪੁਸਤਕ *ਇਤਿ ਜਿਨਿ ਕਰੀ* ਵਿਚ ਇਸ ਨਗਰ ਸੰਬੰਧੀ ਲਿਖਦੇ ਹਨ ਕਿ, ਗੁਰੂ ਜੀ ਨੇ ਇਸ ਨਗਰ ਵਿਚ ਚਿੱਤਰਕਾਰ ਵੀ ਬੁਲਵਾਏ ਤਾਂਕਿ ਦਿਲ ਖਿੱਚਵੇਂ ਘਰ, ਬਜ਼ਾਰ ਤੇ ਇਮਾਰਤਾਂ ਤਿਆਰ ਹੋਣ। ਚਾਰ ਚੌਂਕ, ਪੱਕੀਆਂ ਸੜਕਾਂ ਅਤੇ ਪੱਕੀਆਂ ਹੀ ਗਲੀਆਂ ਬਣਵਾਈਆਂ। ਸੱਚਮੁੱਚ ਇਕ ਅਨੂਪਮ ਸ਼ਹਿਰ ਤਿਆਰ ਹੋ ਰਿਹਾ ਸੀ, ਜਿਸ 'ਖਾਲਸੇ ਦੀ ਵਾਸੀ' ਬਣਨਾ ਸੀ।[171]

ਗੁਰੂ ਜੀ ਨੇ ਇਸ ਨਵੇਂ ਨਗਰ ਵਿਚ ਚੋਮਾਸਾ ਗੁਜਾਰ ਕੇ ਪਰਿਵਾਰ ਅਤੇ ਕੁੱਝ ਸਿੱਖਾਂ ਸਮੇਤ ਪੂਰਬ ਦੇਸ਼ ਦੀ ਯਾਤਰਾ ਕਰਮ ਦਾ ਮਨ ਬਣਾਇਆ। 25 ਅੱਸੂ, ਸੰਮਤ 1722 (1665 ਈ.) ਨੂੰ ਯਾਤਰਾ 'ਤੇ ਜਾਣ ਤੋਂ ਪਹਿਲਾਂ ਨਗਰ ਦੇ ਕਾਰ ਵਿਹਾਰ ਦੀ ਜੁੰਮੇਵਾਰੀ ਭਾਗੂ ਚੂਹਣੀਆਂ ਦੇ ਅਰੋੜੇ, ਰਾਮੇ ਸੰਧੂ, ਸਾਧੂ ਮੁਲਤਾਨੀ, ਬਹਿਲੋ ਕੇ ਆਦਿਕ ਪ੍ਰਮੁੱਖ ਸਿੱਖਾਂ ਨੂੰ ਸੌਂਪੀ। ਇਹ ਵੀ ਹੁਕਮ ਦਿਤਾ ਕਿ ਅਸੀਂ ਤਿੰਨ ਸਾਲਾਂ ਬਾਅਦ ਵਾਪਸ ਆਵਾਂਗੇ ਅਤੇ ਸਾਡੇ ਆਉਂਣ ਤੱਕ ਲੰਗਰ ਅਤੇ ਖੂਹ ਦੀ ਜਗ੍ਹਾ ਤਿਆਰ ਕਰਵਾ ਦੇਣੀ।[172] ਨਗਰ ਦੇ ਵਿਕਾਸ ਨੂੰ ਨਿਰੰਤਰ ਜਾਰੀ ਰੱਖਣ ਲਈ ਗੁਰੂ ਜੀ ਨੇ ਜੁੰਮੇਵਾਰੀ ਭਰੋਸੇਮੰਦ ਸਿੱਖਾਂ ਨੂੰ ਸੌਂਪ ਕੇ ਯਾਤਰਾ ਲਈ ਰਵਾਨਾ ਹੋਏ ਸਨ। ਇਹ ਯਾਤਰਾ ਸਿੱਖ ਧਰਮ ਦੇ ਪ੍ਰਚਾਰ ਅਤੇ ਪਸਾਰ ਦੇ ਮਨਸੂਬੇ ਲਈ ਕੀਤੀ ਗਈ।

*ਗੁਰੂ ਕੀਆਂ ਸਾਖੀਆਂ* ਅਨੁਸਾਰ ਗੁਰੂ ਜੀ ਗੁਰਿਆਈ ਮਿਲਣ ਤੋਂ ਪਹਿਲਾਂ ਸੰਮਤ 1713 (1656 ਈ.) ਨੂੰ ਪਰਿਵਾਰ ਸਮੇਤ ਪੂਰਬ ਦੇਸ਼ ਦੀ ਯਾਤਰਾ ਲਈ ਰਵਾਨਾ ਹੋਏ। ਇਸ ਯਾਤਰਾ ਦੌਰਾਨ ਤੇਗ ਬਹਾਦਰ

(ਗੁਰੂ) ਜੀ ਬਕਾਲੇ ਤੋਂ ਚੱਲ ਕੇ ਹਰਿਦੁਆਰ, ਮਥੁਰਾ, ਆਗਰਾ, ਬਨਾਰਸ ਹੁੰਦੇ ਹੋਏ ਪਟਨੇ ਪੁੱਜੇ। ਇਸ ਸਰੋਤ ਅਨੁਸਾਰ ਦੂਜੀ ਵਾਰ ਗੁਰੂ ਜੀ ਨੇ ਕੀਰਤਪੁਰ ਸਾਹਿਬ ਤੋਂ ਥੋੜ੍ਹੀ ਦੂਰ ਮਾਖੋਵਾਲ ਦੀ ਥੇਹ ਤੇ ਸੰਮਤ 1722 (1665 ਈ.) ਨੂੰ ਚੱਕ ਨਾਨਕੀ ਦੀ ਸਥਾਪਨਾ ਕਰਨ ਤੋਂ ਬਾਅਦ ਗਏ।[173]

- **ਚੱਕ ਨਾਨਕੀ ਵਾਪਸੀ**

ਗੁਰੂ ਜੀ ਨੇ ਤਿੰਨ ਮਹੀਨੇ ਪਟਨੇ ਵਿਖੇ ਸੰਗਤਾਂ ਨੂੰ ਨਾਮ ਦਾਨ ਦੇ ਗੱਫੇ ਵੰਡੇ ਅਤੇ ਇਕ ਅਕਾਲ ਪੁਰਖ ਦੇ ਲੜ ਲਾਇਆ। ਫੇਰ ਪਰਿਵਾਰ ਨੂੰ ਪਟਨੇ ਵਿਖੇ ਹੀ ਨਿਵਾਸ ਕਰਨ ਦਾ ਹੁਕਮ ਦੇ ਕੇ ਆਪ ਕੁਝ ਸਿੱਖਾਂ ਸਮੇਤ ਕਾਂਸੀ, ਲਖਨਊ, ਮੁਰਾਦਾਬਾਦ, ਹਰਿਦਵਾਰ ਆਦਿਕ ਸਥਾਨਾਂ 'ਤੇ ਸੰਗਤਾਂ ਨੂੰ ਤਾਰਦੇ ਹੋਏ 22 ਵੈਸਾਖ, ਸੰਮਤ 1725 (1668 ਈ.) ਤਿੰਨ ਸਾਲਾਂ ਬਾਅਦ ਚੱਕ ਨਾਨਕੀ ਵਾਪਸ ਆਏ।[174]

ਗੁਰੂ ਜੀ ਦੇ ਵਾਪਸ ਆਉਣ ਦੀ ਖ਼ਬਰ ਜਦ ਸਿੱਖਾਂ ਪਾਸ ਪੁੱਜੀ ਤਾਂ ਵੱਖ-ਵੱਖ ਇਲਾਕਿਆਂ ਦੇ ਮਸੰਦ ਅਤੇ ਸੰਗਤਾਂ ਵਧ ਚੜ੍ਹ ਕੇ ਚੱਕ ਨਾਨਕੀ ਵਿਖੇ ਆਉਣ ਲੱਗੀਆਂ। ਦਿਨ ਪਰ ਦਿਨ ਸੰਗਤਾਂ ਦੇ ਆਉਂਣ ਨਾਲ ਨਗਰ ਵਿਚ ਭਾਰੀ ਰੌਣਕ ਹੋਣ ਲੱਗੀ। ਰੋਜ਼ਾਨਾ ਦੀਵਾਨ ਸਜਦਾ, ਕੀਰਤਨ ਦਰਬਾਰ ਲਗਦਾ ਅਤੇ ਗੁਰੂ ਜੀ ਦੇ ਦਰਸ਼ਨ ਕਰ ਕੇ ਸੰਗਤਾਂ ਨਿਹਾਲ ਹੁੰਦੀਆਂ। ਕੁਝ ਸਮਾਂ ਬੀਤ ਜਾਣ ਬਾਅਦ ਗੁਰੂ ਜੀ ਨੇ ਪਰਿਵਾਰ ਨੂੰ ਚੱਕ ਨਾਨਕੀ ਵਿਖੇ ਆਉਣ ਲਈ ਸੱਦਾ ਭੇਜਿਆ। ਬਾਲ ਗੋਬਿੰਦ ਰਾਏ ਜੀ ਪਰਿਵਾਰ ਸਮੇਤ ਪਟਨੇ ਤੋਂ ਚੱਲ ਕੇ ਕਾਂਸੀ, ਅਯੋਦਿਆ, ਹਰਿਦਵਾਰ ਦੇ ਰਾਸਤੇ ਲਖਨੌਰ ਪੁੱਜੇ। ਕਈ ਮਹੀਨੇ ਜੇਠੇ ਮਸੰਦ ਦੇ ਘਰ ਨਿਵਾਸ ਕਰਕੇ ਜਥਾ ਕੀਰਤਪੁਰ ਸਾਹਿਬ ਹੁੰਦਾ ਹੋਇਆ 21 ਮਾਘ, ਸੰਮਤ 1729 (1672 ਈ.) ਨੂੰ ਚੱਕ ਨਾਨਕੀ ਪਹੁੰਚਿਆਂ।[175]

ਬਾਲ ਗੋਬਿੰਦ ਰਾਏ ਅਤੇ ਪਰਿਵਾਰ ਦੇ ਦਰਸ਼ਨਾਂ ਲਈ ਬਹੁਤ ਜਿਆਦਾ ਸੰਗਤਾਂ ਚੱਕ ਨਾਨਕੀ ਵਿਖੇ ਪੁੱਜੀਆਂ। ਇਸ ਗੱਲ ਦੀ ਗਵਾਹੀ ਭਰਦੇ ਹੋਏ ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ਸਭ ਤੋਂ ਪਹਿਲਾਂ ਭਾਈ ਭਗਤੂ ਕੇ, ਰੂਪੇ ਕੇ, ਬਹਿਲੋ ਕੇ, ਡਰੋਲੀ, ਘੁੜਾਣੀ, ਲਤਾਲੇ ਆਦਿ ਮਾਲਵੇ ਦੇਸ਼ ਦੇ ਮਸੰਦ ਪਰਿਵਾਰਾਂ ਸਮੇਤ ਪਹੁੰਚੇ। ਗੁਰ ਚਰਨਾਂ ਵਿਚ ਕਾਰ ਭੇਟਾਂ ਅਰਪਣ ਕਰਕੇ ਬਾਲ ਗੋਬਿੰਦ ਰਾਏ ਜੀ ਦੇ ਦੀਦਾਰੇ ਕੀਤੇ। ਗੁਰੂ ਜੀ ਨੇ ਮਾਲਵਾ ਦੇਸ਼ ਦੀ ਸੰਗਤ ਦਾ ਉਤਸ਼ਾਹ ਅਤੇ ਸ਼ਰਧਾ ਭਾਵਨਾ ਦੇਖਦੇ ਹੋਏ ਬਚਨ ਕੀਤਾ 'ਜੰਗਲ- ਗੁਰੂ ਕਾ ਮੰਗਲ'। ਇਸ ਤੋਂ ਇਲਾਵਾ ਪੋਠੋਹਾਰ, ਮੁਲਤਾਨ, ਪਸ਼ੋਰ, ਬੁਲਾਕੀ, ਆਦਿ ਇਲਾਕਿਆਂ ਦੇ ਮਸੰਦ ਵੀ ਸੰਗਤਾਂ

ਸਮੇਤ ਪੁੱਜੇ। ਇਕੋ ਸਮੇਂ ਚੱਕ ਨਾਨਕੀ ਵਿਖੇ ਸੰਗਤਾਂ ਦਾ ਹੜ੍ਹ ਆ ਗਿਆ। ਜਿਨਸਾਂ ਅਤੇ ਕੀਮਤੀ ਪਦਾਰਥਾਂ ਦੇ ਢੇਰ ਲੱਗ ਗਏ। ਬਾਲ ਗੋਬਿੰਦ ਰਾਏ ਜੀ ਦੀ ਰੁਚੀ ਸ਼ਸ਼ਤਰ ਵਿਦਿਆ ਵੱਲ ਵੱਧ ਹੋਣ ਕਾਰਨ ਸੰਗਤਾਂ ਸ਼ਸ਼ਤਰ, ਘੋੜੇ ਆਦਿ ਵੀ ਲੈ ਕੇ ਆਉਂਣ ਲੱਗੀਆਂ। ਸਿੱਖ ਸੰਗਤ, ਕਾਰੀਗਰਾਂ ਅਤੇ ਸ਼ਾਹੂਕਾਰਾਂ ਦੇ ਚੱਕ ਨਾਨਕੀ ਵਿਖੇ ਵਸੇਵੇ ਕਾਰਨ ਨਗਰ ਵਿਚ ਬਹੁਤ ਰੌਣਕ ਹੋ ਗਈ ਸੀ।[176]

ਇਸ ਸਥਿਤੀ ਨੂੰ ਦੇਖ ਕੇ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਗੁਰੂ ਜੀ ਦੁਆਰਾ ਸਥਾਪਿਤ ਇਹ ਨਗਰੀ ਥੋੜ੍ਹੇ ਸਮੇਂ ਵਿਚ ਹੀ ਬਹੁਤ ਵਿਕਸਤ ਹੋ ਚੁੱਕੀ ਸੀ। ਇਤਿਹਾਸਕਾਰ ਲਿਖਦੇ ਹਨ ਕਿ ਥੋੜੇ ਸਮੇਂ ਵਿਚ ਹੀ ਗੁਰੂ ਘਰ ਦੇ ਖਜ਼ਾਨੇ ਭਰਪੂਰ ਹੋ ਗਏ ਸਨ। ਇਸ ਗੱਲ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਹ ਨਗਰ ਥੋੜ੍ਹੇ ਸਮੇਂ ਵਿਚ ਹੀ ਆਰਥਿਕ ਪੱਖੋਂ ਬਹੁਤ ਮਜ਼ਬੂਤ ਬਣ ਗਿਆ ਹੋਵੇਗਾ।

1673 ਈ. ਨੂੰ ਲਾਹੌਰ ਦੀ ਸੰਗਤ ਨਾਲ ਹਰਿਜਸ ਨਾਮੀ ਇਕ ਸਿੱਖ ਆਪਣੇ ਪਰਿਵਾਰ ਸਮੇਤ ਚੱਕ ਨਾਨਕੀ ਵਿਖੇ ਆਇਆ ਸੀ। ਦਰਸ਼ਨ ਕਰਨ ਉਪਰੰਤ ਉਸਨੇ ਗੁਰੂ ਜੀ ਅੱਗੇ ਆਪਣੀ ਪੁੱਤਰੀ ਜੀਤੋ ਦਾ ਅਨੰਦ ਕਾਰਜ ਗੋਬਿੰਦ ਰਾਏ ਜੀ ਦਾ ਨਾਲ ਰਚਾਉਂਣ ਦੀ ਇੱਛਾ ਪ੍ਰਗਟ ਕੀਤੀ। ਗੁਰੂ ਜੀ ਨੇ ਪਰਿਵਾਰ ਨਾਲ ਵਿਚਾਰ ਕਰਕੇ ਸਿੱਖ ਦੀ ਬੇਨਤੀ ਨੂੰ ਪ੍ਰਵਾਨ ਕਰ ਲਿਆ। ਜਦ ਹਰਿਜਸ ਦੁਆਰਾ ਲਾਹੌਰ ਵਿਖੇ ਜੰਞ ਲੈ ਕੇ ਆਉਂਣ ਲਈ ਬੇਨਤੀ ਕੀਤੀ ਤਾਂ ਗੁਰੂ ਜੀ ਨੇ ਉਸਨੂੰ ਕਿਹਾ ਕਿ ਚੱਕ ਨਾਨਕੀ ਦੇ ਲਾਗੇ ਹੀ ਲਾਹੌਰ ਬਣਾ ਦਿਆਂਗੇ। ਥੋੜ੍ਹੇ ਸਮੇਂ ਵਿਚ ਹੀ ਚੱਕ ਨਾਨਕੀ ਤੋਂ ਤਕਰੀਬਨ 14 ਕਿਲੋਮੀਟਰ ਦੀ ਦੂਰੀ 'ਤੇ 'ਗੁਰੂ ਕਾ ਲਾਹੌਰ' ਅਸਥਾਨ ਤਿਆਰ ਕਰਵਾਇਆ।

ਤਿਨ ਯੌ ਕਹੀ ਲਹੌਰ ਵਿਵਾਹੋ। ਜਹ ਤਹ ਸੇਵਕ ਪੈਜ ਬਢਾਵੋ।
ਸ੍ਰੀ ਮੁਖ ਕਹੀ ਤੋਰ ਜਸ ਕੈਹੈ। ਈਹਾ ਔ ਲਹੌਰ ਕਰਿ ਲੈਹੈ।[177]

ਗੁਰੂ ਜੀ ਨੇ ਇਸ ਖੁਸ਼ੀ ਭਰੇ ਕਾਰਜ ਵਿਚ ਸ਼ਾਮਿਲ ਹੋਣ ਲਈ ਦੇਸ਼ ਵਿਦੇਸ਼ਾਂ ਦੇ ਮਸੰਦਾਂ ਨੂੰ ਅਤੇ ਬੇਦੀ, ਤੇਹਣ, ਭੱਲੇ ਅਤੇ ਸੋਢੀ ਚਾਰੇ ਗੁਰੂ ਪਰਿਵਾਰਾਂ ਨੂੰ ਹੁਕਮਨਾਮੇ ਲਿਖ ਭੇਜੇ । 15 ਜੇਠ, ਸੰਮਤ 1730 (1673 ਈ.) ਨੂੰ ਬਾਲ ਗੋਬਿੰਦ ਰਾਏ ਜੀ ਦਾ ਅਨੰਦ ਕਾਰਜ ਜੀਤੋ ਜੀ ਨਾਲ 'ਗੁਰੂ ਕਾ ਲਾਹੌਰ' ਵਿਖੇ ਹੋਇਆ।[178]

1675 ਈ. ਨੂੰ ਕਸ਼ਮੀਰੀ ਪੰਡਤ ਔਰੰਗਜ਼ੇਬ ਦੇ ਜ਼ੁਲਮ ਦੇ ਸਤਾਏ ਹੋਏ ਗੁਰੂ ਜੀ ਦੀ ਸ਼ਰਨ ਆਏ। ਬਾਲ ਗੋਬਿੰਦ ਰਾਏ ਜੀ ਦੇ ਕਹੇ ਬਚਨਾਂ ਕਾਰਨ ਗੁਰੂ ਤੇਗ ਬਹਾਦਰ ਜੀ ਹਿੰਦੂ ਧਰਮ ਦੀ ਰੱਖਿਆ ਲਈ ਚੋਣਵੇਂ ਸਿੱਖਾਂ ਸਮੇਤ 11 ਹਾੜ੍ਹ, ਸੰਮਤ 1732 (1675 ਈ.) ਨੂੰ ਚੱਕ ਨਾਨਕੀ ਨੂੰ ਛੱਡ ਕੇ ਦਿੱਲੀ ਲਈ ਰਵਾਨਾ ਹੋਏ। ਅੰਤ 11 ਨਵੰਬਰ 1675 ਈ. ਨੂੰ ਦਿੱਲੀ ਵਿਖੇ ਸਾਥੀ ਸਿੱਖਾਂ ਸਮੇਤ ਸ਼ਹੀਦੀ ਪਾ ਗਏ।[179]

- **ਚੱਕ ਨਾਨਕੀ ਤੋਂ ਅਨੰਦਪੁਰ ਨਾਮ ਹੋਣਾ**

ਜਿਸ ਤਰ੍ਹਾਂ ਸਮੇਂ ਦੀ ਗਰਦਸ਼ ਨਾਲ 'ਚੱਕ ਰਾਮਦਾਸਪੁਰ' ਨਗਰ ਦਾ ਨਾਮ 'ਅੰਮ੍ਰਿਤਸਰ' ਵਿਚ ਤਬਦੀਲ ਹੋ ਗਿਆ ਸੀ। ਉਸੇ ਤਰ੍ਹਾਂ ਹੀ ਇਸ ਨਗਰ ਦੇ ਨਾਮ ਬਦਲਾਅ ਸਬੰਧੀ ਵੀ ਕੁਝ ਤੱਥ ਪ੍ਰਾਪਤ ਹੋਏ ਹਨ। ਇਸ ਸਬੰਧੀ ਕਵੀ ਸੰਤੋਖ ਸਿੰਘ ਲਿਖਦੇ ਹਨ ਕਿ, ਇਸ ਨਗਰ ਦੇ ਕੁਦਰਤੀ ਵਾਤਾਵਰਨ, ਆਸ-ਪਾਸ ਦੀ ਸੁੰਦਰਤਾ, ਇਕ ਪਾਸੇ ਪਹਾੜਾਂ ਦੀ ਲੜੀ ਨੂੰ ਦੇਖਦੇ ਹੋਏ ਗੁਰੂ ਜੀ ਨੇ ਇਸ ਨਗਰ ਦਾ ਨਾਮ 'ਚੱਕ ਨਾਨਕੀ' ਤੋਂ ਬਦਲ ਕੇ 'ਅਨੰਦਪੁਰ' ਰੱਖ ਦਿੱਤਾ ਸੀ। *ਗੁਰ ਪ੍ਰਤਾਪ ਸੂਰਜ ਗ੍ਰੰਥ* ਅਨੁਸਾਰ:

ਦੋਹਰਾ

ਸਤਿਗੁਰ ਰਿਦੈ ਬਿਚਾਰਿ ਕਰਿ ਪਿਖਿ ਪੁਰਿ ਕੀ ਦਿਸ਼ਿ ਦੌਨ।

ਹੁਤੇ ਮਸੰਦਨਿ ਸਹਿਤ ਥਿਤ, ਚਢਿ ਕਰਿ ਊਚੇ ਭੌਨ।

ਚੌਪਈ

ਇਕ ਦਿਸ਼ਿ ਧਾਰ ਫੈਲ ਜੁਤਿ ਸੈਲ। ਹਰਿਤ ਤਰੋਵਰੁ ਸੁੰਦਰ ਸੈਲ।

ਦਿਖੀਅਤਿ ਗਿਰਵਰ ਤੁੰਗ ਨਜੀਕਾ। ਜਹਾਂ ਬਾਸ ਸ੍ਰੀ ਦੇਵੀ ਜੀ ਕਾ।

ਦੁਤਿਯ ਦਿਸ਼ਾ ਦ੍ਰਿਗ ਫੇਰਤਿ ਹੇਰਾ। ਸਤੁੱਦ੍ਰਵ ਕੇਰ ਪ੍ਰਵਾਹ ਬਡੇਰਾ।

ਹੋਤਿ ਅਨੰਦ ਪਿਖੇ ਅਭਿਰਾਮੂ। ਯਾਂਤੇ ਧਰਿ ਅਨੰਦਪੁਰਿ ਨਾਮੂ।[180]

*ਮਹਿਮਾ ਪ੍ਰਕਾਸ਼* ਅਨੁਸਾਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਪਟਨੇ ਤੋਂ ਚੱਲ ਕੇ ਮਾਖੋਵਾਲ ਪਹੁੰਚੇ ਸਨ ਤਾਂ ਗੁਰੂ ਤੇਗ ਬਹਾਦਰ ਜੀ ਦੇ ਦੇਹੁਰੇ ਜਾ ਮੱਥਾ ਟੇਕਿਆ ਅਤੇ ਪੰਜ ਪੌੜੀਆਂ ਅਨੰਦ ਸਾਹਿਬ ਦੀਆਂ ਪੜ੍ਹ ਕੇ ਇਸ ਨਗਰ ਦਾ ਨਾਮ 'ਅਨੰਦਪੁਰ' ਰੱਖ ਦਿੱਤਾ:

ਤਹਾ ਡੇਰਾ ਸਤਿਗੁਰ ਜੀ ਕਰਾ। ਪੌੜੀ ਪਾਂਚ ਅਨੰਦ ਕੀ ਪੜ੍ਹਾ।

ਆਨੰਦਪੁਰ ਨਾਵ ਤਹਾ ਕਾ ਰਾਖਾ। ਸ੍ਰੀ ਮੁਖ ਸਿਉ ਸਤਗੁਰ ਜੀ ਭਾਪਾ।[181]

*ਬਚਿਤ੍ਰ ਨਾਟਕ* ਵਿਚ ਲਿਖਿਆ ਮਿਲਦਾ ਹੈ ਕਿ ਜਦ ਗੁਰੂ ਗੋਬਿੰਦ ਸਿੰਘ ਜੀ ਭੰਗਾਣੀ ਦੀ ਜੰਗ ਵਿਚ ਜਿੱਤ ਪ੍ਰਾਪਤ ਕਰਕੇ ਪਾਉਂਟਾ ਸਾਹਿਬ ਤੋਂ ਵਾਪਸ ਚੱਕ ਨਾਨਕੀ ਆਏ ਸਨ ਤਾਂ ਉਸ ਸਮੇਂ ਇਸ ਨਗਰ ਦਾ ਨਾਮ 'ਅਨੰਦਪੁਰ' ਰੱਖਿਆ:

ਜੁੱਧ ਜੀਤ ਆਏ ਜਬੈ ਟਿਕੈ ਨ ਤਿਨ ਪੁਰ ਪਾਂਵ।

ਕਾਹਲੂਰ ਮੈ ਬਾਂਧਿਯੋ ਆਨ ਅਨੰਦਪੁਰ ਗਾਂਵ।[182]

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਇਸ ਨਗਰੀ ਨੂੰ 'ਅਨੰਦਪੁਰ' ਦੇ ਨਾਂ ਨਾਲ ਜਾਣਿਆ ਜਾਣ ਲੱਗਾ ਸੀ।

- **ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਅਨੰਦਪੁਰ**

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਸਿੱਖ ਪੰਥ ਦੀ ਕਮਾਂਡ ਗੁਰੂ ਗੋਬਿੰਦ ਸਿੰਘ ਜੀ ਦੇ ਹੱਥਾਂ ਵਿਚ ਆ ਗਈ ਸੀ। ਗੁਰੂ ਜੀ ਸ਼ੁਰੂ ਤੋਂ ਹੀ ਸਸ਼ਤਰ ਅਤੇ ਸ਼ਾਸ਼ਤਰ ਵਿਦਿਆ ਦੇ ਧਨੀ ਸਨ। ਅਨੰਦਪੁਰ ਸਾਹਿਬ ਵਿਖੇ ਨਕਲੀ ਸੈਨਿਕ ਟੁਕੜੀਆਂ ਬਣਾ ਕੇ ਯੁੱਧ ਅਭਿਆਸ ਕਰਦੇ, ਕਵੀ ਦਰਬਾਰ ਸਜਾਉਂਦੇ। ਗੁਰੂ ਜੀ ਨੇ ਸਾਹਿਤ-ਰਚਨਾ ਦੇ ਨਾਲ-ਨਾਲ ਪੁਰਾਤਨ ਲਿਖਤਾਂ ਦੇ ਵੱਖ-ਵੱਖ ਭਾਸ਼ਾਵਾਂ ਵਿਚ ਉਲੱਥੇ ਕਰਵਾਉਣ ਲਈ 52 ਕਵੀ ਵੀ ਰੱਖੇ ਹੋਏ ਸਨ। ਜਿਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਹਰਿਗੋਬਿੰਦ ਜੀ ਨੇ ਵੀਰ ਰਸੀ ਰੂਪ ਧਾਰਣ ਕੀਤਾ ਸੀ ਕੁਝ ਅਜਿਹਾ ਮਹੌਲ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਅਨੰਦਪੁਰ ਸਾਹਿਬ ਦਾ ਬਣਿਆ। ਸੰਗਤਾਂ ਪਾਸੋਂ ਮਾਇਆ ਜਾਂ ਹੋਰ ਪਦਾਰਥਾਂ ਦੀ ਥਾਂ ਘੋੜੇ, ਸ਼ਸ਼ਤਰ, ਆਦਿ ਜੰਗੀ ਸਮਾਨ ਦੀ ਮੰਗ ਕੀਤੀ ਗਈ। ਇਸ ਸਮੇਂ ਹੀ ਗੋਰੀਪੁਰ ਦਾ ਰਾਜਾ ਕਈ ਕਿਸਮ ਦੇ ਸਸ਼ਤਰ ਅਤੇ ਘੋੜੇ ਲੈ ਕੇ ਆਇਆ ਸੀ। ਇਸ ਤੋਂ ਇਲਾਵਾ ਭੇਟਾਵਾਂ ਵਿਚ ਚੰਗੀ ਨਸਲ ਦਾ ਦੁਰਲੱਭ ਸਫੈਦ ਹਾਥੀ ਵੀ ਲੈ ਕੇ ਆਇਆ, ਜਿਸ ਨੂੰ ਹਾਸਲ ਕਰਨ ਲਈ ਪਹਾੜੀ ਰਾਜੇ ਭੀਮ ਚੰਦ ਨੇ ਪੂਰਾ ਜ਼ੋਰ ਲਾਇਆ ਸੀ। ਵਧ-ਚੜ੍ਹ ਕੇ ਸੰਗਤਾਂ ਅਨੰਦਪੁਰ ਸਾਹਿਬ ਆਉਣ ਲੱਗੀਆਂ, ਜਿਸ ਨਾਲ ਨਗਰ ਦੀ ਰੌਣਕ ਵਿਚ ਵਾਧਾ ਹੋਣ ਲੱਗਾ। ਲੰਗਰ ਦਾ ਪ੍ਰਬੰਧ ਵੀ ਪੂਰੇ ਵੱਡੇ ਪੱਧਰ ਤੇ ਕੀਤਾ ਜਾਂਦਾ ਸੀ ਕਿਉਂਕਿ ਗੁਰੂ ਜੀ ਦੇ ਦਰਸ਼ਨਾ ਨੂੰ ਸੰਗਤਾਂ ਦੂਰ ਦੂਰ ਤੋਂ ਆਉਂਦੀਆਂ ਸਨ।

ਗੁਰੂ ਗੋਬਿੰਦ ਜੀ ਤੋਂ ਬਾਅਦ ਅਨੰਦਪੁਰ ਸਾਹਿਬ ਦੇ ਹਾਲ ਸੰਬੰਧੀ ਰਤਨ ਸਿੰਘ ਭੰਗੂ ਲਿਖਦੇ ਹਨ ਕਿ ਜਦੋਂ 6 ਪੋਹ ਸੰ.1762 ਨੂੰ ਅਨੰਦਪੁਰ ਛੱਡਣ ਸਮੇਂ ਗੁਰੂ-ਸਥਾਨਾਂ ਦੀ ਸੇਵੀ ਸੰਭਾਲ ਦੀ ਜੁੰਮੇਵਾਰੀ ਗੁਰਬਖਸ਼ ਉਦਾਸੀ ਨੂੰ ਸੌਂਪੀ ਸੀ। ਫਿਰ ਕੁਝ ਸਮੇਂ ਬਾਅਦ ਰਾਜਾ ਅਜ਼ਮੇਰ ਚੰਦ ਬਿਲਾਸਪੁਰੀਏ ਨਾਲ ਮਿਲਵਰਤਨ ਹੋਣ ਤੇ ਅਨੰਦਪੁਰ ਸਾਹਿਬ ਦੇ ਨਾਲ ਲਗਦੀ 60 ਘੁਮਾਉਂ ਜ਼ਮੀਨ ਸੋਢੀ ਗੁਲਾਬ ਰਾਇ ਤੇ ਸ਼ਯਾਮ ਚੰਦ ਨੇ 60,000 ਰੁਪਏ 'ਚ ਖਰੀਦ ਲਈ ਸੀ:

ਟਕੇ ਦੇਨ ਕਰੇ ਸੱਠ ਹਜ਼ਾਰ। ਲਈ ਘੁਮਾਇ ਸੱਠ ਚੱਕ ਲਿਖਵਾਰ[183]

ਸੰ.1826(1769 ਈ.) ਨੂੰ ਜੱਸਾ ਸਿੰਘ ਆਹਲੂਵਾਲੀਆ ਨੇ ਕੋਟ ਮਹਤਾਬ ਫਤਹਿ ਕਰਨ ਉਪਰੰਤ ਇੱਕ ਲੱਖ ਰੁਪਇਆ ਖਰਚ ਕਰਕੇ ਅਨੰਦਪੁਰ ਵਿਖੇ ਤਾਲਾਬ ਤੇ ਬਾਉਲੀ ਬਣਵਾਈ ਅਤੇ ਅਨੰਦਪੁਰ ਸਾਹਿਬ ਦੇ ਸੋਢੀਆਂ ਨੂੰ ਜਾਗੀਰ ਦਿੱਤੀ।[184] ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਨ ਤੋਂ ਪਹਿਲਾਂ ਇਸ ਨਗਰ ਵਿਚਲੇ ਅਸਥਾਨਾਂ ਦਾ ਪ੍ਰਬੰਧ ਸੋਢੀਆਂ ਪਾਸ ਸੀ। ਕਮੇਟੀ ਸਥਾਪਤ ਹੋਣ ਤੋਂ ਲੈ ਕੇ ਮੌਜੂਦਾ ਸਮੇਂ ਤਕ ਅਨੰਦਪੁਰ ਦੇ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ।

ਉਪਰੋਕਤ ਚਰਚਾ ਤੋਂ ਸਪੱਸ਼ਟ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਅਨੰਦਪੁਰ ਸਾਹਿਬ ਦੀ ਸਥਾਪਨਾ ਕਰਕੇ ਸਿੱਖਾਂ ਨੂੰ ਇਕ ਪ੍ਰਚਾਰ ਕੇਂਦਰ ਬਖ਼ਸ਼ਿਆ। ਹਰ ਵਰਗ ਦੇ ਵਿਅਕਤੀਆਂ ਨੂੰ ਇਸ ਨਗਰ ਵਿਚ ਵਾਸਾ ਕਰਵਾਇਆ ਗਿਆ। ਵਪਾਰੀ ਵਸਾ ਕੇ ਨਗਰ ਨੂੰ ਆਰਥਿਕ ਪੱਖ ਤੋਂ ਮਜ਼ਬੂਤੀ ਪ੍ਰਦਾਨ ਕੀਤੀ ਗਈ। ਗੁਰੂ ਗੋਬਿੰਦ ਸਿੰਘ ਜੀ ਨੇ ਅਪਣੇ ਗੁਰਿਆਈ ਕਾਲ ਦੌਰਾਨ ਨਗਰ ਦੀ ਨੁਹਾਰ ਹੀ ਬਦਲ ਕੇ ਰੱਖ ਦਿੱਤੀ, ਨਗਰ ਨੂੰ ਛਾਉਣੀ ਵਿਚ ਤਬਦੀਲ ਕਰ ਦਿੱਤਾ। ਹਥਿਆਰ ਬਣਾਉਣ ਵਾਲੇ ਕਾਰਖਾਨੇ ਖੋਲੇ, ਕਿਲ੍ਹੇ ਉਸਾਰੇ, ਯੁੱਧ ਸਿਖਲਾਈ ਕੈਂਪ ਚਲਾਏ ਆਦਿਕ ਸੈਨਿਕ ਗਤੀਵਿਧੀਆਂ ਸ਼ੁਰੂ ਕਰਵਾਈਆ। ਨਗਰ ਨੂੰ ਸੁਰੱਖਿਆ ਪ੍ਰਦਾਨ ਕਰਦੇ ਹੋਏ ਕਿਲ੍ਹੇ ਤਿਆਰ ਕਰਵਾਏ। ਇਸ ਤਰ੍ਹਾਂ ਗੁਰੂ ਜੀ ਨੇ ਇਸ ਨਗਰ ਨੂੰ ਸਿੱਖੀ ਦਾ ਕੇਂਦਰ ਬਣਾਇਆ।

## ਹਵਾਲੇ ਤੇ ਟਿੱਪਣੀਆਂ

---

[1] ਜੀਤ ਸਿੰਘ ਸੀਤਲ, *ਅੰਮ੍ਰਿਤਸਰ ਸਿਫਤੀ ਦਾ ਘਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰਨਾ 30.

[2] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖ਼ਾਲਸਾ,* ਭਾਗ-ਪਹਿਲਾ, ਭਾਸ਼ਾ ਵਿਭਾਗ, ਪੰਜਾਬ, 2009, ਪੰਨਾ 87.

[3] ਕਵੀ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਭਾਈ ਵੀਰ ਸਿੰਘ, (ਸੰਪਾ.), ਭਾਸ਼ਾ ਵਿਭਾਗ, ਪੰਜਾਬ, 2011, ਜਿਲਦ ਪੰਜਵੀਂ, ਰਾਸਿ 1, ਅੰਸੂ 19, ਪੰਨਾ 1395.

[4] ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼ (ਭਾਗ-ਦੂਜਾ, ਖੰਡ-ਪਹਿਲਾ),* ਉੱਤਮ ਸਿੰਘ ਭਾਟੀਆ (ਸੰਪਾ.), ਭਾਸ਼ਾ ਵਿਭਾਗ, ਪੰਜਾਬ, 1999, ਪੰਨਾ 120.

[5] ਮੈਕਸ ਆਰਥਰ ਮੈਕਾਲਿਫ, *ਸਿੱਖ ਇਤਿਹਾਸ (ਪਹਿਲਾ-ਦੂਜਾ ਭਾਗ)*, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2012, ਪੰਨਾ 211.

[6] *ਤਵਾਰੀਖ ਗੁਰੂ ਖ਼ਾਲਸਾ,* ਭਾਗ-ਪਹਿਲਾ, ਪੰਨਾ 339.

[7] ਸਾਹਿਬ ਸਿੰਘ, *ਗੁਰ-ਇਤਿਹਾਸ ਪਾਤਸ਼ਾਹੀ 2 ਤੋਂ 9*, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰਜਵੀਂ ਵਾਰ 2011, ਪੰਨਾ 26.

[8] *ਗੁਰ ਇਤਿਹਾਸ ਦਸ ਪਾਤਸ਼ਾਹੀਆਂ*, ਪੰਨਾ 80.

[9] ਪ੍ਰਿੰ. ਤੇਜਾ ਸਿੰਘ ਅਤੇ ਡਾ. ਗੰਡਾ ਸਿੰਘ, *ਸਿੱਖ ਇਤਿਹਾਸ (1469-1765),* ਡਾ. ਭਗਤ ਸਿੰਘ (ਅਨੁ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2016, ਪੰਨਾ 20.

[10] ਭਾਈ ਵੀਰ ਸਿੰਘ, *ਸ੍ਰੀ ਅਸ਼ਟ ਗੁਰੂ ਚਮਤਕਾਰ (ਭਾਗ 1 ਤੇ 2),* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2019, ਪੰਨਾ 105.

[11] *ਮਹਿਮਾ ਪ੍ਰਕਾਸ਼ (ਭਾਗ-ਦੂਜਾ, ਖੰਡ-ਪਹਿਲਾ),* ਪੰਨਾ 121.

[12] ਉਕਤ, ਪੰਨੇ 157-59.

[13] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਰਾਸ ਪਹਿਲੀ, ਅੰਸੂ 32, ਪੰਨਾ 1449.

[14] ਭਾਈ ਵੀਰ ਸਿੰਘ, *ਸ੍ਰੀ ਅਸ਼ਟ ਗੁਰੂ ਚਮਤਕਾਰ (ਭਾਗ 1 ਤੇ 2),* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2019, ਪੰਨਾ 105.

[15] *ਸ੍ਰੀ ਗੁਰੂ ਗ੍ਰੰਥ ਸਾਹਿਬ*, ਅੰਗ 1400.

[16] ਭਾਈ ਕਾਨ੍ਹ ਸਿੰਘ ਨਾਭਾ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, 2006 (ਸੱਤਵੀਂ ਵਾਰ),ਪੰਨਾ 860.

[17] *ਸਿੱਖ ਇਤਿਹਾਸ (ਪਹਿਲਾ-ਦੂਜਾ ਭਾਗ)*, ਪੰਨਾ 250.

[18] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਜਿਲਦ ਪੰਜਵੀਂ, ਰਾਸਿ 1, ਅੰਸੂ 51, ਪੰਨਾ 1541.

[19] *ਮਹਿਮਾ ਪ੍ਰਕਾਸ਼ (ਭਾਗ-ਦੂਜਾ, ਖੰਡ ਪਹਿਲਾ),* ਪੰਨੇ 197-98.

[20] ਉਕਤ, ਪੰਨਾ 223.

[21] *ਖ਼ਾਲਸੇ ਦੀ ਉਤਪਤੀ (ਜਿਲਦ ਪਹਿਲੀ)*,ਪੰਨਾ 109.

[22] *ਪੰਥ ਪ੍ਰਕਾਸ਼,* ਪੰਨਾ 605.

[23] ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* ਪਿਆਰਾ ਸਿੰਘ ਪਦਮ, (ਸੰਪਾ.), ਸਿੰਘ ਬ੍ਰਦਰਜ਼, ਅੰਮ੍ਰਿਤਸਰ, ਦੂਜੀ ਵਾਰ 2005, ਪੰਨਾ 64.

[24] *ਤਵਾਰੀਖ ਗੁਰੂ ਖ਼ਾਲਸਾ(ਭਾਗ-ਪਹਿਲਾ),* ਪੰਨਾ 359.

[25] *ਮਹਾਨ ਕੋਸ਼,* ਪੰਨਾ 427.

[26] *ਗੁਰ ਪ੍ਰਣਾਲੀਆਂ,* ਸਿੱਖ ਹਿਸਟਰੀ ਸੋਸਾਇਟੀ, ਅੰਮ੍ਰਿਤਸਰ, ਪੰਨੇ 29.

[27] *ਗੁਰ-ਇਤਿਹਾਸ ਪਾਤਸ਼ਾਹੀ 2 ਤੋਂ 9,* ਪੰਨਾ 77; *ਸਿੱਖ ਇਤਿਹਾਸ(1469-1765),* ਪੰਨਾ 22.

[28] *ਗੁਰ ਇਤਿਹਾਸ ਦਸ ਪਾਤਸ਼ਾਹੀਆਂ*, ਪੰਨੇ 87-88.

[29] *ਮਹਿਮਾ ਪ੍ਰਕਾਸ਼* (ਭਾਗ-ਦੂਜਾ, ਖੰਡ -1), ਪੰਨਾ 223.

[30] ਗੋਕਲ ਚੰਦ ਨਾਰੰਗ, *ਸਿੱਖ ਮਤ ਦਾ ਪਰਿਵਰਤਨ,* ਗੁਰਚਰਨ ਸਿੰਘ (ਅਨੁ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990, ਪੰਨਾ 23,24.

[31] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਜਿਲਦ ਪੰਜਵੀਂ, ਰਾਸਿ 1, ਅੰਸੂ 57, ਪੰਨਾ 1568.

[32] *ਮਹਿਮਾ ਪ੍ਰਕਾਸ਼,* ਪੰਨੇ 219-20.

[33] *ਤਵਾਰੀਖ ਗੁਰੂ ਖ਼ਾਲਸਾ*, ਪੰਨਾ 362.

[34] *ਗੁਰ-ਇਤਿਹਾਸ ਪਾਤਸ਼ਾਹੀ 2 ਤੋਂ 9,* ਪੰਨਾ 91; *ਗੁਰ ਇਤਿਹਾਸ ਦਸ ਪਾਤਸ਼ਾਹੀਆਂ*, ਪੰਨਾ 97.

[35] ਸੋਹਣ ਸਿੰਘ ਸੀਤਲ, *ਸਿੱਖ ਮਿਸਲਾਂ ਤੇ ਸਰਦਾਰ ਘਰਾਣੇ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1993, ਪੰਨਾ 114.

[36] ਸੁਰਿੰਦਰ ਕੋਛੜ, *ਅੰਮ੍ਰਿਤਸਰ ਆਰੰਭ ਤੋਂ ਅੱਜ ਤੱਕ,* ਪ੍ਰੀਮੀਅਰ ਪਬਲੀਕੇਸ਼ਨ, ਅੰਮ੍ਰਿਤਸਰ, ਪੰਨਾ 17.

[37] ਕਰਮ ਸਿੰਘ ਹਿਸਟੋਰੀਅਨ, *ਤਵਾਰੀਖ ਅੰਮ੍ਰਿਤਸਰ,* ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, (ਮਿਤੀਹੀਣ), ਪੰਨਾ 11.

[38] *ਤਵਾਰੀਖ ਗੁਰੂ ਖਾਲਸਾ(ਭਾਗ-ਪਹਿਲਾ),* ਪੰਨਾ 87.

[39] ਕਵੀ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਭਾਈ ਵੀਰ ਸਿੰਘ, (ਸੰਪਾ.), ਭਾਸ਼ਾ ਵਿਭਾਗ, ਪੰਜਾਬ, ਜਿਲਦ ਪੰਜਵੀਂ, ਦੂਜੀ ਵਾਰ 2011, ਰਾਸਿ 2, ਅੰਸੂ 10, ਪੰਨਾ 1682.

[40] *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ,* ਪੰਨੇ 28-29.

[41] ਹਿੰਮਤ ਸਿੰਘ ਸੋਢੀ, *ਗੁਰ ਰਾਮਦਾਸ ਜੀਵਨ ਤੇ ਰਚਨਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰਨੇ 10-11.

[42] *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* ਪੰਨਾ 40.

[43] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਰਾਸਿ 2, ਅੰਸੂ 12, ਪੰਨਾ 1689.

[44] *ਮਹਿਮਾ ਪ੍ਰਕਾਸ਼,* ਭਾਗ-1 (ਖੰਡ- 1), ਪੰਨਾ 295.

[45] *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* ਪੰਨੇ 67, 70.

[46] *ਤਵਾਰੀਖ ਗੁਰੂ ਖ਼ਾਲਸਾ (ਭਾਗ-ਪਹਿਲਾ),* ਪੰਨਾ 367.

[47] *ਮਹਾਨ ਕੋਸ਼,* ਪੰਨਾ 76.

[48] *ਗੁਰ ਪ੍ਰਣਾਲੀਆਂ,* ਸਿੱਖ ਹਿਸਟਰੀ ਸੋਸਾਇਟੀ, ਅੰਮ੍ਰਿਤਸਰ, ਪੰਨੇ 31-32.

[49] *ਅੰਮ੍ਰਿਤਸਰ ਦੀ ਤਵਾਰੀਖ,* ਪੰਨਾ 11.

[50] Barkat Rai Chopra (ed.), *Gazetteer of Amritsar*, Revenue Department, Punjab, 1976, p. 27.

[51] *ਸਿੱਖ ਇਤਿਹਾਸ (1469-1765),* ਪੰਨਾ 25.

[52] ਜੀਤ ਸਿੰਘ ਸੀਤਲ, *ਅੰਮ੍ਰਿਤਸਰ ਸਿਫ਼ਤੀ ਦਾ ਘਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 36.

[53] Fauja singh (ed.), *The City of Amritsar- An Introduction,* Punjabi University, Patiala, 2000, p. 14.

[54] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਜਿਲਦ ਪੰਜਵੀਂ, ਰਾਸਿ 2, ਅੰਸੂ 12, ਪੰਨਾ 1688-89.

[55] *ਸਿੱਖ ਇਤਿਹਾਸ (1469-1765),* ਪੰਨਾ 25.

[56] Khajan singh, *The Philosophy of the Sikh Religion,* Bhasa Vibhag, Punjab, 1970, p. 37.

[57] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਜਿਲਦ ਪੰਜਵੀਂ, ਰਾਸਿ 2, ਅੰਸੂ 12, ਪੰਨਾ 1689.

[58] *ਮਹਾਨ ਕੋਸ਼,* ਪੰਨਾ 77.

[59] *ਸਿੱਖ ਇਤਿਹਾਸ (1469-1765),* ਪੰਨਾ 25.

[60] *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ 1362.

[61] ਕਵੀ ਕੰਕਣ, *ਦਸ ਗੁਰ ਕਥਾ,* ਡਾ. ਕਿਰਪਾਲ ਸਿੰਘ (ਸੰਪਾ.), ਖਾਲਸਾ ਸਮਾਚਾਰ, ਅੰਮ੍ਰਿਤਸਰ, 1967, ਪੰਨਾ 19.

[62] *ਮਹਿਮਾ ਪ੍ਰਕਾਸ਼ (ਭਾਗ-ਦੂਜਾ (ਖੰਡ- 1),* ਪੰਨਾ 320.

[63] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਜਿਲਦ ਛੇਵੀਂ, ਰਾਸਿ 2, ਅੰਸੂ 53, ਪੰਨਾ 1856.

[64] ਉਕਤ, ਪੰਨਾ 1855.

[65] *ਤਵਾਰੀਖ ਗੁਰੂ ਖ਼ਾਲਸਾ (ਭਾਗ-ਪਹਿਲਾ),* ਪੰਨਾ 399.

[66] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਰਾਸ ਦੂਜੀ, ਅੰਸੂ 53, 1857.

[67] *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ 783.

[68] *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* ਪੰਨਾ 71.

[69] *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 76.

[70] Surjit Singh Gandhi, *History of Sikh Gurus Retold (1469-1606 C.E.),* Atlantic Publishers & Ditributors, New Delhi, 2007, p.349.

[71] *ਸਿੱਖ ਇਤਿਹਾਸ (1469-1765),* ਪੰਨਾ 28.

[72] *ਗੁਰ-ਇਤਿਹਾਸ ਪਾਤਸ਼ਾਹੀ 2 ਤੋਂ 9,* ਪੰਨਾ 149; *ਗੁਰ-ਇਤਿਹਾਸ ਦਸ ਪਾਤਸ਼ਾਹੀਆਂ,* ਪੰਨਾ 113.

[73] *ਮਹਿਮਾ ਪ੍ਰਕਾਸ਼,* ਪੰਨਾ 441.

[74] ਗਿਆਨੀ ਭਜਨ ਸਿੰਘ, *ਸ੍ਰੀ ਹਰਿਮੰਦਰ ਸਾਹਿਬ,* ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁੱਕ ਬੋਰਡ, ਚੰਡੀਗੜ੍ਹ, 1999, ਪੰਨਾ 94.

[75] ਸੋਹਣ ਸਿੰਘ ਸੀਤਲ, *ਸਿੱਖ ਮਿਸਲਾਂ ਤੇ ਸਰਦਾਰ ਘਰਾਣੇ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 1993, 15.

[76] ਉਕਤ,ਪੰਨਾ 81,112.

[77] *ਤਵਾਰੀਖ ਗੁਰੂ ਖਾਲਸਾ(ਭਾਗ-ਦੂਜਾ)*, ਪੰਨਾ 730.

[78] ਕਿਰਪਾਲ ਸਿੰਘ, *ਮਹਾਰਾਜਾ ਰਣਜੀਤ ਸਿੰਘ ਜੀਵਨ ਅਤੇ ਘਾਲਣਾ*, ਸਿੱਖ ਇਤਿਹਾਸ ਰਿਸਰਚ ਬੋਰਡ, ਸ੍ਰੀ ਅੰਮ੍ਰਿਤਸਰ, 2016, ਪੰਨਾ 36.

[79] ਸੁਖਦਿਆਲ ਸਿੰਘ, *ਪੰਜਾਬ ਦਾ ਇਤਿਹਾਸ (ਜਿਲਦ ਪੰਜਵੀਂ)*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012, ਪੰਨਾ 101.

[80] *ਮਹਿਮਾ ਪ੍ਰਕਾਸ਼ (ਭਾਗ ਦੂਜਾ, ਖੰਡ-1)*,ਪੰਨੇ 340-41.

[81] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (ਜਿਲਦ ਛੇਵੀਂ)*, ਰਾਸਿ 3, ਅੰਸੂ 67, ਪੰਨਾ. 2215.

[82] *ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, 2006 (ਸੱਤਵੀਂ ਵਾਰ), ਪੰਨਾ 578.

[83] ਅਨਵੰਤ ਕੌਰ (ਸੰਪਾ.), *ਤਰਨ ਤਾਰਨ ਇਕ ਸਰਵੇਖਣ*, ਕੰਵਲ ਪ੍ਰਕਾਸ਼ਨ, ਅੰਮ੍ਰਿਤਸਰ, 1981-82, ਪੰਨਾ 12.

[84] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਰਾਸ ਤੀਜੀ, ਅੰਸੂ 67, ਪੰਨਾ 2216.

[85] ਉਕਤ, ਪੰਨੇ 2217-20.

[86] *ਤਵਾਰੀਖ ਗੁਰੂ ਖਾਲਸਾ*, ਭਾਗ-ਪਹਿਲਾ, ਪੰਨੇ 399-400.

[87] ਗਿਆਨੀ ਗਿਆਨ ਸਿੰਘ, *ਗੁਰਧਾਮ ਸੰਗ੍ਰਹਿ*, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, ਮਿਤੀਹੀਣ, ਪੰਨੇ 57-58.

[88] ਤਾਰਾ ਸਿੰਘ ਨਿਰੋਤਮ, *ਸ੍ਰੀ ਗੁਰੂ ਤੀਰਥ ਸੰਗ੍ਰਹਿ*, ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਕਨਖਲ, 1975, ਪੰਨਾ 47.

[89] Harbans singh, *The Encyclopedia of Sikhism (vol.4)*, Punjabi university, Patiala, 2004, p. 321.

[90] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼ (ਭਾਗ-ਤੀਜਾ)*, ਗਰੇਸ਼ੀਅਸ਼ ਬੁੱਕਸ, ਪਟਿਆਲਾ, 2014, ਪੰਨਾ 1034.

[91] *ਗੁਰ ਪ੍ਰਣਾਲੀਆਂ*, ਪੰਨਾ 35.

[92] *ਸਿੱਖ ਇਤਿਹਾਸ (1469-1765)*, ਪੰਨਾ 28.

[93] *ਗੁਰ-ਇਤਿਹਾਸ ਪਾਤਸ਼ਾਹੀ 2 ਤੋਂ 9*, ਪੰਨਾ 153.

[94] ਕਰਤਾਰ ਸਿੰਘ, *ਸਿੱਖ ਇਤਿਹਾਸ (ਭਾਗ-1)*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2016, ਪੰਨਾ 203.

[95] ਸਤਿਬੀਰ ਸਿੰਘ, *ਸਾਡਾ ਇਤਿਹਾਸ (ਭਾਗ-ਪਹਿਲਾ)*, ਨਿਊ ਬੁੱਕ ਕੰਪਨੀ, ਜਲੰਧਰ, 2016, ਪੰਨਾ 222.

[96] ਹਰਭਜਨ ਕੌਰ (ਸੰਪਾ.), *ਤਰਨਤਾਰਨ ਸਾਹਿਬ (ਭਾਸ਼ਾਈ ਤੇ ਸਭਿਆਚਾਰਕ ਸਰਵੇਖਣ)*, ਸੰਤੋਖ ਸਿੰਘ ਤਪੱਸਵੀ (ਸਰਵੇ.), ਭਾਸ਼ਾ ਵਿਭਾਗ, ਪਟਿਆਲਾ, 2010, ਪੰਨਾ 16.

[97] *ਤਵਾਰੀਖ ਗੁਰੂ ਖਾਲਸਾ*, ਭਾਗ-ਪਹਿਲਾ, ਪੰਨੇ 402-03.

[98] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਜਿਲਦ ਛੇਵੀਂ, ਰਾਸਿ 10, ਅੰਸੂ 2, ਪੰ. 3777.

[99] ਗਿਆਨੀ ਠਾਕੁਰ ਸਿੰਘ, ਸ੍ਰੀ ਗੁਰਦੁਆਰਾ ਦਰਸ਼ਨ, ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2005, ਪੰਨਾ 127.

[100] ਹਰਭਜਨ ਕੌਰ (ਸੰਪਾ.), *ਕਰਤਾਰਪੁਰ (ਭਾਸ਼ਾਈ ਤੇ ਸਭਿਆਚਾਰਕ ਸਰਵੇਖਣ)*, ਅਮਰਜੀਤ ਕੌਰ (ਸਰਵੇ.), ਭਾਸ਼ਾ ਵਿਭਾਗ, ਪੰਜਾਬ, 2008, ਪੰਨਾ 29.

[101] Baldev Raj Sharma (ed.), *Jullundur District Gazetteer*, Revenue Department, Punjab, 1980, p.495.

[102] *Encyclopedia of Sikhism*, vol.2, p. 448.

[103] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਪੰਨਾ 3776.

[104] ਉਕਤ, ਪੰਨਾ 3777.

[105] ਵੀਰ ਸਿੰਘ ਬਲ, *ਗੁਰਕੀਰਤ ਪ੍ਰਕਾਸ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986, ਪੰਨਾ 146.

[106] ਗਿਆਨੀ ਗਿਆਨ ਸਿੰਘ, *ਗੁਰਧਾਮ ਸੰਗ੍ਰਹਿ*, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, 1998, ਪੰਨਾ 66.

[107] *ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 816-817.*

[108] *ਤਵਾਰੀਖ ਗੁਰੂ ਖਾਲਸਾ*, ਪੰਨਾ 404.

[109] ਉਕਤ, ਪੰਨਾ 456.

[110] ਉਕਤ, ਪੰਨੇ 489-90.

[111] *ਗੁਰਬਿਲਾਸ ਪਾਤਸ਼ਾਹੀ-6*, ਪੰਨਾ 708.

[112] *ਤਵਾਰੀਖ ਗੁਰੂ ਖਾਲਸਾ*, ਪੰਨਾ 571.

[113] *ਸ੍ਰੀ ਅਸ਼ਟ ਗੁਰ ਚਮਤਕਾਰ*, 180.

[114] ਰਣਧੀਰ ਸਿੰਘ, *ਉਦਾਸੀ ਸਿੱਖਾਂ ਦੀ ਵਿਥਿਆ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1959, ਪੰਨਾ 162.

[115] *ਤਵਾਰੀਖ ਗੁਰੂ ਖਾਲਸਾ*, ਭਾਗ-ਦੂਜਾ, ਪੰਨੇ 130-31.

[116] ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼*, ਭਾਗ-ਪਹਿਲਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ 314.

[117] *Journal of Sri Guru Granth Sahib Studies*, p. 129

[118] *ਮਹਾਨ ਕੋਸ਼,* ਪੰਨਾ 251.

[119] *ਸਿੱਖ ਇਤਿਹਾਸ (1469-1765),* ਪੰਨਾ 28.

[120] *Encyclopedis of Sikhism, vol.4,* p. 235.

[121] *Gurdaspur District Gazetteer,* 1883-84, ਪੰਨਾ 100.

[122] *ਪੰਜਾਬ ਦਾ ਇਤਿਹਾਸ(1469-1708),* ਪੰਨਾ 103.

[123] *ਗਰੁਬਿਸਾਲ ਪਾਤਸ਼ਾਹੀ-6*, ਪੰਨਾ 487.

[124] ਉਕਤ, ਪੰਨਾ 491.

[125] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਰਾਸਿ ਛੇਵੀਂ, ਅਧਿਆਇ 47, ਪੰਨਾ 2986-87.

[126] *ਸਿੱਖ ਪੰਥ ਵਿਸ਼ਵਕੋਸ਼*, ਭਾਗ-ਪਹਿਲਾ, ਪੰਨਾ 432.

[127] *ਗੁਰਬਿਲਾਸ ਪਾਤਸ਼ਾਹੀ-6*, ਪੰਨਾ 492.

[128] ਉਕਤ, ਪੰਨਾ 493.

[129] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਰਾਸ ਛੇਵੀਂ, ਅਧਿਆਇ 30, 2915.

[130] ਮਦਨ ਲਾਲ ਹਸੀਜਾ (ਸੰਪਾ.), *ਸ੍ਰੀ ਹਰਿਗੋਬਿੰਦਪੁਰ,* ਭਾਸ਼ਾ ਵਿਭਾਗ, ਪੰਜਾਬ, 1995. ਪੰਨਾ 9.

[131] *ਗੁਰਬਿਲਾਸ ਪਾਤਸ਼ਾਹੀ-6*, ਪੰਨਾ 520 .

[132] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਰਾਸ ਛੇਵੀਂ, ਅਧਿਆਇ 45, ਪੰਨਾ 2975.

[133] *ਗਰਬਿਲਾਸ ਪਾਤਸ਼ਾਹੀ-6*, ਪੰਨਾ 511.

[134] *ਸ੍ਰੀ ਹਰਿਗੋਬਿੰਦਪੁਰ ਸਰਵੇ ਪੁਸਤਕ*, ਪੰਨਾ 10.

[135] *ਗਰਬਿਲਾਸ ਪਾਤਸ਼ਾਹੀ-6*, ਪੰਨਾ 529.

[136] *ਮਹਾਨ ਕੋਸ਼*, ਪੰਨਾ 251.

[137] ਗੁਰਨਾਮ ਸਿੰਘ ਰਾਏ, *ਜੱਸਾ ਸਿੰਘ ਰਾਮਗੜ੍ਹੀਆ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1991, ਪੰਨਾ 64.

[138] ਉਕਤ, ਪੰਨਾ 68.

[139] *ਗਰਬਿਲਾਸ ਪਾਤਸ਼ਾਹੀ-6*, ਪੰਨਾ 597.

[140] ਉਕਤ, ਪੰਨਾ 597.

[141] *ਮਹਾਨ ਕੋਸ਼*, ਪੰਨਾ 332.

[142] ਸਰੂਪ ਸਿੰਘ ਕੋਸ਼ਿਸ਼, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਸਿੰਘ ਬ੍ਰਦਰਜ਼, ਅੰਮ੍ਰਿਤਸਰ, 2008, ਪੰਨਾ 38.

[143] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਰਾਸ ਅੱਠਵੀਂ, ਅਧਿਆਇ 33, ਪੰਨਾ 3439.

[144] *ਤਵਾਰੀਖ ਗੁਰੂ ਖਾਲਸਾ*, ਪੰਨੇ 465-66.

[145] *ਸਿੱਖ ਇਤਿਹਾਸ (1469-1765),* ਪੰਨਾ 41.

[146] *Encyclopedia of Sikhism,* vol.2, p. 508

[147] ਜੋਗਿੰਦਰ ਸਿੰਘ ਅਟਵਾਲ, *ਗੁਰਧਾਮ ਕੀਰਤਪੁਰ ਸਾਹਿਬ,* 2000, ਪੰਨਾ 31.

[148] *ਸਿੱਖ ਇਤਿਹਾਸ (1469-1765),* ਪੰਨਾ 41.

[149] ਸਤਿਬੀਰ ਸਿੰਘ, *ਗੁਰ ਭਾਰੀ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2015, ਪੰਨਾ 121.

[150] ਸੁੱਖਾ ਸਿੰਘ, *ਗੁਰਬਿਲਾਸ ਪਾਤਸਾਹੀ 10,* ਗੁਰਸ਼ਰਨ ਕੌਰ ਜੱਗੀ, ਭਾਸ਼ਾ ਵਿਭਾਗ, ਪੰਜਾਬ, 1989, ਪੰਨਾ 55.

[151] *ਸਿੱਖ ਇਤਿਹਾਸ (1469-1765),* ਪੰਨਾ 47.

[152] *ਨਿਰਭਉ ਨਿਰਵੈਰ*, ਪੰਨਾ 52.

[153] *ਤਵਾਰੀਖ ਗੁਰੂ ਖਾਲਸਾ,* ਪੰਨਾ 671.

[154] *ਗੁਰਧਾਮ ਕੀਰਤਪੁਰ ਸਾਹਿਬ,* ਪੰਨਾ 68.

[155] ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* ਜੀਤ ਸਿੰਘ ਸੀਤਲ (ਸੰਪਾ.), ਸਿੱਖ ਇਤਿਹਾਸ ਰੀਸਰਚ ਬੋਰਡ, ਸ੍ਰੀ ਅੰਮ੍ਰਿਤਸਰ, 2014, ਪੰਨਾ 156.

[156] ਉਕਤ, ਪੰਨਾ 69.

[157] ਫੌਜਾ ਸਿੰਘ (ਸੰਪਾ.), *ਪੰਜਾਬ ਦੀ ਸੈਰ,* ਗਿਆਨੀ ਲਾਲ ਸਿੰਘ (ਅਨੁ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988, ਪੰਨਾ 13.

[158] *ਗੁਰੂ ਗ੍ਰੰਥ ਵਿਸ਼ਵਕੋਸ਼*, ਪੰਨਾ 89.

[159] ਸਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਪਿਅਰਾ ਸਿੰਘ ਪਦਮ (ਅਨੁ), ਸਿੰਘ ਬ੍ਰਦਰਜ਼, ਅੰਮ੍ਰਿਤਸਰ, 2008, ਪੰਨਾ 66.

[160] ਗੁਰਦਿੱਤ ਸਿੰਘ, *ਗੁਰਧਾਮ ਦੀਦਾਰ*, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, 2009, ਪੰਨਾ 31.

[161] *ਗੁਰਸ਼ਬਦ ਰਤਨਾਕਰ ਮਹਾਨ ਕੋਸ਼, 302; ਗੁਰੂ ਗ੍ਰੰਥ ਵਿਸ਼ਵਕੋਸ਼, ਭਾਗ- ਪਹਿਲਾ, ਪੰਨਾ 314.*

[162] *ਗੁਰਬਿਲਾਸ ਪਾਤਸਾਹੀ 10,* ਪੰਨਾ 13.

[163] *ਗੁਰੂ ਕੀਆਂ ਸਾਖੀਆਂ*, ਪੰਨਾ 72

[164] *Hoshiarpur District gazetteers*, 1904, P. 212-215.

[165] ਗਿਆਨੀ ਗਿਆਨ ਸਿੰਘ, *ਗੁਰਧਾਮ ਸੰਗ੍ਰਹਿ*, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, 1999, ਪੰਨਾ 98.

[166] *ਸਿੱਖ ਇਤਿਹਾਸ (1469-1765),* ਪੰਨਾ 51.

[167] *ਸੂਰਜ ਪ੍ਰਕਾਸ਼ ਗ੍ਰੰਥ*, ਪੰਨਾ ਰਾਸ 11,ਅੰਸੂ 28, ਪੰਨਾ 4080.

[168] *ਉਕਤ,* ਪੰਨਾ 4080.

[169] ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਭਾਈ ਵੀਰ ਸਿੰਘ, (ਸੰਪਾ.), ਭਾਸ਼ਾ ਵਿਭਾਗ, ਪੰਜਾਬ, 2011, ਜਿਲਦ ਦਸਵੀਂ, ਰਾਸਿ 11, ਅੰਸੂ 28, ਪੰਨਾ 4080.

[170] ਤਾਰਨ ਸਿੰਘ (ਸੰਪਾ.),*ਗੁਰੂ ਤੇਗ ਬਹਾਦਰ ਜੀਵਨ, ਸੰਦੇਸ਼ ਤੇ ਸ਼ਹਾਦਤ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ 225.

[171] ਸਤਿਬੀਰ ਸਿੰਘ, *ਇਤਿ ਜਿਨਿ ਕਰੀ,* ਨਿਊ ਬੁੱਕ ਕੰਪਨੀ, ਜਲੰਧਰ, 2000, ਪੰਨਾ 70.

[172] ਤਵਾਰੀਖ ਗੁਰੂ ਖਾਲਸਾ, ਪੰਨਾ 679.

[173] *ਗੁਰੂ ਕੀਆਂ ਸਾਖੀਆਂ,* ਪੰਨਾ 58-64.

[174] ਤਵਾਰੀਖ ਗੁਰੂ ਖਾਲਸਾ, ਪੰਨਾ 709.

[175] ਸਾਹਿਬ ਸਿੰਘ, *ਜੀਵਨ-ਬ੍ਰਿਤਾਂਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰਦਰ੍ਹਵੀਂ ਵਾਰ 2017, ਪੰਨਾ 41

[176] *ਤਵਾਰੀਖ ਗੁਰੂ ਖਾਲਸਾ*, ਪੰਨਾ 712

[177] ਸੁੱਖਾ ਸਿੰਘ, *ਗੁਰਬਿਲਾਸ ਪਾਤਸਾਹੀ 10,* ਭਾਸ਼ਾ ਵਿਭਾਗ, ਪੰਜਾਬ, 1989, ਪੰਨਾ 59.

[178] ਉਕਤ, *ਪੰਨਾ 714.*

[179] *ਗੁਰਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 600.

[180] *ਸੂਰਜ ਪ੍ਰਕਾਸ ਗ੍ਰੰਥ,* ਰਾਸ 11, ਅਧਿਆਇ 29.

[181] ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼*, ਭਾਗ-ਦੂਜਾ, ਭਾਸ਼ਾ ਵਿਭਾਗ, ਪੰਜਾਬ, 1971, ਪੰਨਾ 761.

[182] *ਬਚਿੱਤ੍ਰ ਨਾਟਕ*, ਪੰਨਾ 246.

[183] ਰਤਨ ਸਿੰਘ ਭੰਗੂ ,*ਸੀ ਗੁਰ ਪੰਥ ਪ੍ਰਕਾਸ਼* ,ਸਿੱਖ ਇਤਿਹਾਸ ਰੀਸਚਰ ਬੋਰਡ ,ਸ੍ਰੀ ਅੰਮ੍ਰਿਤਸਰ ,2014 ,ਪੰਨਾ 241

[184] *ਤਵਾਰੀਖ ਗੁਰੂ ਖਾਲਸਾ*, ਪੰਨਾ 731.

# ਅਧਿਆਇ ਤੀਜਾ

## ਗੁਰੂ ਸਾਹਿਬਾਨ ਦੁਆਰਾ ਸਥਾਪਿਤ ਸ਼ਹਿਰਾਂ ਅਤੇ ਕਸਬਿਆਂ ਦਾ ਸਿੱਖ ਧਰਮ ਦੇ ਪ੍ਰਚਾਰ ਅਤੇ ਪਸਾਰ ਵਿਚ ਯੋਗਦਾਨ

ਪਿਛਲੇ ਅਧਿਆਇ ਵਿਚ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਕੀਤੇ ਗਏ ਨਗਰਾਂ ਦੀ ਸਥਾਪਨਾ ਅਤੇ ਇਤਿਹਾਸਕ ਪਿਛੋਕੜ ਨੂੰ ਵਿਧੀਵਤ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਇਸ ਅਧਿਆਇ ਦੇ ਅੰਤਰਗਤ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਸ਼ਹਿਰਾਂ ਅਤੇ ਕਸਬਿਆਂ ਵਿਚ ਸਿੱਖ ਧਰਮ ਦੇ ਪ੍ਰਚਾਰ ਅਤੇ ਪਸਾਰ ਹਿਤ ਕੀਤੇ ਗਏ ਪ੍ਰਮੁੱਖ ਕਾਰਜਾਂ ਦਾ ਬਿਆਨ ਕਰਨ ਦਾ ਯਤਨ ਕੀਤਾ ਗਿਆ ਹੈ। ਵਿਸ਼ਾ ਵਰਤਮਾਨ ਭਾਰਤੀ ਪੰਜਾਬ ਨਾਲ ਸੰਬੰਧਿਤ ਹੋਣ ਕਾਰਨ ਭਾਵੇਂ ਕਰਤਾਰਪੁਰ (ਪਾਕਿਸਤਾਨ) ਨਗਰ ਸਾਡੀ ਖੋਜ ਦਾ ਹਿੱਸਾ ਨਹੀਂ ਹੈ, ਪਰ ਇਸ ਅਧਿਆਇ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ ਇਸ ਨਗਰ ਦਾ ਸੰਖੇਪ ਹਾਲ ਬਿਆਨ ਕੀਤਾ ਗਿਆ ਹੈ। ਗੁਰੂ ਸਾਹਿਬਾਨ ਦੁਆਰਾ ਮਨੁੱਖੀ ਜੀਵਨ ਨੂੰ ਉੱਚਾ ਚੁੱਕਣ ਲਈ ਇਨ੍ਹਾਂ ਨਗਰਾਂ ਵਿਚ ਕਰਵਾਏ ਗਏ ਬਹੁਪੱਖੀ(ਸਮਾਜਿਕ, ਆਰਥਿਕ, ਰਾਜਨੀਤਿਕ, ਧਾਰਮਿਕ, ਸਾਹਿਤਿਕ, ਸਭਿਆਚਾਰਕ) ਕਾਰਜਾਂ ਦਾ ਵਰਣਨ ਕੀਤਾ ਗਿਆ ਹੈ। ਆਪਣੇ ਜੀਵਨ ਕਾਲ ਦੇ ਅੰਤਲੇ ਸਮੇਂ ਸਿੱਖੀ ਸਿਧਾਂਤਾਂ ਦਾ ਪ੍ਰਚਾਰ ਕਰਨ ਲਈ ਗੁਰੂ ਨਾਨਕ ਦੇਵ ਜੀ ਨੇ ਰਾਵੀ ਦਰਿਆ ਦੇ ਕੰਢੇ ਸਿੱਖਾਂ ਦਾ ਪਹਿਲਾਂ ਪ੍ਰਚਾਰ ਕੇਂਦਰ ਕਰਤਾਰਪੁਰ ਭਾਵ ਪਰਮਾਤਮਾ ਦਾ ਨਗਰ ਸਥਾਪਿਤ ਕੀਤਾ ਸੀ। ਗੁਰੂ ਜੀ ਨੇ ਉਦਾਸੀ ਭੇਖ ਉਤਾਰ ਕੇ ਗ੍ਰਹਿਸਥੀ ਜੀਵਨ ਬਤੀਤ ਕਰਨਾ ਸ਼ੁਰੂ ਕਰ ਦਿੱਤਾ ਸੀ:

ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲ ਉਤਾਰਾ।
ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ।[1]

ਆਪਣੇ ਸਿਧਾਂਤਾਂ ਨੂੰ ਵਿਹਾਰਕ ਰੂਪ ਪ੍ਰਦਾਨ ਕਰਨ ਲਈ ਨਗਰ ਵਿਚ ਧਰਮਸ਼ਾਲਾ ਤਿਆਰ ਕਰਵਾਈ ਗਈ। ਕਿਰਤ ਕਰੋ, ਨਾਮ ਜਪੋ, ਵੰਡ ਛਕੋ ਜੋ ਸਿੱਖੀ ਦਾ ਮੂਲ ਸਿਧਾਂਤ ਮੰਨਿਆ ਜਾਂਦਾ ਹੈ, ਸੰਗਤ ਨੂੰ ਦ੍ਰਿੜ ਕਰਵਾਇਆ ਗਿਆ। ਗੁਰੂ ਨਾਨਕ ਦੇਵ ਜੀ ਨੇ ਸੰਗਤ ਅਤੇ ਪੰਗਤ ਕਾਇਮ ਕਰਨ ਦੇ ਨਾਲ-ਨਾਲ ਨਿੱਤਨੇਮ ਦੀ ਮਰਯਾਦਾ ਕਾਇਮ ਕੀਤੀ:

ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ।

ਗੁਰਮੁਖਿ ਭਾਰਿ ਅਥਰਬਣਿ ਤਾਰਾ।[2]

ਗੁਰੂ ਜੀ ਨੇ ਆਪਣੇ ਜੀਵਨ-ਕਾਲ ਦਾ ਅੰਤਲਾ ਸਮਾਂ ਕਰਤਾਰਪੁਰ ਸਾਹਿਬ ਵਿਖੇ ਹੀ ਬਤੀਤ ਕੀਤਾ। ਸ਼ਾਸਕਾਂ ਤੇ ਧਾਰਮਿਕ ਆਗੂਆਂ ਦੁਆਰਾ ਲਿਤਾੜੇ ਗਏ ਸਮਾਜ ਦਾ ਹਰੇਕ ਪ੍ਰਾਣੀ ਗੁਰੂ ਜੀ ਦੁਆਰਾ ਦਿੱਤੇ ਇਸ ਪੂਰਨ ਆਜ਼ਾਦੀ ਵਾਲੇ ਮਾਹੌਲ ਨੂੰ ਹੱਸ ਕੇ ਪ੍ਰਵਾਨ ਕਰ ਰਿਹਾ ਸੀ। ਗੁਰੂ ਨਾਨਕ ਦੇਵ ਜੀ ਨੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਗੁਰੂ ਅੰਗਦ ਦੇਵ ਜੀ ਨੂੰ ਸਿੱਖ ਪੰਥ ਦੇ ਅਗਲੇ ਸੰਚਾਲਕ ਪੱਖੋਂ ਯੋਗ ਸਮਝਦਿਆਂ ਗੁਰਿਆਈ ਦੀ ਦਾਤ ਬਖ਼ਸ਼ੀ। ਗੁਰੂ ਅੰਗਦ ਦੇਵ ਜੀ ਨੇ ਪਹਿਲੇ ਗੁਰੂ ਜੀ ਦੁਆਰਾ ਸ਼ੁਰੂ ਕੀਤੇ ਸਰਵ-ਕਲਿਆਣ ਦੇ ਮਿਸ਼ਨ ਨੂੰ ਖਡੂਰ ਸਾਹਿਬ ਤੋਂ ਸੰਚਾਲਿਤ ਕੀਤਾ:

ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ।

ਜਪੁ ਤਪੁ ਸੰਜਮੁ ਨਾਲਿ ਤੁਧੁ ਹੋਰੁ ਮੁਚੁ ਗਰੂਰੁ।[3]

ਅਕਾਲ ਪੁਰਖ ਦਾ ਸੱਚਾ ਸੰਦੇਸ਼ ਆਮ ਲੋਕਾਂ ਤੱਕ ਪਹੁੰਚਾਇਆ, ਜਿਸ ਨਾਲ ਸੰਗਤਾਂ ਵਿਚ ਨਿਤਾਪ੍ਰਤੀ ਵਾਧਾ ਹੋਣ ਲੱਗਾ। ਲੰਗਰ ਪ੍ਰਥਾ ਵੱਲ ਖ਼ਾਸ ਧਿਆਨ ਦਿੱਤਾ ਗਿਆ। ਗੁਰੂ ਕੇ ਮਹਿਲ ਮਾਤਾ ਖੀਵੀ ਜੀ ਲੰਗਰ ਦਾ ਕਾਰਜ ਪ੍ਰਬੰਧ ਆਪਣੀ ਦੇਖ-ਰੇਖ ਵਿਚ ਚਲਾਉਂਦੇ ਸਨ। 'ਰਾਮਕਲੀ ਕੀ ਵਾਰ' ਵਿਚ ਲਿਖੇ ਅਨੁਸਾਰ:

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ।

ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ।[4]

ਗੁਰੂ ਸਾਹਿਬ ਨੇ ਖਡੂਰ ਸਾਹਿਬ ਰਹਿੰਦਿਆਂ ਸਿੱਖ ਸੰਗਤਾਂ ਨੂੰ ਗੁਰਬਾਣੀ ਦੇ ਨਾਲ ਜੋੜਨ ਲਈ ਗੁਰਮੁਖੀ ਲਿਪੀ ਦਾ ਪ੍ਰਚਾਰ ਆਰੰਭ ਕੀਤਾ। ਗੁਰੂ ਸਾਹਿਬ ਨੇ ਨੌਜਵਾਨਾਂ ਨੂੰ ਸਰੀਰਕ ਪੱਖੋਂ ਤੰਦਰੁਸਤ ਰੱਖਣ ਲਈ 'ਮੱਲ ਅਖਾੜਾ' ਬਣਵਾਇਆ। ਇਸ ਨਗਰ ਵਿਚ ਸਿੱਖੀ ਸਿਧਾਂਤਾਂ ਦਾ ਪ੍ਰਚਾਰ ਕਰਦੇ ਹੋਏ ਗੁਰਿਆਈ ਗੁਰੂ ਅਮਰਦਾਸ ਜੀ ਨੂੰ ਬਖ਼ਸ਼ ਕੇ 29 ਮਾਰਚ, 1552 ਈ. ਨੂੰ ਜੋਤੀ ਜੋਤਿ ਸਮਾ ਗਏ।[5]

**ਗੋਇੰਦਵਾਲ ਸਾਹਿਬ**

ਫੇਰਿ ਵਸਾਇਆ ਗੋਇੰਦਵਾਲੁ ਅਚਰਜੁ ਖੇਲੁ ਨ ਲਖਿਆ ਜਾਈ।[6]

ਗੁਰੂ ਅੰਗਦ ਦੇਵ ਜੀ ਪ੍ਰਤੀ ਸੱਚੀ ਪ੍ਰੀਤੀ ਅਤੇ ਪੂਰਨ ਸ਼ਰਧਾ ਦੇ ਸਦਕਾ ਗੁਰੂ ਅਮਰਦਾਸ ਜੀ ਸਿੱਖਾਂ ਦੇ ਅਗਲੇ ਗੁਰੂ ਬਣੇ। ਗੁਰਿਆਈ ਪ੍ਰਾਪਤ ਕਰਨ ਉਪਰੰਤ ਗੁਰੂ ਅਮਰਦਾਸ ਜੀ ਸ਼ਰੀਕੇਬਾਜ਼ੀ ਦੇ ਝਗੜੇ ਤੋਂ ਕਿਨਾਰਾ ਕਰਦੇ ਪੱਕੇ ਤੌਰ ਤੇ ਗੋਇੰਦਵਾਲ ਨਿਵਾਸ ਕੀਤਾ। ਗੁਰੂ ਜੀ ਨੇ ਸਮਾਜ ਵਿਚ ਪ੍ਰਚਲਿਤ ਭੈੜੇ ਰੀਤੀ ਰਿਵਾਜ਼ਾਂ ਨੂੰ ਰੱਦ ਕਰਦੇ ਹੋਏ ਸਚਿਆਰ ਜੀਵਨ ਜਾਂਚ ਬਤੀਤ ਕਰਨ ‘ਤੇ ਜ਼ੋਰ ਦਿੱਤਾ। ਗੁਰੂ ਜੀ ਨੇ ਗੋਇੰਦਵਾਲ ਨਿਵਾਸ ਕਰਦਿਆਂ ਅਨੇਕਾਂ ਹੀ ਲੋਕ-ਭਲਾਈ ਦੇ ਕਾਰਜ ਕੀਤੇ, ਜਿਨ੍ਹਾਂ ‘ਚੋਂ ਪ੍ਰਮੁੱਖ ਕਾਰਜਾਂ ਦਾ ਵੇਰਵਾ ਇਸ ਪ੍ਰਕਾਰ ਹੈ:

- **ਬਾਉਲੀ ਨਿਰਮਾਣ**

ਗੋਇੰਦਵਾਲ ਨਗਰ ਦੀ ਸਥਾਪਨਾ ਕਰਨ ਤੋਂ ਬਾਅਦ ਗੁਰੂ ਜੀ ਨੇ ਇਸ ਨਗਰੀ ਨੂੰ ਵੱਖਰੀ ਪਛਾਣ ਪ੍ਰਦਾਨ ਕਰਨ ਲਈ ਬਾਉਲੀ ਦਾ ਨਿਰਮਾਣ ਕਰਵਾਇਆ। ਬਾਉਲੀ ਨਿਰਮਾਣ ਕਰਦੇ ਸਮੇਂ ਜਿੱਥੇ ਗੁਰੂ ਜੀ ਨੇ ਕਿਰਤੀ ਵਰਗ ਨੂੰ ਰੋਜ਼ਗਾਰ ਦਾ ਮੌਕਾ ਪ੍ਰਦਾਨ ਕੀਤਾ ਉੱਥੇ ਹੀ ਆਤਮਿਕ ਜੀਵਨ ਉੱਨਤੀ ਦੀ ਤਾਂਘ ਵਾਲਿਆਂ ਨੂੰ ਨਾਮ ਬਾਣੀ ਦੇ ਗੱਫੇ ਵੰਡੇਂ। *ਮਹਿਮਾ ਪ੍ਰਕਾਸ਼* ਦਾ ਕਰਤਾ ਇਸ ਤੀਰਥ ਦੀ ਮਹਾਨਤਾ ਸਬੰਧੀ ਲਿਖਦਾ ਹੈ:

ਜਗ ਤਾਰਨ ਕਾਰਨ ਬਨਾ ਤੀਰਥ ਪੁਨ ਸਰੂਪ।

ਕੋ ਕਿਆ ਮਹਿਮਾ ਤਾ ਕੋ ਕਹੇ ਪਰਮਾਰਥ ਛੇਤ੍ਰ ਅਨੂਪ।[7]

ਇੱਥੇ ਇਹ ਗੱਲ ਸਪਸ਼ਟ ਕਰਨੀ ਬਣਦੀ ਹੈ ਕਿ, ਇੱਕ ਪਾਸੇ ਤਾਂ ਗੁਰਮਤਿ ਤੀਰਥਾਂ ‘ਤੇ ਜਾਣ ਦੀ ਵਿਰੋਧਤਾ ਕਰਦਾ ਹੈ ਤੇ ਦੂਜੇ ਪਾਸੇ ਖ਼ੁਦ ਗੁਰੂ ਜੀ ਨੇ ਤੀਰਥ ਤਿਆਰ ਕਰਵਾਇਆ। ਗੁਰਬਾਣੀ ਅਨੁਸਾਰ ਗੁਰੂ ਜੀ ਨੇ ਨਾਮ ਜਪਣ ਨੂੰ ਹੀ ਅਸਲ ਤੀਰਥ ਜਾਣਾ ਮੰਨਿਆ ਹੈ:

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ।

ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ।[8]

ਇਸ ਪਿੱਛੇ ਇਹ ਕਾਰਨ ਜਾਪਦਾ ਹੈ ਕਿ, ਗੁਰੂ ਜੀ ਨੇ ਫੋਕੇ ਕਰਮ ਕਾਂਡਾਂ ਵਿਚ ਪੈ ਕੇ ਕੀਤੇ ਜਾਂਦੇ ਤੀਰਥ ਇਸ਼ਨਾਨ ਦੀ ਵਿਰੋਧਤਾ ਕਰਦੇ ਹੋਏ ਸੱਚਾ ਤੀਰਥ ਮੁਹੱਈਆ ਕਰਵਾਇਆ, ਜਿੱਥੇ ਇੱਕ ਅਕਾਲ ਪੁਰਖ ਦੀ ਅਰਾਧਨਾ ਕੀਤੀ ਜਾਂਦੀ ਸੀ। ਪ੍ਰਚਲਿਤ ਰਵਾਇਤ ਅਨੁਸਾਰ ਸੱਚੀ ਸ਼ਰਧਾ ਨਾਲ ਬਾਉਲੀ ਵਿਚ ਕੀਤਾ

ਪਾਠ ਜੀਵਨ ਮੁਕਤੀ ਲਈ ਸਹਾਈ ਹੁੰਦਾ ਹੈ। *ਮਹਿਮਾ ਪ੍ਰਕਾਸ਼* ਦਾ ਕਰਤਾ ਲਿਖਦਾ ਹੈ ਕਿ ਇਸ ਤੀਰਥ ਨਿਰਮਾਣ ਦੇ ਕਾਰਜ ਵਿਚ ਹਿੱਸਾ ਪਾ ਕਿ ਸਿੱਖ ਮੁਕਤੀ ਮਾਰਗ ਨੂੰ ਪ੍ਰਾਪਤ ਹੋਏ:

ਪ੍ਰੇਮ ਪ੍ਰਤੀਤ ਜਿਨ ਕਾਰ ਕਮਾਈ। ਮੁਕਤਿ ਅਉ ਭਗਤਿ ਮਜੂਰੀ ਪਾਇ।[9]

ਨਗਰ ਸ਼ਾਹੀ ਸੜਕ 'ਤੇ ਹੋਣ ਕਾਰਨ ਰਾਹਗੀਰਾਂ ਦੀ ਆਵਾਜਾਈ ਬਹੁਤ ਜਿਆਦਾ ਸੀ। ਇਸ ਕਰਕੇ ਗੁਰੂ ਸਾਹਿਬ ਨੇ ਆਉਣ-ਜਾਣ ਵਾਲੇ ਕਾਫ਼ਲਿਆਂ ਨੂੰ ਸਾਫ਼ ਪੀਣ ਵਾਲੇ ਪਾਣੀ ਦੀ ਸਹੂਲਤ ਪ੍ਰਦਾਨ ਕਰਨ ਲਈ ਬਾਉਲੀ ਦਾ ਨਿਰਮਾਣ ਕਰਵਾਇਆ। ਗੁਰੂ ਜੀ ਦੁਆਰਾ ਬਾਉਲੀ ਦੀਆਂ 84 ਪੌੜੀਆਂ ਰੱਖਣ ਦਾ ਮੂਲ ਕਾਰਨ ਲੋਕਾਈ ਨੂੰ ਮੁਕਤੀ ਮਾਰਗ ਦੀ ਪ੍ਰਾਪਤ ਕਰਵਾਉਣ ਜਾਪਦਾ ਹੈ, ਕਿਉਂਕਿ ਸਿੱਖ ਧਰਮ ਆਵਾਗਾਉਣ ਦੇ ਚੱਕਰ ਨੂੰ ਮੰਨਦਾ ਹੈ। ਗੁਰਬਾਣੀ ਅਨੁਸਾਰ:

ਲਖ ਚਉਰਾਸੀਹ ਮੇਦਨੀ ਘਟੈ ਨ ਵਧੈ ਉਤਾਹਿ।[10]

ਇਸ ਤਰਾਂ ਅਸੀਂ ਕਿਹਾ ਜਾ ਸਕਦਾ ਹੈ ਕਿ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਤੀਰਥ ਦਾ ਨਿਰਮਾਣ ਕਰਵਾ ਕੇ ਸਿੱਖਾਂ 'ਤੇ ਵੱਡਾ ਪਰਉਪਕਾਰ ਕੀਤਾ। ਲੋਕਾਈ ਨੂੰ ਤੀਰਥ ਯਾਤਰਾ 'ਤੇ ਜਾ ਕੇ ਫੋਕੇ ਕਰਮ ਕਾਂਡ ਕਰਨ ਦੀ ਬਜਾਇ ਸੱਚੇ ਪਰਮੇਸ਼ਰ ਦੀ ਕੀਰਤੀ ਕਰਨ ਵਾਲਾ ਤੀਰਥ ਪ੍ਰਦਾਨ ਕੀਤਾ।

- **ਮੰਜੀ ਪ੍ਰਥਾ**

ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਿਤ ਕੀਤੀ ਗਈ ਸੰਗਤ(ਪ੍ਰਚਾਰਕ) ਨੂੰ ਸੰਗਠਿਤ ਰੂਪ ਪ੍ਰਦਾਨ ਕਰਨ ਲਈ ਗੁਰੂ ਅਮਰਦਾਸ ਜੀ ਨੇ ਮੰਜੀ ਪ੍ਰਥਾ ਕਾਇਮ ਕੀਤੀ। ਇਸ ਪ੍ਰਥਾ ਦੇ ਅਧੀਨ 22 ਚੋਣਵੇਂ ਨਿਹਾਇਤ ਸ਼ਰਧਾਵਾਨ ਗੁਰਸਿੱਖ ਵੱਖ-ਵੱਖ ਇਲਾਕਿਆਂ ਵਿਚ ਪ੍ਰਚਾਰ ਕਰਨ ਹਿਤ ਮੁਕੱਰਰ ਕੀਤੇ ਗਏ। ਪ੍ਰਚਲਿਤ ਰਵਾਇਤ ਅਨੁਸਾਰ ਇਹ ਉਹੀ ਗੁਰੂ ਦੇ ਪਿਆਰੇ ਸਿੱਖ ਸਨ ਜਿਨ੍ਹਾਂ ਨੇ ਬਾਉਲੀ ਦੇ ਨਿਰਮਾਣ ਸਮੇਂ ਅਣਥੱਕ ਸੇਵਾ ਕੀਤੀ ਸੀ। ਗੋਕਲ ਚੰਦ ਨਾਰੰਗ ਮੰਜੀ ਪ੍ਰਥਾ ਕਾਇਮ ਹੋਣ ਦੀ ਵਜ੍ਹਾ ਦੱਸਦੇ ਹੋਏ ਲਿਖਦੇ ਹਨ, "ਉਨ੍ਹਾਂ ਦੀ ਸੰਖਿਆ ਵਧ ਗਈ ਸੀ ਅਤੇ ਉਹ ਸਮੁੱਚੇ ਪੰਜਾਬ ਵਿਚ ਫੈਲ ਗਏ ਸਨ। ਇਸ ਲਈ, ਉਨ੍ਹਾਂ ਨੂੰ ਸਿੱਖਿਆ ਦੇਣ, ਪ੍ਰਚਾਰ ਕਰਨ ਅਤੇ ਉਨ੍ਹਾਂ ਦੀਆਂ ਅਧਿਆਤਮਿਕ ਲੋੜਾਂ ਦਾ ਪ੍ਰਬੰਧ ਕਰਨ ਦਾ ਕਾਰਜ ਠੀਕ ਢੰਗ ਨਾਲ ਨਹੀਂ ਨਿਭਦਾ ਸੀ। ਸਿੱਟੇ ਵਜੋਂ, ਗੁਰੂ ਅਮਰਦਾਸ ਨੇ ਆਪਣੇ ਅਨੁਯਾਈਆਂ ਨਾਲ ਭਰੇ ਸਾਰੇ ਦੇਸ਼ ਨੂੰ 22 ਪਰਗਣਿਆਂ, ਜਿਨ੍ਹਾਂ ਨੂੰ ਮੰਜੇ ਕਿਹਾ ਜਾਂਦਾ ਸੀ, ਵਿਚ ਵੰਡ ਦਿੱਤਾ।"[11] ਉਸ ਸਮੇਂ ਬਾਦਸ਼ਾਹ ਅਕਬਰ ਨੇ ਆਪਣੇ ਰਾਜ ਨੂੰ 22

ਪਰਗਣਿਆਂ ਵਿਚ ਵੰਡਿਆ ਹੋਇਆ ਸੀ। *A Short History of Muslim Rule in India* ਅਨੁਸਾਰ ਇਹ 22 ਪਰਗਣੇ ਸਨ:

| | | |
|---|---|---|
| 1. Delhi | 9. Khandesh | 17. Thatta |
| 2. Akbarabad | 10. Ahmedabad | 18. Kabul |
| 3. Lahore | 11. Oudh | 19. Balkh |
| 4. Ajmere | 12. Bihar | 20. Qandhar |
| 5. Daultabad | 13. Multan | 21. BadaKhshan |
| 6. Allahabad | 14. Telingana | 22. Kashmir[12] |
| 7. Berar | 15. Orisaa | |
| 8. Malwa | 16. Baglana | |

ਇਹ ਕਾਰਜ ਆਪਣੇ ਆਪ ਵਿਚ ਇਕ ਮਹਾਨ ਕਾਰਜ ਸੀ, ਜੋ ਅੱਗੇ ਚੱਲ ਕੇ ਸਿੱਖ ਪੰਥ ਦੇ ਪ੍ਰਚਾਰ ਅਤੇ ਪਸਾਰ ਵਿਚ ਸਹਾਈ ਹੋਇਆ। ਇਨ੍ਹਾਂ 22 ਮੰਜੀਦਾਰਾਂ ਦੇ ਨਾਮ *ਮਹਾਨ ਕੋਸ਼* ਅਨੁਸਾਰ ਇੰਞ ਹਨ:

1. ਅੱਲਾ ਯਾਰ ਖ਼ਾਂ ..... ਪਠਾਣ ਸੁਦਾਗਰ
2. ਸੱਚਨ-ਸੱਚ ..... ਪਿੰਡ ਮੰਦਰ, ਤਹਿਸੀਲ ਸ਼ਕਰਪੁਰ
3. ਸਾਧਾਰਣ ..... ਗੋਇੰਦਵਾਲ
4. ਸਾਵਣ ਮੱਲ ..... ਗੋਇੰਦਵਾਲ (ਗੁਰੂ ਅਮਰਦਾਸ ਜੀ ਦਾ ਭਤੀਜਾ)
5. ਸੁਖਣ ..... ਧਮਿਆਲ
6. ਹੰਦਾਲ ..... ਜੰਡਿਆਲਾ
7. ਕੇਦਾਰੀ ..... ਬਟਾਲਾ
8. ਖੇਡਾ ..... ਖੇਮ ਕਰਨ
9. ਗੰਗੂ ਸ਼ਾਹ ..... ਗੜ੍ਹਸ਼ੰਕਰ
10. ਦਰਬਾਰੀ ..... ਮਜੀਠਾ

11. ਪਾਰੋ ..... ਡੱਲਾ

12. ਫੇਰਾ ..... ਮੀਰਪੁਰ

13. ਬੂਆ .....ਹਰਿਗੋਬਿੰਦਪੁਰ

14. ਬੇਣੀ .....ਚੂਹਣੀਆਂ

15. ਮਹੇਸ਼ਾ .....ਸੁਲਤਾਨਪੁਰ

16. ਮਾਈ ਦਾਸ .....ਨਰੇਲੀ

17. ਮਾਣਕ ਚੰਦ .....ਵੈਰੋਵਾਲ(ਜਿਸ ਨੇ ਬਾਉਲੀ ਦਾ ਘੜ ਤੋੜਿਆ ਸੀ)

18. ਮੁਰਾਰੀ .....ਖਾਈ (ਲਾਹੌਰ)

19. ਰਾਜਾ ਰਾਮ .....ਸੰਧਮਾ (ਜਲੰਧਰ)

20. ਰੰਗ ਸ਼ਾਹ .....ਮਲੂ ਪੋਤਾ (ਜਲੰਧਰ)

21. ਰੰਗ ਦਾਸ .....ਘੜੂਆਂ (ਅੰਬਾਲਾ)

22. ਲਾਲੋ .....ਡੱਲਾ[13]

ਭਾਈ ਗੁਰਦਾਸ ਜੀ ਨੇ ਗਿਆਰਵੀਂ ਵਾਰ ਵਿੱਚ ਇਨ੍ਹਾਂ ਵਿੱਚੋਂ ਅੱਲਾ ਯਾਰ ਖਾਂ ਨੂੰ ਛੱਡ ਕੇ ਬਾਕੀ ਸਭ ਸਿੱਖਾਂ ਦੇ ਨਾਂ ਅੰਕਿਤ ਹਨ। ਭਾਵੇਂ ਇਹ ਮੰਜੀਦਾਰ ਸਿੱਖ ਗੁਰੂ ਸਾਹਿਬ ਦੇ ਬਰਾਬਰ ਤਾਂ ਨਹੀਂ ਸਨ, ਪਰ ਸੰਗਤ ਵੱਲੋਂ ਗੁਰੂ ਸਾਹਿਬ ਦੁਆਰਾ ਵਰਸਾਏ ਜਾਣ ਕਰਕੇ ਪੂਰਾ ਮਾਣ ਦਿੱਤਾ ਜਾਂਦਾ ਸੀ। ਇਹ ਸਚਿਆਰ ਜੀਵਨ ਦੇ ਸੰਦੇਸ਼ ਨੂੰ ਸਿੱਖ ਸੰਗਤਾਂ ਤੱਕ ਸੁਣਾ ਕੇ ਗੁਰੂ ਦੀ ਖ਼ੁਸ਼ੀ ਹਾਸਲ ਕਰਦੇ ਸਨ। ਗੰਡਾ ਸਿੰਘ ਇਸ ਕਥਨ ਸੰਬੰਧੀ ਲਿਖਦਾ ਹੈ, ਕਿ ਹਰ ਮੰਜੀ ਇੱਕ ਸ਼ਰਧਾਲੂ ਸਿੱਖ ਦੀ ਦੇਖ-ਭਾਲ ਵਿਚ ਰੱਖੀ ਗਈ ਜਿਸ ਦਾ ਇਹ ਫਰਜ਼ ਸੀ ਕਿ ਗੁਰੂ ਜੀ ਦੇ ਮਿਸ਼ਨ ਦਾ ਪ੍ਰਚਾਰ ਕਰੇ ਅਤੇ ਸਥਾਨਕ ਸੰਗਤ ਨੂੰ ਕੇਂਦਰ ਨਾਲ ਜੋੜੀ ਰੱਖੇ।[14] ਕੁੱਝ ਇਤਿਹਾਸਕਾਰ ਇਹ ਵੀ ਮੰਨਦੇ ਹਨ ਕਿ ਗੁਰੂ ਸਾਹਿਬ ਨੇ 22 ਮੰਜੀਦਾਰਾਂ ਤੋਂ ਇਲਾਵਾ 52 ਇਸਤਰੀਆਂ ਨੂੰ ਪ੍ਰਚਾਰਕ ਨਿਯੁਕਤ ਕੀਤਾ ਅਤੇ ਉਨ੍ਹਾਂ ਨੂੰ 'ਪੀੜਿਆ' ਦੀ ਪਦਵੀ ਭਖਸ਼ੀ। ਪਰ ਕਿਸੇ ਸਿੱਖ ਸਰੋਤ ਇਨ੍ਹਾਂ ਦੇ ਨਾਮਾਂ ਸਬੰਧੀ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ।

- **ਲੰਗਰ ਪ੍ਰਥਾ**

ਸਮਾਜ ਸੁਧਾਰ ਦਾ ਕਾਰਜ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਆਰੰਭ ਹੋ ਚੁੱਕਾ ਸੀ। ਗੁਰੂ ਜੀ ਨੇ ਆਪਣੇ ਇਸ ਮਿਸ਼ਨ ਦੇ ਤਹਿਤ ਸਮਾਜ ਵਿਚ ਪ੍ਰਚਲਿਤ ਭੈੜਿਆਂ ਰੀਤੀਆਂ ਦਾ ਖ਼ਾਤਮਾ ਕਰਦੇ ਹੋਏ ਇੱਕ ਆਦਰਸ਼ ਸਮਾਜ ਦੀ ਸਿਰਜਨਾ ਕੀਤੀ। ਕਿਉਂਕਿ ਗੁਰੂ ਸਾਹਿਬ ਤੋਂ ਪਹਿਲਾਂ ਭਾਰਤੀ ਸਮਾਜ ਹਿੰਦੂਆਂ ਦੀ ਅਗਵਾਈ ਦੌਰਾਨ ਵਰਨ ਆਸ਼ਰਮ ਵਿਚ ਵੰਡਿਆਂ ਹੋਇਆ ਸੀ। ਸਮਾਜ ਦੀ ਇਸ ਊਚ-ਨੀਚ ਵਾਲੀ ਭੈੜੀ ਰੀਤੀ ਤੋਂ ਨੀਵੀਂਆਂ ਜਾਤਾਂ ਵਾਲੇ ਲੋਕ ਬਹੁਤ ਪਰੇਸ਼ਾਨ ਸਨ। ਗੁਰੂ ਅਮਰਦਾਸ ਜੀ ਨੇ ਇਸ ਨਸਲੀ ਵਿਤਕਰੇ ਵਾਲੀ ਭਾਵਨਾ ਨੂੰ ਜੜ ਤੋਂ ਪੁੱਟ ਸੁੱਟਿਆ। ਇਸ ਕਾਰਜ ਨੂੰ ਵਿਹਾਰਕ ਰੂਪ ਦਿੰਦੇ ਹੋਏ ਗੁਰੂ ਸਾਹਿਬ ਨੇ ਸਿੱਖਾਂ ਨੂੰ ਆਦੇਸ਼ ਦਿੱਤੇ ਹੋਏ ਸਨ, ਕਿ ਸਾਡੇ ਦਰਸ਼ਨਾਂ ਲਈ ਆਉਣ ਤੋਂ ਪਹਿਲਾਂ ਹਰੇਕ ਪ੍ਰਾਣੀ ਨੂੰ ਪੰਗਤ 'ਚ ਬੈਠਾ ਕੇ ਭੋਜਨ ਛਕਾਇਆ ਜਾਵੇ ਅਤੇ ਜੋ ਜਾਤੀ-ਭੇਦ ਕਰੇ ਉਸ ਨੂੰ ਸਾਡੇ ਦਰਸ਼ਨਾਂ ਲਈ ਨਾ ਭੇਜਿਆ ਜਾਏ। *ਮਹਿਮਾ ਪ੍ਰਕਾਸ਼* ਅਨੁਸਾਰ:

ਲੰਗਰ ਮੌ ਪ੍ਰਸਾਦ ਜੁ ਪਾਵੈ। ਤਾ ਕੋ ਦਇਆਲ ਨਿਜ ਦਰਸ ਦਿਖਾਵੈ।

ਜੋ ਬਰਨ ਬਿਭੇਦ ਪ੍ਰਸਾਦਿ ਨ ਖਾਇ। ਸਤਿਗੁਰ ਕੋ ਦਰਸਨ ਨਹੀਂ ਪਾਇ।[15]

ਉਦਾਹਰਨ ਵਜੋਂ ਜਦੋਂ ਹਰੀਪੁਰ ਦਾ ਰਾਜਾ ਅਤੇ ਬਾਦਸ਼ਾਹ ਅਕਬਰ ਗੋਇੰਦਵਾਲ ਗੁਰੂ ਦਰਸ਼ਨਾਂ ਲਈ ਆਏ ਸਨ ਤਾਂ ਉਨ੍ਹਾਂ ਦੋਵਾਂ ਨੇ ਦਰਸ਼ਨ ਕਰਨ ਤੋਂ ਪਹਿਲਾਂ ਪੰਗਤ ਵਿਚ ਬੈਠ ਕੇ ਲੰਗਰ ਛਕਿਆ ਸੀ।[16] *ਗੁਰਪ੍ਰਤਾਪ ਸੂਰਜ ਗ੍ਰੰਥ* ਅਨੁਸਾਰ:

ਸ੍ਰੀ ਗੁਰ ਅਮਰਦਾਸ ਕਰਿ ਕਰੁਨਾ ਕਹਯੋ 'ਦੇਗ ਤੇ ਭੋਜਨ ਖਾਇ।

........

ਸਭਿਨਿ ਦੇਗ ਤੇ ਭੋਜਨ ਖਾਯੋ ਬਹੁਰ ਗਯੋ ਸੰਗ ਲੇ ਰਣਵਾਸੁ। [17]

ਇਸ ਤਰ੍ਹਾਂ ਗੁਰੂ ਅਮਰਦਾਸ ਜੀ ਨੇ ਆਪਣੇ ਸਿਧਾਂਤਾਂ 'ਤੇ ਪਰਪੱਕ ਰਹਿੰਦੇ ਹੋਏ ਸਮਾਜ ਵਿਚ ਪ੍ਰਚਲਿਤ ਊਚ-ਨੀਚ ਅਤੇ ਜਾਤ-ਪਾਤ ਦੇ ਵਿਤਕਰੇ ਨੂੰ ਖ਼ਤਮ ਕੀਤਾ। ਇਸ ਤੋਂ ਇਲਾਵਾ ਗੁਰੂ ਸਾਹਿਬ ਲੰਗਰ ਵਿਚੋਂ ਬਚਿਆ ਭੋਜਨ ਅਗਲੇ ਦਿਨ ਲਈ ਨਹੀਂ ਸਨ ਰੱਖਦੇ। ਜਿਨ੍ਹਾਂ ਭੋਜਨ ਬਚ ਜਾਂਦਾ ਸੀ ਪਸ਼ੂਆਂ ਨੂੰ ਖੁਆ

ਦਿੱਤਾ ਜਾਂਦਾ। ਇਥੋਂ ਤਕ ਕੇ ਘੜਿਆਂ ਦਾ ਪਾਣੀ ਵੀ ਡੋਲ ਦਿੱਤਾ ਜਾਂਦਾ ਸੀ। ਕਵੀ ਸੰਤੋਖ ਸਿੰਘ ਦਾ ਕਥਨ ਅਨੁਸਾਰ:

ਜਿਤਕ ਦੇਗ ਮਹਿਂ ਲਗਹਿ ਤਬਿ ਸੋ ਸਰਬ ਪਕਾਵੈਂ।
ਸਿਖ ਸੰਗਤਿ ਗਨ ਰੰਕ ਜੇ ਮਨ ਭਾਵਤਿ ਖਾਵੈਂ
ਬਚਹਿ ਸੇਖ ਨਹਿਂ ਰਖਹਿਂ ਦੇਵਹਿਂ ਕਿਸੁ ਤਾਈਂ
ਕਿਧੌਂ ਪੁਰੀ ਮਹਿਂ ਪਸ਼ੂ ਗਨ ਤਿਨ ਸਕਲ ਖੁਲਾਈਂ
ਅਗਲੇ ਦਿਨ ਹਿਤ ਨਹਿਂ ਰਹਹਿ, ਇਕ ਮਨੁਜ ਅਹਾਰਾ।
ਆਇ ਵਹਿਰ ਤੇ ਦੇਗ ਹੁਇ, ਇਮ ਨੇਮ ਸੁਧਾਰਾ।
ਅਪਰ ਵਸਤੁ ਗਿਨਤੀ ਕਹਾਂ ਜਲ ਕਲਸਨਿ ਮਾਂਹੀ।
ਸਭਿ ਗਿਰਾਇ ਛੂਛੇ ਧਰਹਿਂ ਰਾਖਹਿ ਕੁਛ ਨਾਂਹੀ[18]

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਗੁਰੂ ਅਮਰਦਾਸ ਜੀ ਨੇ ਸੰਗਤ ਦੀ ਸਿਹਤ ਦਾ ਪੂਰਨ ਖ਼ਿਆਲ ਰੱਖਦੇ ਸਨ ਤਾਂਕਿ ਕੋਈ ਪ੍ਰਾਣੀ ਰਾਤ ਦਾ ਬਚਿਆ ਵੇਹਾ ਭੋਜਨ ਛਕ ਕੇ ਬਿਮਾਰ ਨਾ ਪੈ ਜਾਵੇ। ਇਸ ਸਮਾਜ ਸੁਧਾਰ ਕਾਰਜ ਵਿਚ ਗੁਰੂ ਅਮਰਦਾਸ ਜੀ ਨੇ ਅਹਿਮ ਯੋਗਦਾਨ ਪਾਇਆ।

- **ਬਾਣੀ ਰਚਨਾ ਤੇ ਪੋਥੀ ਸੰਗ੍ਰਹਿ**

ਸਿੱਖ ਧਰਮ ਸ਼ਬਦ ਦੇ ਸਿਧਾਂਤ ਤੇ ਸਭ ਤੋਂ ਵੱਧ ਜ਼ੋਰ ਦਿੰਦਾ ਹੈ। ਗੁਰੂ ਹੁਕਮ ਅਨੁਸਾਰ ਬਾਣੀ ਪੜ੍ਹਨੀ ਤੇ ਗਾਉਣੀ ਗੁਰਸਿੱਖੀ ਜੀਵਨ ਲਈ ਅਤਿ ਜ਼ਰੂਰੀ ਹਨ। ਗੁਰੂ ਅਮਰਦਾਸ ਜੀ ਨੇ ਸਿੱਖ ਪੰਥ ਦੇ ਪ੍ਰਚਾਰ ਤੇ ਪਸਾਰ ਨਮਿਤ ਬਾਣੀ ਦੀ ਰਚਨਾ ਕਰ ਕੇ ਸਤਿ ਦਾ ਉਪਦੇਸ਼ ਦਿੱਤਾ। ਗੁਰਿਆਈ ਪ੍ਰਾਪਤ ਕਰਨ ਉਪਰੰਤ ਗੁਰੂ ਅਮਰਦਾਸ ਜੀ ਨੇ 18 ਰਾਗਾਂ ਵਿਚ ਬਾਣੀ ਰਚੀ ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹੈ। ਗੁਰੂ ਸਾਹਿਬ ਦੁਆਰਾ ਰਚੀ ਬਾਣੀ ਦੇ ਸ਼ਬਦਾਂ/ਸਲੋਕਾਂ ਦੀ ਕੁਲ ਗਿਣਤੀ 885 ਹੈ ਜਿਨ੍ਹਾਂ ਵਿਚ 172 ਚਉਪਦੇ, 91 ਅਸ਼ਟਪਦੀਆਂ, 24 ਸੋਹਲੇ, 78 ਪਦੇ, 4 ਅਲਾਹੁਣੀਆਂ, 20 ਛੰਤ, 411 ਸਲੋਕ ਅਤੇ 85 ਪਉੜੀਆਂ ਹਨ। ਸੁਤੰਤਰ ਨਾਵਾਂ ਵਾਲੀਆਂ ਬਾਣੀਆਂ ਦੀ ਗਿਣਤੀ ਅੱਠ ਹੈ ਜਿਵੇਂ ਪਟੀ, ਗੂਜਰੀ ਦੀਆਂ ਸਹੀ ਕੀ ਵਾਰ, ਸਤਵਾਰੇ, ਅਨੰਦੁ, ਰਾਮਕਲੀ ਕੀ ਵਾਰ ਅਤੇ ਮਾਰੂ ਕੀ ਵਾਰ।[19]

ਬਾਣੀ ਰਚਨਾ ਤੋਂ ਇਲਾਵਾ ਗੁਰੂ ਅਮਰਦਾਸ ਜੀ ਨੇ ਪਹਿਲੇ ਗੁਰੂ ਸਾਹਿਬਾਨ ਦੀ ਬਾਣੀ ਇਕੱਤਰ ਕਰਵਾ ਕੇ ਪੋਥੀਆਂ ਤਿਆਰ ਕਰਵਾਉਣ ਦਾ ਮਹਾਨ ਕਾਰਜ ਕਰਵਾਇਆ। ਆਦਿ ਗ੍ਰੰਥ ਦੀ ਸੰਪਾਦਨਾ ਸਮੇਂ ਗੁਰੂ ਅਰਜਨ ਦੇਵ ਜੀ ਗੁਰੂ ਸਾਹਿਬ ਦੇ ਪੁੱਤਰ ਬਾਬਾ ਮੋਹਨ ਪਾਸੋਂ ਗੁਰਬਾਣੀ ਦੀਆਂ ਪੋਥੀਆਂ ਲੈਣ ਆਏ ਸਨ। ਇਨ੍ਹਾਂ ਪੋਥੀਆਂ ਨੂੰ 'ਗੋਇੰਦਵਾਲ ਵਾਲੀਆਂ ਪੋਥੀਆਂ' ਕਿਹਾ ਜਾਂਦਾ ਸੀ। ਗੁਰੂ ਅਮਰਦਾਸ ਜੀ ਨੇ ਗੁਰਬਾਣੀ ਦੀਆਂ ਪੋਥੀਆਂ ਲਿਖਣ ਦਾ ਕਾਰਜ ਆਰੰਭ ਕਰਵਾ ਦਿੱਤਾ ਸੀ, ਜਿਸ ਵਿਚ ਪੋਤਰੇ ਸਹੰਸਰਾਮ ਨੇ ਅਹਿਮ ਯੋਗਦਾਨ ਪਾਇਆ ਸੀ।[20] ਪੋਥੀਆਂ ਤਿਆਰ ਹੋਣ ਨਾਲ ਸਿੱਖਾਂ ਨੂੰ ਬਾਣੀ ਪੜ੍ਹਨ ਅਤੇ ਪੜ੍ਹਾਉਣ ਦਾ ਕਾਰਜ ਆਸਾਨ ਹੋ ਗਿਆ। ਬਾਣੀ ਤੋਂ ਸੇਧ ਲੈ ਕੇ ਸਿੱਖ ਸੇਵਕ ਆਪਣੀ ਰੂਹ ਦੀ ਖ਼ੁਰਾਕ ਪੂਰੀ ਕਰਨ ਲੱਗੇ ਸਨ।

- **ਵਿਸਾਖੀ ਦਾ ਮੇਲਾ ਕਾਇਮ ਕਰਨਾ**

ਸਿੱਖ ਧਰਮ ਨੂੰ ਵਿਕਾਸ ਦੇ ਹਰ ਖੇਤਰ ਵਿਚ ਪ੍ਰਵਲ ਕਰਨ ਲਈ ਗੁਰੂ ਅਮਰਦਾਸ ਜੀ ਨੇ ਉਚੇਚੇ ਕਦਮ ਚੁੱਕੇ। ਸਿੱਖਾਂ ਨੂੰ ਸਭਿਆਚਾਰਕ ਤੌਰ 'ਤੇ ਵਿਕਸਿਤ ਰੂਪ ਦੇਣ ਲਈ ਗੁਰੂ ਅਮਰਦਾਸ ਜੀ ਨੇ ਵਿਸਾਖੀ ਦਾ ਮੇਲਾ ਕਾਇਮ ਕੀਤਾ। ਇਸ ਸਬੰਧੀ ਸਾਖੀ ਪ੍ਰਚਲਿਕ ਹੈ, ਕਿ ਇੱਕ ਦਿਨ ਗੁਰੂ ਜੀ ਦੇ ਪਿਆਰੇ ਸਿੱਖ ਭਾਈ ਪਾਰੋ ਜੀ ਨੇ ਗੁਰੂ ਜੀ ਪਾਸ ਬੇਨਤੀ ਕੀਤੀ, ਕਿ ਸੰਗਤਾਂ ਰੋਜ਼ਾਨਾ ਦੂਰੋਂ ਨੇੜਿਓ ਚੱਲ ਕੇ ਆਪ ਜੀ ਦੇ ਦਰਸ਼ਨਾਂ ਲਈ ਆਉਂਦੀਆਂ ਹਨ, ਪਰ ਕੁੱਝ ਸਿੱਖਾਂ ਦਾ ਵਿਚਾਰ ਹੈ ਕਿ ਕੋਈ ਦਿਨ ਮੁਕੱਰਰ ਕਰ ਕੇ ਸਭ ਸੰਗਤਾਂ ਨੂੰ ਬੁਲਾ ਕੇ ਗੋਇੰਦਵਾਲ ਸਾਹਿਬ ਵਿਖੇ ਭਾਰੀ ਜੋੜ ਮੇਲਾ ਕੀਤਾ ਜਾਵੇ। ਇਹ ਵਾਰਤਾ ਸੁਣ ਕੇ ਗੁਰੂ ਜੀ ਨੇ ਮੰਜੀਦਾਰਾਂ ਪ੍ਰਤੀ ਆਦੇਸ਼ ਦੇ ਦਿੱਤਾ ਕਿ ਸਭ ਸੰਗਤਾਂ ਵਿਸਾਖੀ ਦੇ ਮੇਲੇ 'ਤੇ ਗੋਇੰਦਵਾਲ ਇਕੱਤਰ ਹੋਣ। *ਮਹਿਮਾ ਪ੍ਰਕਾਸ਼* ਅਨੁਸਾਰ:

ਜੋ ਤੁਮ ਚਿਤਵੀ ਮਮ ਚਿਤ ਸੋਈ। ਬਿਸੋਏ ਕੇ ਦਿਨ ਆਵੈ ਸਭ ਕੋਈ।
ਸਭ ਸਿਖਨ ਲਿਖ ਦੇਹੁ ਪਠਾਇ। ਸੁਨ ਸਭ ਆਵੈ ਪ੍ਰੇਮ ਬਢਾਇ।[21]

ਵਿਸਾਖੀ ਦਾ ਦਿਨ ਹੀ ਕਿਉਂ ਚੁਣਿਆ ਗਿਆ, ਇਸ ਫ਼ੈਸਲੇ ਸਬੰਧੀ ਸਤਿਬੀਰ ਸਿੰਘ ਆਪਣੀ ਰਾਏ ਪ੍ਰਗਟ ਕਰਦੇ ਹੋਏ ਲਿਖਦੇ ਹਨ, ਇੱਕ ਤਾਂ ਉਸ ਦਿਨ ਬਾਉਲੀ ਦਾ ਕੜ ਟੁੱਟਾ ਸੀ ਤੇ ਦੂਜਾ ਵਿਸਾਖੀ ਵਾਲੇ

ਦਿਨ ਹੀ ਗੁਰੂ ਨਾਨਕ ਦੇਵ ਨੇ ਹਰਿਦੁਆਰ ਪੁੱਜ ਲੋਕਾਈ ਦੀ ਚੰਮ ਦ੍ਰਿਸ਼ਟੀ ਹਟਾ ਕੇ ਦਿਬ ਦ੍ਰਿਸ਼ਟੀ ਬਖ਼ਸ਼ੀ ਸੀ।[22]

ਗੁਰੂ ਹੁਕਮ ਪਾ ਕੇ ਦੇਸ਼ ਵਿਦੇਸ਼ਾਂ ਤੋਂ ਸੰਗਤਾਂ ਵਧ-ਚੜ੍ਹ ਕੇ ਗੋਇੰਦਵਾਲ ਵਿਸਾਖੀ ਵਾਲੇ ਦਿਨ ਆਈਆਂ। ਸਥਾਨਕ ਸੰਗਤਾਂ ਸੇਵਾ ਵਿਚ ਜੁੱਟ ਗਈਆਂ, ਕੋਈ ਪਾਣੀ ਢੋਵੇ, ਕੋਈ ਲੰਗਰ ਤਿਆਰ ਕਰੇ, ਕੋਈ ਆਉਣ ਵਾਲੇ ਯਾਤਰੂਆਂ ਨੂੰ ਦੀ ਸੇਵਾ-ਸੰਭਾਲ ਵਿਚ ਲੱਗ ਗਿਆ। ਇਸ ਤਰ੍ਹਾਂ ਸਾਰੀਆਂ ਸੰਗਤਾਂ ਇਸ ਖੁਸ਼ੀ ਦੇ ਮੌਕੇ ਪ੍ਰਸੰਨ ਚਿਤ ਹੋ ਕੇ ਸੇਵਾ ਕਰ ਰਹੀਆਂ ਸਨ। ਇਸ ਅਲੌਕਿਕ ਨਜਾਰੇ ਦਾ ਬਿਆਨ ਕਰਦੇ ਹੋਏ ਕਵੀ ਸੰਤੋਖ ਸਿੰਘ ਲਿਖਦੇ ਹਨ:

ਗੋਇੰਦਵਾਲ ਬਿਸਾਲੁ ਸੁ ਭੀਰ। ਦਰਸਹਿਂ ਵਾਰ ਨ ਪਾਵਹਿਂ ਤੀਰ।
ਪਾਇਨ ਪਾਸ ਉਪਾਇਨ ਧਰਿ ਧਰਿ। ਆਵਹਿਂ ਜਾਹਿਂ ਬੰਦਨਾ ਕਰਿ ਕਰਿ।
ਸਿੱਖ ਅਨੇਕ ਕੋ ਲਾਗੇ। ਕਰਹਿਂ ਪਾਕ ਸਿਧ ਉਰ ਅਨੁਰਾਗੇ।
ਕੇਤਿਕ ਨੂਰ ਆਨਬੋ ਕਰਹੀਂ। ਸੰਗਤਿ ਕੋ ਸੇਵਹਿਂ ਹਿਤ ਧਰਿਹੀਂ।
ਮਹਾਂ ਕੁਲਾਹਲ ਮੇਲਾ ਹੋਵਾ। ਹਰਖਤਿ ਸੰਗਤਿ ਦੀਰਘ ਜੋਵਾ।[23]

ਅੱਗੇ ਚੱਲ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਸੇ ਦਿਨ ਅਨੰਦਪੁਰ ਸਾਹਿਬ ਵਿਖੇ ਭਾਰੀ ਇਕੱਠ ਕਰ ਕੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਸੀ। ਇਸ ਤਰ੍ਹਾਂ ਗੁਰੂ ਅਮਰਦਾਸ ਜੀ ਦੁਆਰਾ ਸ਼ੁਰੂ ਕੀਤੀ ਵਿਸਾਖੀ ਦੇ ਜੋੜ-ਮੇਲੇ ਦੀ ਪਿਰਤ ਉਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਦੇ ਕਾਲ ਤਕ ਕਾਇਮ ਸੀ।

ਇਸ ਤਰ੍ਹਾਂ ਦੂਰ ਦੁਰਾਡੇ ਦੀਆਂ ਸੰਗਤਾਂ ਦਾ ਆਪਸੀ ਮੇਲ-ਜੋਲ ਵਧਿਆ, ਜਿਸ ਕਾਰਨ ਸਿੱਖਾਂ ਵਿਚ ਭਰਾਤਰੀ ਭਾਵ ਦੀ ਭਾਵਨਾ ਉਜਾਗਰ ਹੋਈ, ਏਕੇ ਦੀ ਭਾਵਨਾ ਪ੍ਰਗਟ ਹੋਈ। ਆਪਸੀ ਮੇਲ ਦੇ ਸਦਕਾ ਸੰਗਤਾਂ ਇੱਕ ਦੂਜੇ ਤੋਂ ਜਾਣੂ ਹੋਈਆਂ, ਜਿਸ ਕਾਰਨ ਕਿੱਤੇ, ਵਿਹਾਰ, ਵਪਾਰ ਆਦਿ ਸੰਬੰਧੀ ਸੰਗਤ ਦਾ ਆਪਸੀ ਮਿਲਵਰਤਨ ਵਧਿਆ।

- **ਪਰਦਾ ਪ੍ਰਥਾ ਦਾ ਵਿਰੋਧ**

ਪੁਰਾਤਨ ਸਮੇਂ ਤੋਂ ਹੀ ਸਮਾਜ ਵਿਚ ਪਰਦਾ ਪ੍ਰਥਾ ਦਾ ਰਿਵਾਜ ਆਮ ਹੀ ਪ੍ਰਚਲਿਤ ਸੀ। ਗੁਰੂ ਸਾਹਿਬ ਨੇ ਜਿੱਥੇ ਸਮਾਜ ਵਿਚ ਪ੍ਰਚਲਿਤ ਅਨੇਕਾਂ ਹੀ ਭੈੜੀਆਂ ਰੀਤੀਆਂ ਦਾ ਖੰਡਨ ਕੀਤਾ ਉੱਥੇ ਹੀ ਪਰਦਾ ਪ੍ਰਥਾ ਦੀ

ਮਨੌਤ ਨੂੰ ਵੀ ਗੁਰਮਤਿ ਵਿਰੋਧੀ ਦੱਸਿਆ। ਉਦਾਹਰਨ ਵਜੋਂ ਜਦੋ ਹਰੀਪੁਰ ਦਾ ਰਾਜਾ ਆਪਣੀਆਂ ਰਾਣੀਆਂ ਸਮੇਤ ਗੁਰੂ ਦਰਸ਼ਨਾਂ ਲਈ ਆਇਆਂ ਸੀ ਤਾਂ ਗੁਰੂ ਜੀ ਨੇ ਆਪਣੇ ਸੇਵਕਾਂ ਨੂੰ ਪਹਿਲਾਂ ਹੀ ਆਦੇਸ਼ ਦੇ ਦਿੱਤੇ ਸਨ ਕਿ ਕੋਈ ਵੀ ਰਾਣੀ ਮੁੱਖ ਤੇ ਪਰਦਾ ਪਹਿਨ ਕੇ ਸਾਡੇ ਦਰਬਾਰ ਵਿਚ ਨਾ ਆਵੇ। ਸੰਤੋਖ ਸਿੰਘ ਇਸ ਵਾਰਤਾ ਸਬੰਧੀ ਲਿਖਦਾ ਹੈ:

ਸਭਿ ਸੋਂ ਕਹਹੁ ਸ੍ਵੇਤ ਕਰਿ ਪੋਸ਼ਸ਼ ਮੁਖ ਕੋ ਨਹੀਂ ਛਪਾਵਹਿ।

ਦਰਸ਼ਨਿ ਕਰਿ ਕਰਿ ਸਗਰੀ ਗਮਨਹਿਂ ਇਸ ਪ੍ਰਕਾਰ ਕੀ ਬਨਿਕੈ ਸੋਇ।[24]

- **ਸਤੀ ਪ੍ਰਥਾ ਦਾ ਵਿਰੋਧ**

ਸਮਾਜ ਵਿਤ ਇੱਕ ਹੋਰ ਭੈੜੀ ਰੀਤੀ ਸਤੀ ਪ੍ਰਥਾ ਪ੍ਰਚਲਿਤ ਸੀ। ਵਿਆਹੁਤਾ ਇਸਤਰੀ ਨੂੰ ਆਪਣੇ ਪਤੀ ਦੀ ਮੌਤ ਤੋਂ ਬਾਅਦ ਉਸ ਦੀ ਚਿਖਾ ਵਿਚ ਜਬਰਨ ਸੁੱਟ ਦਿੱਤਾ ਜਾਂਦਾ ਸੀ। ਗੁਰੂ ਅਮਰਦਾਸ ਜੀ ਨੇ ਅਕਾਲ ਪੁਰਖ ਦੇ ਸਿਧਾਂਤਾਂ ਨੂੰ ਸਹੀ ਮਾਇਨੇ ਵਿਚ ਪੇਸ਼ ਕਰਦਿਆਂ ਹੋਇਆਂ ਸਮਾਜ ਵਿਚ ਚੱਲ ਰਹੀਆਂ ਭੈੜੀਆਂ ਰੀਤੀਆਂ ਨੂੰ ਬੰਦ ਕਰਵਾਇਆ। ਇਸ ਕਾਰਜ ਦੇ ਤਹਿਤ ਗੁਰੂ ਜੀ ਨੇ ਸਤੀ ਦੀ ਰਸਮ ਨੂੰ ਖੰਡਨ ਕਰਦੇ ਹੋਏ ਕਿਹਾ ਹੈ:

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ।

ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ।[25]

ਅੱਗੇ ਚਲ ਕੇ ਗੁਰੂ ਜੀ ਬਾਣੀ ਰਾਹੀਂ ਉਪਦੇਸ਼ ਕਰਦੇ ਹਨ ਕਿ ਅਸਲੀ ਸਤੀਆਂ ਉਹ ਹਨ ਜੋ ਪਤੀ ਦੀ ਮੌਤ ਤੋਂ ਬਾਅਦ ਵੀ ਸੀਲ ਸੰਤੋਖ ਰੱਖ ਕੇ ਪ੍ਰਭੂ ਭਗਤੀ ਕਰਨ। ਫਰਮਾਨ ਕਰਦੇ ਹਨ:

ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨ੍ਹਿ।

ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਹਾਲੰਨ੍ਹਿ।[26]

- **ਵਿਧਵਾ ਵਿਆਹ**

ਸਤੀ ਪ੍ਰਥਾ ਦੀ ਰਸਮ ਵਰਜਦੇ ਹੋਏ ਗੁਰੂ ਅਮਰਦਾਸ ਜੀ ਨੇ ਵਿਧਵਾ ਵਿਆਹ ਦੀ ਆਗਿਆ ਦਿੱਤੀ। ਇਸ ਸਿਧਾਂਤ ਦੀ ਪੁਸ਼ਟੀ ਕਰਦੇ ਹੋਏ ਸਤਿਬੀਰ ਸਿੰਘ ਫਾਰਸਟਰ ਦੀ ਪੁਸਤਕ *Early Travels In India* ਦੇ

ਹਵਾਲੇ ਨਾਲ ਲਿਖਦੇ ਹਨ, ਕਿ ਗੁਰੂ ਨਾਨਕ ਦੇਵ ਜੀ ਵਿਧਵਾ ਵਿਆਹ ਦਾ ਡੰਕਾ ਸਮਾਜ ਵਿਚ ਵਜਾ ਗਏ ਸਨ ਅਤੇ ਇਸ ਹੁਕਮ ਨੂੰ ਗੁਰੂ ਅਮਰਦਾਸ ਜੀ ਨੇ ਅਮਲੀ ਜਾਮਾ ਪਹਿਨਾਇਆ।[27]

ਇਸ ਤਰ੍ਹਾਂ ਗੁਰੂ ਅਮਰਦਾਸ ਜੀ ਨੇ ਇਸਤਰੀ ਜਾਤੀ ਦੇ ਸੁਧਾਰ ਹਿੱਤ ਅਨੇਕਾਂ ਹੀ ਉਪਰਾਲੇ ਕੀਤੇ ਤਾਂਕਿ ਇਸਤਰੀ ਸਮਾਜ ਵਿਚ ਭੇਖ ਰਹਿਤ ਆਦਰਸ਼ ਜੀਵਨ ਬਤੀਤ ਕਰ ਸਕੇ।

**ਅੰਮ੍ਰਿਤਸਰ ਸਾਹਿਬ**

ਗੁਰੂ ਅਮਰਦਾਸ ਜੀ ਦੇ ਹੁਕਮ ਕਾਰਨ ਗੁਰੂ ਰਾਮਦਾਸ ਜੀ ਦੁਆਰਾ ਸਥਾਪਿਤ ਕਰਵਾਇਆ ਇਹ ਨਗਰ ਸਿੱਖ ਪੰਥ ਦਾ ਸਭ ਤੋਂ ਵਿਸ਼ੇਸ਼ ਤੇ ਪ੍ਰਸਿੱਧ ਅਸਥਾਨ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਇਹ ਸਦੀਵੀ ਸਿੱਖਾਂ ਦਾ ਧਾਰਮਿਕ ਕੇਂਦਰ ਬਣ ਗਿਆ। ਇਸ ਅਸਥਾਨ ਦਾ ਗੁਰੂ ਕਾਲ ਦੇ ਦੌਰਾਨ ਸਿੱਖ ਧਰਮ ਦੇ ਵਾਧੇ ਤੇ ਵਿਕਾਸ ਵਿਚ ਅਹਿਮ ਯੋਗਦਾਨ ਹੈ। ਡਾ. ਸੁਖਦਿਆਲ ਸਿੰਘ ਇਸ ਨਗਰ ਦੀ ਮਹੱਤਤਾ ਸੰਬੰਧੀ ਲਿਖਦੇ ਹਨ, "ਛੇਤੀ ਹੀ ਇਹ ਨਗਰ, ਸਦੀਆਂ ਤੋਂ ਵਸੇਂ ਆ ਰਹੇ ਅਤੇ ਸਰਕਾਰੀ ਤਾਕਤ ਦਾ ਕੇਂਦਰ ਰਹੇ, ਲਾਹੌਰ ਸ਼ਹਿਰ ਦੇ ਬਰਾਬਰ ਤਰੱਕੀ ਕਰ ਗਿਆ ਸੀ। ਸਭ ਤੋਂ ਅਹਿਮ ਗੱਲ ਦੇਖਣ ਵਾਲੀ ਇਹ ਹੈ ਕਿ ਗੁਰੂ ਰਾਮਦਾਸ ਨੇ ਇਸ ਨਗਰ ਨੂੰ ਇੱਕ ਮਾਡਲ ਦੇ ਤੌਰ 'ਤੇ ਸਥਾਪਤ ਕੀਤਾ ਸੀ। ਵੱਖ-ਵੱਖ ਪੇਸ਼ਿਆਂ ਦੇ ਲੋਕ ਇੱਥੇ ਰਹਿੰਦੇ ਸਨ ਪਰ ਕਿਸੇ ਵਿਚ ਊਚ-ਨੀਚ ਦੀ ਭਾਵਨਾ ਨਹੀਂ ਸੀ। ਕਿਸੇ ਦੀ ਮਿਹਨਤ ਨਾਲ ਕੀਤੀ ਹੋਈ ਕਮਾਈ ਦੀ ਲੁੱਟ-ਖਸੁੱਟ ਨਹੀਂ ਸੀ। ਚੂੜੇ-ਚਮਿਆਰਾਂ ਜਾਂ ਖੱਤਰੀਆਂ-ਬਾਹਮਣਾਂ ਦੇ ਕੋਈ ਵੱਖਰੇ ਵੱਖਰੇ ਮੁਹੱਲੇ ਨਹੀਂ ਸਨ। ਇਹੀ ਕਾਰਨ ਸਨ ਕਿ ਇੱਥੋਂ ਦੇ ਵਸਿੰਦੇ ਸੰਤੁਸ਼ਟ ਸਨ ਅਤੇ ਇਸ ਸੰਤੁਸ਼ਟੀ ਦਾ ਸਬੂਤ ਸੀ ਇਸ ਨਗਰ ਦਾ ਤੇਜ਼ੀ ਨਾਲ ਹੋ ਰਿਹਾ ਵਿਕਾਸ ਹੈ। ਗੁਰਬਾਣੀ ਵਿਚ, ਜਿਸ ਹਲੇਮੀ ਰਾਜ ਦਾ ਜ਼ਿਕਰ ਗੁਰੂ ਅਰਜਨ ਦੇਵ ਨੇ ਕੀਤਾ ਹੈ। ਅੰਮ੍ਰਿਤਸਰ ਦਾ ਨਗਰ ਉਸ ਹਲੇਮੀ ਰਾਜ ਦਾ ਇੱਕ ਪੂਰਾ ਨਮੂਨਾ ਸੀ।[28]

ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਹਰਿਗੋਬਿੰਦ ਜੀ ਦੁਆਰਾ ਕੀਤੇ ਗਏ ਪ੍ਰਚਾਰ ਅਤੇ ਪਸਾਰ ਕਾਰਜਾਂ ਦਾ ਵੇਰਵਾ ਇਸ ਪ੍ਰਕਾਰ ਹੈ:

- **ਪੰਜ-ਸਰ**

ਵੱਖ-ਵੱਖ ਸਮਿਆਂ ਦੌਰਾਨ ਗੁਰੂ ਸਾਹਿਬਾਨ ਨੇ ਇਸ ਨਗਰ ਵਿਚ ਪੰਜ ਸਰੋਵਰ ਤਿਆਰ ਕਰਵਾਏ। ਗੁਰੂ ਰਾਮਦਾਸ ਜੀ ਨੇ ਗੁਰੂ ਅਮਰਦਾਸ ਜੀ ਦੇ ਹੁਕਮ ਨਾਲ ਸਿੱਖਾਂ ਨੂੰ ਪਹਿਲਾ ਸਰੋਵਰ ਬਖ਼ਸ਼ਿਆ ਜਿਸ ਨੂੰ

'ਅੰਮ੍ਰਿਤ ਸਰੋਵਰ' ਦੇ ਨਾਂ ਨਾਲ ਜਗਤ ਪ੍ਰਸਿੱਧੀ ਹਾਸਲ ਹੈ। ਗੁਰੂ ਰਾਮਦਾਸ ਜੀ ਨੇ ਆਪਣੇ ਜੀਵਨ ਕਾਲ ਦੌਰਾਨ ਦੋ ਸਰੋਵਰਾਂ ਦਾ ਆਰੰਭ ਕਰਵਾਇਆ ਸੀ, ਜਿਨ੍ਹਾਂ ਨੂੰ ਮੁਕੰਮਲ ਗੁਰੂ ਅਰਜਨ ਦੇਵ ਜੀ ਦੁਆਰਾ ਕਰਵਾਇਆ ਗਿਆ। ਪਹਿਲਾ ਸੀ 'ਸੰਤੋਖਸਰ' ਅਤੇ ਦੂਜਾ 'ਅੰਮ੍ਰਿਤਸਰ'। ਫਿਰ ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਦੋਵਾਂ ਸਰੋਵਰਾਂ ਦਾ ਕਾਰਜ ਮੁਕੰਮਲ ਕਰਵਾਉਣ ਤੋਂ ਬਾਅਦ ਨਗਰ ਵਿਚ 'ਰਾਮਸਰ' ਨਾਂ ਦਾ ਇੱਕ ਹੋਰ ਸਰੋਵਰ ਤਿਆਰ ਕਰਵਾਇਆ। ਇਸ ਤੋਂ ਇਲਾਵਾ ਗੁਰੂ ਹਰਿਗੋਬਿੰਦ ਜੀ ਨੇ ਇਸ ਕਾਰਜ ਪ੍ਰਣਾਲੀ ਵਿਚ ਹਿੱਸਾ ਪਾਉਂਦਿਆਂ ਨਗਰ ਵਿਚ ਦੋ ਹੋਰ ਸਰੋਵਰ ਤਿਆਰ ਕਰਵਾਏ। ਇਨ੍ਹਾਂ ਦੇ ਨਾਂ ਸਨ 'ਕੌਲਸਰ' ਤੇ 'ਬਿਬੇਕਸਰ'। ਇਨ੍ਹਾਂ ਸਰੋਵਰਾਂ ਦਾ ਸਥਾਪਨਾ ਨਿਮਨਾਨੁਸਾਰ ਹੈ:

- **ਸੰਤੋਖਸਰ**

ਗੁਰੂ ਰਾਮਦਾਸ ਜੀ ਦੁਆਰਾ ਇਸ ਨਗਰ ਵਿਚ ਸਭ ਤੋਂ ਪਹਿਲਾਂ ਸੰਤੋਖਸਰ ਸਰੋਵਰ ਦੀ ਖੁਦਵਾਈ ਦਾ ਕਾਰਜ ਆਰੰਭ ਕਰਵਾਇਆ ਗਿਆ। ਇਸ ਸਰੋਵਰ ਦਾ ਕਾਰਜ ਅੰਮ੍ਰਿਤ ਸਰੋਵਰ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਦੁਆਰਾ ਮੁਕੰਮਲ ਕੀਤਾ ਗਿਆ ਸੀ। ਅੰਮ੍ਰਿਤਸਰ ਨਗਰ ਦੀ ਨੀਂਹ ਰੱਖਣ ਤੋਂ ਬਾਅਦ (ਗੁਰੂ) ਰਾਮਦਾਸ ਨੇ ਗੁਰੂ ਅਮਰਦਾਸ ਦੇ ਹੁਕਮ ਦੀ ਪਾਲਨਾ ਕਰਦੇ ਹੋਏ ਆਸ-ਪਾਸ ਦੇ ਇਲਾਕੇ ਦਾ ਜਾਇਜ਼ਾ ਲੈ ਕੇ ਸਰੋਵਰ ਖੁਦਵਾਉਣ ਲਈ ਸਹੀ ਅਸਥਾਨ ਦੀ ਚੋਣ ਕੀਤੀ। ਇਸ ਨਵੇਂ ਬਣ ਰਹੇ ਸਰੋਵਰ ਦਾ ਕਾਰਜ ਸ਼ੁਰੂ ਕਰਨ ਤੋਂ ਪਹਿਲਾਂ (ਗੁਰੂ) ਰਾਮਦਾਸ ਜੀ ਨੇ ਬਾਬਾ ਬੁੱਢਾ ਜੀ ਪਾਸੋਂ ਅਰਦਾਸ ਕਰਵਾ ਕੇ ਆਪ ਟੱਕ ਲਾਇਆ ਸੀ। ਭਾਈ ਸੰਤੋਖ ਸਿੰਘ ਦਾ ਕਥਨ ਹੈ:

ਟੱਕ ਲਾਇਅਹੁ ਸਿਰਜਨ ਕਹੁ ਤਾਲ। ਚਿਤਵਯੋ ਉਹ ਉਪਕਾਰ ਬਿਸਾਲ।[29]

ਗੁਰੂ ਜੀ ਨੇ ਇਸ ਨਵੇਂ ਬਣ ਰਹੇ ਸਰੋਵਰ ਦੇ ਚਾਰ ਕੋਨੇ ਰਖਵਾ ਕੇ ਨਾਂ 'ਸੰਤੋਖਸਰ' ਰਖਾਇਆ।

ਜਹਿ ਪੂਰਬ ਤੁਮ ਸਰ ਖਨਵਾਯੋ। ਚਾਰ ਕੋਨ ਕੋ ਬਯੋਂਤ ਬਨਾਯੋ।
ਸਰ ਸੰਤੋਖ ਨਾਮ ਤਿਸ ਰਾਖੋ। ਅਬਿ ਤਿਸ ਕਰਿਬੇ ਨਹਿ ਅਭਿਲਾਖੋ।[30]

ਰਾਮਦਾਸ (ਗੁਰੂ) ਜੀ ਦੀ ਨਿਗਰਾਨੀ ਹੇਠ ਸਿੱਖ ਸੰਗਤਾਂ ਪੂਰੀ ਸ਼ਰਧਾ ਨਾਲ ਇਸ ਸਰੋਵਰ ਦੀ ਖੁਦਵਾਈ ਦਾ ਕਾਰਜ ਕਰਦੀਆਂ ਸਨ। ਸਰੋਵਰ ਖੁਦਵਾਉਣ ਦਾ ਕਾਰਜ ਚੱਲਦੇ ਸਮੇਂ ਹੀ ਰਾਮਦਾਸ (ਗੁਰੂ) ਜੀ ਇੱਕ ਦਿਨ ਗੋਇੰਦਵਾਲ ਚਲੇ ਗਏ ਅਤੇ ਉੱਥੇ ਪਹੁੰਚ ਕੇ ਗੁਰੂ ਸਾਹਿਬ ਨੂੰ ਨਗਰ ਅਤੇ ਸਰੋਵਰ ਉਸਾਰੀ ਦੀ

ਚੱਲ ਰਹੀ ਸੇਵਾ ਦਾ ਸਾਰਾ ਹਾਲ ਬਿਆਨ ਕੀਤਾ। ਗੁਰੂ ਅਮਰਦਾਸ ਜੀ ਰਾਮਦਾਸ (ਗੁਰੂ) ਜੀ ਦੀ ਸੇਵਾ ਭਾਵਨਾ, ਕਾਰਜਸ਼ੀਲਤਾ, ਹੁਨਰ, ਲਗਨ ਆਦਿ ਦੇਖ ਕੇ ਬੜੇ ਪ੍ਰਸੰਨ ਹੋਏ। ਫਿਰ ਗੁਰੂ ਜੀ ਨੇ ਰਾਮਦਾਸ (ਗੁਰੂ) ਜੀ ਨੂੰ ਕਿਹਾ ਕਿ 'ਸੰਤੋਖਸਰ' ਦੀ ਕਾਰ ਰੋਕ ਕੇ ਉਸ ਦੇ ਲਾਗੇ ਨੀਵੀਂ ਥਾਂ 'ਤੇ ਇੱਕ ਹੋਰ ਸਰੋਵਰ ਤਿਆਰ ਕਰਵਾ ਕੇ, ਉਸ ਦਾ ਨਾਂ 'ਸ੍ਰੀ ਅੰਮ੍ਰਿਤਸਰ' ਰੱਖਿਆ ਜਾਵੇ। ਕਵੀ ਸੰਤੋਖ ਸਿੰਘ ਅਨੁਸਾਰ:

ਤਿਸਤੇ ਉਰੇ ਨੰਮ੍ਰ ਥਲ ਜਹਾਂ। ਦੂਸਰ ਤਾਲ ਖਨਾਵਹੁ ਤਹਾਂ।

ਸ੍ਰੀ ਅੰਮ੍ਰਿਤਸਰ ਨਾਮ ਧਰੀਜੈ। ਜਾਇ ਕਿਤਕ ਖਨਵਾਵਨ ਕੀਜੈ।[31]

ਇਸ ਤਰ੍ਹਾਂ ਗੋਇੰਦਵਾਲ ਤੋਂ ਵਾਪਸ ਅੰਮ੍ਰਿਤਸਰ ਆ ਕੇ (ਗੁਰੂ) ਰਾਮਦਾਸ ਜੀ ਨੇ ਗੁਰੂ ਸਾਹਿਬ ਦੁਆਰਾ ਦੱਸੇ ਅਨੁਸਾਰ ਅੰਮ੍ਰਿਤ ਸਰੋਵਰ ਦਾ ਕਾਰਜ ਆਰੰਭ ਕਰਵਾਇਆ। ਗੁਰਿਆਈ ਮਿਲਣ ਤੋਂ ਬਾਅਦ ਵੀ ਗੁਰੂ ਰਾਮਦਾਸ ਜੀ ਇਸ ਨਗਰ ਦੀ ਉਸਾਰੀ ਕਰਵਾਉਂਦੇ ਰਹੇ, ਪਰ ਸੰਤੋਖਸਰ ਸਰੋਵਰ ਦੀ ਕਾਰਜ ਅਧੂਰਾ ਹੀ ਪਿਆ ਰਿਹਾ। ਗੁਰੂ ਰਾਮਦਾਸ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਨੇ ਨਗਰ ਦੇ ਅਧੂਰੇ ਪਏ ਕਾਰਜਾਂ ਦਾ ਕੰਮ ਮੁਕੰਮਲ ਕੀਤਾ। *ਸੂਰਜ ਪ੍ਰਕਾਸ਼ ਗ੍ਰੰਥ* ਵਿਚ ਇਹ ਵਾਕਯਾ ਸਾਹਮਣੇ ਆਇਆ ਹੈ, ਕਿ ਗੁਰੂ ਅਰਜਨ ਦੇਵ ਜੀ ਦੇ ਸਮੇਂ ਸੰਤੋਖਸਰ ਸਰੋਵਰ ਦੀ ਖੁਦਵਾਈ ਦੌਰਾਨ ਧਰਤੀ ਵਿਚੋਂ ਇੱਕ ਸਮਾਧੀ ਲੀਨ ਸਾਧੂ ਨਿਕਲਿਆ ਸੀ।

ਜਬ ਖਨਿ ਕੇ ਨੰਮ੍ਰੀ ਬਹੁ ਕਰਿਯੋ। ਬ੍ਰਿਤਲਾਕ੍ਰਿਤ ਮਠਿ ਜਾਨਿਯੋ ਪਰਯੋ।

ਦੌਰ ਦੌਰ ਗੁਰ ਪਾਸ ਉਚਾਰੈਂ। ਇਕ ਮਠ ਨਿਕਸਯੋ ਲੋਕ ਨਿਹਾਰੈ।[32]

ਗੁਰੂ ਸਾਹਿਬ ਨੇ ਇਸ ਸਾਧੂ ਨੂੰ ਮੁਕਤੀ ਮਾਰਗ ਦਾ ਗਿਆਨ ਦਿੰਦੇ ਹੋਏ ਅਕਾਲ ਪੁਰਖ ਦੇ ਗੁਣਾਂ ਬਾਰੇ ਚਾਨਣਾ ਪਾਇਆ। ਸਾਧੂ ਗੁਰੂ ਸਾਹਿਬ ਦੇ ਬਚਨ ਸੁਣਕੇ ਫਿਰ ਸਮਾਧੀ ਲੀਨ ਹੋ ਗਿਆ ਅਤੇ ਆਪਣੀ ਰੂਹ ਨੂੰ ਦੇਹੀ ਵਿਚੋਂ ਕੱਢ ਕੇ ਮੁਕਤੀ ਮਾਰਗ ਪ੍ਰਾਪਤ ਕਰ ਗਿਆ। ਸੰਗਤਾਂ ਨੇ ਸਾਧੂ ਦੇ ਮ੍ਰਿਤਕ ਸਰੀਰ ਨੂੰ ਸਰੋਵਰ ਵਿਚ ਟੋਆ ਪੁੱਟ ਕੇ ਦਫ਼ਨਾ ਦਿੱਤਾ ਅਤੇ ਇਸ ਹਾਦਸੇ ਤੋਂ ਬਾਅਦ ਸਿੱਖ ਸੰਗਤਾਂ ਮੁੜ ਸਰੋਵਰ ਨੂੰ ਤਿਆਰ ਕਰਨ ਵਿਚ ਜੁੱਟ ਗਈਆਂ। ਗੁਰੂ ਸਾਹਿਬ ਸਰੋਵਰ ਦੇ ਕੰਢੇ ਬੈਠ ਕੇ ਸਿੱਖ ਸੰਗਤਾਂ ਪਾਸੋਂ ਆਪਣੀ ਨਿਗਰਾਨੀ ਹੇਠ ਸਵੇਰ ਤੋਂ ਸ਼ਾਮ ਤੱਕ ਖੁਦਵਾਈ ਦਾ ਕੰਮ ਕਰਵਾਉਂਦੇ ਸਨ। ਮਸੰਦਾਂ ਦੁਆਰਾ ਸੰਗਤਾਂ ਪਾਸੋਂ ਇਕੱਠਾ ਕੀਤਾ ਸਾਰਾ

ਧਨ ਗੁਰੂ ਜੀ ਸਰੋਵਰ ਦੀ ਉਸਾਰੀ ਵਿਚ ਲਗਵਾ ਦਿੰਦੇ ਸਨ। ਸਰੋਵਰ ਦੇ ਚਾਰੇ ਪਾਸੇ ਪੱਕੀਆਂ ਇੱਟਾਂ ਲਗਵਾ ਕੇ ਗੁਰੂ ਜੀ ਨੇ ਸੰਤੋਖਸਰ ਸਰੋਵਰ ਦਾ ਕੰਮ ਸੰਪੂਰਨ ਕਰਵਾਇਆ।[33]

*ਸ੍ਰੀ ਗੁਰੁ ਤੀਰਥ ਸੰਗ੍ਰਹਿ* ਦਾ ਕਰਤਾ ਲਿਖਦਾ ਹੈ ਕਿ ਸੰਤੋਖਸਰ ਸਰੋਵਰ ਗੁਰੂ ਰਾਮਦਾਸ ਜੀ ਦੁਆਰਾ ਆਰੰਭ ਕਰਵਾਇਆ ਗਿਆ ਸੀ ਅਤੇ ਗੁਰੂ ਅਰਜਨ ਦੇਵ ਜੀ ਨੇ ਸੰ.1645 (1588 ਈ.) ਨੂੰ ਸੰਪੂਰਨ ਕਰਵਾਇਆ।[34] *ਮਹਾਨ ਕੋਸ਼* ਦੇ ਅਨੁਸਾਰ ਸੰਤੋਖਸਰ ਸਰੋਵਰ ਦਾ ਕਾਰਜ ਰਾਮਦਾਸ (ਗੁਰੂ) ਜੀ ਨੇ ਸੰ.1621 (1564 ਈ.) ਵਿਚ ਸ਼ੁਰੂ ਕਰਵਾਇਆ ਅਤੇ ਇਹ ਕਾਰਜ ਸੰ.1645 (1588ਈ.) ਵਿਚ ਗੁਰੂ ਅਰਜਨ ਦੇਵ ਜੀ ਦੁਆਰਾ ਸਿਰੇ ਚਾੜ੍ਹਿਆ ਗਿਆ।[35] *ਤਵਾਰੀਖ ਗੁਰੂ ਖ਼ਾਲਸਾ* ਦੇ ਅਨੁਸਾਰ ਇਸ ਸਰੋਵਰ ਦੇ ਤਿਆਰ ਹੋਣ ਦਾ ਕਾਰਣ ਇਹ ਮੰਨਿਆ ਗਿਆ ਹੈ ਕਿ ਭਾਈ ਸੰਤੋਖ ਪਸ਼ੌਰੀ ਨੇ ਗੁਰੂ ਅਰਜਨ ਦੇਵ ਜੀ ਅੱਗੇ ਬੇਨਤੀ ਕੀਤੀ ਕਿ, "ਮਹਾਰਾਜ! ਮੇਰੇ ਘਰ ਸੰਤਾਨ ਨਹੀਂ, ਦੌਲਤ ਬਹੁਤ ਹੈ। ਕਿਸੇ ਤਰ੍ਹਾਂ ਜਗਤ ਵਿੱਚ ਮੇਰਾ ਨਾਮ ਕਾਇਮ ਰਹੇ"। ਸੰਤੋਖ ਪਸ਼ੌਰੀ ਦੀ ਇਸ ਬੇਨਤੀ ਨੂੰ ਸਵੀਕਾਰ ਕਰਦੇ ਹੋਏ ਗੁਰੂ ਸਾਹਿਬ ਨੇ ਆਖਿਆ, "ਤੇਰਾ ਪੁੱਤ੍ਰ ਐਸਾ ਪ੍ਰਗਟ ਕਰਾਂਗੇ ਜੋ ਕਦੇ ਨਾ ਮਰੇਗਾ ਤੇ ਓਸ ਤੋਂ ਹਜ਼ਾਰਾਂ ਜੀਵ ਵਰੋਸਾਉਣਗੇ"। ਇਹ ਬਚਨ ਕਹਿ ਕੇ ਗੁਰੂ ਸਾਹਿਬ ਨੇ ਉਸਨੂੰ ਪੁੱਤਰ ਦੇ ਰੂਪ ਵਿਚ ਇਕ ਸਰੋਵਰ ਦੀ ਬਖਸ਼ਸ਼ ਦਿੱਤੀ। ਸੰ. 1641(1584ਈ:) ਵਿਚ ਸੰਤੋਖ ਪਸ਼ੌਰੀ ਦੁਆਰਾ ਭੇਂਟ ਕੀਤੀਆਂ 250 ਮੋਹਰਾਂ ਨਾਲ ਸੰਤੋਖਸਰ ਸਰੋਵਰ ਦੀ ਖੁਦਵਾਈ ਦਾ ਕੰਮ ਸ਼ੁਰੂ ਕਰਵਾਇਆ ਗਿਆ ਅਤੇ ਇਹ ਕਾਰਜ ਸੰ. 1646(1589ਈ:) ਵਿਚ ਮੁਕੰਮਲ ਹੋਇਆ।[36] ਸ਼ਾਇਦ ਗੁਰੂ ਸਾਹਿਬ ਨੇ ਸੰਤੋਖ ਪਸ਼ੌਰੀ ਦੇ ਨਾਮ ਉੱਪਰ ਹੀ ਸਰੋਵਰ ਦਾ ਨਾਮ 'ਸੰਤੋਖਸਰ' ਰੱਖਿਆ ਹੋਵੇ। *ਗੁਰ-ਇਤਿਹਾਸ ਪਾਤਸ਼ਾਹੀ 2 ਤੋਂ 9* ਵਿਚ ਇਸ ਸਰੋਵਰ ਦੇ ਆਰੰਭ ਅਤੇ ਸੰਪੂਰਨ ਹੋਣ ਦਾ ਸਮਾਂ 1587-88ਈ. ਦਾ ਮੰਨਿਆ ਗਿਆ ਹੈ।[37] ਗਿਆਨੀ ਕਿਰਪਾਲ ਸਿੰਘ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਸੰ. 1641(1584 ਈ.) ਵਿਚ ਸੰਤੋਖਸਰ ਦਾ ਕਾਰਜ ਆਰੰਭ ਕਰਵਾਇਆ ਸੀ ਅਤੇ ਦੋ ਸਾਲਾਂ ਬਾਅਦ ਸੰ. 1643(1586 ਈ.) ਨੂੰ ਪੌੜੀਆਂ ਤੇ ਪਰਕਰਮਾਂ ਪੱਕੀਆਂ ਬਣਵਾ ਕੇ ਕਾਰਜ ਸੰਪੂਰਨ ਕਰਵਾਇਆ।[38]

ਸੰਤੋਖਸਰ ਸਰੋਵਰ ਦਾ ਕਾਰਜ ਕਿਸ ਗੁਰੂ ਸਾਹਿਬਾਨ ਦੁਆਰਾ ਕਰਵਾਇਆ ਗਿਆ ਇਸ ਸੰਬੰਧੀ ਸਾਡੇ ਸਾਹਮਣੇ ਵਿਦਵਾਨਾਂ ਦੇ ਦੋ ਪੱਖ ਆਏ ਹਨ। ਕੁਝ ਵਿਦਵਾਨਾਂ ਦਾ ਮੰਨਣਾ ਹੈ ਕਿ ਗੁਰੂ ਰਾਮਦਾਸ ਜੀ ਨੇ ਇਹ ਕਾਰਜ ਆਰੰਭ ਕਰਵਾਇਆ ਅਤੇ ਕੁਝ ਦਾ ਮੰਨਣਾ ਹੈ ਕਿ ਗੁਰੂ ਅਰਜਨ ਦੇਵ ਜੀ ਦੁਆਰਾ ਸ਼ੁਰੂ

ਕਰਵਾਇਆ ਗਿਆ। ਪਰ ਵਿਦਵਾਨ ਇਸ ਕਥਨ ਸੰਬੰਧੀ ਗੁਰੂ ਰਾਮਦਾਸ ਜੀ ਨਾਲ ਜ਼ਿਆਦਾ ਸਹਿਮਤ ਹਨ ਜਿਸ ਕਰ ਕੇ ਇਹ ਕਥਨ ਵਧੇਰੇ ਠੀਕ ਜਾਪਦਾ ਹੈ। ਇਸ ਕਾਰਜ ਦੇ ਮੁਕੰਮਲ ਹੋਣ ਸੰਬੰਧੀ ਤਕਰੀਬਨ ਸਾਰੇ ਵਿਦਵਾਨ ਹੀ 1588ਈ: ਨਾਲ ਸਹਿਮਤ ਹਨ ਜਿਸ ਕਰ ਕੇ ਇਸ ਸਮੇਂ ਨੂੰ ਹੀ ਵਧੇਰੇ ਠੀਕ ਸਮਝਿਆ ਜਾ ਸਕਦਾ ਹੈ।

- **ਅੰਮ੍ਰਿਤਸਰ (ਸਰੋਵਰ)**

ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਸ਼ਹਿਰ ਦੇ ਵਿਕਾਸ ਲਈ ਇੱਕ ਪਵਿੱਤਰ ਸਰੋਵਰ ਦਾ ਕਾਰਜ ਆਰੰਭ ਕਰਵਾਇਆ ਸੀ ਜਿਸ ਨੂੰ ਅੰਮ੍ਰਿਤ ਸਰੋਵਰ ਦੇ ਨਾਮ ਨਾਲ ਜਾਣਿਆ ਜਾਂਦਾ ਹੈ। *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਅਨੁਸਾਰ ਜਿਸ ਸਮੇਂ (ਗੁਰੂ) ਰਾਮਦਾਸ ਗੁਰ ਦਰਸ਼ਨਾਂ ਲਈ ਗੋਇੰਦਵਾਲ ਗਏ ਸਨ ਉਸੇ ਸਮੇਂ ਹੀ ਗੁਰੂ ਅਮਰਦਾਸ ਸਾਹਿਬ ਨੇ ਅੰਮ੍ਰਿਤਸਰ ਵਿਚ ਇੱਕ ਹੋਰ ਸਰੋਵਰ ਖੁਦਵਾਉਣ ਦਾ ਹੁਕਮ ਦੇ ਦਿੱਤਾ ਸੀ। (ਗੁਰੂ) ਰਾਮਦਾਸ ਨੇ ਗੁਰੂ ਸਾਹਿਬ ਦੇ ਹੁਕਮ ਦੀ ਪਾਲਨਾ ਕਰਦੇ ਹੋਏ ਬਾਬਾ ਬੁੱਢਾ ਜੀ ਪਾਸੋਂ ਅਰਦਾਸ ਕਰਵਾ ਕੇ ਸਰੋਵਰ ਦਾ ਕਾਰਜ ਆਰੰਭ ਕਰਵਾਇਆ। ਇਸ ਨਵੇਂ ਬਣ ਰਹੇ ਸਰੋਵਰ ਦਾ ਨਾਮ ਗੁਰੂ ਅਮਰਦਾਸ ਜੀ ਦੇ ਕਹੇ ਅਨੁਸਾਰ 'ਅੰਮ੍ਰਿਤਸਰ' ਰੱਖਿਆ ਗਿਆ ਸ੍ਰੀ ਅੰਮ੍ਰਿਤਸਰ ਨਾਮ ਧਰੀਜੈ। ਜਾਇ ਕਿਤਿਕ ਖਨਵਾਵਨ ਕੀਜੈ।[39] ਇਸ ਸਰੋਵਰ ਦਾ ਪਹਿਲਾ ਨਾਮ 'ਰਾਮਦਾਸ ਸਰੋਵਰ' ਸੀ, ਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਵਿਚ ਇਸ ਗੱਲ ਦੀ ਪੁਸ਼ਟੀ ਕਰਦੇ ਲਿਖਦੇ ਹਨ:

> ਸੰਤਹੁ ਰਾਮਦਾਸ ਸਰੋਵਰੁ ਨੀਕਾ॥
> ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ॥[40]

ਕਈ ਮਹੀਨੇ ਸਰੋਵਰ ਖੁਦਵਾਉਣ ਦਾ ਕੰਮ ਚਲਦਾ ਰਿਹਾ ਅਤੇ ਜਿਸ ਤਰ੍ਹਾਂ ਅਸੀਂ ਉੱਪਰ ਦੱਸ ਆਏ ਹਾਂ ਕਿ ਗੁਰੂ ਰਾਮਦਾਸ ਜੀ ਅਰਜਨ ਦੇਵ ਨੂੰ ਗੁਰਿਆਈ ਬਖ਼ਸ਼ ਕੇ ਨਗਰ ਉਸਾਰੀ ਦਾ ਸਾਰਾ ਕੰਮ ਸੌਂਪ ਗਏ ਸਨ। ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਸ਼ਹਿਰ ਦੀ ਕਾਰ ਸੇਵਾ ਦਾ ਕੰਮ ਦੁਬਾਰਾ ਸ਼ੁਰੂ ਕਰਵਾ ਦਿੱਤਾ। ਇਸ ਸਰੋਵਰ ਦਾ ਕਾਰਜ ਆਪਣੀ ਦੇਖ-ਰੇਖ ਵਿਚ ਕਰਵਾਉਣ ਲਈ ਗੁਰੂ ਸਾਹਿਬ ਜੀ ਨੇ ਦੁੱਖ ਭੰਜਨੀ ਬੇਰੀ ਪਾਸ ਇੱਕ ਥੜ੍ਹਾ ਬਣਵਾਇਆ ਸੀ। ਇੱਥੇ ਬੈਠ ਕੇ ਹੀ ਗੁਰੂ ਸਾਹਿਬ ਸੰਗਤਾਂ ਪਾਸੋਂ ਸਰੋਵਰ ਦਾ ਕਾਰਜ ਕਰਵਾਉਂਦੇ ਸਨ ਅਤੇ ਉਨ੍ਹਾਂ ਦੀਆਂ ਇੱਛਾਵਾਂ ਪੂਰੀਆਂ ਕਰਦੇ ਸਨ।

ਦੁੱਖ ਭੰਜਨਿ ਢਿਗ ਥਰਾ ਕਰਾਵਹਿਂ। ਤਹਿਂ ਗੁਰ ਬੈਠਹਿਂ ਕਾਰ ਕਰਾਵਹਿ।[41]

*ਸ੍ਰੀ ਗੁਰੁ ਤੀਰਥ ਸੰਗ੍ਰਹਿ* ਦਾ ਕਰਤਾ ਲਿਖਦਾ ਹੈ ਕਿ ਸੰ.1620 (1563 ਈ.) ਵਿਚ ਅੰਮ੍ਰਿਤ ਸਰੋਵਰ ਦਾ ਟੱਕ ਲਗਾਇਆ ਗਿਆ। *ਤਵਾਰੀਖ ਗੁਰੂ ਖ਼ਾਲਸਾ* ਦੇ ਅਨੁਸਾਰ ਰਾਮਦਾਸ (ਗੁਰੂ) ਜੀ ਨੇ ਇਸ ਸਰੋਵਰ ਦੀ ਨੀਂਹ ਸੰ.1630 (1573 ਈ.) ਵਿਚ ਰੱਖੀ ਅਤੇ ਇਸ ਸਰੋਵਰ ਨੂੰ ਸੰ. 1635(1578ਈ:) ਵਿਚ ਪੱਕਾ ਕਰਵਾਇਆ ਲਿਖਿਆ ਮਿਲਦਾ ਹੈ। ਮਹਾਨ ਕੋਸ਼ ਵਿਚ ਇਹ ਜ਼ਿਕਰ ਆਇਆ ਹੈ ਕਿ ਇਸ ਸਰੋਵਰ ਦਾ ਕਾਰਜ (ਗੁਰੂ) ਰਾਮਦਾਸ ਜੀ ਨੇ ਗੁਰੂ ਅਮਰਦਾਸ ਜੀ ਦੀ ਆਗਿਆ ਨਾਲ ਸੰ.1634 (1577 ਈ.) ਵਿਚ ਦੁੱਖ ਭੰਜਨੀ ਬੇਰੀ ਦੇ ਪਾਸ ਸਰੋਵਰ ਖੁਦਵਾਉਣਾ ਸ਼ੁਰੂ ਕੀਤਾ ਸੀ। ਫਿਰ ਗੁਰੂ ਅਰਜਨ ਦੇਵ ਜੀ ਨੇ ਇਸ ਸਰੋਵਰ ਨੂੰ ਸੰ.1643 (1586ਈ.) ਪੱਕਾ ਕਰਨ ਦਾ ਕੰਮ ਆਰੰਭ ਕਰਵਾ ਕੇ ਇਸ ਸਰੋਵਰ ਦਾ ਨਾਮ ਅੰਮ੍ਰਿਤ ਸਰੋਵਰ ਰੱਖਿਆ। ਭਾਈ ਗੁਰਦਾਸ ਜੀ ਦੀਆਂ ਵਿਚ ਗਵਾਹੀ ਮਿਲਦੀ ਹੈ ਕਿ ਇਹ ਤਾਲ ਖੁਦਵਾਉਣ ਦਾ ਕਾਰਜ ਗੁਰੂ ਰਾਮਦਾਸ ਜੀ ਨੇ ਸੰਪੂਰਨ ਕਰਵਾ ਦਿੱਤਾ ਸੀ। ਭਾਈ ਗੁਰਦਾਸ ਜੀ ਦਾ ਕਥਨ ਹੈ:

ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ।
ਪੂਰਨ ਤਾਲੁ ਖਟਾਇਆ ਅੰਮ੍ਰਿਤਸਰਿ ਵਿਚਿ ਜੋਤਿ ਜਗਾਵੈ।[42]

*ਗੁਰ-ਇਤਿਹਾਸ ਪਾਤਸ਼ਾਹੀ 2 ਤੋਂ 9* ਵਿਚ ਜਿਕਰ ਮਿਲਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਇਸ ਸਰੋਵਰ ਦਾ ਕਾਰਜ 1588 ਈ: ਵਿਚ ਮੁਕੰਮਲ ਕਰਵਾ ਕੇ ਸਰੋਵਰ ਦਾ ਨਾਮ 'ਅੰਮ੍ਰਿਤਸਰ' ਰੱਖਿਆ।

ਉਪਰੋਕਤ ਸਰੋਤਾਂ ਦੇ ਹਵਾਲੇ ਨਾਲ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਰਾਮਦਾਸ ਜੀ ਦੁਆਰਾ ਆਰੰਭ ਕਰਵਾਏ ਅੰਮ੍ਰਿਤ ਸਰੋਵਰ ਦੇ ਕਾਰਜ ਨੂੰ ਗੁਰੂ ਅਰਜਨ ਦੇਵ ਜੀ ਨੇ ਮੁਕੰਮਲ ਕਰਵਾਇਆ। ਸਿੱਖ ਪਰੰਪਰਾ ਅਨੁਸਾਰ ਇਸ ਸਰੋਵਰ ਦਾ ਸੰਪੂਰਨ ਕਾਲ 1588 ਈ. ਮੰਨਿਆ ਗਿਆ ਹੈ।

- **ਰਾਮਸਰ**

ਗੁਰੂ ਅਰਜਨ ਦੇਵ ਜੀ ਨੇ ਪਹਿਲੇ ਗੁਰੂ ਸਾਹਿਬਾਨਾਂ ਦੁਆਰਾ ਰਚੀ ਬਾਣੀ ਨੂੰ ਇਕੱਤਰ ਕਰਕੇ ਇਕ ਗ੍ਰੰਥ ਦੀ ਸੰਪਾਦਨਾ ਕੀਤੀ। ਇਸ ਕਾਰਜ ਨੂੰ ਸੰਪੂਰਨ ਕਰਨ ਲਈ ਗੁਰੂ ਸਾਹਿਬ ਨੇ ਯੋਗ ਅਸਥਾਨ ਦੀ ਭਾਲ ਕਰਕੇ ਇਕ ਸਰੋਵਰ ਤਿਆਰ ਕਰਵਾਇਆ। ਇਸ ਸਰੋਵਰ ਦਾ ਨਾਂ ਗੁਰੂ ਰਾਮਦਾਸ ਜੀ ਦੇ ਨਾਂ 'ਤੇ 'ਰਾਮਸਰ' ਰੱਖਿਆ ਗਿਆ। ਇਸ ਕਾਰਜ ਲਈ ਅੰਮ੍ਰਿਤਸਰ ਸ਼ਹਿਰ ਵਿਚ ਹੀ ਸੁੰਦਰ ਅਤੇ ਸ਼ਾਂਤਮਈ ਅਸਥਾਨ ਲੱਭ ਕੇ

ਗੁਰੂ ਜੀ ਨੇ ਆਪਣਾ ਡੇਰਾ ਲਾਇਆ। ਉਸ ਅਸਥਾਨ ਦੀ ਸਫਾਈ ਕਰਵਾ ਕੇ ਸਿੱਖ ਸੰਗਤਾਂ ਪਾਸੋਂ ਪੋਥੀਆਂ ਮੰਗਵਾਈਆਂ ਗਈਆਂ। ਫਿਰ ਗੁਰੂ ਸਾਹਿਬ ਜੀ ਨੇ ਸੰਗਤਾਂ ਨੂੰ ਆਦੇਸ਼ ਦਿੱਤਾ ਕਿ ਇਸ ਅਸਥਾਨ ਦੇ ਪਾਸ ਹੀ ਇਕ ਛੋਟਾ ਸਰੋਵਰ ਤਿਆਰ ਕੀਤਾ ਜਾਵੇ। ਥੋੜੇ ਸਮੇਂ ਵਿਚ ਹੀ ਇਹ ਸੁੰਦਰ ਸਰੋਵਰ ਤਿਆਰ ਹੋ ਗਿਆ ਅਤੇ ਗੁਰੂ ਸਾਹਿਬ ਜੀ ਨੇ ਗੁਰੂ ਰਾਮਦਾਸ ਜੀ ਦੇ ਨਾਮ ਉੱਤੇ ਇਸਦਾ ਨਾਮ 'ਰਾਮਸਰ' ਰੱਖਿਆ। *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਅਨੁਸਾਰ:

ਰਾਮ ਨਾਮ ਕੀ ਮਹਿਮਾ ਮਹਾਂ। ਰਚਿਹੰ ਗ੍ਰਿੰਥ ਭਾਈ ਸਾਹਿਬ ਸੁਖ ਰਾਸਾ।

ਯਾਂਤੇ ਨਾਮ ਰਾਮਸਰ ਹੋਵਾ। ਪਾਤਕ ਘਾਤਕ ਮੱਜਿਤ ਜੋਵਾ।[43]

*ਮਹਾਨ ਕੋਸ਼* ਅਨੁਸਾਰ ਗੁਰੂ ਅਰਜਨ ਦੇਵ ਜੀ ਦੁਆਰਾ ਸੰ.1659-60 (1602-03 ਈ.) ਵਿਚ ਰਾਮਸਰ ਸਰੋਵਰ ਤਿਆਰ ਕਰਵਾਇਆ ਗਿਆ। ਇਸ ਅਸਥਾਨ 'ਤੇ ਹੀ ਗੁਰੂ ਸਾਹਿਬ ਜੀ ਨੇ ਸੁਖਮਨੀ ਬਾਣੀ ਅਤੇ ਆਦਿ ਗ੍ਰੰਥ ਦੀ ਰਚਨਾ ਕੀਤੀ। ਭਾਈ ਗੁਰਦਾਸ ਜੀ ਪਾਸੋਂ 'ਆਦਿ ਗ੍ਰੰਥ' ਲਿਖਵਾਇਆ ਗਿਆ ਸੀ।[44] *ਗੁਰ ਪ੍ਰਣਾਲੀਆਂ* ਦਾ ਕਰਤਾ ਵੀ ਇਸ ਕਥਨ ਨਾਲ ਸਹਿਮਤ ਹੈ, ਪਰ ਇਸ ਸਰੋਤ ਵਿਚ ਸਰੋਵਰ ਦੇ ਕਾਰਜ-ਕਾਲ ਸੰਬੰਧੀ ਕੋਈ ਪੱਖ ਨਹੀਂ ਪੇਸ਼ ਕੀਤਾ ਗਿਆ।[45]

ਇਸ ਅਸਥਾਨ ਸੰਬੰਧੀ ਸਾਰੇ ਵਿਦਵਾਨ ਇਸ ਪੱਖ ਨਾਲ ਸਹਿਮਤ ਹਨ ਕਿ ਗੁਰੂ ਅਰਜਨ ਦੇਵ ਜੀ ਨੇ 'ਆਦਿ ਗ੍ਰੰਥ' ਦੀ ਰਚਨਾ ਕਰਨ ਲਈ ਸਹੀ ਜਗ੍ਹਾ ਦੀ ਚੋਣ ਕਰਕੇ ਉਸ ਅਸਥਾਨ ਪਾਸ ਰਾਮਸਰ ਸਰੋਵਰ ਤਿਆਰ ਕਰਵਾਇਆ ਸੀ।

- **ਕੌਲਸਰ**

ਗਵਾਲੀਅਰ ਕਿਲੇ 'ਚ ਰਿਹਾਈ ਤੋਂ ਬਾਅਦ ਗੁਰੂ ਹਰਿਗੋਬਿੰਦ ਜੀ ਕੁਝ ਸਮਾਂ ਅੰਮ੍ਰਿਤਸਰ ਸਾਹਿਬ ਰਹਿ ਕੇ ਪੱਛਮ ਦੇਸ਼ ਵੱਲ ਗਏ ਸਨ। ਇਸ ਸਮੇਂ ਦੌਰਾਨ ਹੀ ਬੀਬੀ ਕੌਲਾਂ ਸਾਈਂ ਮੀਆਂ ਮੀਰ ਦੇ ਜ਼ਰੀਏ ਗੁਰੂ ਜੀ ਦੀ ਸ਼ਰਨ ਆਈ ਸੀ। ਸ਼ਰਨ ਆਉਣ ਦਾ ਕਾਰਨ ਵਿਦਵਾਨਾਂ ਦੁਆਰਾ ਕਾਜ਼ੀ ਰੁਸਤਮ ਖਾਂ ਦੀ ਕੌਲਾਂ 'ਤੇ ਕੀਤਾ ਜ਼ਬਰ ਸੀ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਕੌਲਾਂ ਰੁਸਤਮ ਖਾਂ ਕਾਜ਼ੀ ਦੀ ਗੋਲੀ ਸੀ। ਕੌਲਾਂ ਗੁਰੂ ਪ੍ਰੇਮ ਵਿਚ ਰੰਗੀ ਗੁਰੂ ਜੀ ਦੇ ਕਾਫ਼ਲੇ ਨਾਲ ਲਾਹੌਰ ਤੋਂ ਅੰਮ੍ਰਿਤਸਰ ਆਈ ਸੀ। ਕਵੀ ਸੰਤੋਖ ਸਿੰਘ ਲਿਖਦੇ ਹਨ ਕਿ

ਗੁਰੂ ਸਾਹਿਬ ਨੇ ਸੇਵਕਾਂ ਨੂੰ ਹੁਕਮ ਦੇ ਕੇ ਸ਼ਹਿਰ ਦੀ ਦੱਖਣੀ ਦਿਸ਼ਾ ਵੱਲ ਬੀਬੀ ਕੌਲਾਂ ਲਈ ਘਰ ਤਿਆਰ ਕਰਨ ਦਾ ਆਦੇਸ਼ ਦਿੱਤਾ:

'ਦੱਖਣ ਦਿਸ਼ਿ ਸ੍ਰੀ ਅੰਮ੍ਰਿਤਸਰ ਤੇ। ਪਿਖਹੁ ਸੁਥਲ ਸਮੀਪ ਬਰ ਤਰੁ ਤੇ।

ਤਹਿੰ ਤੰਬੂ ਕੋ ਦਿਹੁ ਲਗਵਾਇ। ਡੋਰੇ ਕਹੁ ਡੇਰਾ ਕਰਵਾਇ।[46]

*ਗੁਰ ਬਿਲਾਸ ਪਾਤਸ਼ਾਹੀ-6* ਅਨੁਸਾਰ ਗੁਰੂ ਹਰਿਗੋਬਿੰਦ ਪਾਤਸ਼ਾਹ ਨੇ ਮਾਤਾ ਕੌਲਾਂ ਦੀ ਭਗਤੀ ਭਾਵਨਾ ਅਤੇ ਪੁੱਤਰ ਪ੍ਰਾਪਤੀ ਦੀ ਮੰਗ ਕਾਰਨ ਉਸ ਦੇ ਨਾਂ 'ਤੇ ਕੌਲਸਰ' ਸਰੋਵਰ ਤਿਆਰ ਕਰਵਾਇਆ।

ਤੁਮਰਾ ਸੁਤ ਸਰ ਪਰਗਟ ਕਰਹੈਂ। ਨਾਮ ਕੌਲਸਰ ਤਾਂਕਾ ਧਰਹੈਂ।[47]

*ਤਵਾਰੀਖ ਗੁਰੂ ਖ਼ਾਲਸਾ* ਵਿਚ ਇਸ ਕਥਨ ਦਾ ਜ਼ਿਕਰ ਇਉਂ ਮਿਲਦਾ ਹੈ, ਅੰਮ੍ਰਿਤਸਰ ਨਿਵਾਸ ਕਰਦੇ ਸਮੇਂ ਇੱਕ ਦਿਨ ਗੁਰੂ ਸਾਹਿਬ ਦੇ ਪੁੱਤਰਾਂ ਨੂੰ ਦੇਖ ਕੇ ਕੌਲਾਂ ਦੇ ਮਨ ਵਿਚ ਸੰਕਲਪ ਜਾਗਿਆ ਕਿ ਕਾਸ਼ ਮੇਰਾ ਵੀ ਅਜਿਹਾ ਪੁੱਤਰ ਹੁੰਦਾ। ਗੁਰੂ ਸਾਹਿਬ ਨੂੰ ਜਦ ਕੌਲਾਂ ਦੇ ਇਸ ਖ਼ਿਆਲ ਬਾਰੇ ਪਤਾ ਲੱਗਿਆ ਤਾਂ ਕਿਹਾ, "ਅਸੀਂ ਤੈਨੂੰ ਐਸਾ ਪੁੱਤਰ ਬਖ਼ਸ਼ਾਂਗੇ, ਜਿਸ ਨਾਲ ਤੇਰਾ ਨਾਮ ਜਗਤ ਵਿਚ ਅਮਰ ਰਹੇਗਾ"। ਇਸ ਸਰੋਵਰ ਦੇ ਸੰਪੂਰਨ ਹੋਣ ਦਾ ਕਾਰਜ ਕਾਲ ਸੰ.1681-84 1624-27ਈ.) ਦਾ ਦੱਸਿਆ ਗਿਆ ਹੈ।[48] *ਗੁਰਧਾਮ ਸੰਗ੍ਰਹਿ* ਦੇ ਅਨੁਸਾਰ ਸੰ.1677 (1620 ਈ.) ਵਿਚ ਗੁਰੂ ਹਰਿਗੋਬਿੰਦ ਸਾਹਿਬ ਨੇ ਕੌਲਸਰ ਸਰੋਵਰ ਤਿਆਰ ਕਰਵਾਇਆ।[49] *ਸ੍ਰੀ ਗੁਰੂ ਤੀਰਥ ਸੰਗ੍ਰਹਿ* ਦੇ ਅਨੁਸਾਰ ਕੌਲਸਰ ਸਰੋਵਰ ਦਾ ਕਾਰਜ ਸੰ.1678 (1621 ਈ.) ਵਿਚ ਆਰੰਭ ਕਰਵਾਇਆ।[50]

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਗੁਰੂ ਹਰਿਗੋਬਿੰਦ ਜੀ ਦੁਆਰਾ ਭਗਤ ਬੀਬੀ ਕੌਲਾਂ ਦੀ ਸਦੀਵੀ ਯਾਦਗਾਰੀ ਦੀ ਮੰਗ ਨੂੰ ਪੂਰਾ ਕਰਦੇ ਹੋਏ ਕੌਲਸਰ ਸਰੋਵਰ ਤਿਆਰ ਕਰਵਾਇਆ ਗਿਆ। ਇਹ ਸਰੋਵਰ ਹਰਿਮੰਦਰ ਸਾਹਿਬ ਦੇ ਬਿਲਕੁਲ ਨਜ਼ਦੀਕ ਦੱਖਣ ਦਿਸ਼ਾ ਵੱਲ ਸਥਿਤ ਹੈ। ਹੋ ਸਕਦਾ ਇਹ ਉਹੀ ਅਸਥਾਨ ਹੋਵੇ, ਜਿੱਥੇ ਗੁਰੂ ਜੀ ਨੇ ਬੀਬੀ ਕੌਲਾਂ ਦੀ ਰਹਾਇਸ਼ ਤੰਬੂ ਲਗਵਾਇਆ ਸੀ। ਪ੍ਰਾਪਤ ਸਰੋਤਾਂ ਨੂੰ ਵਾਚਣ ਉਪਰੰਤ ਅਸੀਂ ਇਸ ਕਥਨ ਨਾਲ ਸਹਿਮਤ ਹਾਂ ਕਿ ਗੁਰੂ ਸਾਹਿਬ ਨੇ ਬੀਬੀ ਕੌਲਾਂ ਦੀ ਪੁੱਤਰ ਮੰਗ ਦੀ ਪੂਰਤੀ ਬਦਲੇ 'ਕੌਲਸਰ' ਸਰੋਵਰ ਤਿਆਰ ਕਰਵਾਇਆ।

- **ਬਿਬੇਕਸਰ**

ਇਹ ਸਰੋਵਰ ਗੁਰੂ ਹਰਿਗੋਬਿੰਦ ਜੀ ਦੁਆਰਾ ਹਰਿਮੰਦਰ ਸਾਹਿਬ ਦੇ ਦੱਖਣ-ਪੂਰਬੀ ਦਿਸ਼ਾ ਵੱਲ ਤਿਆਰ ਕਰਵਾਇਆ ਗਿਆ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਗੁਰੂ ਸਾਹਿਬ ਜੀ ਸਿੱਖ ਸੰਗਤਾਂ ਨਾਲ ਇਸ ਅਸਥਾਨ ਤੇ ਬਿਬੇਕ ਭਾਵ ਗਿਆਨ ਦੀਆਂ ਵਿਚਾਰਾਂ ਕਰਿਆ ਕਰਦੇ ਸਨ। ਵਿਦਵਾਨ ਦੁਆਰਾ ਇਸ ਸਰੋਵਰ ਦੇ ਤਿਆਰ ਹੋਣ ਸੰਬੰਧੀ ਦੋ ਪੱਖ ਮਿਲਦੇ ਹਨ। ਪਹਿਲੇ ਕਥਨ ਅਨੁਸਾਰ ਬਾਬਾ ਬੁੱਢਾ ਜੀ ਨੇ ਗੁਰੂ ਹਰਿਗੋਬਿੰਦ ਜੀ ਪਾਸ ਆ ਬੇਨਤੀ ਕੀਤੀ ਸੀ, ਕਿ ਸਿੱਖ ਸੰਗਤਾਂ ਮਾਤਾ ਕੌਲਾਂ ਦੇ ਆਪ ਪ੍ਰਤੀ ਪਿਆਰ ਨੂੰ ਨਹੀਂ ਸਮਝਦੀਆਂ। ਇਸ ਗੱਲ ਨੂੰ ਲੈ ਕੇ ਸੰਗਤਾਂ ਬਹੁਤ ਸੰਸੇ ਵਿਚ ਰਹਿੰਦੀਆਂ ਹਨ ਅਤੇ ਕਈ ਵਾਰ ਤਾਂ ਆਪਸ ਵਿਚ ਲੜ ਵੀ ਪੈਂਦੀਆਂ ਹਨ। ਬਾਬਾ ਜੀ ਦੀ ਇਸ ਗੱਲ ਨੂੰ ਸੁਣਕੇ ਗੁਰੂ ਸਾਹਿਬ ਨੇ ਆਪਣੇ ਆਪ ਨੂੰ ਬਿਬੇਕ ਭਾਵ 'ਤਨਖ਼ਾਹ' ਦਾ ਹੱਕਦਾਰ ਸਮਝਿਆ। ਇਸ ਬਿਬੇਕ ਦੇ ਬਦਲੇ ਬਾਬਾ ਬੁੱਢਾ ਜੀ ਨੇ ਗੁਰੂ ਸਾਹਿਬ ਪਾਸੋਂ 'ਬਿਬੇਕਸਰ' ਸਰੋਵਰ ਖੁਦਵਾਇਆ। *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਅਨੁਸਾਰ:

ਇਹ ਬਿਬੇਕ ਤੁਮ ਕੋ ਲਗਿ ਭਾਰੀ। ਜਥਾ ਸਰੂਪ ਧਰਯੋ ਉਪਕਾਰੀ।
ਅਪਨੇ ਸਰ ਖਨਿਵਾਵਨਿ ਕੀਜੈ। ਨਾਮ ਬਿਬੇਕ ਤਾਲ ਧਰਿ ਦੀਜੈ।[51]

ਦੂਸਰਾ ਪੱਖ ਇਸ ਸਰੋਵਰ ਤਿਆਰ ਕਰਵਾਉਣ ਸੰਬੰਧੀ ਇਹ ਮਿਲਦਾ ਹੈ ਕਿ ਬਾਬਾ ਬੁੱਢਾ ਜੀ ਨੇ ਸਿੱਖਾਂ ਦੁਆਰਾ ਗੁਰੂ ਦੀ ਨਿੰਦਾ ਹੁੰਦੀ ਦੇਖ ਗੁਰੂ ਜੀ ਨੂੰ ਕੌਲਾਂ ਦਾ ਤਿਆਗ ਕਰ ਕੇ ਨਿੰਦਕਾਂ ਦਾ ਮੂੰਹ ਬੰਦ ਕਰਨ ਦੀ ਤਾਕੀਦ ਕੀਤੀ ਸੀ। ਸਿੱਟੇ ਵਜੋਂ ਗੁਰੂ ਜੀ ਨੇ ਬੀਬੀ ਕੌਲਾਂ ਦਾ ਨਿਵਾਸ ਅੰਮ੍ਰਿਤਸਰ ਜੀ ਜਗ੍ਹਾ ਕਰਤਾਰਪੁਰ (ਜਲੰਧਰ) ਕਰਵਾ ਦਿੱਤਾ ਸੀ ਅਤੇ ਬਾਬਾ ਬੁੱਢਾ ਜੀ ਨਾਲ ਆਏ ਗਿਆਨਵਾਨ ਪੁਰਸ਼ਾਂ ਦੇ ਸ੍ਰੇਸ਼ਟ ਬਚਨ ਸੁਣ ਕੇ 'ਬਿਬੇਕਸਰ' ਸਰੋਵਰ ਤਿਆਰ ਕਰਵਾਇਆ। *ਗੁਰਬਿਲਾਸ ਪਾਤਸ਼ਾਹੀ ਛੇਵੀਂ* ਅਨੁਸਾਰ:

ਮਾਨਹੁ ਸਭਾ ਬਿਬੇਕ ਸਬਾਈ। ਬਿਬੇਕ ਬਚਨ ਕਹਿ ਮੋਹਿ ਸੁਨਾਈ।
ਤਦਨੰਤ੍ਰ ਬਾਨੀ ਨਭ ਹੋਈ। ਇਹ ਸਮ ਉੱਤਮ ਠੌਰ ਨ ਕੋਈ।
ਤੀਰਥ ਰਚੋ ਈਹਾਂ ਸੁਖ ਧਾਰਿ। ਜਿਹ ਮੱਜਨ ਪੱਯੇ ਫਲ ਚਾਰਿ।
ਨਭ ਬਾਨੀ ਸ੍ਰੀ ਗੁਰ ਸੁਨਿ ਪਾਈ। ਸਕਲ ਸਭਾ ਯੁਤ ਮਨਿ ਹਰਖਾਈ।[52]

*ਤਵਾਰੀਖ ਗੁਰੂ ਖ਼ਾਲਸਾ* ਵਿਚ ਲਿਖਿਆ ਮਿਲਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਇਸ ਅਸਥਾਨ ਉੱਤੇ ਗਿਆਨ ਦੀ ਰੁਚੀ ਰੱਖਣ ਵਾਲੀਆਂ ਸਿੱਖ ਸੰਗਤਾਂ ਨੂੰ ਸੱਚਾ ਬਿਬੇਕ ਦ੍ਰਿੜ੍ਹ ਕਰਾਉਂਦੇ ਸਨ, ਜਿਸ ਕਾਰਨ ਇਸ ਸਰੋਵਰ ਦਾ ਨਾਮ 'ਬਿਬੇਕਸਰ' ਪਿਆ।[53] ਗੁਰੂ ਜੀ ਨੇ ਇਸ ਸਰੋਵਰ ਨੂੰ ਆਪ ਟੱਕ ਲਾ ਕੇ ਕਾਰ ਆਰੰਭ ਕਰਵਾਈ।

ਸੁਨਿ ਬ੍ਰਿਧ ਕੇ ਬਚ ਪਟ ਕਟ ਕਸੀ। ਲਈ ਮੰਗਾਇ ਹਾਥ ਗਹਿ ਕਸੀ।

ਖਨੀ ਮ੍ਰਿਤਕਾ ਵਹਿਰਿ ਗਿਰਾਈ। ਪੁਨਿ ਸਿੱਖਨਿ ਤਹਿਂ ਕਾਰ ਕਮਾਈ।[54]

*ਮਹਾਨ ਕੋਸ਼* ਦਾ ਅਨੁਸਾਰ ਇਸ ਸਰੋਵਰ ਦਾ ਕਾਰਜ ਸੰ.1685 (1628 ਈ.) ਨੂੰ ਮੁਕੰਮਲ ਹੋਇਆ।[55] ਇਸ ਸਰੋਵਰ ਦਾ ਕਾਰਜ ਆਰੰਭ ਕਦੋਂ ਹੋਇਆ ਇਸ ਸੰਬੰਧੀ ਵਿਦਵਾਨ ਨੇ ਕੋਈ ਸਮਾਂ ਨਹੀਂ ਦੱਸਿਆ।

ਪ੍ਰਾਪਤ ਸਰੋਤਾਂ ਦੇ ਅਨੁਸਾਰ ਇਹ ਕਥਨ ਵਧੇਰੇ ਠੀਕ ਜਾਪਦਾ ਹੈ ਕਿ ਗੁਰੂ ਸਾਹਿਬ ਨੇ ਜਿਸ ਅਸਥਾਨ 'ਤੇ ਸਿੱਖ ਸੰਗਤਾਂ ਨਾਲ ਗਿਆਨ ਦੀਆਂ ਵਿਚਾਰਾਂ ਕੀਤੀਆਂ ਸਨ, ਉੱਥੇ ਬਿਬੇਕਸਰ ਸਰੋਵਰ ਤਿਆਰ ਕਰਵਾਇਆ। ਕਾਰਜ-ਕਾਲ ਸੰਬੰਧੀ ਵਿਦਵਾਨਾਂ ਵਿਚ ਕਾਫ਼ੀ ਮਤਭੇਦ ਹੈ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਸਮਿਆਂ ਵਿਚ ਪਾਣੀ ਦੇ ਸਰੋਤ ਬਹੁਤ ਘੱਟ ਹੁੰਦੇ ਸਨ ਇਸ ਸਮੱਸਿਆ ਨੂੰ ਗੁਰੂ ਸਾਹਿਬਾਨ ਨੇ ਪਹਿਲ ਦੇ ਆਧਾਰ ਤੇ ਹੱਲ ਕੀਤਾ। ਗੁਰੂ ਨਿਗਰਾਨੀ ਹੇਠ ਸਿੱਖ ਸੰਗਤਾਂ ਪੂਰੇ ਤਨ ਮਨ ਧਨ ਨਾਲ ਸੇਵਾ ਕਰ ਕੇ ਜੀਵਨ ਲਾਹਾ ਪ੍ਰਾਪਤ ਕਰਦੀਆਂ ਸਨ। ਇਨ੍ਹਾਂ ਸਰੋਵਰਾਂ ਦੀ ਸੇਵਾ ਕਰ ਕੇ ਜਿੱਥੇ ਸੰਗਤਾਂ ਨੇ ਆਤਮਿਕ ਉੱਨਤੀ ਕੀਤੀ, ਉੱਥੇ ਹੀ ਗੁਰੂ ਅਸੀਸ ਸਦਕਾ ਦੁਨਿਆਵੀ ਮੁਸ਼ਕਲਾਂ ਵੀ ਹੱਲ ਕੀਤੀਆਂ। ਇਸ ਤੋਂ ਇਲਾਵਾ ਗੁਰੂ ਜੀ ਨੇ ਇਨ੍ਹਾਂ ਸਰੋਵਰਾਂ ਦੀ ਖੁਦਵਾਈ ਦੌਰਾਨ ਕਾਰੀਗਰਾਂ, ਮਿਸਤਰੀਆਂ, ਦਿਹਾੜੀਦਾਰਾਂ ਆਦਿ ਲੋੜਵੰਦਾਂ ਨੂੰ ਰੋਜ਼ਗਾਰ ਦਾ ਮੌਕਾ ਵੀ ਪ੍ਰਦਾਨ ਕੀਤਾ। ਇੰਨੇ ਥੋੜੇ ਸਮੇਂ ਦੌਰਾਨ ਪੰਜ ਸਰੋਵਰ ਤਿਆਰ ਹੋਣ ਦਾ ਕਾਰਨ ਇਸ ਨਗਰੀ ਦੀ ਬੜੀ ਰਫ਼ਤਾਰ ਨਾਲ ਹੋ ਰਹੀ ਤਰੱਕੀ ਵੱਲ ਇਸ਼ਾਰਾ ਸੀ। ਜਿਸ ਸਬੰਧੀ ਗੁਰੂ ਫੁਰਮਾਣ ਹੈ:

ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ।।[56]

ਗੁਰੂ ਸਾਹਿਬਾਨ ਨੇ ਸਮਾਜ ਵਿਚ ਪ੍ਰਚਲਿਤ ਊਚ-ਨੀਚ ਤੇ ਜਾਤੀ ਸੁਚ-ਭਿਟ ਦੀ ਰੀਤੀ ਦਾ ਖੰਡਨ ਕਰਦੇ ਹੋਏ ਪ੍ਰਾਣੀਆਂ ਨੂੰ ਬਿਨਾਂ ਕਿਸੇ ਭਿੰਨ-ਭੇਦ ਤੋਂ ਇਨ੍ਹਾਂ ਸਰੋਵਰਾਂ ਵਿਚ ਇਸ਼ਨਾਨ ਕਰਨ ਦੀ ਆਗਿਆ

ਦਿੱਤੀ। ਇਸ ਤੋਂ ਇਲਾਵਾ ਗੁਰੂ ਹਰਿਗੋਬਿੰਦ ਜੀ ਨੇ ਬਿਬੇਕਸਰ ਸਰੋਵਰ ਦੇ ਕੰਢੇ ਗਿਆਨ ਪ੍ਰਾਪਤੀ ਦੇ ਅਭਿਲਾਖੀਆਂ ਨੂੰ ਬਿਨ੍ਹਾਂ ਕਿਸੇ ਭੇਦ-ਭਾਵ ਤੋਂ ਵਿੱਦਿਆ ਹਾਸਲ ਕਰਨ ਦੀ ਆਗਿਆ ਦਿੱਤੀ। ਗੁਰੂ ਕਾਲ ਤੋਂ ਪਹਿਲਾਂ ਵਿੱਦਿਆ ਪ੍ਰਾਪਤ ਕਰਨ ਦਾ ਅਧਿਕਾਰ ਕੇਵਲ ਬ੍ਰਹਾਮਣਾਂ ਪਾਸ ਹੁੰਦਾ ਸੀ। ਇਸ ਤਰ੍ਹਾਂ ਗੁਰੂ ਜੀ ਨੇ ਇਹ ਅਧਿਕਾਰ ਵੀ ਹਰੇਕ ਪ੍ਰਾਣੀ ਦੀ ਝੋਲੀ ਵਿਚ ਪਾ ਕੇ ਸਿੱਖ ਧਰਮ ਦੇ ਪ੍ਰਚਾਰ ਤੇ ਪਸਾਰ ਵਿਚ ਯੋਗਦਾਨ ਪਾਇਆ।

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਗੁਰੂ ਸਾਹਿਬਾਨ ਦੁਆਰਾ ਇਨ੍ਹਾਂ ਸਰੋਵਰਾਂ ਦਾ ਤਿਆਰ ਹੋਣਾ ਬਹੁਪੱਖੀ ਉਪਰਾਲਾ ਸੀ, ਸਮਾਜ ਦੀ ਹਰ ਪੱਖ ਤੋਂ ਕਲਿਆਣ ਕਰਨ ਦੇ ਨਮਿਤ ਇਹ ਸਰੋਵਰ ਤਿਆਰ ਕਰਵਾਏ ਗਏ। ਇਨ੍ਹਾਂ ਸਰੋਵਰਾਂ ਦੇ ਬਣਨ ਨਾਲ ਗੁਰੂ ਸਾਹਿਬਾਨ ਨੇ ਵਿਅਕਤੀਆਂ ਦੀ ਕੇਵਲ ਸਰੀਰਕ ਮੈਲ ਹੀ ਨਹੀਂ ਉਤਾਰੀ ਬਲਕਿ ਜਾਤੀ ਸੁਚ-ਭਿਟ ਦਾ ਖੰਡਨ ਕਰ ਕੇ ਮਨ ਦੀ ਮੈਲ ਵੀ ਦੂਰ ਕੀਤੀ।

- **ਮਸੰਦ ਪ੍ਰਥਾ**

'ਮਸੰਦ' ਸ਼ਬਦ ਫ਼ਾਰਸੀ ਦੇ ਸ਼ਬਦ 'ਮਸਨਦ' ਤੋਂ ਬਣਿਆ ਹੋਇਆ ਹੈ ਜਿਸ ਦਾ ਭਾਵ ਉੱਚੀ ਥਾਂ ਹੈ ਅਤੇ ਇਸ ਲਈ 'ਗੱਦੀ' ਸ਼ਬਦ ਵੀ ਵਰਤਿਆ ਜਾਂਦਾ ਸੀ। ਸਿੱਖ ਪ੍ਰਚਾਰਕ ਜੋ ਗੁਰੂ ਸਾਹਿਬਾਨ ਦੇ ਪ੍ਰਤੀਨਿਧ ਸਨ ਉਨ੍ਹਾਂ ਨੂੰ ਸੰਗਤ ਵਿਚ ਉੱਚੇ ਆਸਣਾਂ ਜਾਂ ਗੱਦੀ ਉੱਤੇ ਬਿਠਾਇਆ ਜਾਂਦੀ ਸੀ ਉਨ੍ਹਾਂ ਨੂੰ ਮਸਨਦ ਜਾਂ ਮਸੰਦ ਕਿਹਾ ਜਾਂਦਾ ਸੀ। ਉਨ੍ਹਾਂ ਨੂੰ ਗੁਰੂ ਜੀ ਦੇ ਨਾਂ ਤੇ, ਜਿਨ੍ਹਾਂ ਨੇ ਇਹ ਸੰਸਥਾ ਚਲਾਈ ਸੀ ਅਤੇ ਜਿਨ੍ਹਾਂ ਦੀ ਉਹ ਪ੍ਰਤੀਨਿਧਤਾ ਕਰਦੇ ਸਨ, ਰਾਮ ਦਾਸ ਵੀ ਕਿਹਾ ਜਾਂਦਾ ਸੀ।[57] ਇਸ ਕਥਨ ਦੇ ਅਧਾਰ ਤੇ ਕਿਹਾ ਜਾ ਸਕਦਾ ਹੈ ਕਿ ਇਹ ਪ੍ਰਥਾ ਗੁਰੂ ਰਾਮਦਾਸ ਜੀ ਦੇ ਸਮੇਂ ਚਾਲੂ ਹੋਈ ਸੀ। ਅਸਲ ਵਿਚ ਇਹ ਮੰਜੀ ਪ੍ਰਥਾ ਦਾ ਹੀ ਵਿਕਸਿਤ ਰੂਪ ਸੀ, ਜਿਸ ਨੂੰ ਗੁਰੂ ਰਾਮਦਾਸ ਜੀ ਨੇ ਮਸੰਦ ਪ੍ਰਥਾ ਦਾ ਨਾਂ ਦਿੱਤਾ ਸੀ। ਇਸ ਗੱਲ ਤੋਂ ਇਹ ਵੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਉਸ ਸਮੇਂ ਸਿੱਖ ਧਰਮ ਬੜੀ ਤੇਜ਼ੀ ਨਾਲ ਪ੍ਰਫੁੱਲਿਤ ਹੋ ਰਿਹਾ ਸੀ।

ਮਸੰਦਾਂ ਦੀ ਚੋਣ ਪਵਿੱਤਰਤਾ, ਵਫ਼ਾਦਾਰੀ ਅਤੇ ਉੱਚੀ ਪਦਵੀ ਦੇ ਆਧਾਰ ਤੇ ਕੀਤੀ ਜਾਂਦੀ ਸੀ।[58] ਗੰਡਾ ਸਿੰਘ ਲਿਖਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖਾਂ ਦੀ ਗਿਣਤੀ ਬਹੁਤ ਵਧ ਚੁੱਕੀ ਸੀ। ਪੰਜਾਬ ਤੋਂ ਬਾਹਰ ਸ਼ਾਇਦ ਹੀ ਕੋਈ ਅਜਿਹਾ ਸ਼ਹਿਰ ਸੀ ਜਿੱਥੇ ਸਿੱਖ ਨਹੀਂ ਸਨ ਰਹਿੰਦੇ।[59] ਇਨ੍ਹਾਂ ਦਾ ਪ੍ਰਮੁੱਖ ਕਾਰਜ ਦੂਰ ਦੁਰਾਡੇ ਬੈਠੀ ਸੰਗਤ ਨੂੰ ਸਿੱਖੀ ਕੇਂਦਰ ਨਾਲ ਜੋੜੀ ਰੱਖਣਾ ਸੀ। ਇਸ ਤੋਂ ਇਲਾਵਾ ਇਹ ਮਸੰਦ ਸਿੱਖੀ

ਸਿਧਾਂਤਾਂ ਦਾ ਵਧ ਚੜ੍ਹ ਕੇ ਪ੍ਰਚਾਰ ਕਰਦੇ ਸਨ, ਦੂਰ ਦੁਰਾਡੇ ਦੀਆਂ ਸੰਗਤਾਂ ਦੁਆਰਾ ਭੇਜੀ ਜਾਂਦੀ ਮਾਇਕ ਭੇਟਾ ਗੁਰੂ ਦਰਬਾਰ ਵਿਚ ਪਹੁੰਚਾਉਂਦੇ ਸਨ। ਪੰਜਵੇਂ ਗੁਰੂ ਦੇ ਸਮੇਂ ਦਸਵੰਧ ਪ੍ਰਥਾ ਸ਼ੁਰੂ ਹੋਣ ਨਾਲ ਸੰਗਤਾਂ ਦੁਆਰਾ ਭੇਜਿਆ ਜਾਂਦਾ ਦਸਵੰਧ ਇਕੱਤਰ ਕਰਨ ਦੀ ਜ਼ਿੰਮੇਵਾਰੀ ਵੀ ਗੁਰੂ ਸਾਹਿਬ ਨੇ ਮਸੰਦਾਂ ਨੂੰ ਹੀ ਸੌਂਪੀ ਸੀ। ਸ਼ੁਰੂਆਤ ਵਿਚ ਤਾਂ ਇਹ ਕਾਰਜ ਪ੍ਰਣਾਲੀ ਸਫਲਤਾ ਪੂਰਵਕ ਕੰਮ ਕਰਦੀ ਰਹੀ ਪਰ ਬਾਅਦ ਵਿਚ ਇਹ ਪਦਵੀ ਜੱਦੀ ਬਣ ਗਈ ਅਤੇ ਸਮੇਂ ਦੀ ਗਰਦਸ਼ ਨਾਲ ਇਹ ਪਦ ਅਯੋਗ ਵਿਅਕਤੀਆਂ ਦੇ ਹੱਥਾਂ ਵਿਚ ਚਲੇ ਜਾਣ ਨਾਲ ਇਸ ਪ੍ਰਣਾਲੀ ਵਿਚ ਨਿਗਾਰ ਆ ਗਿਆ। ਇੱਥੋਂ ਤੱਕ ਕੇ ਨੌਵੇਂ ਪਾਤਸ਼ਾਹ ਦੇ ਸਮੇਂ ਸੀਹੇ ਮਸੰਦ ਨੇ ਗੁਰੂ ਜੀ ਉੱਤੇ ਗੋਲੀ ਚਲਾ ਦਿੱਤੀ ਸੀ। ਇਸ ਗੱਲ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਮਾਇਆ ਵੱਸ ਹੋ ਕੇ ਇਹ ਗੁਰੂ ਨੂੰ ਭੁੱਲ ਗਏ ਸਨ। ਅਖੀਰ ਮਸੰਦਾਂ ਵਿਰੁੱਧ ਸ਼ਿਕਾਇਤਾਂ ਇਤਨੀਆਂ ਵਧ ਗਈਆਂ ਸਨ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਇਹ ਪ੍ਰਥਾ ਖ਼ਤਮ ਕਰਨੀ ਪਈ।[60] ਸੰਗਤਾਂ ਪਾਸ ਹੁਕਮਨਾਮੇ ਭਿਜਵਾ ਦਿੱਤੇ ਕਿ ਮਸੰਦਾਂ ਦਾ ਹੁਕਮ ਨਹੀਂ ਮੰਨਣਾ:

ਦੇਸੀ ਦੇਸ ਹੁਕਮਨਾਮੇ ਲਿਖ ਮੇਵੜੇ ਪਠਾਏ।
ਸਿੱਖ ਗੁਰੂ ਕਾ ਸਿੱਖੀ ਦੀ ਰਹਤਿ ਕਮਾਏ।
ਮਸੰਦ ਮਸੰਦੀਏ ਨੂੰ ਨਹੀਂ ਮੰਨਣਾ।[61]

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਗੁਰੂ ਅਮਰਦਾਸ ਜੀ ਦੁਆਰਾ ਚਲਾਈ ਇਹ ਪ੍ਰਥਾ ਸ਼ੁਰੂ ਵਿਚ ਤਾਂ ਬੜੀ ਕਾਰਗਰ ਸਿੱਧ ਹੋਈ ਪਰ ਸਮੇਂ ਦੀ ਗਰਦਸ਼ ਨਾਲ ਇਹ ਪ੍ਰਥਾ ਦੇ ਸੰਚਾਲਕ ਮਾਇਆ ਵੱਸ ਹੋ ਕੇ ਸੰਗਤਾਂ ਦੁਆਰਾ ਭੇਜੀਆਂ ਭੇਟਾਵਾਂ ਗੁਰੂ ਜੀ ਤੱਕ ਨਾ ਪਹੁੰਚਣ ਦਿੰਦੇ। ਅੰਤ ਸਿੱਖੀ ਮਾਰਗ ਤੋਂ ਭਟਕ ਚੁੱਕੀ ਇਸ ਪ੍ਰਥਾ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਖਤਮ ਕਰ ਦਿੱਤਾ।

- **ਆਦਿ ਗ੍ਰੰਥ ਸੰਪਾਦਨਾ**

ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਬਾਣੀ ਲਿਖਣ ਦਾ ਕਾਰਜ ਆਰੰਭ ਹੋ ਚੁਕਾ ਸੀ। ਗੁਰੂ ਅਰਜਨ ਦੇਵ ਜੀ ਦੇ ਸਮੇਂ ਪੂਰਵਵਰਤੀ ਗੁਰੂ ਸਾਹਿਬਾਨ ਦੀ ਬਾਣੀ ਗੋਇੰਦਵਾਲ ਵਿਖੇ ਗੁਰੂ ਅਮਰਦਾਸ ਜੀ ਦੇ ਪੁੱਤਰ ਬਾਬਾ ਮੋਹਨ ਜੀ ਪਾਸ ਪੋਥੀਆਂ ਦੇ ਰੂਪ ਵਿਚ ਪਈਆਂ ਸਨ। ਇੱਕ ਦਿਨ ਅੰਮ੍ਰਿਤਸਰ ਵਿਖੇ ਸਿੱਖਾਂ ਦੁਆਰਾ ਗੁਰੂ ਜੀ ਪਾਸ ਬੇਨਤੀ ਕੀਤੀ ਕਿ ਕੁਝ ਗੁਰੂ ਘਰ ਦੇ ਵਿਰੋਧੀ ਗੁਰੂ ਨਾਨਕ ਜੀ ਦੇ ਨਾਂ ਹੇਠ ਕੱਚੀ ਬਾਣੀ

ਤਿਆਰ ਕਰ ਰਹੇ ਹਨ। ਗੁਰੂ ਅਮਰਦਾਸ ਜੀ ਇਸ ਸੰਦਰਭ ਵਿਚ ਪਹਿਲਾਂ ਹੀ ਇਸ਼ਾਰਾ ਕਰ ਗਏ ਸਨ ਕਿ ਸਤਿਗੁਰਾਂ ਦੀ ਬਾਣੀ ਤੋਂ ਬਿਨਾਂ ਬਾਕੀ ਸਭ ਕੱਚੀ ਬਾਣੀ ਹੈ:

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥

ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ।[62]

ਸਿੱਖਾਂ ਦੀ ਇਸ ਬੇਨਤੀ ਦਾ ਜ਼ਿਕਰ *ਗੁਰਬਿਲਾਸ ਪਾਤਸ਼ਾਹੀ ਛੇਵੀਂ* ਵਿਚ ਇੰਞ ਮਿਲਦਾ ਹੈ:

ਤਬ ਲੈ ਏਕੁ ਸਿੱਖੁ ਤਹ ਆਯੋ। ਗੁਰ ਅਰਜਨ ਕੋ ਸੀਸੁ ਨਿਵਾਯੋ।

ਹਾਥ ਜੋਰ ਪੁਨਿ ਪ੍ਰਸ਼ਨੁ ਉਚਾਰਾ। ਮੈ ਪ੍ਰਭ ਸਬਦ ਪੜੋਂ ਹਿਤੁ ਧਾਰਾ।

ਭਾਈ ਕੀ ਬਾਣੀ ਹਿਤੁ ਲਾਏ। ਮੈਂ ਪੜਿਹੋਂ ਸਿੱਖ ਐਸ ਅਲਾਏ।[63]

ਗੁਰੂ ਸਾਹਿਬ ਨੇ ਵਿਰੋਧੀਆਂ ਦੀ ਇਸ ਸਾਜਿਸ਼ ਨੂੰ ਨਕਾਰਾ ਕਰਨ ਲਈ ਪੂਰਵਵਰਤੀ ਗੁਰੂ ਬਾਣੀ ਇਕੱਤਰ ਕਰ ਕੇ ਗ੍ਰੰਥ ਤਿਆਰ ਕਰਵਾਉਣ ਦਾ ਮਨ ਬਣਾਇਆ। ਇਸ ਮਿਸ਼ਨ ਦੇ ਤਹਿਤ ਬਾਬਾ ਮੋਹਨ ਜੀ ਪਾਸੋਂ ਪੋਥੀਆਂ ਲੈ ਕੇ ਆਉਣ ਲਈ ਗੁਰੂ ਜੀ ਨੇ ਭਾਈ ਗੁਰਦਾਸ ਜੀ ਨੂੰ ਭੇਜਿਆ, ਪਰ ਮੋਹਨ ਜੀ ਨੇ ਨਾਂਹ ਕਰ ਦਿੱਤੀ। ਦੂਜੀ ਵਾਰ ਬਾਬਾ ਬੁੱਢਾ ਜੀ ਨੂੰ ਭੇਜਿਆ, ਪਰ ਉਹ ਵੀ ਅਸਫਲ ਰਹੇ। ਅੰਤ ਤੀਜੀ ਵਾਰ ਗੁਰੂ ਜੀ ਅੰਮ੍ਰਿਤਸਰ ਤੋਂ ਚੱਲ ਗੋਇੰਦਵਾਲ ਸਾਹਿਬ ਪੁੱਜੇ। ਗੋਇੰਦਵਾਲ ਸਾਹਿਬ ਪਹੁੰਚ ਕੇ ਬਾਬਾ ਮੋਹਨ ਜੀ ਦੇ ਚੁਬਾਰੇ ਹੇਠ ਜਾ ਖੜੇ ਹੋਏ। ਬਾਬਾ ਮੋਹਨ ਜੀ ਨੂੰ ਕਰੀ ਬੇਨਤੀ ਗੁਰਬਾਣੀ ਵਿਚ ਇਉਂ ਦਰਜ ਹੈ:

ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ॥

ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮਸਾਲਾ॥

ਧਰਮਸਾਲ ਅਪਾਰ ਦੈਆਰ ਠਾਕੁਰ ਸਦਾ ਕੀਰਤਨੁ ਗਾਵਹੇ॥

ਜਹ ਸਾਧ ਸੰਤ ਇਕਤ੍ਰ ਹੋਵਹਿ ਤਹਾ ਤੁਝਹਿ ਧਿਆਵਹੇ॥[64] .....

ਅੰਤ ਬਾਬਾ ਮੋਹਨ ਜੀ ਪੋਥੀਆਂ ਦੇਣ ਲਈ ਮੰਨ ਗਏ। ਗੁਰੂ ਜੀ ਨੇ ਪੋਥੀਆਂ ਬੜੇ ਸਤਿਕਾਰ ਸਹਿਤ ਅੰਮ੍ਰਿਤਸਰ ਸਾਹਿਬ ਲੈ ਕੇ ਆਏ। ਹਰਿਮੰਦਰ ਸਾਹਿਬ ਦੇ ਪਾਸ ਸੁੰਦਰ ਸਥਾਨ ਦੇਖ ਕੇ ਬਾਣੀ ਲਿਖਣ ਦਾ ਕਾਰਜ ਅਰੰਭ ਕਰਵਾਇਆ ਗਿਆ। ਸਥਾਨ ਦੇ ਪਾਸ ਹੀ ਸਰੋਵਰ ਖੁਦਵਾਇਆ ਜਿਸ ਦਾ ਨਾਂ 'ਰਾਮਸਰ' ਰੱਖਿਆ। ਇਸ ਸਰੋਵਰ ਸਬੰਧੀ ਜ਼ਿਕਰ ਪਿਛਲੇ ਅਧਿਆਇ ਵਿਚ ਆ ਚੁੱਕਾ ਹੈ। ਇਸ ਤਰ੍ਹਾਂ ਗੁਰੂ ਜੀ ਨੇ ਬਾਣੀ

ਭਾਈ ਗੁਰਦਾਸ ਜੀ ਪਾਸੋਂ ਲਿਖਵਾ ਕੇ 'ਆਦਿ ਗ੍ਰੰਥ' ਦੀ ਸੰਪਾਦਨਾ ਕੀਤੀ। ਪਹਿਲਾ ਪ੍ਰਕਾਸ਼ 1 ਸਤੰਬਰ 1604 ਈ. ਨੂੰ ਸਿੱਖਾਂ ਦੇ ਸੁੰਦਰ ਅਸਥਾਨ 'ਹਰਿਮੰਦਰ ਸਾਹਿਬ' ਵਿਖੇ ਕਰਵਾਇਆ ਗਿਆ।[65]

- **ਮੀਰੀ-ਪੀਰੀ**

ਗੁਰੂ ਹਰਿਗੋਬਿੰਦ ਜੀ ਨੇ ਗੁਰਿਆਈ ਪ੍ਰਾਪਤ ਕਰਨ ਸਮੇਂ ਮੀਰੀ ਅਤੇ ਪੀਰੀ ਨਾਂ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ ਸਨ। ਮੀਰੀ ਰਾਜਸੀ ਤਾਕਤ ਅਤੇ ਪੀਰੀ ਧਾਰਮਿਕ ਤਾਕਤ ਦਾ ਪ੍ਰਗਟਾਵਾ ਕਰਦੀ ਸੀ। ਪਹਿਲੇ ਪੰਜ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਨਾਲ ਰਾਜਸੀ ਤਾਕਤਾਂ, ਸਮਾਜਿਕ ਬੁਰਿਆਈਆਂ, ਫੋਕੇ ਕਰਮ-ਕਾਂਡਾਂ ਦਾ ਵਿਰੋਧ ਕਰਨ ਲਈ ਕਲਮ ਚੁੱਕੀ ਸੀ ਪਰਤੂੰ ਗੁਰੂ ਹਰਿਗੋਬਿੰਦ ਜੀ ਨੇ ਇਨ੍ਹਾਂ ਸਮਾਜ ਵਿਰੋਧੀ ਕਾਰਜਾਂ ਨੂੰ ਸੋਧਣ ਲਈ ਤਲਵਾਰ ਚੁੱਕੀ। ਸਿੱਖਾਂ ਨੂੰ ਹੁਕਮ ਕੀਤਾ ਗਿਆ ਕਿ ਜਦੋਂ ਵੀ ਸਿੱਖ ਗੁਰੂ ਦਰਸ਼ਨਾਂ ਲਈ ਆਉਣ ਤਾਂ ਉਹ ਚੰਗੇ ਸ਼ਸਤਰ ਤੇ ਘੋੜੇ ਭੇਟਾਵਾਂ ਵਜੋਂ ਲਿਆਉਣ। ਗੁਰੂ ਜੀ ਨੇ ਇਹ ਮਹਿਸੂਸ ਕਰ ਲਿਆ ਸੀ ਕਿ ਹੁਣ ਸਿੱਖਾਂ ਨੂੰ ਰਾਜਨੀਤਿਕ ਪੱਖ ਤੋਂ ਯੋਗ ਬਣਾਉਣ ਦਾ ਸਹੀ ਸਮਾਂ ਆ ਗਿਆ ਹੈ। 52 ਜਵਾਨ ਸਿੱਖਾਂ ਨੂੰ ਭਰਤੀ ਕਰ ਕੇ ਅੰਗ ਰੱਖਿਅਕ ਦਲ ਕਾਇਮ ਕੀਤਾ। ਗੰਡਾ ਸਿੰਘ ਅਨੁਸਾਰ, "ਉਨ੍ਹਾਂ ਨੇ ਸਿੱਖਾਂ ਨੂੰ ਬਾਹਰ ਸ਼ਿਕਾਰ ਤੇ ਲਿਜਾ ਕੇ ਇਨ੍ਹਾਂ ਲਈ ਖੇਡਾਂ ਤੇ ਕੁਸ਼ਤੀਆਂ ਦਾ ਪ੍ਰਬੰਧ ਕਰ ਕੇ ਅਤੇ ਜੰਗੀ ਸੰਗੀਤ ਦੇ ਮੁਕਾਬਲੇ ਕਰਵਾ ਕੇ ਉਨ੍ਹਾਂ ਦੇ ਹੌਸਲੇ ਬਰਕਰਾਰ ਰੱਖੇ।"[66] ਗੁਰੂ ਹਰਿਗੋਬਿੰਦ ਜੀ ਦੁਆਰਾ ਮੀਰੀ-ਪੀਰੀ ਦੀਆਂ ਤਲਵਾਰਾਂ ਧਾਰਨ ਕਰਨ ਦੀ ਮਹਿਮਾ ਢਾਡੀ ਨੱਥ ਮੱਲ ਤੇ ਮੀਰ ਅਬਦੁਲ ਨੇ ਆਪਣੀ ਵਾਰ ਵਿਚ ਇਸ ਪ੍ਰਕਾਰ ਕੀਤੀ ਹੈ:

ਦੋ ਤਲਵਾਰੀ ਬੱਧੀਆਂ ਇੱਕ ਮੀਰੀ ਦੀ ਇੱਕ ਪੀਰੀ ਦੀ।
ਇੱਕ ਅਜ਼ਮਤ ਦੀ ਇੱਕ ਰਾਜ ਦੀ, ਇੱਕ ਰਾਖੀ ਕਰੇ ਫ਼ਕੀਰੀ ਦੀ।
ਹਿੰਮਤ ਬਾਂਹਾਂ ਕੋਟ ਗੜ੍ਹ ਦਰਵਾਜ਼ਾ ਬਲਖ ਬਖੀਰ ਦੀ।
ਕੋਟ ਸਿਪਾਹੀ ਨੀਲ ਨਲ, ਮਾਰ ਦੁਸ਼ਟਾਂ ਕਰੇ ਤਾਗੀਰ ਜੀ।[67]

ਜਿੱਥੇ ਗੁਰੂ ਜੀ ਨੇ ਸਿੱਖਾਂ ਨੂੰ ਸਰੀਰਕ ਤੌਰ ਕੇ ਬਲਵਾਨ ਕਰਨ ਲਈ ਯੁੱਧ ਸਿਖਲਾਈ ਦੇਣੀ ਸ਼ੁਰੂ ਕੀਤੀ ਉੱਥੇ ਹੀ ਮਾਨਸਿਕ ਤੌਰ ਤੇ ਚੜ੍ਹਦੀ ਕਲਾ ਵਿਚ ਰੱਖਣ ਲਈ ਵੀਰ ਰਸੀ ਵਾਰਾਂ ਗਾਉਣ ਵਾਲੇ ਢਾਡੀ ਦਰਬਾਰ ਕਾਇਮ ਕੀਤੇ।

- **ਲੋਹਗੜ੍ਹ ਕਿਲ੍ਹਾ (ਅੰਮ੍ਰਿਤਸਰ ਸਾਹਿਬ)**

ਗੁਰੂ ਹਰਿਗੋਬਿੰਦ ਜੀ ਨੇ ਸਮੇਂ ਦੀ ਚਾਲ ਨੂੰ ਪਛਾਣਦੇ ਹੋਏ ਇਸ ਪਵਿੱਤਰਤਾ ਦੇ ਸਿਖਰ ਵਜੋਂ ਜਾਣੇ ਜਾਂਦੇ ਅੰਮ੍ਰਿਤਸਰ ਸ਼ਹਿਰ ਦੀ ਸੁਰੱਖਿਆ ਲਈ ਕਿਲ੍ਹੇਬੰਦੀ ਕਰਵਾ ਕੇ ਕਿਲ੍ਹਾ ਤਿਆਰ ਕਰਵਾਇਆ। ਗੁਰੂ ਜੀ ਦੀ ਦੂਰ ਅੰਦੇਸ਼ੀ ਦਾ ਨਤੀਜਾ ਉਦੋਂ ਨਿਕਲ ਆਇਆ ਜਦੋਂ ਗੁਰੂ ਕੇ ਸਿੱਖਾਂ ਨੇ ਸ਼ਿਕਾਰ ਖੇਡਦੇ ਸਮੇਂ ਸ਼ਾਹ ਜਹਾਨ ਦਾ ਬਾਜ਼ ਫੜ ਲਿਆ ਸੀ। ਮੈਕਾਲਿਫ ਦੇ ਕਥਨ ਅਨੁਸਾਰ ਇਹ ਦੁਰਲੱਭ ਚਿੱਟਾ ਬਾਜ਼ ਬਾਦਸ਼ਾਹ ਨੂੰ ਈਰਾਨ ਦੇ ਰਾਜੇ ਨੇ ਸੁਗਾਤ ਵਜੋਂ ਦਿੱਤਾ ਸੀ।[68] ਇਸ ਘਟਨਾ ਦੇ ਕਾਰਨ ਬਾਦਸ਼ਾਹ ਸ਼ਾਹਜਹਾਨ ਨੇ ਮੁਖਲਸ ਖਾਂ ਦੀ ਅਗਵਾਈ ਹੇਠ ਮੁਗ਼ਲ ਫ਼ੌਜਾਂ ਨੂੰ ਅੰਮ੍ਰਿਤਸਰ ਸਾਹਿਬ 'ਤੇ ਹਮਲਾ ਕਰਨ ਲਈ ਭੇਜਿਆ ਸੀ। ਇਸ ਹਮਲੇ ਦੀ ਖ਼ਬਰ ਲਾਹੌਰ ਦੀ ਸੰਗਤ ਨੇ ਗੁਰੂ ਸਾਹਿਬ ਜੀ ਨੂੰ ਪਹਿਲਾਂ ਹੀ ਪਹੁੰਚਾ ਦਿੱਤੀ ਸੀ। ਜਿਸਦੇ ਤਹਿਤ ਗੁਰੂ ਜੀ ਨੇ ਸ਼ਹਿਰ ਦੀ ਸੁਰੱਖਿਆ ਲਈ ਲੋਹਗੜ੍ਹ ਕਿਲ੍ਹੇ ਵਿਖੇ ਸਾਰੀ ਤਿਆਰੀ ਕਰ ਰੱਖੀ ਸੀ। ਇਸ ਕਿਲ੍ਹੇ ਦੇ ਕਾਰਨ ਗੁਰੂ ਜੀ ਨੂੰ ਜਿੱਤ ਪ੍ਰਾਪਤ ਕਰਨ ਵਿਚ ਅਸਾਨੀ ਹੋਈ। ਕਵੀ ਸੰਤੋਖ ਸਿੰਘ ਅਨੁਸਾਰ:

ਰਣ ਖੇਤ ਫਤੇ ਗੁਰੁ ਏਵ ਪਾਇ। ਪੁਨ ਭਟ ਸੰਭਾਰਿ ਕੀਨਸਿ ਬਨਾਇ।[69]

ਗੁਰੂ ਹਰਿਗੋਬਿੰਦ ਜੀ ਨੇ ਅੰਮ੍ਰਿਤਸਰ ਸ਼ਹਿਰ ਦੀ ਰੱਖਿਆ ਲਈ ਲੋਹਗੜ੍ਹ ਕਿਲ੍ਹੇ ਦਾ ਨਿਰਮਾਣ ਕਰਵਾਇਆ ਸੀ। ਇਹ ਕਿਲ੍ਹਾ ਸਿੱਖ ਧਰਮ ਦਾ ਸਭ ਤੋਂ ਪਹਿਲਾ ਕਿਲ੍ਹਾ ਸੀ। ਇਸ ਕਿਲੇ ਦਾ ਨਿਰਮਾਣ ਗੁਰੂ ਸਾਹਿਬ ਨੇ ਆਪਣੀ ਹਜ਼ੂਰੀ ਵਿਚ ਕਰਵਾਇਆ ਸੀ। *ਮਹਾਨ ਕੋਸ਼* ਦਾ ਰਚੈਤਾ ਲਿਖਦਾ ਹੈ ਕਿ ਗੁਰੂ ਹਰਿਗੋਬਿੰਦ ਜੀ ਨੇ ਅੰਮ੍ਰਿਤਸਰ ਸ਼ਹਿਰ ਦੀ ਰੱਖਿਆ ਲਈ ਸੰ.1686 (1629ਈ.) ਵਿਚ ਲੋਹਗੜ੍ਹ ਕਿਲ੍ਹੇ ਦੀ ਉਸਾਰੀ ਕਰਵਾਈ ਸੀ।[70] ਭਾਈ ਵੀਰ ਸਿੰਘ ਲਿਖਦੇ ਹਨ ਕਿ ਗੁਰੂ ਸਾਹਿਬ ਨੇ ਲਾਹੌਰ ਤੋ ਵਾਪਸ ਆ ਕੇ ਰਾਮਦਾਸ ਪੁਰੇ ਦੀ ਰੱਖਿਆ ਲਈ ਛੋਟਾ ਕੋਟ ਬਣਾਉਣ ਦਾ ਸੋਚਿਆ, ਜਿਸ ਵਿਚ ਬੈਠ ਕੇ ਸਿੱਖ ਸੂਰਮੇ ਨਗਰ ਦੀ ਨਿਗਰਾਨੀ ਰੱਖਣ ਅਤੇ ਜੰਗੀ ਸਮਾਨ ਵੀ ਜਮ੍ਹਾ ਰੱਖ ਸਕਣ। ਇਸ ਕਾਰਜ ਦੀ ਪੂਰਤੀ ਲਈ ਗੁਰੂ ਜੀ ਨੇ ਸੰ.1671 (1614 ਈ.) ਕੋਟ ਲੋਹਗੜ੍ਹ ਰਚਿਆ।[71] *ਸਿੱਖ ਇਤਿਹਾਸ (1469-1765)* ਦੇ ਅਨੁਸਾਰ ਗੁਰੂ ਜੀ ਨੇ ਅੰਮ੍ਰਿਤਸਰ ਸ਼ਹਿਰ ਦੀ ਕਿਲ੍ਹੇਬੰਦੀ ਕਰ ਕੇ ਇਸ ਨੂੰ ਲੋਹਗੜ੍ਹ ਕਿਲ੍ਹੇ ਦਾ ਨਾਮ ਦਿੱਤਾ। ਸਿੱਖ ਸੰਗਤਾਂ ਜੋ ਸ਼ਸਤਰ ਗੁਰੂ ਜੀ ਅੱਗੇ ਭੇਂਟ ਕਰਦੀਆਂ ਸਨ ਉਹ ਸਾਰਾ ਸਮਾਨ ਇਸ ਕਿਲ੍ਹੇ ਵਿਚ ਹੀ ਰੱਖਿਆ ਜਾਂਦਾ ਸੀ।[72]

ਉਕਤ ਵਿਸ਼ਲੇਸ਼ਣ ਵਜੋਂ *ਮਹਾਨ ਕੋਸ਼* ਤੇ *ਅਸ਼ਟ ਗੁਰੂ ਚਮਤਕਾਰ* ਦੀਆਂ ਤਾਰੀਖ਼ਾਂ ਵਿਚ ਤਕਰੀਬਨ 15 ਸਾਲ ਦਾ ਅੰਤਰ ਹੈ। ਇਹ ਵੀ ਹੋ ਸਕਦਾ ਹੈ ਕਿ ਗੁਰੂ ਸਾਹਿਬ ਨੇ ਜਦ ਸੈਨਿਕ ਸੰਗਠਨ ਕੀਤਾ ਤਾਂ ਉਸੇ ਸਮੇਂ ਹੀ ਨਗਰ ਦੀ ਹਿਫ਼ਾਜ਼ਤ ਲਈ ਛੋਟਾ ਕੋਟ ਰਚ ਦਿੱਤਾ ਹੋਵੇ, ਜੋ ਬਾਅਦ ਵਿਚ ਸਮੇਂ ਦਾ ਹਾਲਾਤਾਂ ਨੂੰ ਦੇਖਦੇ ਹੋਏ ਕਿਲ੍ਹੇ ਵਿਚ ਤਬਦੀਲ ਕਰ ਦਿੱਤਾ ਹੋਵੇ। ਇਹ ਵੀ ਹੋ ਸਕਦਾ ਹੈ, ਕਿ ਪਹਿਲਾਂ ਗੁਰੂ ਜੀ ਨੇ ਨਗਰ ਦੀ ਕਿਲ੍ਹੇਬੰਦੀ ਕਰਵਾਈ ਹੋਵੇ ਬਾਅਦ ਵਿਚ ਕਿਲ੍ਹਾ ਲੋਹਗੜ੍ਹ ਤਿਆਰ ਕਰਵਾਇਆ ਹੋਵੇ।

- **ਵਪਾਰਕ ਉੱਨਤੀ**

ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖ ਨੂੰ ਕਿਰਤ ਕਰਨ ਦਾ ਸਿਧਾਂਤ ਬਖਸ਼ਿਆਂ ਤਾਂ ਕਿ ਸਿੱਖ ਕਿਸੇ ਦੂਸਰੇ ਦੇ ਹੱਥਾਂ ਵਲ ਨਾ ਦੇਖੇ ਬਲਕਿ ਆਪ ਦਸਾ ਨੌਂਹਾਂ ਦੀ ਕਿਰਤ ਕਰ ਕੇ ਗ੍ਰਹਿਸਥ ਜੀਵਨ ਬਤੀਤ ਕਰੇ। ਗੁਰੂ ਜੀ ਦੇ ਕਿਰਤ ਕਰੋ ਦੇ ਸਿਧਾਂਤ ਦੇ ਤਹਿਤ ਹੀ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਸਾਹਿਬ ਵਿਖੇ ਕਿਰਤੀਆਂ ਨੂੰ ਵਸਾਇਆ ਸੀ। 52 ਕਿਸਮ ਦੇ ਵੱਖ-ਵੱਖ ਕਿੱਤਿਆਂ ਨਾਲ ਸੰਬੰਧਿਤ ਵਿਅਕਤੀਆਂ ਨੂੰ ਇਸ ਨਗਰੀ ਵਿਚ ਪਹਿਲ ਦੇ ਅਧਾਰ ਤੇ ਵਸਾਇਆ ਗਿਆ। ਇਨ੍ਹਾਂ ਦੇ ਵੱਸਣ ਨਾਲ ਇੱਕ ਪਾਸੇ ਤਾਂ ਅੰਮ੍ਰਿਤਸਰ ਆਰਥਿਕ ਪੱਖੋਂ ਮਜ਼ਬੂਤ ਹੋ ਗਿਆ ਤੇ ਦੂਜਾ ਸਿੱਖਾਂ ਨੂੰ ਕਿਰਤ ਦੀ ਦਾਤ ਪ੍ਰਾਪਤ ਹੋਈ। ਸਿੱਖਾਂ ਨੂੰ ਆਰਥਿਕ ਪੱਖ ਤੋਂ ਮਜ਼ਬੂਤ ਕਰਨ ਹਿਤ ਗੁਰੂ ਜੀ ਨੇ ਉਸ ਸਮੇਂ ਦੇ ਲਾਭਦਾਇਕ ਵਪਾਰ ਜਾਨੀ ਕਿ ਘੋੜਿਆਂ ਦੇ ਵਪਾਰੀ ਬਣਾਇਆ। ਹੁਣ ਸਿੱਖ ਮਾਲਦਾਰ ਵਪਾਰੀ ਬਣ ਗਏ ਤੇ ਗੁਰੂ ਦੀ ਗੋਲਕ ਵਿਚ ਭਾਰੀ ਵਾਧਾ ਹੋਣ ਲੱਗਾ। ਗੋਕਲ ਚੰਦ ਅਨੁਸਾਰ ਹਰ ਹਾਲਤ ਵਿਚ ਵਪਾਰ ਗੁਰੂ ਘਰ ਦੀ ਪੈਸੇ ਨਾਲ ਕੀਤਾ ਜਾਂਦਾ ਸੀ ਇਸ ਕਰ ਕੇ ਲਾਭ ਦਾ ਵੱਡਾ ਹਿੱਸਾ ਪੰਥ ਦੇ ਖ਼ਜ਼ਾਨੇ ਵਿਚ ਜਮ੍ਹਾ ਹੁੰਦਾ ਸੀ।[73]

- **ਮਾਲੀਆ ਮੁਆਫ਼ ਕਰਵਾਉਣਾ**

ਜਦੋਂ ਬਾਦਸ਼ਾਹ ਅਕਬਰ ਲਾਹੌਰ ਤੋਂ ਆਗਰੇ ਨੂੰ ਜਾ ਰਿਹਾ ਸੀ, ਤਾਂ ਦਰਿਆ ਬਿਆਸ ਟੱਪ ਕੇ ਗੁਰੂ ਅਰਜਨ ਦੇਵ ਜੀ ਨਾਲ ਕਰਤਾਰਪੁਰ ਮੇਲ ਹੋਇਆ। ਗੁਰੂ ਜੀ ਦੇ ਦਰਸ਼ਨ ਕਰਨ ਉਪਰੰਤ ਜਦੋਂ ਅਕਬਰ ਨੇ ਆਪਣੇ ਯੋਗ ਸੇਵਾ ਪੁੱਛੀ ਤਾਂ ਉਸ ਕਥਨ ਦਾ ਵਖਿਆਨ *ਖ਼ਲਾਸਤੁਤ ਤਵਾਰੀਖ਼* ਅਨੁਸਾਰ "ਗੁਰੂ ਅਰਜਨ ਦੇਵ ਜੀ ਨੇ ਸਤਿਕਾਰ ਦੇ ਧੰਨਵਾਦ ਦੇ ਤੌਰ ਤੇ ਢੁਕਵੀਂ ਸੁਗਾਤ ਪੇਸ਼ ਕਰ ਕੇ ਇਹ ਬੇਨਤੀ ਕੀਤੀ ਤਿ ਸ਼ਾਹੀ ਫ਼ੌਜ ਦੇ ਠਹਿਰਾਉ ਕਾਰਨ ਪੰਜਾਬ ਵਿਚ ਅਨਾਜ ਦਾ ਭਾਉ ਮਹਿੰਗਾ ਹੋ ਗਿਆ ਸੀ, ਇਸ ਲਈ ਪਰਗਣਿਆਂ ਦਾ ਲਗਾਨ

ਵਧ ਗਿਆ ਸੀ। ਹੁਣ ਫ਼ੌਜ ਦੇ ਚਲੇ ਜਾਣ ਨਾਲ ਅਨਾਜ ਦਾ ਭਾਅ ਸਸਤਾ ਹੋ ਗਿਆ ਹੈ। ਪਰਜਾ ਇੰਨਾ ਲਗਾਨ ਨਹੀਂ ਦੇ ਸਕੇਗੀ। ਅਕਬਰ ਨੇ ਬੇਨਤੀ ਅਨੁਸਾਰ ਮਾਲ ਦੇ ਅਫ਼ਸਰਾਂ ਨੂੰ ਹੁਕਮ ਦਿੱਤਾ ਕਿ ਲਗਾਨ ਦਾ ਛੇਵਾਂ ਭਾਗ ਮੁਆਫ਼ ਕਰ ਦੇਣ ਅਤੇ ਅਹਿਲਕਾਰਾਂ ਨੂੰ ਤਾੜਨਾ ਕਰ ਦੇਣ ਕਿ ਪਰਜਾ ਤੋਂ ਲਗਾਨ ਦਾ ਕੇਵਲ 5/6 ਭਾਗ ਲੈਣ ਅਤੇ ਕਿਸਾਨਾਂ ਨਾਲ ਨਰਮੀ ਦਾ ਵਰਤਾਉ ਕਰਨ, ਕਿਉਂਕਿ ਉਹ ਦੇਸ਼ ਨੂੰ ਸਥਾਪਤੀ ਅਤੇ ਪਕਿਆਈ ਦੇਣ ਦੀ ਜ਼ਿੰਮੇਦਾਰ ਹਨ।"[74]

ਇਸ ਤਰ੍ਹਾਂ ਗੁਰੂ ਸਾਹਿਬ ਨੇ ਲੁਕਾਈ 'ਤੇ ਤਰਸ ਕਰਦੇ ਹੋਏ ਬਾਦਸ਼ਾਹ ਅਕਬਰ ਪਾਸੋਂ ਮਾਲੀਏ 'ਚ ਕਟੌਤੀ ਕਰਵਾਈ। ਜਿਸ ਨਾਲ ਕਿਸਾਨ ਵਰਗ ਦਾ ਬਹੁਤ ਫ਼ਾਇਦਾ ਹੋਇਆ।

- **ਖੂਹ ਅਤੇ ਬਾਗ਼ ਲਵਾਉਣੇ**

ਜਿੱਥੇ ਰੋਜ਼ਮੱਰਾ ਦੀ ਜ਼ਿੰਦਗੀ ਵਿਚ ਸਭ ਤੋਂ ਮਹੱਤਵਪੂਰਨ ਮਨੁੱਖੀ ਲੋੜ ਸਾਫ਼ ਪੀਣ ਵਾਲੇ ਪਾਣੀ ਦੀ ਹੈ, ਉੱਥੇ ਹੀ ਵਾਤਾਵਰਨ ਨੂੰ ਸ਼ੁੱਧਤਾ ਪ੍ਰਦਾਨ ਕਰਨ ਲਈ ਦਰਖ਼ਤਾਂ/ਬੂਟਿਆਂ ਦੀ ਅਹਿਮ ਭੂਮਿਕਾ ਹੁੰਦੀ ਹੈ। ਗੁਰੂ ਸਾਹਿਬਾਨ ਦੁਆਰਾ ਅੰਮ੍ਰਿਤਸਰ ਸ਼ਹਿਰ ਵਿਚ ਸਰੋਵਰਾਂ ਤੋਂ ਇਲਾਵਾ ਕਈ ਖੂਹ ਅਤੇ ਬਾਗ਼ ਵੀ ਲਗਵਾਏ ਗਏ।[75] *ਦਸ ਗੁਰ ਕਥਾ* ਪੁਸਤਕ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਖੂਹ ਅਤੇ ਬਾਗ਼ ਲਗਵਾਏ ਸਨ। ਖੂਹ ਸੰਬੰਧੀ *ਗੁਰਧਾਮ ਸੰਗ੍ਰਹਿ* ਦੇ ਕਰਤਾ ਲਿਖਦਾ ਹੈ ਕਿ ਸੰ.1669 (1612 ਈ.) ਨੂੰ ਅਕਾਲ ਤਖ਼ਤ ਦੇ ਨੇੜੇ ਗੁਰੂ ਜੀ ਨੇ ਖੂਹ ਲਗਵਾਇਆ ਸੀ।[76] ਇਹ ਖੂਹ ਅੱਜ ਵੀ ਅਕਾਲ ਬੁੰਗੇ ਦੇ ਪਾਸ ਸਥਿਤ ਹੈ। ਗੁਰੂ ਨਗਰੀ ਨੂੰ ਵਾਤਾਵਰਨ ਪੱਖੋਂ ਸੁੰਦਰ ਬਣਾਉਣ ਲਈ ਨਗਰ ਦੀ ਦੱਖਣੀ ਦਿਸ਼ਾ ਵੱਲ ਗੁਰੂ ਜੀ ਨੇ ਇੱਕ ਫਲਦਾਰ ਬੂਟਿਆਂ ਵਾਲਾ ਬਾਗ਼ ਵੀ ਲਗਵਾਇਆ ਗਿਆ। *ਮਹਾਨ ਕੋਸ਼* ਦੇ ਲਿਖੇ ਮੁਤਾਬਿਕ ਇਹ ਬਾਗ਼ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤ ਸਰੋਵਰ ਅਤੇ ਕੌਲਸਰ ਸਰੋਵਰ ਦੇ ਮੱਧ ਵਿਚ ਲਗਵਾਇਆ ਸੀ।[77] ਇੱਕ ਖੂਹ ਰਾਮਗੜ੍ਹੀਏ ਬੁੰਗੇ ਅੰਦਰ ਸਥਿਤ ਹੈ, ਜੋ ਦਰਬਾਰ ਸਾਹਿਬ ਪਰਿਕਰਮਾ ਪਾਸ ਮੌਜੂਦ ਹੈ।

ਅੰਮ੍ਰਿਤਸਰ ਸ਼ਹਿਰ ਦੇ ਪੂਰਬੀ ਪਾਸੇ ਗੁਰੂ ਅਰਜਨ ਦੇਵ ਜੀ ਦੁਆਰਾ ਲੁਕਾਈ ਤੇ ਪਰਉਪਕਾਰ ਕਰਨ ਹਿਤ ਛੇ ਹਰਟਾਂ ਵਾਲਾ ਖੂਹ ਲਗਵਾਇਆ ਗਿਆ। ਇਸ ਕਿਸਮ ਦਾ ਵਿਲੱਖਣ ਖੂਹ ਹੋਰ ਕਿਧਰੇ ਦੇਖਣ ਨੂੰ ਨਹੀਂ ਮਿਲਦਾ। *ਗੁਰਬਿਲਾਸ ਪਾਤਸ਼ਾਹੀ-ਛੇਵੀਂ* ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਆਪਣੇ ਪੁੱਤਰ ਹਰਿਗੋਬਿੰਦ (ਗੁਰੂ) ਜੀ ਦੇ ਜਨਮ ਦੀ ਖ਼ੁਸ਼ੀ ਵਿਚ ਇਹ ਖੂਹ ਲਗਵਾਇਆ ਸੀ:

ਬਰੁਨ ਸੁਰੇਸ ਮਹੇਸ ਨ ਧਾਮਾ। ਰੀਝਤ ਦੇਖਿ ਸਭੀ ਨਰ ਬਾਮਾ।

ਗੁਰ ਅਰਜਨ ਜੀ ਤਹਾਂ ਬਸਾਏ। ਸੁੰਦਰ ਕੂਪ ਬਹੁ ਤਹਾਂ ਲਗਾਏ।

ਰਚਿਉ ਛਿਹਰਟਾ ਅਤਿ ਸੁਖਦਾਈ। ਜਾ ਕੀ ਮਹਿਮਾ ਅਧਿਕ ਬਢਾਈ।

ਪੁੱਤਰ ਹੇਤ ਨਾਰੀ ਜੋਊ ਮਾਸ ਮਾਸ ਈਹਾ ਨ੍ਹਾਇ।

ਇਕ ਬਰਸ ਮਹਿ ਸੁਤ ਲਹਿ ਸਿਰੀ ਗੁਰ ਅਸ ਫੁਰਮਾਇ।[78]

ਇਸ ਤਰ੍ਹਾਂ ਛੇਹਰਟਾ ਖੂਹ ਲਗਵਾਉਣ ਤੋਂ ਬਾਅਦ ਪੁੱਤਰ ਪ੍ਰਾਪਤੀ ਦਾ ਵਰ ਵੀ ਬਖ਼ਸ਼ਿਆ। ਇਸ ਤੋਂ ਇਲਾਵਾ ਗੁਰੂ ਜੀ ਨੇ ਵਡਾਲੀ ਪਿੰਡ ਦੇ ਇਰਧ-ਗਿਰਧ ਖੂਹ ਲਗਵਾਏ, ਜੋ ਅੱਜ ਵੀ ਨਗਰ ਵਿਖੇ ਮੌਜੂਦ ਹਨ।[79] ਸਰੋਵਰਾਂ ਵਾਂਗ ਗੁਰੂ ਜੀ ਨੇ ਇਨ੍ਹਾਂ ਖੂਹਾਂ ਤੋਂ ਵੀ ਹਰੇਕ ਵਰਗ ਨੂੰ ਪਾਣੀ ਭਰਨ ਦੀ ਪੂਰਨ ਆਜ਼ਾਦੀ ਦਿੱਤੀ।

ਗੋਕਲ ਚੰਦ ਨਾਰੰਗ ਅਨੁਸਾਰ, "ਅੰਮ੍ਰਿਤਸਰ ਨਗਰ ਦੇ ਵੱਸਣ ਅਤੇ ਗੁਰੂ ਅਰਜਨ ਦੁਆਰਾ ਇਸ ਨੂੰ ਸਰਗਰਮੀ ਦਾ ਅੱਡਾ ਬਣਾਉਣ ਨੇ ਮਾਝੇ ਦੇ ਜੱਟਾਂ ਵਿਚ ਸਿੱਖੀ ਦੇ ਪ੍ਰਚਾਰ ਅੰਦਰ ਕਾਫ਼ੀ ਯੋਗਦਾਨ ਦਿੱਤਾ ਸੀ ਅਤੇ ਹੁਣ ਗੁਰੂ ਸਾਹਿਬ ਵਸੋਂ ਦੇ ਬਿਲਕੁਲ ਵਿਚਕਾਰ ਇੱਕ ਮਹੱਤਵਪੂਰਨ ਕੇਂਦਰ ਸਥਾਪਿਤ ਕਰ ਕੇ, ਨਵੇਂ ਮਤ ਅਤੇ ਵਿਚਾਰਧਾਰਾ ਨੂੰ ਉਨ੍ਹਾਂ ਦੇ ਘਰਾਂ ਤਕ ਲੈ ਗਏ।"[80] ਇਸ ਤਰ੍ਹਾਂ ਕਿਹਾ ਜਾ ਸਕਦੇ ਹੈ ਕਿ ਮਨੁੱਖੀ ਜੀਵਨ ਦੀਆਂ ਲੋੜਾਂ ਨੂੰ ਦੇਖਦੇ ਹੋਏ ਗੁਰੂ ਸਾਹਿਬਾਨ ਦੁਆਰਾ ਅੰਮ੍ਰਿਤਸਰ ਸ਼ਹਿਰ ਵਿਚ ਖੂਹ ਅਤੇ ਬਾਗ਼ ਵੀ ਲਗਵਾਏ ਗਏ ਸਨ।

### ਤਰਨਤਾਰਨ ਸਾਹਿਬ

ਗੁਰੂ ਅਰਜਨ ਦੇਵ ਜੀ ਦੁਆਰਾ ਨਵੇਂ ਨਗਰਾਂ ਦੀ ਉਸਾਰੀ ਦੀ ਮੁਹਿੰਮ ਅਧੀਨ ਮਾਝੇ ਵਿਚ ਇੱਕ ਹੋਰ ਸਿੱਖੀ ਦਾ ਕੇਂਦਰ ਸਥਾਪਿਤ ਕੀਤਾ ਗਿਆ ਸੀ। ਨਗਰ ਦੀ ਸਥਾਪਨਾ ਬਹੁਤ ਹੀ ਵਿਸ਼ਾਲ ਸਰੋਵਰ ਤਿਆਰ ਕਰਵਾ ਕੇ ਕੀਤੀ ਗਈ। ਗੁਰੂ ਸਾਹਿਬ ਦੁਆਰਾ ਇਸ ਨਗਰ ਵਿਚ ਸਿੱਖੀ ਪ੍ਰਚਾਰ ਤੇ ਪਸਾਰ ਹਿਤ ਕੁਸ਼ਟੀਆਂ ਦੇ ਦੁੱਖ ਦੂਰ ਕਰਨ ਲਈ ਕੋਹੜੀ ਘਰ ਤਿਆਰ ਕਰਵਾਇਆ ਗਿਆ ਸੀ ਜਿਸ ਦਾ ਵਰਣਨ ਨਿਮਨਾਨੁਸਾਰ ਹੈ:

- **ਕੋਹੜੀ ਘਰ**

ਸਰੋਵਰ ਦੀ ਪੁਟਾਈ ਸਮੇਂ ਨਗਰ ਵਿਚ ਸਰੀਰਕ ਤੌਰ ਤੇ ਰੋਗੀ ਪ੍ਰਾਣੀ ਗੁਰੂ ਜੀ ਪਾਸ ਆਏ ਸਨ। ਰੋਗੀਆਂ ਦੀ ਫ਼ਰਿਆਦ ਨੂੰ ਕਬੂਲ ਕਰਦੇ ਹੋਏ, ਗੁਰੂ ਸਾਹਿਬ ਨੇ ਇਸ ਸਮਾਜ ਭਲਾਈ ਦੇ ਕਾਰਜ ਲਈ ਨਗਰ ਵਿਚ ਇੱਕ ਕੋਹੜੀ ਘਰ ਤਿਆਰ ਕਰਵਾਇਆ ਸੀ।[81] ਇਸ ਤੋਂ ਇਲਾਵਾ ਰੋਗੀਆਂ ਲਈ ਨਿਵਾਸ ਅਸਥਾਨ ਤਿਆਰ ਕਰਵਾਏ ਅਤੇ ਉਨ੍ਹਾਂ ਦੇ ਇਲਾਜ ਲਈ ਦਵਾਖ਼ਾਨਾ ਵੀ ਬਣਵਾਇਆ ਸੀ।[82] ਗੰਡਾ ਸਿੰਘ ਅਨੁਸਾਰ ਗੁਰੂ ਸਾਹਿਬ ਅਤੇ ਮਾਤਾ ਗੰਗਾ ਜੀ ਆਪ ਕੋੜੀਆਂ ਦੀ ਸੇਵਾ ਕਰਦੇ ਸਨ।[83]

**ਕਰਤਾਰਪੁਰ ਸਾਹਿਬ**

ਦੁਆਬੇ ਇਲਾਕੇ ਵਿਚ ਇਹ ਪਹਿਲਾ ਸਿੱਖੀ ਦਾ ਕੇਂਦਰ ਸੀ ਜਿਸ ਦੀ ਸਥਾਪਨਾ ਗੁਰੂ ਅਰਜਨ ਦੇਵ ਜੀ ਦੁਆਰਾ ਕੀਤੀ ਗਈ ਸੀ। ਇਸ ਨਗਰ ਵਿਚ ਪੰਜਵੇਂ ਤੇ ਛੇਵੇਂ ਗੁਰੂ ਨੇ ਸਿੱਖੀ ਪ੍ਰਚਾਰ ਹਿਤ ਕਾਰਜ ਕਰਵਾਏ ਸਨ। ਕਾਰਜਾਂ ਸੰਬੰਧੀ ਜਾਣਕਾਰੀ ਨਿਮਨਾਨੁਸਾਰ ਹੈ:

- **ਗੰਗਸਰ ਖੂਹ**

ਕਰਤਾਰਪੁਰ ਨਗਰ ਦੀ ਸਥਾਪਨਾ ਕਰਨ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਨੇ ਮਨੁੱਖ ਦੀ ਸਭ ਤੋਂ ਮੁੱਢਲੀ ਜ਼ਰੂਰਤ ਨੂੰ ਪੂਰਾ ਕਰਦਿਆਂ ਕਰਤਾਰਪੁਰ ਸਾਹਿਬ ਵਿਖੇ ਇਕ ਖੂਹ ਲਗਵਾਇਆ ਸੀ। ਪਾਣੀ ਦੀ ਲੋੜ ਪੂਰੀ ਕਰਨ ਲਈ ਮਾਤਾ ਗੰਗਾ ਜੀ ਦੇ ਨਾਂ ਤੇ 'ਗੰਗਸਰ' ਖੂਹ ਤਿਆਰ ਕਰਵਾਇਆ।[84] *ਗੁਰ ਪ੍ਰਤਾਪ ਸੂਰਜ ਗ੍ਰੰਥ* ਅਨੁਸਾਰ ਗੁਰੂ ਜੀ ਨੇ ਇਸ ਖੂਹ ਦਾ ਜਲ ਸ਼ਕਰ ਵਾਂਗ ਮਿੱਠਾ ਹੋਣ ਕਾਰਨ ਇਸ ਦਾ ਨਾਂ 'ਸ਼ਕਰਗੰਗ' ਰੱਖਿਆ:

ਜਥਾ ਜੋਗ ਸਾਦਰ ਮਿਲਿ ਕਰਿ ਕੈ। ਨਦੀ ਬਿਪਾਸਾ ਪਾਰਿ ਉਤਰਿਕੈ।
ਸ਼ਕਰ ਗੰਗ ਜਹਿ ਕੂਪ ਬਨਾਯੋ। ਇਹਾਂ ਆਨਿ ਉਤਰੇ ਸੁਖ ਪਾਯੋ।[85]

*ਗੁਰਧਾਮ ਸੰਗ੍ਰਹਿ* ਦਾ ਕਰਤਾ ਲਿਖਦਾ ਹੈ, ਕਿ ਇਹ ਖੂਹ ਗੁਰੂ ਜੀ ਨੇ ਮਾਤਾ ਗੰਗਾ ਦੇ ਨਾਂ 'ਤੇ ਸੰ.1656 (1599ਈ.) ਲਗਾਇਆ ਅਤੇ ਇਹ ਵਰ ਦਿੱਤਾ ਕਿ ਇੱਥੇ ਇਸ਼ਨਾਨ ਕਰਨ ਵਾਲੇ ਨੂੰ ਗੰਗਾ ਇਸ਼ਨਾਨ ਦਾ ਫਲ ਪ੍ਰਾਪਤ ਕਰੇਗਾ।[86]

## ਸ੍ਰੀ ਹਰਿਗੋਬਿੰਦਪੁਰ

ਇਸ ਨਗਰ ਦੀ ਸਥਾਪਨਾ ਗੁਰੂ ਅਰਜਨ ਦੇਵ ਜੀ ਦੁਆਰਾ ਕੀਤੀ ਗਈ ਸੀ ਪਰ ਬਾਅਦ ਵਿਚ ਨਗਰ ਦਾ ਵਿਕਾਸ ਗੁਰੂ ਹਰਿਗੋਬਿੰਦ ਜੀ ਦੁਆਰਾ ਕਰਵਾਇਆ ਗਿਆ ਸੀ। ਗੁਰੂ ਜੀ ਦੁਆਰਾ ਸੰਗਤਾਂ ਨੂੰ ਗੁਰਬਾਣੀ ਸ਼ੁੱਧ ਪੜ੍ਹਨ ਦੇ ਮਹਾਤਮ ਸੰਬੰਧੀ ਅਹਿਮ ਘਟਨਾ ਸਾਹਮਣੇ ਆਉਂਦੀ ਹੈ, ਜਿਸ ਦਾ ਵੇਰਵਾ ਇਸ ਪ੍ਰਕਾਰ ਹੈ:

- **ਸ਼ੁੱਧ ਬਾਣੀ ਪੜ੍ਹਨ ਦਾ ਮਹਾਤਮ**

ਭਾਵੇਂ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਗੁਰਿਆਈ ਕਾਲ ਦੌਰਾਨ ਬਾਣੀ ਨਹੀਂ ਰਚੀ ਪਰ ਅਕਾਲੀ ਬਾਣੀ ਸ਼ੁੱਧ ਪੜ੍ਹਨ ਦਾ ਮਹਾਤਮ ਬਾਰੇ ਭਲੀਭਾਂਤ ਜਾਣੂ ਕਰਵਾਇਆ। ਸ੍ਰੀ ਹਰਿਗੋਬਿੰਦਪੁਰ ਨਿਵਾਸ ਕਰਦੇ ਸਮੇਂ ਇੱਕ ਦਿਨ ਪੱਛਮ ਦੇਸ਼ ਦੀ ਸੰਗਤ ਨਾਲ ਭਾਈ ਸੁਭਾਗਾ ਪੰਜ ਵਧੀਆ ਨਸਲ ਦੇ ਘੋੜੇ ਗੁਰੂ ਜੀ ਨੂੰ ਭੇਟ ਕਰਨ ਲਈ ਲੈ ਕੇ ਆਇਆ। ਗੁਰੂ ਜੀ ਨੇ ਇਨ੍ਹਾਂ ਵਿਚੋਂ ਇੱਕ ਘੋੜਾ ਆਪ ਰੱਖ ਲਿਆ ਤੇ ਤਿੰਨ ਘੋੜੇ ਬਾਬਾ ਗੁਰਦਿੱਤਾ ਜੀ, ਭਾਈ ਬਿਧੀ ਚੰਦ ਅਤੇ ਪੈਂਦੇ ਖਾਂ ਨੂੰ ਦਿੱਤੇ। ਬਚਦਾ ਇੱਕ ਘੋੜਾ ਗੁਰੂ ਜੀ ਨੇ ਤਬੇਲੇ ਵਿਚ ਭੇਜ ਦਿੱਤਾ। ਫਿਰ ਗੁਰੂ ਜੀ ਸੰਗਤਾਂ ਨੂੰ ਉਪਦੇਸ਼ ਦੇ ਰਹੇ ਸਨ ਕਿ ਇਕ ਮਨ ਇਕ ਚਿਤ ਪਾਠ ਕਰਨ ਵਾਲੇ ਸਿੱਖ ਨੂੰ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਹੁੰਦੀਆਂ ਹਨ। ਸੁਭਾਵਿਕ ਹੀ ਗੁਰੂ ਸਾਹਿਬ ਨੇ ਕਿਹਾ, "ਕੋਈ ਐਸਾ ਹੈ, ਜੋ ਜਪੁਜੀ ਦਾ ਸ਼ੁੱਧ ਪਾਠ ਸੁਣਾਏ।"[87] ਇਹ ਵੀ ਕਿਹਾ ਕਿ ਸੁਣਾਉਣ ਵਾਲੇ ਨੂੰ ਮਨ-ਇੱਛਤ ਫਲ ਦੀ ਪ੍ਰਾਪਤੀ ਹੋਵੇਗੀ। ਇਹ ਸੁਣ ਕੇ ਸੰਗਤ ਵਿਚੋਂ ਭਾਈ ਗੋਪਾਲ ਉੱਠਿਆ ਤੇ ਉਸ ਨੇ ਗੁਰੂ ਜੀ ਦੀ ਦੁਆਰਾ ਕਹੇ ਅਨੁਸਾਰ ਇੱਕ ਮਨ ਇੱਕ ਚਿੱਤ ਹੋ ਕੇ ਜਪੁਜੀ ਸਾਹਿਬ ਦਾ ਸ਼ੁੱਧ ਪਾਠ ਕਰਨ ਆਰੰਭ ਕੀਤਾ। ਸ਼ੁੱਧ ਪਾਠ ਸੁਣਦੇ ਹੋਏ ਗੁਰੂ ਜੀ ਨੇ ਆਪਣੇ ਮਨ ਹੀ ਮਨ ਭਾਈ ਗੋਪਾਲੇ ਨੂੰ ਗੁਰਿਆਈ ਪ੍ਰਦਾਨ ਕਰਨ ਸਬੰਧੀ ਸੋਚਣ ਲੱਗੇ। ਪਰ ਆਖ਼ਰੀ ਪਉੜੀ ਤੇ ਜਾ ਕੇ ਉਸਦਾ ਮਨ ਤਬੇਲੇ 'ਚ ਖੜੇ ਪੰਜਵੇਂ ਘੋੜਾ ਨੂੰ ਪ੍ਰਾਪਤ ਕਰਨ ਵਿਚ ਖਿੰਡ ਗਿਆ। ਗੁਰੂ ਜੀ ਨੇ ਭਾਈ ਗੋਪਾਲੇ ਦੀ ਮਨ ਦੀ ਇੱਛਾ ਪੂਰੀ ਕਰਨ ਲਈ ਤਬੇਲੇ 'ਚੋ ਘੋੜਾ ਮੰਗਵਾ ਕੇ ਦਿੱਤਾ। ਬਾਅਦ ਵਿਚ ਸੰਗਤਾਂ ਨੂੰ ਇਹ ਸਾਰੀ ਮਨ ਦੀ ਵਾਰਤਾ ਵੀ ਸੁਣਾਈ। ਗੁਰੂ ਜੀ ਨੇ ਆਖਿਆ ਅਸੀਂ ਤਾਂ ਇਸਨੂੰ ਸ਼ੁੱਧ ਪਾਠ ਕਰਨ ਬਦਲੇ ਗੁਰਿਆਈ ਬਖ਼ਸ਼ਣ ਲੱਗੇ ਸੀ। ਪਰ ਇਸਨੇ ਆਪਣਾ ਮਨ ਘੋੜਾ ਪ੍ਰਾਪਤ ਕਰਨ ਵਿਚ ਫਸਾ ਲਿਆ। ਫਿਰ ਵੀ ਦਿਆਲੂ ਗੁਰੂ ਜੀ ਨੇ

ਉਸਦੀ ਇੱਛਾ ਪੂਰੀ ਕੀਤੀ। ਕਵੀ ਸੰਤੋਖ ਸਿੰਘ ਲਿਖਦੇ ਹਨ ਕਿ ਇਸ ਸੁੰਦਰ ਕਾਠੀ ਵਾਲੇ ਘੋੜੇ ਦੀ ਕੀਮਤ ਸਵਾ ਲੱਖ ਸੀ:

ਕਹਿ ਕਰਿ ਸੋ ਘੋਰਾ ਮੰਗਵੀਯੋ। ਸੁੰਦਰ ਜਿਸ ਪਰ ਜ਼ੀਨ ਸੁਹਾਯੋ।

ਸਵਾ ਲਾਖ ਕੀ ਕੀਮਤ ਜਾਂਹੀ। ਹੁਇ ਪ੍ਰਸੰਨ ਬਖ਼ਸ਼ਤਿ ਭੇ ਤਾਂਹੀ।[88]

ਉਪਰੋਕਤ ਸਾਖੀ ਤੋਂ ਸਪਸ਼ਟ ਹੈ ਕਿ ਗੁਰੂ ਜੀ ਨੇ ਸ੍ਰੀ ਹਰਿਗੋਬਿੰਦਪੁਰ ਵਿਖੇ ਸਿੱਖ ਧਰਮ ਦਾ ਪ੍ਰਚਾਰ ਕਰਦੇ ਹੋਏ ਸ਼ੁੱਧ ਬਾਣੀ ਦੇ ਪਾਠ ਦਾ ਅਣਮੁੱਲਾ ਫਲ ਭਾਈ ਗੋਪਾਲੇ ਰਾਹੀਂ ਸਿੱਖ ਸੰਗਤਾਂ ਨੂੰ ਦ੍ਰਿੜ ਕਰਵਾਇਆ।

**ਕੀਰਤਪੁਰ ਸਾਹਿਬ**

ਇਸ ਨਗਰ ਦੀ ਸਥਾਪਨਾ ਗੁਰੂ ਹਰਿਗੋਬਿੰਦ ਜੀ ਦੁਆਰਾ ਕਰਵਾਈ ਗਈ ਸੀ। ਆਪਣੇ ਜੀਵਨ ਦਾ ਅੰਤਲਾ ਸਮਾਂ ਗੁਰੂ ਜੀ ਨੇ ਇਸ ਨਗਰ ਵਿਖੇ ਹੀ ਬਤੀਤ ਕੀਤਾ ਸੀ ਤੇ ਇਹ ਪਹਾੜੀ ਇਲਾਕੇ ਵਿਚ ਸਿੱਖੀ ਦਾ ਕੇਂਦਰ ਬਣਿਆ। ਗੁਰੂ-ਕਾਲ ਦੌਰਾਨ ਸਿੱਖ ਧਰਮ ਦੇ ਪ੍ਰਚਾਰ ਤੇ ਪਸਾਰ ਹਿਤ ਹੋਏ ਪ੍ਰਮੁੱਖ ਕਾਰਜਾਂ ਦਾ ਵੇਰਵਾ ਨਿਮਨਾਨੁਸਾਰ ਹੈ:

- **ਖੂਹ ਲਗਵਾਉਣੇ**

ਗੁਰੂ ਸਾਹਿਬਾਨ ਜਦੋਂ ਨਵਾਂ ਨਗਰ ਵਸਾਉਂਦੇ ਸਨ, ਤਾਂ ਸਭ ਤੋਂ ਪਹਿਲਾਂ ਪੀਣ ਵਾਲੇ ਪਾਣੀ ਦਾ ਯੋਗ ਪ੍ਰਬੰਧ ਕਰਦੇ ਸਨ। ਪਾਣੀ ਦੀ ਸਹੂਲਤ ਪ੍ਰਦਾਨ ਕਰਨ ਲਈ ਗੁਰੂ ਹਰਿਗੋਬਿੰਦ ਜੀ ਦੁਆਰਾ ਇਸ ਨਗਰ ਵਿਚ ਖੂਹ ਲਗਵਾਇਆ ਗਿਆ।[89] ਇਸ ਤੋਂ ਇਲਾਵਾ ਸੰਗਤਾਂ ਦੀ ਮੰਗ ਤੇ ਕੀਰਤਪੁਰ ਦੇ ਆਸ-ਪਾਸ ਵੀ ਖੂਹ ਲਗਵਾਏ। ਗਿਆਨੀ ਗਿਆਨ ਸਿੰਘ ਅਨੁਸਾਰ ਗੁਰੂ ਜੀ ਨੇ ਪਹਿਲਾ ਖੂਹ ਲਵਾਇਆ ਜੋ ਬਾਅਦ ਵਿਚ ਕਲਯਾਨਪੁਰ ਪਿੰਡ ਸਮੇਤ ਲੋਹੜ ਨਦੀ ਵਿਚ ਰੁੜ ਗਿਆ ਸੀ। ਦੂਜਾ ਪਾਇਲ, ਤੀਜਾ ਕੋਟਲੇ, ਚੌਥਾ ਅਨੰਦਪੁਰ ਤੇ ਕੀਰਤਪੁਰ ਦੇ ਵਿਚਕਾਰ। ਇਹ ਵੀ ਲਿਖਿਆ ਹੈ ਕਿ ਇਹ ਚਾਰੇ ਪਿੰਡ ਗੁਰੂ ਜੀ ਨੂੰ ਰਾਜੇ ਤਾਰਾ ਚੰਦ ਨੇ ਮਾਫ਼ੀ ਤੇ ਦਿੱਤੇ ਸਨ।[90]

- **ਦਵਾਖ਼ਾਨਾ**

ਗੁਰੂ ਸਾਹਿਬਾਨ ਨੇ ਜਿੱਥੇ ਆਪਣੇ ਸਿਧਾਂਤਾਂ ਰਾਹੀਂ ਲੁਕਾਈ ਦੇ ਮਾਨਸਿਕ ਰੋਗਾਂ ਦਾ ਨਾਸ਼ ਕੀਤਾ ਉੱਥੇ ਹੀ ਸਰੀਰਕ ਰੋਗਾਂ ਦੇ ਖ਼ਾਤਮੇ ਲਈ ਦਵਾਖ਼ਾਨੇ ਖੋਲੇ ਸਨ। ਗੁਰੂ ਅਮਰਦਾਸ ਜੀ ਨੇ ਬੜੀ ਉੱਚ ਪੱਧਰ 'ਤੇ

ਦਵਾਖ਼ਾਨਾ ਸ਼ੁਰੂ ਕੀਤਾ ਸੀ ਜਿਸ ਵਿਚ ਕੋਹੜ ਤੇ ਪਾਗਲਪਣ ਦਾ ਵੀ ਇਲਾਜ ਹੁੰਦਾ ਸੀ।[91] ਹਰ ਗੁਰਦੁਆਰੇ ਨਾਲ ਦਵਾਖ਼ਾਨਾ ਰੱਖਣ ਦਾ ਆਮ ਰਿਵਾਜ ਚੱਲ ਪਿਆ ਸੀ।[92] ਗੁਰੂ ਅਰਜਨ ਦੇਵ ਜੀ ਨੇ ਜਦੋਂ ਤਰਨਤਾਰਨ ਸਾਹਿਬ ਵਸਾਇਆ ਸੀ ਤਾਂ ਉਨ੍ਹਾਂ ਨੇ ਵੀ ਉੱਥੇ ਗੁਰਦੁਆਰੇ ਦੇ ਨਾਲ ਕੋਹੜੀ ਘਰ ਬਣਵਾਇਆ ਸੀ। ਨਗਰ ਦੇ ਵਿਕਾਸ ਵਿਚ ਵਾਧਾ ਕਰਦੇ ਹੋਏ ਗੁਰੂ ਜੀ ਨੇ ਕੀਰਤਪੁਰ ਵਿਖੇ ਬਹੁਤ ਵੱਡਾ ਦਵਾਖ਼ਾਨਾ ਤੇ ਸ਼ਫ਼ਾਖ਼ਾਨਾ ਖੋਲਿਆ ਹੋਇਆ ਸੀ। ਕਹਿੰਦੇ ਹਨ ਕਿ ਦਵਾਖ਼ਾਨੇ ਵਿਚ ਐਸੀਆਂ ਦੁਰਲੱਭ ਦਵਾਈਆਂ ਮੌਜੂਦ ਸਨ ਜੋ ਦੇਸ਼ ਦੇ ਹੋਰ ਕਿਸੇ ਹਕੀਮ ਜਾਂ ਸ਼ਾਹੀ ਵੈਦ ਪਾਸ ਨਹੀਂ ਸਨ।[93] ਸਿੱਖ ਇਤਿਹਾਸਕ ਗ੍ਰੰਥਾਂ ਅਨੁਸਾਰ ਸ਼ਾਹਜਹਾਨ ਦੇ ਪੁੱਤਰ ਦਾਰਾ ਸ਼ਕੋਹ ਨੂੰ ਰਾਜਸੀ ਗੱਦੀ ਹਾਸਲ ਕਰਨ ਬਦਲੇ ਔਰੰਗਜ਼ੇਬ ਨੇ ਖਾਣੇ ਵਿਚ ਸ਼ੇਰ ਦੀ ਮੁੱਛ ਦਾ ਵਾਲ ਖਵਾ ਦਿੱਤਾ ਸੀ, ਜਿਸ ਕਾਰਨ ਦਾਰਾ ਸਖ਼ਤ ਬਿਮਾਰ ਪੈ ਗਿਆ ਸੀ। ਸ਼ਾਹਜਹਾਨ ਦੇ ਅਨੇਕਾਂ ਯਤਨਾਂ ਦੇ ਬਾਵਜੂਦ ਦਾਰਾ ਸ਼ਕੋਹ ਦੀ ਹਾਲਤ ਵਿੱਤ ਕੋਈ ਸੁਧਾਰ ਨਾ ਆਇਆ। ਸ਼ਾਹੀ ਹਕੀਮਾਂ ਨੇ ਆਖਿਆ ਜੇਕਰ ਦਸ ਤੋਲੇ ਦੀ ਹਰੜ ਤੇ ਇੱਕ ਮਾਸੇ ਦਾ ਲੌਂਗ ਲੱਭੇ ਤਾਂ ਦਾਰਾ ਸ਼ਕੋਹ ਰਾਜ਼ੀ ਹੋਵੇਗਾ। ਇਸ ਸਰੋਤ ਵਿਚ ਗਿਆਨੀ ਗਿਆਨ ਸਿੰਘ ਪੈਰ ਟਿਪਣੀ ਦਾ ਹਵਾਲਾ ਦਿੰਦਾ ਹੋਇਆ ਲਿਖਿਆ ਹੈ, ਕਿ 4 ਹਰੜਾਂ ਤੇ ਲੌਂਗ 3 ਗਜ ਮੋਤੀ ਕੋਈ ਸੰਤ ਕਿਸੇ ਦੇਸ਼ ਵਿਚੋਂ ਗੁਰੂ ਹਰਿਗੋਬਿੰਦ ਜੀ ਲਈ ਤੋਹਫ਼ਾ ਲਿਆਇਆ ਸੀ।[94] ਜਦ ਇਸ ਕਿਸਮ ਦੇ ਹਰੜ ਅਤੇ ਲੌਂਗ ਦੀ ਭਾਲ ਕਰੀ ਗਈ ਤਾਂ ਦੇਸ਼ ਵਿਚ ਕਿਸੇ ਸ਼ਾਹੀ ਵੈਦ ਜਾਂ ਹਕੀਮ ਪਾਸੋਂ ਇਹ ਪਦਾਰਥ ਨਾ ਮਿਲਿਆ। *ਮਹਿਮਾ ਪ੍ਰਕਾਸ਼* ਅਨੁਸਾਰ:

ਏਕ ਗਜਮੋਤੀ ਕੀ ਤਿਸੁ ਖਾਹਸ। ਹਿੰਦ ਸਗਲ ਮੋ ਕਰੀ ਤਿਲਾਇਸ।

ਬਡੇ ਲੌਂਗ ਅਰੁ ਰਾਇ ਹਰੀੜ। ਖੋਜੇ ਨਹੀਂ ਮਿਲੇ ਕਾਰਜ ਅਤ ਭੀੜ।[95]

ਸਾਰੇ ਪਾਸੇ ਦਵਾਈ ਦੀ ਭਾਲ ਕਰੀ ਗਈ ਪਰ ਕਿਤੋਂ ਵੀ ਇਸ ਕਿਸਮ ਦਾ ਲੌਂਗ ਤੇ ਹਰੜ ਨਾ ਮਿਲਿਆ। ਅੰਤ ਪੀਰ ਹਸਨ ਅਲੀ ਤੇ ਸ਼ੇਖ਼ ਅਬੁ ਗੰਗੋਹੀ ਚਿਸ਼ਤੀ, ਜੋ ਸੰ.1705 (1648 ਈ.) ਨੂੰ ਗੁਰੂ ਹਰਿਰਾਇ ਜੀ ਪਾਸ ਕੀਰਤਪੁਰ ਆਏ ਸਨ, ਉਨ੍ਹਾਂ ਨੇ ਦਸ ਪਾਈ ਕਿ ਗੁਰੂ ਜੀ ਦੇ ਖ਼ਜ਼ਾਨੇ ਵਿਚ ਇਹ ਦੁਰਲੱਭ ਵਸਤਾਂ ਮੌਜੂਦ ਹਨ।[96] *Punjab Under The Mughals* ਅਨੁਸਾਰ ਬਾਦਸ਼ਾਹ ਦਾ ਪੁੱਤਰ ਦਾਰਾ ਸ਼ਿਕੋਹ 1648ਈ. ਨੂੰ ਸਖ਼ਤ ਬਿਮਾਰ ਪੈ ਗਿਆ ਸੀ ਅਤੇ ਇਸ ਦੀ ਜਾਨ ਗੁਰੂ ਜੀ ਦੁਆਰਾ ਭੇਜੀ ਦਵਾਈ ਨਾਲ ਬਚੀ।[97] ਬਾਦਸ਼ਾਹ ਨੇ ਅਹਿਲਕਾਰ ਭੇਜ ਕੇ ਇਹ ਵਸਤਾਂ ਗੁਰੂ ਜੀ ਪਾਸੋਂ ਪ੍ਰਾਪਤ ਕੀਤੀਆਂ। ਦਾਰਾ ਸ਼ਕੋਹ

ਇਨ੍ਹਾਂ ਦਵਾਈਆਂ ਨਾਲ ਤੰਦਰੁਸਤ ਹੋ ਗਿਆ ਅਤੇ ਮਨੋ ਮਨ ਗੁਰੂ ਘਰ ਦਾ ਸ਼ੁਕਰਾਨਾ ਕਰਨ ਲੱਗਾ। ਕਵੀ ਸੰਤੋਖ ਸਿੰਘ ਅਨੁਸਾਰ:

ਸ੍ਰੀ ਗੁਰ ਨਾਨਕ ਸ਼ਾਹ ਕੋ ਘਰ ਮਹਦ ਮਹਾਨਾ।

ਲਾਖਹੁਂ ਅਜ਼ਮਤਿ ਜੁਤਿ ਕਰੇ ਦੇ ਗਯਾਨ ਨਿਧਾਨਾ।[98]

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ, ਕਿ ਗੁਰੂ ਸਾਹਿਬ ਨੇ ਬਿਨ੍ਹਾਂ ਕਿਸੇ ਵੈਰ-ਵਿਰੋਧ ਦੀ ਭਾਵਨਾ ਨਾ ਰੱਖਦੇ ਹੋਏ ਇਹ ਦੁਰਲੱਭ ਵਸਤਾਂ ਦਿੱਤੀਆਂ। ਭਾਵੇਂ ਬਾਦਸ਼ਾਹ ਸ਼ਾਹਜਹਾਨ ਨੇ ਗੁਰੂ ਹਰਿਗੋਬਿੰਦ ਜੀ ਵਿਰੁੱਧ ਅੰਮ੍ਰਿਤਸਰ ਸ਼ਹਿਰ ਤੇ ਹਮਲਾ ਕੀਤਾ ਸੀ, ਪਰ ਫਿਰ ਵੀ ਗੁਰੂ ਜੀ ਨੇ ਕਿਸੇ ਪ੍ਰਕਾਰ ਦਾ ਭਿੰਨ-ਭੇਦ ਨਾ ਕੀਤਾ। ਇਸ ਤਰ੍ਹਾਂ ਇਹ ਘਟਨਾਵਾਂ ਗੁਰੂ ਮਹਾਰਾਜ ਦੇ ਹਲੇਮੀ ਰਾਜ ਦੀ ਗਵਾਹੀ ਭਰਦੀਆਂ ਹਨ।

- **ਨੌਂ ਲੱਖਾ ਬਾਗ਼**

ਗੁਰੂ ਜੀ ਦੇ ਕੋਮਲ ਹਿਰਦੇ ਪ੍ਰਤੀ ਸਾਰੇ ਇਤਿਹਾਸਕਾਰ ਗਵਾਹੀਆਂ ਭਰਦੇ ਹਨ ਕਿ ਜਦੋਂ ਗੁਰੂ ਜੀ ਦੇ ਚੋਲੇ ਨਾਲ ਖਹਿ ਕੇ ਫੁੱਲ ਟੁੱਟ ਗਿਆ ਸੀ ਤਾਂ ਉਸ ਤੋਂ ਬਾਅਦ ਗੁਰੂ ਜੀ ਸਾਰੀ ਉਮਰ ਚੋਲਾ ਸੰਭਾਲ ਕੇ ਤੁਰੇ। ਕਵੀ ਸੰਤੋਖ ਸਿੰਘ ਲਿਖਦੇ ਹਨ ਕਿ ਗੁਰੂ ਹਰਿਰਾਇ ਜੀ 100 ਪੱਲਿਆਂ ਵਾਲਾ ਜਾਮਾ ਪਹਿਨਦੇ ਸਨ:

ਸ਼ਤਪਾਲਨ ਕੋ ਸੂਖਮ ਜਾਮਾ। ਨਿਤ ਪ੍ਰਤਿ ਪਹਿਰਹਿ ਬਹੁ ਅਭਿਰਾਮਾ।[99]

ਆਪਣੇ ਗੁਰਿਆਈ ਕਾਲ ਦੌਰਾਨ ਗੁਰੂ ਜੀ ਨੇ ਕੀਰਤਪੁਰ ਨੂੰ ਹੋਰ ਸੁੰਦਰ ਨਕਸ਼ਾ ਪ੍ਰਦਾਨ ਕਰਨ ਲਈ 52 ਬਾਗ਼ ਲਗਵਾਏ ਸਨ।[100] ਕੀਰਤਪੁਰ ਨੂੰ ਹੋਰ ਵਧੇਰੇ ਸੁੰਦਰਤਾ ਪ੍ਰਦਾਨ ਕਰਨ ਲਈ ਇਸ ਨਗਰ ਵਿਚ ਬਾਗ਼ ਲਗਵਾਏ ਸਨ। ਬਚਪਨ ਤੋਂ ਹੀ ਗੁਰੂ ਜੀ ਦਾ ਕੋਮਲ ਹਿਰਦਾ ਜਾਨਵਰਾਂ, ਪੰਛੀਆਂ, ਫੁੱਲਾਂ ਆਦਿ ਪ੍ਰਤੀ ਪ੍ਰੇਮ ਨਾਲ ਭਰਿਆ ਹੋਇਆ ਸੀ। ਜਿਸ ਵਿਚ ਭਾਂਤ ਭਾਂਤ ਦੀਆਂ ਜੜੀਆਂ ਬੂਟੀਆਂ ਅਤੇ ਫਲਾ ਫੁੱਲਾਂ ਵਾਲੇ ਬੂਟੇ ਮੌਜੂਦ ਸਨ। ਕਵੀ ਸੰਤੋਖ ਸਿੰਘ ਅਨੁਸਾਰ:

ਏਕ ਦਿਵਸ ਸ੍ਰੀ ਹਰਿਗੋਬਿੰਦ। ਪਹੁੰਚੇ ਉਪਬਨ ਪਿਖਿਨਿ ਬਿਲੰਦ।

ਖਰੇ ਜਹਾਂ ਬਹੁ ਤਰੁਵਰੁ ਜਾਤੀ। ਚੰਪਕ, ਰਾਇ ਬੇਲ ਬਹੁ ਭਾਂਤੀ।

ਆਰੂ, ਆਮਰੂਦ, ਤਰੁ ਅੰਬ। ਨਿੰਬੂ, ਕਦਲੀ ਖਰੇ ਕਦੰਬ।

ਦਾਰਮ, ਸੇਉ, ਫਾਰਸੇ, ਖਿਰਨੀ। ਫੂਲਨ ਡਾਰੀ ਬਹੁ ਬਿਧਿ ਬਰਨੀ।

ਕਠਲ, ਬਠਲ, ਨੌਰੰਗੀ ਸੁੰਦਰ। ਇੱਤਯਾਦਿਕ ਤਰੁ ਉਪਬਨ ਅੰਦਰ।

ਰਾਇਜੋਧ ਅਰੁ ਭਾਨਾ ਸੰਗ। ਵਹਿਰ ਉਤਰਿ ਤਜਿ ਦਏ ਤੁਰੰਗ।[101]

*ਗੁਰਬਿਲਾਸ ਪਾਤਸ਼ਾਹੀ 10* ਦਾ ਕਰਤਾ ਲਿਖਦਾ ਹੈ, ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਇਸ ਨਗਰੀ ਵਿਚ ਆਏ ਸਨ ਤਾਂ ਨਗਰ ਦੀ ਸੁੰਦਰਤਾ ਨੂੰ ਦੇਖਦੇ ਹੋਏ ਸਿੱਖਾਂ ਨੂੰ ਪੁੱਛਦੇ ਹਨ ਕਿ ਇਨ੍ਹੇਂ ਸੁੰਦਰ ਬਾਗ਼ ਕਿਸ ਨੇ ਲਗਵਾਏ ਹਨ। ਸਿੱਖਾਂ ਨੇ ਉੱਤਰ ਦਿੰਦੇ ਹੋਏ ਕਿਹਾ, ਕਿ ਇਹ ਸੁੰਦਰਤਾ ਗੁਰੂ ਹਰਿਰਾਇ ਜੀ ਦੁਆਰਾ ਇਸ ਨਗਰ ਨੂੰ ਪ੍ਰਦਾਨ ਕੀਤੀ ਗਈ ਹੈ:

ਕੀਰਤਪੁਰੀ ਅਜਬ ਅਸਥਾਨਾ। ਜਸੁ ਸਮ ਚੌਦਹ ਲੋਕ ਨ ਆਨਾ।

ਗਿਰਦ ਗਿਰੋਵਰ ਮਧਿ ਸੁ ਨਗਰੀ। ਦੇਸ ਕੇ ਬੀਚ ਉਜਗਰੀ।

ਸੁੰਦਰ ਸਤਿ ਗੰਗਾ ਤਟ ਜਾਕੇ। ਔਰ ਠੌਰ ਸਮ ਤੁਲ ਨ ਤਾਕੇ।

ਅਦਭੁਤ ਦਿਪਤ ਬਾਗ ਬਰ ਸੋਹੈ। ਦੇਖਨ ਹਾਰਨ ਕੋ ਮਨ ਮੋਹੈ।

ਬਟ ਪੀਪਰ ਕਦਲੀ ਜਿਹ ਥਾਨੈ। ਖਿਰਨੀ ਦਾਰਮ ਸੇਉ ਫੁਰਾਨੇ।

ਨਾਰੰਗੀ ਅਮਰੂਤ ਬਿਚਛਨ। ਖਾਟੋ ਮੀਠੇ ਆਂਬ ਸੁ ਲਛਨ।

ਸ੍ਰੀ ਫਲ ਜੁਗਲ ਜਾਮਨੂ ਰਾਜੈ। ਮਰੂਆ ਚੰਬਾ ਫੂਲ ਬਿਰਾਜੈ।

ਗੇਂਦਾ ਕਲਗਾ ਹਾਰ ਸਿੰਗਾਰਾ। ਜੁਹੀ ਬਿਧੂਪ ਮਾਲਤੀ ਕਿਯਾਰਾ।

ਨਵਲਖਾ ਜਿਹਾ ਬਾਗ ਬਿਰਾਜੈ। ਨਿਰਖ੍ਯੋ ਆਪ ਗਰੀਬ ਨਿਵਾਜੈ।

ਪੂਛਤ ਭੇ ਯਾਹ ਕਵਨ ਲਗਾਯੋ। ਸਿਖਨ ਤਟ ਸਭ ਭੇਦ ਸੁਨਾਯੋ।

ਖਟ ਸਪਤਮ ਪ੍ਰਭ ਜੂ ਪਤਿਸਾਹੀ। ਕੌਤਕ ਕੀਨ ਸੁ ਅਧਿਕ ਹਿਯਾਹੀ।

ਭਿੰਨ ਭਿੰਨ ਸਭ ਹੀ ਅਸਥਾਨਾ। ਨਿਰਖਤ ਭਏ ਨਾਥ ਭਗਵਾਨਾ।[102]

- **ਰੱਖ (Sanctuary)**

ਗੁਰੂ ਜੀ ਜਦ ਜੰਗਲ ਵਿਚ ਸ਼ਿਕਾਰ ਖੇਡਣ ਜਾਂਦੇ ਸਨ ਤਾਂ ਜਾਨਵਰ ਜਿਉਂਦੇ ਹੀ ਫੜ ਕੇ ਲਿਆਉਂਦੇ। ਜਾਨਵਰਾਂ ਦੀ ਸਾਂਭ ਸੰਭਾਲ ਲਈ ਕੀਰਤਪੁਰ ਵਿਖੇ ਰੱਖ (Sanctuary) ਤਿਆਰ ਕਰਵਾਇਆ ਹੋਇਆ ਸੀ। ਕੀਰਤਪੁਰ ਨਗਰ ਦਾ ਇਲਾਕਾ ਆਲੇ-ਦੁਆਲੇ ਜੰਗਲ ਨਾਲ ਭਰਪੂਰ ਸੀ, ਇਸ ਕਰਕੇ ਜੰਗਲੀ ਜਾਨਵਰ

ਬਹੁਤਾਤ ਵਿਚ ਪਾਏ ਜਾਂਦੇ ਹਨ। ਪ੍ਰਿੰ. ਸਤਿਬੀਰ ਸਿੰਘ ਲਿਖਦੇ ਹਨ ਕਿ ਗੁਰੂ ਜੀ ਨੇ ਅਜਿਹੇ ਜਾਲ ਤਿਆਰ ਕਰਵਾਏ ਸਨ ਜਿੰਨ੍ਹਾਂ ਵਿਚ ਜਾਨਵਰ ਜਿਉਂਦਾ ਫੜਿਆ ਜਾਂਦਾ ਸੀ। ਜੰਗਲੀ ਜਾਨਵਰ ਇੰਨੇ ਪਿਆਰ ਨਾਲ ਪਾਲੇ ਜਾਂਦੇ ਕਿ, ਇੱਕੋ ਘਾਟ ਤੋਂ ਸੂਰ, ਹਿਰਨ, ਬਘਿਆੜ, ਸਹੇ ਆਦਿਕ ਜਾਨਵਰ ਪਾਣੀ ਪਿੰਦੇਂ।[103] ਇਹ ਬਿਰਤਾਂਤ ਵੀ ਗੁਰੂ ਜੀ ਦੇ ਕੋਮਲ ਹਿਰਦੇ ਦੀ ਗਵਾਹੀ ਭਰਦਾ ਹੈ, ਇਤਿਹਾਸ ਵਿਚ ਜਾਨਵਰਾਂ ਪ੍ਰਤੀ ਅਜਿਹਾ ਰਵੱਈਆ ਦੇਖਣ ਵਿਚ ਨਹੀਂ ਆਉਂਦਾ। ਗੁਰੂ ਹਰਿਰਾਇ ਜੀ ਨੇ ਲੰਗਰ ਪ੍ਰਥਾ ਦਾ ਵਿਸਥਾਰ ਕਰਦੇ ਹੋਏ ਕੀਰਤਪੁਰ ਸਾਹਿਬ ਵਿਖੇ ਲੰਗਰ ਵਰਤਾਉਣ ਤੋਂ ਪਹਿਲਾ ਨਗਾਰਾ ਵਜਾਉਣ ਦੀ ਰੀਤ ਚਲਾਈ ਸੀ।[104]

**ਅਨੰਦਪੁਰ ਸਾਹਿਬ**

ਸ਼ਿਵਾਲਿਕ ਪਹਾੜੀਆਂ ਦੀ ਜੜ੍ਹ ਵਿਚ ਮੌਜੂਦ ਅਨੰਦਪੁਰ ਸਾਹਿਬ ਦੀ ਸਥਾਪਨਾ ਗੁਰੂ ਤੇਗ ਬਹਾਦਰ ਜੀ ਨੇ ਕੀਤੀ ਸੀ ਪਰ ਇਸ ਨਗਰੀ ਨੂੰ ਵਿਕਸਿਤ ਰੂਪ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਦਾਨ ਕੀਤਾ। ਗੁਰੂ ਕਾਲ ਦੌਰਾਨ ਇਸ ਨਗਰੀ ਵਿਚ ਸਿੱਖ ਧਰਮ ਦੇ ਵਾਧੇ ਤੇ ਵਿਕਾਸ ਲਈ ਹੋਏ ਪ੍ਰਮੁੱਖ ਕਾਰਜਾਂ ਦਾ ਵੇਰਵਾ ਇਸ ਪ੍ਰਕਾਰ ਹੈ:

- **ਕਿਲ੍ਹਿਆਂ ਦੀ ਉਸਾਰੀ**

ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੀ ਭੂਮੀ ਨੂੰ ਹਰ ਪੱਖ ਤੋਂ ਵਿਕਸਿਤ ਕਰਨ ਦਾ ਕਾਰਜ ਕੀਤਾ। ਮੁਗ਼ਲ ਰਾਜ ਦੀ ਖੋਟੀ ਨੀਯਤ ਨੂੰ ਪਛਾਣਦੇ ਹੋਏ ਨਗਰ ਦੀ ਹਿਫ਼ਾਜ਼ਤ ਕਰਨ ਲਈ ਕਿਲ੍ਹਿਆਂ ਦੀ ਉਸਾਰੀ ਕਰਵਾਈ। ਇਹ ਕਿਲ੍ਹੇ ਨਗਰ ਨੂੰ ਸਾਰੇ ਪਾਸਿਆਂ ਤੋਂ ਸੁਰੱਖਿਅਤ ਰੱਖਣ ਦੇ ਮੱਦੇਨਜ਼ਰ ਵੱਖ-ਵੱਖ ਦਿਸ਼ਾਵਾਂ ਵਿਚ ਉੱਚੀਆਂ ਪਹਾੜੀਆਂ 'ਤੇ ਉਸਾਰੇ ਗਏ ਸਨ। ਇਸ ਦਾ ਕਾਰਨ ਇਹ ਵੀ ਸੀ ਕਿ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਹਿੰਦੂ ਸਮਾਜ ਨੂੰ ਖ਼ਤਮ ਕਰਨ ਦੇ ਰਾਹ ਤੇ ਤੁਰਿਆ ਹੋਇਆ ਸੀ। ਇਸ ਸਮੇਂ ਦੀ ਚਾਲ ਨੂੰ ਪਛਾਣਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਦੀ ਰੱਖਿਆ ਲਈ ਕਿਲ੍ਹਿਆਂ ਦਾ ਨਿਰਮਾਣ ਕਰਵਾਇਆ। ਗਿਣਤੀ ਸਬੰਧੀ ਵਿਦਵਾਨਾਂ ਵਿਚ ਮਤਭੇਦ ਹੈ। ਗੰਡਾ ਸਿੰਘ ਅਨੁਸਾਰ ਗੁਰੂ ਜੀ ਫਰਵਰੀ 1686 ਈ. ਵਿਚ ਭੰਗਾਣੀ ਦੀ ਲੜਾਈ ਤੋਂ ਬਾਅਦ ਅਨੰਦਪੁਰ ਸਾਹਿਬ ਵਾਪਸ ਆਏ ਸਨ। ਫਿਰ ਉਨ੍ਹਾਂ ਨੇ ਚਾਰ ਕਿਲ੍ਹੇ ਅਨੰਦਗੜ੍ਹ, ਲੋਹਗੜ੍ਹ, ਕੇਸਗੜ੍ਹ ਅਤੇ ਫ਼ਤਿਹਗੜ੍ਹ ਬਣਵਾਏ ਤਾਂ ਜੋ ਪਹਾੜੀ ਰਾਜਿਆਂ ਨੂੰ ਠੱਲ੍ਹ ਪਾਈ ਜਾ ਸਕੇ।[105] ਗਿਆਨੀ ਗਿਆਨ ਸਿੰਘ ਅਨੁਸਾਰ ਸੰ.1745 ਨੂੰ ਗੁਰੂ ਜੀ ਨੇ ਯੁੱਧ ਗਤੀਵਿਧੀਆਂ ਵੱਲ ਵਿਸ਼ੇਸ਼ ਧਿਆਨ ਦਿੱਤਾ। ਨਗਰ ਵਿਚ ਅਨੇਕਾਂ

ਕਾਰੀਗਰ ਬੁਲਾ ਕੇ ਸ਼ਸਤਰ ਤਿਆਰ ਕਰਵਾਉਣ ਵਾਲੇ ਕਾਰਖ਼ਾਨੇ ਲਗਵਾਏ। ਗੋਲਾ ਬਾਰੂਦ ਸਭ ਇੱਥੇ ਹੀ ਤਿਆਰ ਹੋਣ ਲੱਗਾ। ਬੰਦੂਕਾਂ, ਜੰਬੂਰ, ਤੀਰ ਅਤੇ ਤੋਪਾਂ ਆਦਿ ਸ਼ਸਤਰ ਹੁਣ ਅਨੰਦਪੁਰ ਵਿਖੇ ਹੀ ਬਣਨ ਲੱਗੇ ਸਨ। ਉਸ ਸਮੇਂ ਦੀਆਂ ਦੋ ਤੋਪਾਂ ਲਾਹੌਰ ਦੇ ਅਜਾਇਬ ਘਰ ਵਿਚ ਅੱਜ ਵੀ ਮਜੌਦ ਹਨ।[106] ਡਾ.ਸੁਖਦਿਆਲ ਸਿੰਘ ਇਨ੍ਹਾਂ ਕਿਲ੍ਹਿਆਂ ਦੀ ਗਿਣਤੀ ਪੰਜ ਦੱਸਦੇ ਹਨ- ਆਨੰਦਗੜ੍ਹ ਨਾਮੀ ਜੰਗੀ ਕਿਲ੍ਹਾ ਤਿਆਰ ਕਰਵਾਇਆ। ਕਿਲ੍ਹੇ ਦੇ ਨਾਲ ਹੀ ਬਾਉਲੀ ਤਿਆਰ ਕਰਵਾਈ ਗਈ। ਜੰਗ ਦੇ ਦੌਰਾਨ ਇਸ ਬਾਉਲੀ ਵਿਚੋਂ ਹੀ ਪਾਣੀ ਲਿਆ ਜਾਂਦਾ ਸੀ। ਕੁਦਰਤੀ ਗੱਲ ਹੈ ਕਿ, ਕੋਈ ਵੀ ਪ੍ਰਾਣੀ ਭੋਜਨ ਤੋਂ ਬਿਨ੍ਹਾਂ ਬਹੁਤ ਦਿਨ ਰਹਿ ਸਕਦਾ ਹੈ, ਪਰ ਪਾਣੀ ਬਿਨ੍ਹਾਂ ਨਹੀਂ। ਇਸ ਦੇ ਨਾਲ ਹੀ ਚਾਰ ਕਿਲ੍ਹੇ ਹੋਰ ਸਥਾਪਤ ਕੀਤੇ ਗਏ। ਇਹ ਸਨ: ਕਿਲ੍ਹਾ ਲੋਹਗੜ੍ਹ, ਕਿਲ੍ਹਾ ਫ਼ਤਿਹਗੜ੍ਹ, ਕਿਲ੍ਹਾ ਹੋਲਗੜ੍ਹ, ਕਿਲ੍ਹਾ ਤਾਰਾਗੜ੍ਹ।[107] ਇਨ੍ਹਾਂ ਕਿਲ੍ਹਿਆਂ ਦੀ ਹੋਂਦ ਨਾਲ ਗੁਰੂ ਸਾਹਿਬ ਨੇ ਪਹਾੜੀ ਰਾਜਿਆਂ ਅਤੇ ਮੁਗ਼ਲ ਸਰਕਾਰ ਦੇ ਨੱਕ ਵਿਚ ਦਮ ਕਰੀ ਰੱਖਿਆ। ਅਨੇਕਾਂ ਕੋਸ਼ਿਸ਼ਾਂ ਦੇ ਬਾਵਜੂਦ ਵੀ ਉਹ ਗੁਰੂ ਸਾਹਿਬ ‘ਤੇ ਜਿੱਤ ਨਾ ਪ੍ਰਾਪਤ ਕਰ ਸਕੇ। ਬਾਹਰੀ ਹਮਲਿਆਂ ਤੋਂ ਅਨੰਦਪੁਰ ਸਾਹਿਬ ਦੀ ਅਬਾਦੀ ਨੂੰ ਸੁਰੱਖਿਅਕ ਰੱਖਣ ਵਿਚ ਇਨ੍ਹਾਂ ਕਿਲ੍ਹਿਆਂ ਨੇ ਅਹਿਮ ਭੂਮਿਕਾ ਅਦਾ ਕੀਤੀ। ਹਰਜਿੰਦਰ ਸਿੰਘ ਦਿਲਗੀਰ ਆਪਣੀ ਪੁਸਤਕ ‘ਅਨੰਦਪੁਰ ਸਾਹਿਬ’ ਵਿਚ ਇਹਨਾਂ ਕਿਲ੍ਹਿਆਂ ਦੀ ਗਿਣਤੀ ਛੇ ਦੱਸਦਾ ਹੈ। ਲੇਖਕ ਅਨੁਸਾਰ 31 ਮਾਰਚ 1689 ਈ. ਨੂੰ ਗੁਰੂ ਜੀ ਨੇ ਅਨੰਦਪੁਰ ਸਾਹਿਬ ਦੇ ਆਲੇ-ਦੁਆਲੇ ਪੰਜ ਕਿਲ੍ਹੇ ਬਣਾਉਣੇ ਸ਼ੁਰੂ ਕੀਤੇ। ਇਨ੍ਹਾਂ ਕਿਲ੍ਹਿਆਂ ਦੇ ਨਾਮ ਅਨੰਦਗੜ੍ਹ, ਲੋਹਗੜ੍ਹ, ਤਾਰਾਗੜ੍ਹ, ਅਗੰਮਗੜ੍ਹ, ਹੋਲਗੜ੍ਹ। 1689 ਤੋਂ 1690 ਤੱਕ ਇੱਕ ਸਾਲ ਦੇ ਵਿਚ ਇਹ ਕਿਲ੍ਹੇ ਤਿਆਰ ਹੋ ਗਏ। ਇੰਨੇ ਘੱਟ ਸਮੇਂ ਵਿਚ ਪੰਜ ਕਿਲ੍ਹੇ ਤਿਆਰ ਹੋਣੇ ਠੀਕ ਨਹੀਂ ਜਾਪਦਾ ਕਿਉਂਕਿ ਉਨ੍ਹਾਂ ਸਮਿਆਂ ਵਿਚ ਅੱਜ ਦੇ ਮੁਕਾਬਲੇ ਉਸਾਰੀ ਸਾਧਨਾਂ ਦੀ ਬਹੁਤ ਕਮੀ ਸੀ, ਨਵੀਨ ਮਸ਼ੀਨਰੀ ਸੰਦ ਆਦਿ ਚੀਜ਼ਾਂ ਉਸ ਸਮੇਂ ਨਹੀਂ ਸਨ। ਇਸ ਤੋਂ ਇਲਾਵਾ ਗੁਰੂ ਸਾਹਿਬ ਨੇ ਇਹ ਕਿਲ੍ਹੇ ਪੂਰੇ ਮਜ਼ਬੂਤ ਬਣਾਏ ਹੋਣਗੇ ਕਿਉਂਕੇ ਅਨੇਕਾਂ ਹਮਲਿਆਂ ਦੇ ਬਾਵਜੂਦ ਇਹ ਅਟੱਲ ਤੇ ਅਹਿੱਲ ਖੜੇ ਰਹੇ। ਇਸ ਤੋਂ ਬਾਅਦ 1699 ਈ. ਵਿਚ ਕਿਲ੍ਹਾ ਕੇਸਗੜ੍ਹ ਤਿਆਰ ਹੋਇਆ।[108]

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਜੀ ਨੇ ਆਪਣੇ ਕੇਂਦਰ ਨੂੰ ਪੂਰੇ ਯੋਜਨਾਬੰਦ ਤਰੀਕੇ ਨਾਲ ਤਿਆਰ ਕੀਤਾ ਹੋਇਆ ਸੀ।

- **ਸਾਹਿਤਕ ਯੋਗਦਾਨ**

ਅਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੇ ਵੱਖ-ਵੱਖ ਧਰਮਾਂ ਦੇ 52 ਕਵੀਆਂ ਨੂੰ ਰੱਖਿਆ ਹੋਇਆ ਸੀ। ਜਿਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਗੁਰੂ ਜੀ ਕਿਸੇ ਕਿਸਮ ਦੇ ਜਾਤੀ ਭੇਦ ਵਿਚ ਵਿਸ਼ਵਾਸ ਨਹੀਂ ਸਨ ਰੱਖਦੇ ਤੇ ਸਾਹਿਤ ਸਿਰਜਣ ਵਿਚ ਕਿੰਨੀ ਦਿਲਚਸਪੀ ਰੱਖਦੇ ਸਨ। ਗੁਰੂ ਜੀ ਨੇ ਰਾਮ ਸਿੰਘ, ਕਰਮ ਸਿੰਘ, ਗੰਡਾ ਸਿੰਘ, ਵੀਰ ਸਿੰਘ, ਸੋਭਾ ਸਿੰਘ ਪੰਜ ਸਿਘਾਂ ਨੂੰ ਸੰਸਕ੍ਰਿਤ ਸਿੱਖਣ ਲਈ ਬਨਾਰਸ ਭੇਜਿਆ ਸੀ।[109] ਕਵੀਆਂ ਪਾਸੋਂ ਯੋਧਿਆਂ ਦੇ ਪ੍ਰਸੰਗ ਲਿਖਵਾ ਕੇ ਸੰਗਤਾਂ ਨੂੰ ਸੁਣਾਏ ਜਾਂਦੇ ਤਾਂਕਿ ਉਨ੍ਹਾਂ ਵਿਚ ਵੀਰ ਰਸ ਪੈਦਾ ਹੋਵੇ। ਜਿਸ ਨਾਲ ਉਹ ਯੁੱਧ ਦੇ ਮੈਦਾਨ ਵਿਚ ਨਿਰਧੜਕ ਦੁਸ਼ਮਣ ਦਾ ਮੁਕਾਬਲਾ ਕਰ ਸਕਣ।

- **ਖ਼ਾਲਸਾ ਪੰਥ ਦੀ ਸਾਜਨਾ**

ਅਨੰਦਪੁਰ ਸਾਹਿਬ ਦੀ ਧਰਤੀ ਤੇ ਸਿੱਖ ਪੰਥ ਦੇ ਪ੍ਰਚਾਰ ਤੇ ਪਸਾਰ ਹਿਤ ਸਭ ਤੋਂ ਮਹੱਤਵਪੂਰਨ ਕਾਰਜ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖ਼ਾਲਸਾ ਪੰਥ ਦੀ ਸਾਜਨਾ ਸੀ। ਇਸ ਕਾਰਜ ਦੇ ਤਹਿਤ ਗੁਰੂ ਜੀ ਨੇ ਸਿੱਖਾਂ ਨੂੰ ਵੱਖਰੀ ਪਛਾਣ, ਰਹਿਤ ਮਰਯਾਦਾ, ਸਚਿਆਰ ਜੀਵਨ, ਪੰਜ-ਕਕਾਰ ਆਦਿ ਦਾ ਧਾਰਨੀ ਬਣਾਇਆ। ਗੁਰੂ ਨਾਨਕ ਦੇਵ ਜੀ ਦੁਆਰਾ ਜੋ ਲੁਕਾਈ ਦੇ ਸਰਵਪੱਖੀ ਵਿਕਾਸ ਦਾ ਕਾਰਜ ਉਲੀਕਿਆ ਸੀ ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸੰਪੂਰਨ ਕੀਤਾ। ਇਹ ਵਿਲੱਖਣ ਕਾਰਜ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਦੀ ਧਰਤੀ ਤੇ 1699 ਈ. ਦੀ ਵਿਸਾਖੀ ਵਾਲੇ ਦਿਨ ਕੀਤਾ। ਵਿਸਾਖੀ ਵਾਲੇ ਦਿਨ ਗੁਰੂ ਦਰਸ਼ਨਾਂ ਲਈ ਆਉਣ ਦੀ ਪਿਰਤ ਗੁਰੂ ਅਮਰਦਾਸ ਜੀ ਸਿੱਖਾਂ ਵਿਚ ਉਜਾਗਰ ਕਰ ਗਏ ਸਨ, ਉਸਦੇ ਤਹਿਤ ਹੀ 1699 ਈ. ਦੀ ਵਿਸਾਖੀ ਨੂੰ ਸੰਗਤਾਂ ਦਾ ਭਾਰੀ ਇਕੱਠ ਅਨੰਦਪੁਰ ਸਾਹਿਬ ਵਿਖੇ ਇਕੱਤਰ ਹੋਇਆ। ਗੁਰੂ ਜੀ ਦੁਆਰਾ ਪੰਜ ਸੀਸ ਮੰਗ ਕਰਨ ਦੀ ਇੱਛਾ ਕ੍ਰਮਵਾਰ ਭਾਈ ਦਯਾ ਸਿੰਘ, ਭਾਈ ਧਰਮ ਸਿੰਘ, ਭਾਈ ਮੁਹਕਮ ਸਿੰਘ, ਭਾਈ ਸਾਹਿਬ ਸਿੰਘ ਅਤੇ ਭਾਈ ਹਿੰਮਤ ਸਿੰਘ ਨੇ ਪੂਰੀ ਕੀਤੀ। ਅੰਮ੍ਰਿਤ ਦਾ ਬਾਟਾ ਤਿਆਰ ਕਰਕੇ ਇਨ੍ਹਾਂ ਚੁਣੇ ਹੋਏ ਪੰਜ ਸਿੱਖਾਂ ਨੂੰ ਛਕਾਇਆ ਤੇ ਫਿਰ ਇਨ੍ਹਾਂ ਪਾਸੋਂ ਆਪ ਛਕਿਆ। *ਗੁਰਬਿਲਾਸ ਪਾਤਸ਼ਾਹੀ ਦਸਵੀਂ* ਕ੍ਰਿਤ ਕੁਇਰ ਸਿੰਘ ਖ਼ਾਲਸਾ ਪੰਥ ਦੀ ਸਾਜਨਾ ਦਾ ਬਿਰਤਾਂਤ ਪੇਸ਼ ਕਰਦਾ ਲਿਖਦਾ ਹੈ:

ਚੌਪਈ। ਬੀਤੀ ਨਿਸਾ ਭੋਰ ਪ੍ਰਗਟਾਯੋ। ਸ੍ਰੀ ਦਿਨ ਮਣਿ ਚਲ ਤਖਤ ਸੁਹਾਯੋ।

ਪਰਮ ਜੋਤਿ ਸਾਹਿਬ ਸੁਖਦਾਈ। ਬੈਠੇ ਸ੍ਰੀ ਕੇਸਗੜ੍ਹ ਆਈ।

ਅਧਿਕ ਓਪ ਤਾ ਥਾਨ ਸੁਸਾਵੈ। ਕੋਟਿ ਬਦਨ ਕਰ ਅੰਤ ਨ ਪਾਵੈ।

ਆਦਿ ਖਾਲਸਾ ਵਾਸੀ ਜੋਈ। ਅੱਚੁਤ ਵਾਕ ਗੁਰੂ ਕਾ ਸੋਈ।

ਊਚੋ ਪੱਬ ਸੁ ਅਧਿਕ ਬਿਰਾਜੈ। ਤਾ ਪਰ ਸਿੰਘਾਸਨ ਗੁਰ ਛਾਜੈ।

ਸਹਸ ਨਾਰ ਸੁਤਾ ਤਟ ਬਹੈ। ਸੁਰ ਨਰ ਜਾਸ ਦਰਸ ਕੋ ਰਹੈ

ਸਾਤ ਧੁਜਾ ਤਿਹ ਅਦਭੁਤ ਭਾਰੀ। ਸਭ ਸਿਰ ਕੇਸ ਕੋਟ ਅਵਤਾਰੀ।

ਆਦਿ ਰੂਪ ਖਾਲਸੇ ਵਾਸੀ। ਰਿੱਧ ਸਿੱਧਿ ਜਿਹ ਕੋਟਿਕ ਦਾਸੀ।

ਅਜ ਗੈਬੀ ਜਹ ਘੁਰਤ ਨਗਾਰੇ। ਕੋਟਿ ਕਵੀ ਕਹਿ ਸਕਤ ਉਚਾਰੇ।

ਬੈਠੇ ਆਨ ਤਹੀ ਮਹਾਰਾਜਾ। ਅਹੁੱਤ ਅਲਖ ਧਰਨਿ ਸਿਰ ਤਾਜਾ।

ਸੰਗਤਿ ਕੇ ਸੋਧਨ ਮੈ ਆਯੋ। ਅਦਭੁਤ ਤਰ੍ਹਾਂ ਚਰਿਤ੍ਰ ਬਨਾਯੋ।

ਤੰਬੂ ਚਾਰ ਸੁ ਅਧਿਕ ਮੰਗਾਏ। ਭਿੰਨ ਭਿੰਨ ਕਰਤ ਹਾਂ ਲੁਟਾਏ।

ਪਾਂਚ ਅਜਾ ਸੁਤ ਗੁਪਤ ਮੰਗਾਈ। ਤਾ ਮੈ ਦੀਨ ਨਿਸਾ ਬੰਧਵਾਈ।[110]

ਗੋਕਲ ਚੰਦ ਨਾਰੰਗ ਲਿਖਦਾ ਹੈ, "ਪੰਜਾਂ ਵਿਚੋਂ, ਜਿਨ੍ਹਾਂ ਨੇ ਆਪਣੇ ਸਿਰ ਪੇਸ਼ ਕੀਤੇ ਸਨ, ਇੱਕ ਖੱਤਰੀ ਤੇ ਬਾਕੀ ਚਾਰ ਅਖੌਤੀ ਸ਼ੂਦਰ ਸਨ। ਪਰੰਤੂ ਗੁਰੂ ਜੀ ਨੇ ਉਨ੍ਹਾਂ ਨੂੰ ਪੰਜ ਪਿਆਰੇ ਕਿਹਾ ਤੇ ਉਨ੍ਹਾਂ ਨੂੰ ਆਪਣੇ ਭਾਈਚਾਰੇ ਵਿਚ ਦੀਖਿਅਤ ਕਰਨ ਲਈ ਆਪਣੇ ਚਲਾਏ ਢੰਗ ਅਨੁਸਾਰ ਅੰਮ੍ਰਿਤ ਛਕਾਇਆ।"[111]

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੁਆਰਾ ਜੋ ਸਿੱਖ ਦਾ ਸਰੂਪ ਚਿਤਵਿਆ ਗਿਆ ਸੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਕਰ ਕੇ ਉਹ ਸਰੂਪ ਨੂੰ ਮੁਕੰਮਲ ਰੂਪ ਦਿੱਤਾ। 1699 ਈ. ਦੀ ਵਿਸਾਖੀ ਨੂੰ ਗੁਰੂ ਜੀ ਨੇ 80,000 ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ ਸੀ।[112] ਇਸ ਗਲ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਇਸ ਕਾਰਜ ਨੇ ਸਿੱਖ ਧਰਮ ਦੇ ਪ੍ਰਚਾਰ ਤੇ ਪਸਾਰ ਵਿਚ ਅਹਿਮ ਭੂਮਿਕਾ ਨਿਭਾਈ ਤੇ ਇਹ ਮਰਯਾਦਾ ਅੱਜ ਵੀ ਨਿਰੰਤਰ ਚਾਲੂ ਹੈ। ਇਨ੍ਹਾਂ ਸ਼ਹਿਰਾਂ ਅਤੇ ਕਸਬਿਆਂ ਵਿਚਲੇ ਸਿੱਖ ਧਾਰਮਿਕ ਅਸਥਾਨਾਂ ਦੀ ਵਰਤਮਾਨ ਸਥਿਤੀ 'ਤੇ ਅਗਲੇ ਅਧਿਆਇ ਵਿਚ ਚਾਨਣਾ ਪਾਉਣ ਜਾ ਰਹੇ ਹਾਂ।

## ਹਵਾਲੇ ਤੇ ਟਿੱਪਣੀਆਂ

[1] *ਵਾਰਾਂ ਭਾਈ ਗੁਰਦਾਸ ਜੀ,* ਵਾਰ 1, ਪਉੜੀ 38.

[2] ਉਕਤ, ਵਾਰ 1, ਪਉੜੀ 38.

[3] ਉਕਤ, ਵਾਰ 1, ਪਉੜੀ 46.

[4] *ਰਾਮਕਲੀ ਕੀ ਵਾਰ,* ਅੰਗ 967.

[5] ਭਾਈ ਕਾਨ੍ਹ ਸਿੰਘ ਨਾਭਾ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, 2006, ਪੰਨਾ 74.

[6] *ਵਾਰਾਂ ਭਾਈ ਗੁਰਦਾਸ ਜੀ,* ਵਾਰ 1, ਪਉੜੀ 46.

[7] ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼,* ਭਾਗ ਦੂਜਾ (ਖੰਡ ਪਹਿਲਾ), ਜੀ. ਐਸ. ਲਾਂਬਾ (ਸੰਪਾ.), ਭਾਸ਼ਾ ਵਿਭਾਗ, ਪੰਜਾਬ, 2003, ਪੰਨਾ 223.

[8] *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ 687.

[9] *ਮਹਿਮਾ ਪ੍ਰਕਾਸ਼,* ਪੰਨਾ 218.

[10] *ਗੁਰੂ ਗ੍ਰੰਥ ਸਾਹਿਬ,* ਅੰਗ 929-938.

[11] ਗੋਕਲ ਚੰਦ ਨਾਰੰਗ, *ਸਿੱਖ ਮਤ ਦਾ ਪਰਿਵਰਤਨ,* ਗੁਰਚਰਨ ਸਿੰਘ (ਅਨੁ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990, ਪੰਨਾ 22.

[12] Ishwari Prasad, *A Short History of Muslim Rule in India,* Allahabad, p. 654.

[13] *ਮਹਾਨ ਕੋਸ਼,* ਪੰਨਾ 846-47.

[14] ਤੇਜਾ ਸਿੰਘ ਅਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765),* ਭਗਤ ਸਿੰਘ (ਅਨੁ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006, ਪੰਨਾ 23.

[15] *ਮਹਿਮਾ ਪ੍ਰਕਾਸ਼,* ਭਾਗ-ਦੂਜਾ, ਖੰਡ ਪਹਿਲਾ, ਪੰਨਾ 153

[16] ਸਿੱਖ ਇਤਿਹਾਸ (1469-1765), ਪੰਨਾ 22.

[17] ਕਵੀ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਭਾਈ ਵੀਰ ਸਿੰਘ (ਸੰਪਾ.), ਭਾਸ਼ਾ ਵਿਭਾਗ, ਪੰਜਾਬ, 2011, ਰਾਸਿ 1, ਅੰਸੂ 33, ਪੰਨਾ 1454-55,

[18] ਉਕਤ,ਰਾਸਿ 1, ਅਸੂ 30, ਪੰਨਾ 1441.

[19] ਰਤਨ ਸਿੰਘ ਜੱਗੀ*, ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ-ਪਹਿਲਾ),* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ 50.

[20] ਉਕਤ, ਪੰਨਾ 440.

[21] *ਮਹਿਮਾ ਪ੍ਰਕਾਸ਼,* ਭਾਗ ਦੂਜਾ (ਖੰਡ ਪਹਿਲਾ),ਪੰਨਾ 178.

[22] ਸਤਿਬੀਰ ਸਿੰਘ, *ਪਰਬਤੁ ਮੇਰਾਣੁ,* ਨਿਊ ਬੁੱਕ ਕੰਪਨੀ, ਜਲੰਧਰ, 2007, ਪੰਨਾ 99,100.

[23] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਰਾਸਿ 1, ਅੰਸੂ 43, ਪੰਨਾ 1502.

[24] ਉਕਤ, ਰਾਸਿ 1, ਅੰਸੂ 33, ਪੰਨਾ 1454,1455.

[25] *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ 787.

[26] ਉਕਤ, ਅੰਗ 787.

[27] *ਪਰਬਤੁ ਮੇਰਾਣੁ,* ਪੰਨਾ 124,125.

[28] ਸੁਖਦਿਆਲ ਸਿੰਘ, *ਪੰਜਾਬ ਦਾ ਇਤਿਹਾਸ,* ਜਿਲਦ ਪੰਜਵੀਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012, ਪੰਨੇ 91-92.

[29] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਰਾਸਿ 2, ਅੰਸੂ 12, ਪੰਨਾ 1690.

[30] ਉਕਤ, ਰਾਸਿ 2, ਅੰਸੂ 13, ਪੰਨਾ 1691.

[31] ਉਕਤ, ਰਾਸਿ 2, ਅੰਸੂ 12, ਪੰਨਾ 1691.

[32] ਉਕਤ, ਰਾਸਿ 2, ਅੰਸੂ 34, ਪੰਨਾ 1782.

[33] ਗਿਆਨੀ ਕਿਰਪਾਲ ਸਿੰਘ*, ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, 2010, ਪੰਨਾ 19.*

[34] ਤਾਰਾ ਸਿੰਘ ਨਰੋਤਮ*, ਸ੍ਰੀ ਗੁਰੂ ਤੀਰਥ ਸੰਗ੍ਰਹਿ,* ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਕਨਖਲ, 1975, ਪੰਨਾ 43.

[35] *ਮਹਾਨ ਕੋਸ਼, ਪੰਨਾ 77.*

[36] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖ਼ਾਲਸਾ,* ਭਾਗ-ਪਹਿਲਾ, ਭਾਸ਼ਾ ਵਿਭਾਗ, ਪੰਜਾਬ, 2009, *ਪੰਨਾ 388.*

[37] ਸਾਹਿਬ ਸਿੰਘ*, ਗੁਰ-ਇਤਿਹਾਸ ਪਾਤਸ਼ਾਹੀ 2 ਤੋਂ 9, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰਜਵੀਂ ਵਾਰ 2011, ਪੰਨਾ 148.*

[38] ਗਿਆਨੀ ਕਿਰਪਾਲ ਸਿੰਘ*, ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, 2010, ਪੰਨਾ 19.*

[39] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਪੰਜਵੀਂ, ਰਾਸਿ 2, ਅੰਸੂ 13, ਪੰਨਾ 1691.*

[40] *ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 623.*

[41] *ਉਹੀ, ਜਿਲਦ ਛੇਵੀਂ, ਰਾਸਿ 2, ਅੰਸੂ 40, ਪੰਨਾ 1805.*

[42] *ਵਾਰਾਂ ਭਾਈ ਗੁਰਦਾਸ ਜੀ,* ਵਾਰ1, ਪਉੜੀ 47.

[43] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਜਿਲਦ ਛੇਵੀਂ, ਰਾਸਿ 3, ਅੰਸੂ 40, ਪੰਨਾ 2080.

[44] *ਮਹਾਨ ਕੋਸ਼,* ਪੰਨਾ 77.

[45] *ਗੁਰ ਪ੍ਰਣਾਲੀਆਂ,* ਸਿੱਖ ਹਿਸਟਰੀ ਸੋਸਾਇਟੀ, ਅੰਮ੍ਰਿਤਸਰ (ਮਿਤੀਹੀਣ), ਪੰਨਾ 99.

[46] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਰਾਸ 5, ਅੰਸੂ 22, ਪੰਨਾ 2598.

[47] *ਭਗਤ ਸਿੰਘ,* ਗੁਰ ਬਿਲਾਸ ਪਾਤਸ਼ਾਹੀ-੬, *ਜੋਗਿੰਦਰ ਸਿੰਘ ਵੇਦਾਂਤੀ (ਸੰਪਾ.), ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, 1998 (ਪਹਿਲੀ ਵਾਰ), ਪੰਨਾ 423.*

[48] *ਤਵਾਰੀਖ ਗੁਰੂ ਖ਼ਾਲਸਾ (ਭਾਗ-ਪਹਿਲਾ),* ਪੰਨਾ 460.

[49] ਗਿਆਨੀ ਗਿਆਨ ਸਿੰਘ, *ਗੁਰਧਾਮ ਸੰਗ੍ਰਹਿ,* ਧਰਮ ਪ੍ਰਚਾਰ ਕਮੇਟੀ, ਮਿਤੀਹੀਣ, ਪੰਨਾ 70.

[50] *ਸ੍ਰੀ ਗੁਰੂ ਤੀਰਥ ਸੰਗ੍ਰਹਿ,* ਪੰਨੇ 65-66.

[51] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਰਾਸਿ 5, ਅੰਸੂ 66, ਪੰਨੇ 2774-75.

[52] *ਗੁਰ ਬਿਲਾਸ ਪਾਤਸ਼ਾਹੀ-6,* ਪੰਨਾ 417.

[53] *ਤਵਾਰੀਖ ਗੁਰੂ ਖ਼ਾਲਸਾ (ਭਾਗ-ਪਹਿਲਾ),* ਪੰਨਾ 480.

[54] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਰਾਸਿ 5, ਅੰਸੂ 66, ਪੰਨਾ 2775.

[55] *ਮਹਾਨ ਕੋਸ਼*, ਪੰਨਾ 77.

[56] *ਸ੍ਰੀ ਗੁਰੂ ਗ੍ਰੰਥ ਸਾਹਿਬ*, ਅੰਗ 1362.

[57] *ਸਿੱਖ ਇਤਿਹਾਸ*, ਪੰਨਾ 27.

[58] ਗੋਕਲ ਚੰਦ ਨਾਰੰਗ, *ਸਿੱਖ ਮਤ ਦਾ ਪਰਿਵਰਤਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਗੁਰਚਰਨ ਸਿੰਘ, 1990, ਪੰਨਾ 34, ਫੁਟ ਨੋਟ 1.

[59] *ਸਿੱਖ ਇਤਿਹਾਸ (1469-1765)*, ਪੰਨਾ 26.

[60] *ਸਿੱਖ ਮਤ ਦਾ ਪਰਿਵਰਤਨ*, ਪੰਨਾ 32, ਫੁਟ ਨੋਟ 1.

[61] *ਕੇਸਰ ਸਿੰਘ ਛਿੱਬਰ,* ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆ ਕਾ, *ਰਾਏਜਸਬੀਰ ਸਿੰਘ (ਸੰਪਾ.), ਸਿੰਘ ਬ੍ਰਦਰਜ਼, ਅੰਮ੍ਰਿਤਸਰ, 2005 (ਦੂਜੀ ਵਾਰ). ਪੰਨਾ 99.*

[62] *ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 917-22*

[63] *ਗੁਰਬਿਲਾਸ ਪਾਤਸ਼ਾਹੀ-6, ਪੰਨਾ 56.*

[64] *ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 248.*

[65] ਕਿਰਪਾਲ ਸਿੰਘ ਬਡੂੰਗਰ, *ਜਰਨਲ ਆਫ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀਜ਼*, ਅੰਕ 4, ਪੰਨਾ 9.

[66] *ਸਿੱਖ ਇਤਿਹਾਸ*, ਪੰਨਾ 38

[67] ਕੁਲਦੀਪ ਸਿੰਘ ਧੀਰ, *ਗੁਰੂ ਹਰਿਗੋਬਿੰਦ ਸਾਹਿਬ: ਜੀਵਨ ਤੇ ਪ੍ਰਤਿਭਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰਨਾ 35.

[68] ਮੈਕਸ ਆਰਥਰ ਮੈਕਾਲਿਫ, *ਸਿੱਖ ਇਤਿਹਾਸ,* ਭਾਗ-3, ਗੁਰਚਰਨ ਸਿੰਘ ਔਲਖ (ਅਨੁ.), ਲਾਹੌਰ ਬੁੱਕ ਸ਼ਾਪ, ਲੁਧਿਆਣਾ, 2014, ਪੰਨਾ 72.

[69] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਰਾਸਿ 6, ਅੰਸੂ 16, ਪੰਨਾ 2855.

[70] *ਮਹਾਨ ਕੋਸ਼*, ਪੰਨਾ 77.

[71] ਭਾਈ ਵੀਰ ਸਿੰਘ, *ਸ੍ਰੀ ਅਸ਼ਟ ਗੁਰ ਚਮਤਕਾਰ (ਭਾਗ-3)*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2016. ਪੰਨਾ 21.

[72] *ਸਿੱਖ ਇਤਿਹਾਸ (1469-1765)*, ਪੰਨਾ 38.

[73] *ਸਿੱਖ ਮਤ ਦਾ ਪਰਿਵਰਤਨ*, ਪੰਨਾ 35, ਫੁਟ ਨੋਟ 1.

[74] ਸੁਜਾਨ ਰਾਏ ਭੰਡਾਰੀ, *ਖ਼ੁਲਾਸਤੁਤ ਤਵਾਰੀਖ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000, ਪੰਨਾ 426.

[75] *ਦਸ ਗੁਰ ਕਥਾ,* ਪੰਨਾ 23.

[76] ਗਿਆਨੀ ਗਿਆਨ ਸਿੰਘ, *ਗੁਰਧਾਮ ਸੰਗ੍ਰਹਿ,* ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, ਮਿਤੀਹੀਣ, ਪੰਨਾ 70

[77] *ਮਹਾਨ ਕੋਸ਼*, ਪੰਨਾ 422

[78] *ਗੁਰ ਬਿਲਾਸ ਪਾਤਸ਼ਾਹੀ-6*, ਪੰਨਾ 117.

[79] ਸਰਵੇਖਣ ਦੌਰਾਨ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ.

[80] *ਸਿੱਖ ਮਤ ਦਾ ਪਰਿਵਰਤਨ*, ਪੰਨਾ 32.

[81] ਜੋਧ ਸਿੰਘ, *ਗੁਰੂ ਅਰਜਨ ਦੇਵ : ਸ਼ਹੀਦੀ ਅਤੇ ਰਚਨਾ,* ਪੰਜਾਬੀ ਯੂਨੀਵਰਸਿਟੀ. ਪਟਿਆਲਾ, 2007,ਪੰਨਾ 75.

[82] *ਗੁਰ ਇਤਿਹਾਸ ਦਸ ਪਾਤਸ਼ਾਹੀਆਂ,* ਪੰਨਾ 114; ਜੋਧ ਸਿੰਘ, *ਗੁਰੂ ਅਰਜਨ ਦੇਵ: ਸ਼ਹੀਦੀ ਅਤੇ ਰਚਨਾ,* ਪੰਜਾਬ ਯੂਨੀਵਰਸਿਟੀ, ਪਟਿਆਲਾ, 2007, ਪੰਨਾ 75.

[83] ਕਿਰਪਾਲ ਸਿੰਘ,*ਸਿੱਖ ਇਤਿਹਾਸ (ਭਾਗ-1)*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2012, ਪੰਨਾ 204.

[84] ਸਤਿਬੀਰ ਸਿੰਘ, *ਪਰਤਖੁ ਹਰਿ,* ਨਿਉ ਬੁੱਕ ਕੰਪਨੀ, ਜਲੰਧਰ, 2000, ਪੰਨਾ 109.

[85] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਰਾਸ 10, ਅੰਸੂ 2.

[86] ਗਿਆਨੀ ਗਿਆਨ ਸਿੰਘ, *ਗੁਰਧਾਮ ਸੰਗ੍ਰਹਿ,* ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, ਮਿਤੀਹੀਣ, ਪੰਨਾ 65.

[87] ਸਤਿਬੀਰ ਸਿੰਘ, *ਗੁਰ ਭਾਰੀ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2015, ਪੰਨਾ 102.

[88] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਰਾਸਿ 6, ਅੰਸੂ 46, ਪੰਨਾ 2983.

[89] ਕਲਦੀਰ ਸਿੰਘ ਧੀਰ, *ਗੁਰੂ ਹਰਿਗੋਬਿੰਦ ਸਾਹਿਬ ਜੀਵਨ ਤੇ ਪ੍ਰਤਿਭਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰਨਾ 107.

[90] *ਤਵਾਰੀਖ ਗੁਰੂ ਖਾਲਸਾ(ਭਾਗ-1)*, ਪੰਨਾ 597.

[91] ਰੂਪ ਸਿੰਘ (ਸੰਪਾ.), *ਨਿਰਭਉ ਨਿਰੰਕਾਰ,* ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, 2008, ਪੰਨਾ 52.

[92] *ਨਿਰਭਉ ਨਿਰਵੈਰ,* ਪੰਨਾ 54.

[93] ਸਤਿਬੀਰ ਸਿੰਘ, *ਨਿਰਭਉ ਨਿਰੰਕਾਰ (ਜੀਵਨੀ ਗੁਰੂ ਹਰਿ ਰਾਇ ਜੀ)*,ਨਿਊ ਬੁੱਕ ਕੰਪਨਾ, ਜਲੰਧਰ, 2002, ਪੰਨਾ 52.

[94] *ਤਵਾਰੀਖ ਗੁਰੂ ਖਾਲਸਾ(ਭਾਗ-1)*, ਪੰਨਾ 619

[95] *ਮਹਿਮਾ ਪ੍ਰਕਾਸ਼ (ਭਾਗ-2, ਖੰਡ-2)*, ਪੰਨਾ 521.

[96] *ਤਵਾਰੀਖ ਗੁਰੂ ਖਾਲਸਾ (ਭਾਗ-1)*, ਪੰਨਾ 619.

[97] Muhammad Akbar, *The Punjab Under The Mughals,* Ripon Printing Press, Lahore, 1948, p. 197.

[98] *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ,* ਰਾਸਿ 9, ਅੰਸੂ 2, ਪੰਨਾ 3550.

[99] ਉਕਤ, ਰਾਸਿ 8, ਅੰਸੂ 45, ਪੰਨਾ 3478.

[100] *ਨਿਰਭਉ ਨਿਰੰਕਾਰ (ਜੀਵਨੀ ਗੁਰੂ ਹਰਿ ਰਾਇ ਜੀ),* ਪੰਨਾ 52.

[101] *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ,* ਰਾਸਿ 8, ਅੰਸੂ 45, ਪੰਨਾ 3477.

[102] ਸੁੱਖਾ ਸਿੰਘ, *ਗੁਰਬਿਲਾਸ ਪਾਤਸਾਹੀ 10,* ਗੁਰਸ਼ਰਨ ਕੌਰ ਜੱਗੀ, ਭਾਸ਼ਾ ਵਿਭਾਗ, ਪੰਜਾਬ, 1989, ਪੰਨਾ 55.

[103] ਰੂਪ ਸਿੰਘ (ਸੰਪਾ.),*ਨਿਰਭਉ ਨਿਰੰਕਾਰ,* ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, 2018, ਪੰਨਾ 52.

[104] *ਨਿਰਭਉ ਨਿਰੰਕਾਰ,* ਪੰਨਾ 53.

[105] *ਸਿੱਖ ਇਤਿਹਾਸ(1469-1765)*, ਪੰਨਾ 66.

[106] *ਤਵਾਰੀਖ ਗੁਰੂ ਖਾਲਸਾ (ਭਾਗ-ਦੂਜਾ)*, ਪੰਨਾ 841.

[107] ਦਿਲਜੀਤ ਸਿੰਘ ਬੇਦੀ (ਸੰਪਾ.), *ਸ੍ਰੀ ਅਨੰਦਪੁਰ ਸਾਹਿਬ ਬਹੁਪੱਖੀ ਦਰਸ਼ਨ,* ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, 2015, ਪੰਨਾ 75.

[108] ਹਰਜਿੰਦਰ ਸਿੰਘ ਦਿਲਗੀਰ, *ਅਨੰਦਪੁਰ ਸਾਹਿਬ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1998, ਪੰਨਾ 23,24.

[109] ਸਾਹਿਬ ਸਿੰਘ, *ਜੀਵਨ-ਬ੍ਰਿਤਾਂਤ ਗੁਰੂ ਗੋਬਿੰਦ ਸਿੰਘ ਜੀ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2017, ਪੰਨਾ 74

[110] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ਦਸਵੀਂ,* ਸਮਸ਼ੇਰ ਸਿੰਘ ਅਸ਼ੋਕ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999, ਪੰਨਾ 108.

[111] *ਸਿੱਖ ਮਤ ਦਾ ਪਰਿਵਰਤਨ,* ਪੰਨਾ 84.

[112] *ਸਿੱਖ ਇਤਿਹਾਸ(1469-1765)*, ਪੰਨਾ 71.

# ਅਧਿਆਇ ਚੌਥਾ

# ਗੁਰੂ ਸਾਹਿਬਾਨ ਦੁਆਰਾ ਸਥਾਪਿਤ ਸ਼ਹਿਰਾਂ ਅਤੇ ਕਸਬਿਆਂ ਦੀ ਵਰਤਮਾਨ ਸਥਿਤੀ

ਗੁਰੂ ਸਾਹਿਬਾਨ ਦੁਆਰਾ ਸਥਾਪਿਤ ਸ਼ਹਿਰਾਂ ਅਤੇ ਕਸਬਿਆਂ ਦੀ ਸਥਾਪਨਾ, ਇਤਿਹਾਸਕ ਪਿਛੋਕੜ ਅਤੇ ਸਿੱਖ ਧਰਮ ਦੇ ਪ੍ਰਚਾਰ ਅਤੇ ਪਸਾਰ ਵਿਚ ਯੋਗਦਾਨ ਸੰਬੰਧੀ ਪਿਛਲੇ ਅਧਿਆਇਆਂ ਵਿਚ ਚਾਨਣਾ ਪਾਇਆ ਗਿਆ ਹੈ। ਇਸ ਅਧਿਆਇ ਦੇ ਅੰਤਰਗਤ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਸ਼ਹਿਰਾਂ ਅਤੇ ਕਸਬਿਆਂ ਵਿਚਲੇ ਸਿੱਖ ਧਾਰਮਿਕ ਅਸਥਾਨਾਂ ਦੀ ਵਰਤਮਾਨ ਸਥਿਤ ਬਾਰੇ ਜਾਣਕਾਰੀ ਪ੍ਰਦਾਨ ਕਰਨ ਦਾ ਯਤਨ ਕੀਤਾ ਗਿਆ ਹੈ। ਕਾਲ-ਕ੍ਰਮ ਅਨੁਸਾਰ ਧਾਰਮਿਕ ਅਸਥਾਨਾਂ ਦੇ ਪ੍ਰਬੰਧਕੀ ਢਾਂਚੇ, ਸਥਿਤੀ, ਇਤਿਹਾਸ, ਪੁਰਾਤਨ ਨਿਸ਼ਾਨੀਆਂ ਆਦਿ ਪੱਖਾਂ ਨੂੰ ਵਿਚਾਰਿਆ ਜਾਵੇਗਾ, ਜੋ ਨਿਮਨਾਨੁਸਾਰ ਹੈ:

**<u>ਗੋਇੰਦਵਾਲ ਸਾਹਿਬ</u>**

ਗੁਰੂ ਅੰਗਦ ਦੇਵ ਜੀ ਦੇ ਹੁਕਮ ਨੂੰ ਮੰਨਦੇ ਹੋਏ ਅਮਰਦਾਸ(ਗੁਰੂ) ਜੀ ਨੇ ਬਿਆਸ ਦਰਿਆ ਦੇ ਕੰਢੇ ਗੋਇੰਦਵਾਲ ਸਾਹਿਬ ਦੀ ਸਥਾਪਨਾ ਕੀਤੀ ਸੀ। ਗੁਰੂ ਸਾਹਿਬਾਨ ਦੁਆਰਾ ਵਸਾਏ ਨਗਰਾਂ ਵਿਚੋਂ ਗੋਇੰਦਵਾਲ ਸਾਹਿਬ ਸਿੱਖਾਂ ਦਾ ਇਕ ਪ੍ਰਸਿੱਧ ਨਗਰ ਹੈ। ਵਰਤਮਾਨ ਭਾਰਤੀ ਪੰਜਾਬ ਵਿਚ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਕੀਤੇ ਗਏ ਨਗਰਾਂ ਵਿਚੋਂ ਇਹ ਸਭ ਤੋਂ ਪਹਿਲਾ ਅਸਥਾਨ ਬਣਦਾ ਹੈ। ਇਹ ਨਗਰ ਜ਼ਿਲ੍ਹਾ ਤਰਨਤਾਰਨ ਸਾਹਿਬ ਦੀ ਤਹਿਸੀਲ ਖਡੂਰ ਸਾਹਿਬ ਵਿਚ ਸਥਿਤ ਹੈ। ਖਡੂਰ ਸਾਹਿਬ ਤੋਂ ਦੱਖਣ ਦਿਸ਼ਾ ਵੱਲ ਤਕਰੀਬਨ 8 ਕਿਲੋਮੀਟਰ ਅਤੇ ਤਰਨਤਾਰਨ ਸਾਹਿਬ ਤੋਂ 23 ਕਿਲੋਮੀਟਰ ਪੂਰਬ ਦਿਸ਼ਾ ਵਲ ਸਥਿਤ ਹੈ। ਕਸਬੇ ਵਿਚਲੇ ਸਾਰੇ ਸਿੱਖ ਧਾਰਮਿਕ ਅਸਥਾਨਾਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ। ਇਹਨਾਂ ਇਤਿਹਾਸਕ ਅਸਥਾਨਾਂ ਦੀ ਵਰਤਮਾਨ ਸਥਿਤੀ ਨਿਮਨਾਨੁਸਾਰ ਹੈ:-

- **ਗੁਰਦੁਆਰਾ ਬਾਉਲੀ ਸਾਹਿਬ**

ਗੁਰੂ ਅਮਰਦਾਸ ਜੀ ਨੇ ਨਗਰ ਦੀ ਸਥਾਪਨਾ ਕਰਨ ਤੋਂ ਬਾਅਦ ਯਾਤਰੂਆਂ ਦੀ ਸਹੂਲਤ ਲਈ 1559 ਈ. ਵਿਚ 84 ਪੌੜੀਆਂ ਵਾਲੀ ਬਾਉਲੀ ਤਿਆਰ ਕਰਵਾਈ ਸੀ।[1]

*ਮਹਿਮਾ ਪ੍ਰਕਾਸ਼* ਦਾ ਕਰਤਾ ਗੁਰੂ ਜੀ ਦੇ ਇਸ ਪਰਉਪਕਾਰੀ ਕਾਰਜ ਨੂੰ ਬਿਆਨ ਕਰਦਾ ਲਿਖਦਾ ਹੈ:

ਧਰਮਧੁਰੰਤਰ ਸਤਿਗੁਰ ਕੀਨਾ ਪਰ-ਉਪਕਾਰ।

ਬਾਵਲੀ ਤੀਰਥ ਪ੍ਰਗਟ ਕਰ ਕੀਨਾ ਸਗਲ ਉਧਾਰ।[2]

ਮੌਜੂਦਾ ਸਮੇਂ ਇਸ ਇਤਿਹਾਸਕ ਬਾਉਲੀ ਦੇ ਪਾਸ ਸੁੰਦਰ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਗੁਰਦੁਆਰੇ ਅੰਦਰ ਦਾਖ਼ਲ ਹੋਣ ਲਈ ਵੱਖ-ਵੱਖ ਦਿਸ਼ਾਵਾਂ ਵਿਚ ਛੇ ਐਂਟਰੀ ਗੇਟ ਬਣੇ ਹੋਏ ਹਨ। ਇਸ ਬਾਉਲੀ ਦੀ ਚੌੜਾਈ 11 ਫੁੱਟ ਹੈ ਤੇ ਸਾਰੀਆਂ ਪੌੜੀਆਂ ਸੰਗਮਰਮਰ ਦੀਆਂ ਬਣੀਆਂ ਹੋਈਆ ਹਨ। ਬੀਬੀਆਂ ਅਤੇ ਮਰਦਾਂ ਦੇ ਇਸ਼ਨਾਨ ਕਰਨ ਲਈ ਸਟੀਲ ਦੀ ਚਾਦਰ ਦਾ ਪਰਦਾ ਬਣਾ ਕੇ ਵੱਖੋ-ਵੱਖ ਰਾਸਤਾ ਤਿਆਰ ਕੀਤਾ ਹੋਇਆ ਹੈ। ਬਾਉਲੀ ਅੰਦਰ ਜਾਣ ਤੋਂ ਪਹਿਲਾਂ ਸੱਜੇ ਹੱਥ ਬਾਹਰ ਇੱਕ ਸੰਗਮਰਮਰ ਦੀ ਪਾਲਕੀ ਹੇਠ ਥੜ੍ਹਾ ਬਣਿਆ ਹੋਇਆ ਹੈ, ਰਵਾਇਤ ਅਨੁਸਾਰ ਇਸ ਅਸਥਾਨ ‘ਤੇ ਬੈਠ ਕੇ ਗੁਰੂ ਜੀ ਬਾਉਲੀ ਦੀ ਕਾਰ ਕਰਵਾਉਂਦੇ ਸਨ। ਇਸ ਦੇ ਨਾਲ ਹੀ ਖੱਬੇ ਪਾਸੇ ਇਕ ਚੌਂਕੀ ਬਣੀ ਹੋਈ ਹੈ, ਮੰਨਿਆ ਜਾਂਦਾ ਹੈ ਕਿ ਇਹ ਉਹੀ ਅਸਥਾਨ ਹੈ, ਜਿੱਥੇ ਗੁਰੂ ਜੀ ਨੇ ਆਪਣੇ ਦੋਵੇਂ ਜਵਾਈਆਂ ਦੀ ਸੇਵਾ-ਭਾਵਨਾ ਪਰਖ ਕਰਨ ਲਈ ਉਨ੍ਹਾਂ ਪਾਸੋਂ ਥੜ੍ਹੇ ਤਿਆਰ ਕਰਵਾਏ ਸਨ। ਇਸ ਤੋਂ ਅੱਗੇ 84 ਪੌੜੀਆਂ ਹੇਠਾਂ ਉਤਰ ਕੇ ਪਾਣੀ ਦਾ ਸੋਮਾ ਮੌਜੂਦ ਹੈ, ਜਿਸ ਵਿਚ ਰੋਜ਼ਾਨਾ ਅਨੇਕਾਂ ਹੀ ਸੰਗਤਾਂ ਇਸ਼ਨਾਨ ਕਰਦੀਆਂ ਹਨ।

ਬਾਉਲੀ ਸਾਹਿਬ ਦੇ ਨਾਲ ਸੱਜੇ ਪਾਸੇ ਸੁੰਦਰ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਲੰਗਰ ਹਾਲ ਬਣਿਆ ਹੋਇਆ ਹੈ ਜਿਸ ਵਿਚ ਇਕੋ ਸਮੇਂ ਤਕਰੀਬਨ ਢਾਈ ਹਜਾਰ ਸੰਗਤਾਂ ਲੰਗਰ ਛਕ ਸਕਦੀਆਂ ਹਨ। ਲੰਗਰ ਹਾਲ ਦੇ ਪੂਰਬੀ ਪਾਸੇ ਖੁੱਲਾ ਦੀਵਾਨ ਹਾਲ ਬਣਿਆ ਹੋਇਆ ਹੈ, ਜਿੱਥੇ ਸਾਲਾਨਾ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਪੁਰਬ ਅਤੇ ਜੋਤੀ-ਜੋਤਿ ਸਮਾਉਣ ਦਿਵਸ ਵੱਡੇ ਪੱਧਰ ‘ਤੇ ਮਨਾਏ ਜਾਂਦੇ ਹਨ। ਇਸ ਤੋਂ ਇਲਾਵਾ ਹਰੇਕ ਐਤਵਾਰ ਤੇ ਪੂਰਨਮਾਸੀ ਨੂੰ ਇਸ ਅਸਥਾਨ ਤੇ ਸੰਗਤਾਂ ਦਾ ਭਾਰੀ ਇਕੱਠ ਹੁੰਦਾ ਹੈ। ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਦੀਵਾਨ ਹਾਲ ਦੇ ਪਿਛਲੇ ਪਾਸੇ ‘ਸ੍ਰੀ ਗੁਰੂ ਗ੍ਰੰਥ ਸਾਹਿਬ’ ਭਵਨ ਬਣਿਆ ਹੋਇਆ ਹੈ, ਇਸ ਅਸਥਾਨ ‘ਤੇ ਹਰੇਕ ਮਹੀਨੇ ਦੇ ਦੂਜੇ ਅਤੇ ਚੌਥੇ ਐਤਵਾਰ ਗੁਰੂ ਗ੍ਰੰਥ ਸਾਹਿਬ ਜੀ ਦੇ ਬਿਰਧ ਸਰੂਪ, ਗੁਟਕਾ ਸਾਹਿਬ ਅਤੇ ਪੋਥੀਆਂ ਨੂੰ ਅਗਨ ਭੇਂਟ ਕੀਤਾ ਜਾਂਦਾ ਹੈ। ਯਾਤਰੂਆਂ ਦੀ ਸਹੂਲਤ ਲਈ ਗੁਰੂ ਅਮਰਦਾਸ ਨਿਵਾਸ ਅਤੇ ਗੁਰੂ ਅਰਜਨ ਦੇਵ ਨਿਵਾਸ ਦੋ ਸਰਾਵਾਂ ਬਣੀਆਂ ਹੋਈਆਂ ਹਨ। ਸੰਗਤਾਂ ਦੀ ਸਿਹਤ

ਦਾ ਖਿਆਲ ਰੱਖਣ ਹਿਤ ਗੁਰੂ ਅਰਜਨ ਦੇਵ ਡਿਸਪੈਂਸਰੀ ਬਣੀ ਹੋਈ ਹੈ। ਪ੍ਰਬੰਧਕੀ ਕਮੇਟੀ ਦੇ ਦਫਤਰ ਨਾਲ ਮ੍ਰਿਤਕ ਪ੍ਰਾਣੀਆਂ ਦਾ ਰਿਕਾਰਡ ਜਮ੍ਹਾ ਰੱਖਣ ਵਾਲਾ ਕਮਰਾ ਹੈ। ਇਸ ਕਾਰਜ ਦੀ ਸ਼ੁਰੂਆਤ ਕਮੇਟੀ ਵਲੋਂ ਸੰਨ 2004 ਵਿਚ ਕੀਤੀ ਗਈ ਸੀ।

- **ਗੁਰਦੁਆਰਾ ਖੂਹ ਸਾਹਿਬ ਪਾ: ਚੌਥੀ**

ਗੁਰਦੁਆਰਾ ਬਾਉਲੀ ਸਾਹਿਬ ਤੋਂ ਤਕਰੀਬਨ 200 ਮੀਟਰ ਦੀ ਦੂਰੀ 'ਤੇ ਉਤਰ ਦਿਸ਼ਾ ਵਲ ਇਹ ਗੁਰਦੁਆਰਾ ਸਾਹਿਬ ਸਥਿਤ ਹੈ। ਇਸ ਅਸਥਾਨ 'ਤੇ ਗੁਰੂ ਹਰਿਗੋਬਿੰਦ ਜੀ ਦੁਆਰਾ ਭਾਈ ਗੁਰਦਾਸ ਜੀ ਦੀ ਮ੍ਰਿਤਕ ਦੇਹ ਦਾ ਸਸਕਾਰ ਕੀਤਾ ਗਿਆ ਸੀ। *ਗੁਰਬਿਲਾਸ ਪਾਤਸ਼ਾਹੀ ਛੇਵੀਂ* ਅਨੁਸਾਰ:

ਐਸ ਰੀਤਿ ਪਾਛੇ ਕਰੀ ਹਰਿਗੋਬਿੰਦ ਸੁਖਮਾਨ।

ਭਾਈ ਦੇਹ ਸਨਾਨ ਕਰਿ ਧਾਰੀ ਤਬੈ ਬਿਬਾਨ।

...........

ਨਿਜ ਕਰ ਲਾਂਬੂ ਲਾਯੋ ਦਯਾਸਿੰਧੁ ਕਰਤਾਰ।

ਮਾਰੂ ਚੌਕੀ ਹੋਇ ਤਬ ਲਗੋ ਦੀਵਾਨ ਅਪਾਰ।[3]

ਵਰਤਮਾਨ ਸਮੇਂ ਇਸ ਅਸਥਾਨ 'ਤੇ ਭਾਈ ਗੁਰਦਾਸ ਜੀ ਦੀ ਯਾਦ ਵਿਚ ਸੁੰਦਰ ਗੁਰਦੁਆਰਾ ਸਾਹਿਬ ਸ਼ੁਸ਼ੋਭਿਤ ਹੈ। ਗੁਰੂ ਰਾਮਦਾਸ ਜੀ ਦੁਆਰਾ ਲਗਵਾਇਆ ਪੁਰਾਤਨ ਖੂਹ ਮੌਜੂਦ ਹੈ। 2 ਅੱਸੂ ਨੂੰ ਭਾਰੀ ਮੇਲਾ ਭਰਦਾ ਹੈ ਅਤੇ ਹਰੇਕ ਮਹੀਨੇ ਦੀ ਪੂਰਨਮਾਸੀ ਨੂੰ ਸੰਗਤਾਂ ਦਾ ਭਾਰੀ ਇਕੱਠ ਹੁੰਦਾ ਹੈ।

- **ਗੁਰਦੁਆਰਾ ਸ੍ਰੀ ਚੁਬਾਰਾ ਸਾਹਿਬ**

ਗੁਰਦੁਆਰਾ ਖੂਹ ਸਾਹਿਬ ਤੋਂ ਥੋੜ੍ਹੀ ਵਿਥ ਤੇ ਗੁਰਦੁਆਰਾ ਚੁਬਾਰਾ ਸਾਹਿਬ ਸਥਿਤ ਹੈ। ਗੁਰੂ ਕਾਲ ਦੌਰਾਨ ਇਸ ਅਸਥਾਨ 'ਤੇ ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਪਰਿਵਾਰ ਸਮੇਤ ਨਿਵਾਸ ਕਰਦੇ ਸਨ। ਗੁਰਦੁਆਰਾ ਸਾਹਿਬ ਕੰਪਲੈਕਸ ਅੰਦਰ ਪਰਿਸਰ ਕਾਫ਼ੀ ਇਤਿਹਾਸਕ ਅਸਥਾਨ ਬਣੇ ਹੋਏ ਹਨ, ਜਿਨ੍ਹਾਂ ਦੀ ਵਰਤਮਾਨ ਸਥਿਤੀ ਨਿਮਨਾਨੁਸਾਰ ਹੈ:

1. **ਖੂਹੀ ਗੁਰੂ ਅਮਰਦਾਸ ਜੀ:-** ਗੁਰਦੁਆਰਾ ਸਾਹਿਬ ਦੇ ਅੰਦਰ ਖੱਬੇ ਪਾਸੇ ਗੁਰੂ ਅਮਰਦਾਸ ਜੀ ਦੁਆਰਾ ਲਗਵਾਈ ਪੁਰਤਾਨ ਖੂਹੀ ਮੌਜੂਦ ਹੈ। ਖੂਹੀ ਅੰਦਰ ਨਾਨਸ਼ਾਹੀ ਇੱਟ ਲੱਗੀ ਹੋਈ ਹੈ, ਜੋ ਇਸ ਖੂਹੀ ਦੀ ਪੁਰਾਤਨਤਾ ਦਰਸਾਉਂਦੀ ਹੈ। ਖੂਹੀ ਉੱਪਰ ਸ਼ੀਸਾ ਲਗਾ ਕੇ ਗੁੰਬਦ ਬਣਾਇਆ ਗਿਆ ਹੈ।
2. **ਗੁਰਿਆਈ ਵਰ ਬਖਸ਼ਣ ਦਾ ਅਸਥਾਨ:-** ਖੂਹੀ ਤੋਂ ਅੱਗੇ ਗੁਰਿਆਈ ਅਸਥਾਨ ਸਥਿਤ ਹੈ। ਇੱਕ ਕਮਰੇ ਵਿਚ ਚਾਂਦੀ ਦੀ ਪਾਲਕੀ ਅੰਦਰ 'ਗੁਰੂ ਗ੍ਰੰਥ ਸਾਹਿਬ ਜੀ' ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਇਸ ਅਸਥਾਨ 'ਤੇ ਗੁਰੂ ਅਮਰਦਾਸ ਜੀ ਨੂੰ ਭਜਨ ਬੰਦਗੀ ਕਰਦੇ ਸਨ ਅਤੇ ਇਸ ਅਸਥਾਨ ਤੇ ਹੀ ਬੀਬੀ ਭਾਨੀ ਜੀ ਗੁਰਆਈ ਸੋਢੀ ਵੰਸ਼ ਪਾਸ ਰਹਿਣ ਦਾ ਵਰ ਦਿੱਤਾ ਸੀ।
3. **ਕਿੱਲੀ ਸਾਹਿਬ:-** ਗੁਰਿਆਈ ਅਸਥਾਨ ਦੇ ਪਾਸ ਕੰਧ ਵਿਚ ਇੱਕ ਕਿੱਲੀ ਗੱਡੀ ਹੋਈ ਹੈ। ਰਵਾਇਤ ਅਨੁਸਾਰ ਇਸ ਕਿੱਲੀ ਨੂੰ ਫੜ ਕੇ ਗੁਰੂ ਅਮਰਦਾਸ ਜੀ ਸਿਮਰਨ ਕਰਦੇ ਸਨ। ਇਸ ਕਿੱਲੀ ਉੱਪਰ ਚਾਂਦੀ ਦਾ ਖੋਲ ਚੜ੍ਹਾਇਆ ਹੋਇਆ ਹੈ। ਸੰਗਤਾਂ ਦੇ ਹੱਥ ਲੱਗਣ ਤੋਂ ਬਚਾਉਣ ਲਈ ਕਿੱਲੀ ਨੂੰ ਸ਼ੀਸੇ ਵਿਚ ਜੜ੍ਹਿਆ ਹੋਇਆ ਹੈ।
4. **ਗੁਰਿਆਈ ਅਸਥਾਨ:-** ਕਿੱਲੀ ਸਾਹਿਬ ਦੇ ਨਾਲ ਹੀ ਸੱਜੇ ਪਾਸੇ ਸੋਨੇ ਦੇ ਪੱਤਰੇ ਤੇ ਇੱਕ ਦ੍ਰਿਸ਼ ਉਕਰਿਆ ਹੋਇਆ ਹੈ, ਜਿਸ ਵਿਚ ਬਾਬਾ ਬੁੱਢਾ ਜੀ ਗੁਰੂ ਰਾਮਦਾਸ ਜੀ ਨੂੰ ਗੁਰਿਆਈ ਦਾ ਤਿਲਕ ਲਗਾ ਰਹੇ ਹਨ, ਜੋ ਦਰਸਾਉਂਦਾ ਹੈ ਕਿ ਗੁਰੂ ਸਾਹਿਬ ਨੂੰ ਇਸ ਅਸਥਾਨ 'ਤੇ ਗੁਰੂ ਅਮਰਦਾਸ ਜੀ ਨੇ ਗੁਰਆਈ ਬਖਸ਼ੀ ਸੀ। ਇਸ ਅਸਥਾਨ 'ਤੇ ਹੀ ਗੁਰੂ ਜੀ ਨੇ ਦੇਸ਼ ਭਰ ਵਿਚ ਪ੍ਰਚਾਰ ਕਰਨ ਲਈ 22 ਪ੍ਰਚਾਰਕ ਥਾਪੇ ਸਨ ਉਹਨਾਂ ਮੰਜੀਦਾਰਾਂ ਦੇ ਨਾਮ ਕੰਧ ਉੱਪਰ ਲਿਖੇ ਹੋਏ ਹਨ।
5. **ਜੋਤੀ ਜੋਤਿ ਸਮਾਉਣ ਅਸਥਾਨ:-** ਬਰਾਂਡੇ ਵਿਚ ਅੱਗੇ ਉਹ ਅਸਥਾਨ ਹੈ, ਜਿੱਥੇ ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਜੋਤੀ ਜੋਤਿ ਸਮਾਏ ਸਨ। ਵਰਤਮਾਨ ਸਮੇਂ ਇਸ ਅਸਥਾਨ 'ਤੇ ਕਮਰਾ ਬਣਾ ਕੇ 'ਗੁਰੂ ਗ੍ਰੰਥ ਸਾਹਿਬ ਜੀ' ਦਾ ਪ੍ਰਕਾਸ਼ ਕੀਤਾ ਹੋਇਆ ਹੈ।
6. **ਥੰਮ੍ਹ ਸਾਹਿਬ ਅਤੇ ਚੁੱਲ੍ਹਾ ਚੌਂਕਾ ਬੀਬੀ ਭਾਨੀ ਜੀ:-** ਗੁਰੂ ਅਰਜਨ ਦੇਵ ਜੀ ਬਾਲ ਅਵਸਥਾ ਵਿਚ ਜਿਸ ਥੰਮ੍ਹ ਨਾਲ ਖੇਡਦੇ ਸਨ ਉਸ ਥੰਮ੍ਹ ਨੂੰ ਪੱਥਰ ਵਿਚ ਜੜਕੇ ਸੀਸ਼ਾ ਫਰੇਮ ਕੀਤਾ ਹੋਇਆ ਹੈ। ਇਸ ਦੇ ਪਾਸ ਹੀ ਬੀਬੀ ਭਾਨੀ ਜੀ ਪ੍ਰਸ਼ਾਦੇ ਤਿਆਰ ਕਰਦੇ ਸਨ।

7. **ਪਾਲਕੀ ਸਾਹਿਬ:-** ਇਹ ਪੁਰਤਾਨ ਪਾਲਕੀ ਵਿਚ ਗੁਰੂ ਅਰਜਨ ਦੇਵ ਜੀ ਬਾਬਾ ਮੋਹਨ ਜੀ ਪਾਸੋਂ ਗੁਰਬਾਣੀ ਦੀਆਂ ਸੈਂਚੀਆਂ ਅੰਮ੍ਰਿਤਸਰ ਲੈ ਕੇ ਗਏ ਸਨ। ਸੁੰਦਰ ਪਾਲਕੀ ਪੂਰੀ ਸੇਵਾ ਸੰਭਾਲ ਨਾਲ ਰੱਖੀ ਹੋਈ ਹੈ। ਪਾਲਕੀ ਦਾ ਹੇਠਲਾ ਹਿੱਸਾ ਲੱਕੜ ਦਾ ਹੈ ਅਤੇ ਉਪਰਲਾ ਹਿੱਸਾ ਲੋਹੇ ਦਾ ਹੈ।
8. **ਕੇਸ ਅਤੇ ਚੋਲਾ ਸਾਹਿਬ:-** ਪਾਲਕੀ ਦੇ ਅੱਗੇ ਗੁਰੂ ਅਮਰਦਾਸ ਜੀ ਦੇ ਪਵਿੱਤਰ ਕੇਸ ਅਤੇ ਚੋਲਾ ਲੱਕੜ ਦੇ ਡੱਬੇ ਵਿਚ ਦੋ ਖਾਨੇ ਬਣਾ ਕੇ ਰੱਖੇ ਹੋਏ ਹਨ।
9. **ਤਈਏ ਤਾਪ ਅਸਥਾਨ:-** ਇਸ ਸਥਾਨ ਤੇ ਤਈਏ ਤਾਪ ਨਾਲ ਪੀੜ੍ਹਤ ਵਿਅਕਤੀ ਆਉਂਦੇ ਹਨ। ਕਮਰੇ ਦੀ ਇਕ ਕੰਧ ਤੇ ਗੁਰੂ ਸਾਹਿਬ ਦੇ ਸਮੇਂ ਦੀ ਤਈਏ ਤਾਪ ਵਾਲੀ ਸਾਖੀ ਲਿਖੀ ਹੋਈ ਹੈ, ਮਨੌਤ ਪ੍ਰਚਲਿਤ ਹੈ ਕਿ ਇਸ ਸਾਖੀ ਨੂੰ ਪੜ੍ਹ ਕੇ ਤਈਏ ਤਾਪ ਵਾਲਾ ਵਿਅਕਤੀ ਠੀਕ ਹੋ ਜਾਂਦਾ ਹੈ।
10. **ਜਨਮ ਅਸਥਾਨ ਗੁਰੂ ਅਰਜਨ ਦੇਵ ਜੀ:-** ਇਸ ਤੋਂ ਅੱਗੇ ਗੁਰੂ ਅਰਜਨ ਦੇਵ ਜੀ ਦੇ ਜਨਮ ਅਸਥਾਨ ਵਾਲਾ ਕਮਰਾ ਹੈ। ਮੌਜੂਦਾ ਸਮੇਂ ਇਸ ਅਸਥਾਨ ਤੇ 'ਗੁਰੂ ਗ੍ਰੰਥ ਸਾਹਿਬ ਜੀ' ਦਾ ਪ੍ਰਕਾਸ਼ ਕੀਤਾ ਹੋਇਆ ਹੈ।
11. **ਚੁਬਾਰਾ ਬਾਬਾ ਮੋਹਨ ਜੀ:-** ਪਿਛਲੇ ਕੁਝ ਸਾਲਾਂ ਤੋਂ ਚੁਬਾਰਾ ਸਾਹਿਬ ਦੀ ਨਵੀਂ ਇਮਾਰਤ ਉਸਾਰੀ ਦਾ ਕਾਰਜ ਚੱਲ ਰਿਹਾ ਹੈ। ਇਸ ਸਥਾਨ ਤੇ ਸੰਨ 2012 ਵਿਚ ਖੁਦਾਈ ਦੌਰਾਨ ਧਰਤੀ ਵਿਚੋਂ ਪੁਰਾਤਨ ਘਰਾਂ ਦੀ ਨੀਹਾਂ ਦੇ ਅਵਸ਼ੇਸ਼ ਮਿਲੇ ਸਨ। ਭੋਰੇ ਦੀ ਖੁਦਾਈ ਦੌਰਾਨ ਨਿਲਕੀਆਂ ਪੁਰਾਤਨ ਘਰ ਦੀਆਂ ਨੀਹਾਂ ਦੇ ਉੱਪਰ ਹੀ ਕੀਤੀ ਜਾ ਰਹੀ ਹੈ। ਇਨ੍ਹਾਂ ਪੁਰਾਤਨ ਘਰ ਦੀਆਂ ਕੰਧਾਂ ਨਾਨਕਸ਼ਾਹੀ ਇੱਟ ਦੀਆਂ ਬਣੀਆਂ ਹੋਈਆਂ ਹਨ। ਬਾਬਾ ਮੋਹਨ ਜੀ ਦੇ ਚੁਬਾਰੇ ਦਾ ਕਾਰਜ ਉਸਾਰੀ ਅਧੀਨ ਹੈ।
12. **ਦੀਵਾਨ ਹਾਲ:-** ਗੁਰਦੁਆਰਾ ਚੁਬਾਰਾ ਸਾਹਿਬ ਦੇ ਬਿਲਕੁਲ ਸਾਹਮਣੇ ਦੀਵਾਲ ਹਾਲ ਸਥਿਤ ਹੈ। ਇਸ ਅਸਥਾਨ 'ਤੇ ਇੱਕੋ ਸਮੇਂ ਦਸ ਹਜਾਰ ਦੇ ਕਰੀਬ ਸੰਗਤ ਬੈਠ ਸਕਦੀ ਹੈ। ਇਥੇ ਗੁਰੂ ਅਮਰਦਾਸ ਜੀ ਦੇ ਜੀਵਨ ਨਾਲ ਸੰਬੰਧਿਤ ਪੁਰਬਾਂ ਸਮੇਂ ਸਮਾਗਮ ਕਰਵਾਏ ਜਾਂਦੇ ਹਨ।

- **ਸਮਾਧ ਬਾਬਾ ਸਾਵਣ ਮੱਲ ਜੀ**

ਬਾਉਲੀ ਸਾਹਿਬ ਤੋਂ ਗੁਰਦੁਆਰਾ ਰਾਮਦਾਸ ਖੂਹ ਵੱਲ ਜਾਂਦਿਆ ਰਾਸਤੇ ਵਿਚ ਬਾਬਾ ਸਾਵਣ ਮੱਲ

ਜੀ ਦੀ ਸਮਾਧ ਮੌਜੂਦ ਹੈ। ਇਕ ਕਮਰੇ ਵਿਚ ਸਮਾਧ ਬਣੀ ਹੋਈ ਹੈ, ਸਮਾਧ ਦਾ ਕੁਝ ਹਿੱਸਾ ਪੁਰਾਤਨ ਨਾਨਕਸ਼ਾਹੀ ਇੱਟ ਦਾ ਬਣਿਆ ਹੋਇਆ ਹੈ। ਸੇਵਾ ਸੰਭਾਲ ਦਾ ਕਾਰਜ ਇਲਾਕਾ ਨਿਵਾਸੀਆਂ ਪਾਸ ਹੈ। ਗੋਇੰਦਵਾਲ ਸਾਹਿਬ ਵਿਖੇ ਸਾਲਾਨਾ ਨਵੇਂ ਸਾਲ ਅਤੇ ਗੁਰੂ ਅਮਰਦਾਸ ਦੀ ਦੀ ਬਰਸੀ ਵਾਲੇ ਦਿਨ ਅਣਗਿਣਤ ਯਾਤਰੀ ਆਉਂਦੇ ਹਨ, ਭਾਰੀ ਮੇਲਾ ਲਗਦਾ ਹੈ।

**<u>ਅੰਮ੍ਰਿਤਸਰ ਸਾਹਿਬ</u>**

ਅੰਮ੍ਰਿਤਸਰ ਭਾਰਤ ਦੇਸ਼ ਦੇ ਪ੍ਰਸਿੱਧ ਸ਼ਹਿਰਾਂ ਵਿਚੋਂ ਇਕ ਹੈ। ਇਹ ਸ਼ਹਿਰ ਪੰਜਾਬ ਦੇ ਉਤਰ ਵਿਚ ਸਥਿਤ ਹੈ। ਗੁਰੂ ਅਮਰਦਾਸ ਜੀ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਰਾਮਦਾਸ(ਗੁਰੂ) ਜੀ ਨੇ ਇਸ ਅਸਥਾਨ ਦੀ ਸਥਾਪਨਾ ਕੀਤੀ ਸੀ। ਵਰਤਮਾਨ ਸਮੇਂ ਵਿਚ ਇਹ ਸ਼ਹਿਰ ਸਿੱਖ ਧਰਮ ਦੇ ਪ੍ਰਚਾਰ ਅਤੇ ਪਸਾਰ ਦਾ ਪ੍ਰਮੁੱਖ ਕੇਂਦਰ ਹੈ। ਇਸ ਸ਼ਹਿਰ ਵਿਚ ਮੌਜੂਦ ਸਿੱਖ ਧਾਰਮਿਕ ਅਸਥਾਨਾਂ ਦਾ ਵੇਰਵਾ ਨਿਮਨਾਨੁਸਾਰ ਹੈ:-

- **ਹਰਿਮੰਦਰ ਸਾਹਿਬ**

ਇਹ ਅਸਥਾਨ ਸਿੱਖ ਪੰਥ ਦਾ ਸਭ ਤੋਂ ਪਵਿੱਤਰ ਤੇ ਪ੍ਰਸਿੱਧ ਅਸਥਾਨ ਹੈ। ਅੰਮ੍ਰਿਤਸਰ ਸਰੋਵਰ ਤਿਆਰ ਕਰਵਾਉਂਣ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਦੁਆਰਾ ਇਸ ਸਰੋਵਰ ਦੇ ਵਿਚਕਾਰ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾਈ ਗਈ ਸੀ। *ਮਹਿਮਾ ਪ੍ਰਕਾਸ਼* ਅਨੁਸਾਰ:

ਸੁਧਾਸਰ ਸਧ ਹਰਿ ਮੰਦਰ ਸੋਹੇ। ਗੁਰ ਭਗਤਨ ਕੇ ਮਨ ਕ ਮੋਹੇ।
ਬਨਿਓ ਪਾਲ ਅਗ੍ਰ ਜਲ ਮਾਹੀ। ਦਿਨ ਪਰਸਿਓ ਤਿਸ ਜਮ ਭੇ ਨਾਹੀ।[4]

ਮੌਜੂਦਾ ਇਮਾਰਤ ਦੀ ਉਸਾਰੀ ਦਾ ਕਾਰਜ ਸਿੱਖ ਮਿਸਲਦਾਰਾਂ ਦੁਆਰਾ ਕਰਵਾਇਆ ਗਿਆ ਸੀ। ਮਹਾਰਜਾ ਰਣਜੀਤ ਸਿੰਘ ਦੁਆਰਾ ਹਰਿਮੰਦਰ ਸਾਹਿਬ ਦੀ ਦਿੱਖ ਨੂੰ ਹੋਰ ਮਨਮੋਹਕ ਬਣਾਉਣ ਲਈ ਅਨੇਕਾਂ ਸੇਵਾਵਾਂ ਕਰਵਾਈਆਂ ਗਈਆਂ ਜਿਵੇਂ- ਹਰਿਮੰਦਰ ਸਾਹਿਬ ਦੀ ਇਮਾਰਤ ਤੇ ਸੋਨੇ ਦੇ ਪੱਤਰ ਚੜ੍ਹਾਏ, ਸੰਗਮਰਮਰ ਲਗਵਾਇਆ ਅਤੇ ਕੰਧਾਂ 'ਤੇ ਮੀਨਾਕਸ਼ੀ ਦਾ ਬੇਸ਼ਕੀਮਤੀ ਕੰਮ ਕਰਵਾਇਆ ਗਿਆ।[5] ਇਹ ਵਿਲੱਖਣ ਤੇ ਅਦਭੁਤ ਇਮਾਰਤੀ ਕਲਾ ਹਿੰਦੂ ਤੇ ਮੁਸਲਿਮ ਇਮਾਰਤ ਕਲਾ ਦਾ ਸੁਮੇਲ ਹੈ।

ਵਰਤਮਾਨ ਸਮੇਂ ਇਹ ਸੋਨੇ ਦਾ ਮੰਦਰ ਪੂਰੇ ਵਿਸ਼ਵ ਲਈ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਰੋਜ਼ਾਨਾ ਦੇਸ਼-ਵਿਦੇਸ਼ 'ਚੋ ਲੱਖਾਂ ਸੰਗਤਾਂ ਇਸ ਅਸਥਾਨ ਤੇ ਨਤਮਸਤਕ ਹੁੰਦੀਆਂ ਹਨ। ਇਸ ਮੰਦਰ ਦੀ

ਇਮਾਰਤੀ ਕਲਾ ਬਹੁਤ ਹੀ ਅਦਭੁਤ ਤੇ ਦਿਲਕਸ਼ ਹੈ। ਗੁਰਦੁਆਰਾ ਸਾਹਿਬ ਦੀ ਇਮਾਰਤ ਦੋ ਮੰਜਲਾਂ ਹੈ ਤੇ ਉਪਰਲਾ ਹਿੱਸਾ ਛੇ-ਭੁਜੀ ਆਕਾਰ ਹੈ। ਗੁਰੂ ਸਾਹਿਬ ਦੁਆਰਾ ਇਸ ਗੁਰਦੁਆਰੇ ਦੇ ਚਾਰ ਦਰਵਾਜੇ ਰਖੇ ਗਏ ਜੋ ਸਰਬ-ਸਾਂਝੀਵਾਸਤਾ ਦਾ ਪ੍ਰਤੀਕ ਹਨ। ਗੁਰਬਾਣੀ ਅਨੁਸਾਰ:

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥

ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ॥[6]

ਹਰਿਮੰਦਰ ਸਾਹਿਬ ਦੇ ਪਿਛਲੇ ਪਾਸੇ ਪੂਰਬੀ ਦਰਵਾਜ਼ੇ ਦੇ ਸਾਹਮਣੇ 'ਹਰਿ ਕੀ ਪੌੜੀ' ਸਥਿਤ ਹੈ। ਇਸ ਦੀਆਂ 16 ਪੌੜੀਆਂ ਸਰੋਵਰ ਦੇ ਅੰਦਰ ਹੇਠਾਂ ਤੱਕ ਉਤਰਦੀਆਂ ਹਨ।[7] ਇਮਾਰਤ ਦੀ ਪਹਿਲੀ ਮੰਜ਼ਲ ਤੇ ਗੁਰੂ ਗ੍ਰੰਥ ਸਾਹਿਬ ਦੀ ਦਾ ਵੱਡ ਆਕਾਰ ਸਰੂਪ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਇਸ ਤੋਂ ਉੱਪਰ ਦੂਜੀ ਮੰਜ਼ਲ 'ਤੇ ਚਾਰ-ਭੁਜੀ ਕਮਰਾ ਬਣਾ ਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਇਹ ਦੋਵੇਂ ਮੰਜ਼ਲਾਂ ਤੇ ਹਰ ਸਮੇਂ ਅਖੰਡ ਪਾਠ ਪ੍ਰਕਾਸ਼ ਰਹਿੰਦਾ ਹੈ। ਹਰਿਮੰਦਰ ਸਾਹਿਬ ਇਮਾਰਤ ਦੀਆਂ ਕੰਧਾਂ ਤੇ ਕਈ ਪ੍ਰਕਾਰ ਦੀ ਚਿੱਤਰਕਲਾ ਉਕਰੀ ਹੋਈ ਹੈ, ਜੋ ਇਸ ਪ੍ਰਕਾਰ ਹੈ:

1. ਸੁਨਹਿਰੀ ਚਿਤ੍ਰ
2. ਜੜਤਕਾਰੀ, ਜਿਸ ਨੂੰ ਪੱਥਰ ਦੀ ਮੁਨੱਵਤ ਵੀ ਆਖਦੇ ਹਨ।
3. ਮੁਹਰਾਕਸ਼ੀ
4. ਨਕਾਸ਼ੀ
5. ਗੱਚ ਦੀ ਮਨੱਵਤ
6. ਟੁਕੜੀ
7. ਲਾਇ ਦੀ ਮੁਨੱਵਤ
8. ਹੀਰ-ਨੁਮਾ[8]

- **ਗੁਰਦੁਆਰਾ ਲਾਚੀ ਬੇਰ ਸਾਹਿਬ**

ਇਹ ਅਸਥਾਨ ਦਰਸ਼ਨੀ ਡਿਉਢੀ ਦੇ ਖੱਬੇ ਪਾਸੇ ਸੰਗਮਰਮਰ ਦੇ ਥੜ੍ਹੇ ਉਪਰ ਗੁੰਬਦਨੁਮਾ ਇਮਾਰਤ ਦੇ ਰੂਪ ਵਿਚ ਸਥਿਤ ਹੈ। ਇਸ ਇਮਾਰਤ ਦੇ ਨਾਲ ਹੀ ਪੁਰਾਤਨ ਲਾਚੀ ਬੇਰੀ ਦਾ ਦਰਖ਼ਤ ਮੌਜੂਦ ਹੈ।

ਰਵਾਇਤ ਅਨੁਸਾਰ ਗੁਰੂ ਅਰਜਨ ਦੇਵ ਜੀ ਇਸ ਅਸਥਾਨ 'ਤੇ ਬੈਠ ਕੇ ਅੰਮ੍ਰਿਤਸਰ ਸਰੋਵਰ ਦੀ ਖੁਦਵਾਈ ਦਾ ਕਾਰਜ ਅਪਣੀ ਨਿਗਰਾਨੀ ਹੇਠ ਕਰਵਾਉਂਦੇ ਸਨ।

- **ਗੁਰਦੁਆਰਾ ਬੇਰ ਬਾਬਾ ਬੁੱਢਾ ਜੀ**

ਅੰਮ੍ਰਿਤਸਰ ਸਰੋਵਰ ਦੀ ਉੱਤਰੀ ਬਾਹੀ ਦੀ ਪ੍ਰਕਰਮਾ ਤੇ ਇਹ ਪੁਰਾਤਨ ਬੇਰੀ ਮੌਜੂਦ ਹੈ, ਜਿਸ ਨੂੰ 'ਬੇਰ ਬਾਬਾ ਬੁੱਢਾ ਸਾਹਿਬ ਜੀ' ਕਿਹਾ ਜਾਂਦਾ ਹੈ। ਪ੍ਰਚਲਤ ਰਵਾਇਤ ਅਨੁਸਾਰ ਇਸ ਬੇਰੀ ਹੇਠ ਬੈਠ ਕੇ ਬਾਬਾ ਬੁੱਢਾ ਸਾਹਿਬ ਜੀ ਅੰਮ੍ਰਿਤਸਰ ਸਰੋਵਰ ਦੀ ਕਾਰ ਸੇਵਾ ਕਰਵਾਉਦੇ ਸਨ। ਸ਼ਾਮ ਢਲਾ ਨੂੰ ਇਸ ਥਾਂ 'ਤੇ ਹੀ ਮਿਸਤਰੀਆਂ ਅਤੇ ਮਜ਼ਦੂਰਾਂ ਨੂੰ ਤਨਖਾਹਾਂ ਵੰਡੀਆਂ ਜਾਂਦੀਆਂ ਸਨ। ਮੌਜੂਦਾ ਸਮੇਂ ਬੇਰੀ ਦੀਆਂ ਟਾਹਣਿਆਂ ਨੂੰ ਲੋਹੇ ਦੇ ਪੱਤਰਾਂ ਦੇ ਬੰਨ੍ਹ ਪਾ ਕੇ ਗਾਡਰਾਂ ਦਾ ਆਸਰਾ ਦੇ ਕੇ ਡਿੱਗਣ ਤੋਂ ਬਚਾ ਕੀਤਾ ਹੋਇਆ ਹੈ।

- **ਗੁਰਦੁਆਰਾ ਦੁੱਖ ਭੰਜਨੀ ਬੇਰੀ**

ਸਰੋਵਰ ਦੀ ਪੂਰਬੀ ਬਾਹੀ ਤੇ ਇਕ ਪੁਰਾਤਨ ਬੇਰੀ ਦਾ ਦਰਖਤ ਮੌਜੂਦ ਹੈ, ਜਿਸ ਨੂੰ ਦੁੱਖ ਭੰਜਨੀ ਬਾਰੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਰਵਾਇਤੀ ਪ੍ਰਚਲਿਤ ਹੈ, ਕਿ ਇਸ ਬੇਰੀ ਪਾਸ ਬਣੀ ਕੁਦਰਤੀ ਛਪੜੀ ਵਿਚ ਇਸ਼ਨਾਨ ਕਰ ਕੇ ਪੱਟੀ ਦੇ ਰਾਜੇ ਦੁਨੀ ਚੰਦ ਦੀ ਬੇਟੀ ਰਜਨੀ ਦਾ ਕੋਹੜੀ ਪਿੰਗਲਾ ਪਤੀ ਅਰੋਗ ਹੋ ਗਿਆ ਸੀ। ਜਿਸ ਕਰ ਕੇ ਗੁਰੂ ਰਾਮਦਾਸ ਜੀ ਨੇ ਇਸ ਬੇਰੀ ਦਾ ਨਾਮ ਦੁੱਖ ਭੰਜਨੀ ਬੇਰੀ ਰੱਖ ਦਿੱਤਾ। ਇਸ ਸਥਾਨ ਤੇ ਬੈਠ ਕੇ ਗੁਰੂ ਰਾਮਦਾਸ ਜੀ ਨੇ ਸਰੋਵਰ ਦੀ ਕਾਰ ਸੇਵਾ ਸ਼ੁਰੂ ਕਰਵਾਈ ਸੀ। ਇਸ ਦੇ ਖੱਬੇ ਹੱਥ ਦੂਜੀ ਬੇਰੀ ਹੇਠ ਇਕ ਥੜਾ ਮੌਜੂਦ ਹੈ ਜਿਸ 'ਤੇ ਪਹਿਲਾਂ ਗੁਰੂ ਰਾਮਦਾਸ ਜੀ ਤੇ ਫਿਰ ਗੁਰੂ ਅਰਜਨ ਦੇਵ ਜੀ ਬੈਠਦੇ ਸਨ। ਮੌਜੂਦਾ ਸਮੇਂ ਸੰਗਮਰਮਰ ਦੀ ਇਮਾਰਤ ਬਣੀ ਹੋਈ ਹੈ, ਦੋ ਸਥਾਨਾਂ ਤੇ ਅਖੰਡ ਪਾਠ ਪ੍ਰਕਾਸ਼ ਰਹਿੰਦਾ ਹੈ। ਜਿਆਦਾਤਰ ਯਾਤਰੂ ਇਸ ਥਾਂ ਹੀ ਇਸ਼ਨਾਨ ਕਰਦੇ ਹਨ।

- **ਸ੍ਰੀ ਅਕਾਲ ਤਖ਼ਤ ਸਾਹਿਬ**

ਭਗਤੀ ਤੇ ਸ਼ਕਤੀ ਦਾ ਪ੍ਰਤੀਕ ਇਹ ਤਖ਼ਤ ਸਿੱਖ ਪੰਥ ਦਾ ਸਭ ਤੋਂ ਪਹਿਲਾ ਤਖ਼ਤ ਹੈ। ਇਸ ਤਖ਼ਤ ਦੀ ਸਥਾਪਨਾ ਗੁਰੂ ਹਰਿਗੋਬਿੰਦ ਜੀ ਨੇ ਖੁਦ ਕੀਤੀ ਸੀ। *ਗੁਰਬਿਲਾਸ ਪਾਤਸ਼ਾਹੀ ਛੇਵੀਂ* ਅਨੁਸਾਰ

ਹਾੜ ਪੰਚ ਪੰਚਮੀ ਜਾਨੁ। ਸ੍ਰੀ ਗੁਰ ਉੱਦਮ ਕੀਨੁ ਮਹਾਨੁ।

ਗੁਰਦਾਸ ਬੁੱਢੇ ਕੋ ਲੈ ਨਿਜ ਸਾਥਿ। ਤਖਤ ਅਰੰਭ ਗੁਰੂ ਜੀ ਕਈ।[੭]

ਗੁਰੂ ਜੀ ਇਸ ਅਸਥਾਨ ਤੇ ਸਿੱਖ ਪੰਥ ਦੇ ਰਾਜਨੀਤਿਕ ਮਸਲਿਆ ਸੰਬੰਧੀ ਚਰਚਾ ਵਿਚਾਰ ਕਰਦੇ ਸਨ। ਸਵੇਰੇ ਸ਼ਾਮ ਦਰਬਾਰ ਸਜਦਾ ਸੀ ਤੇ ਸਿੱਖਾਂ ਦੇ ਆਪਸੀ ਝਗੜਿਆ ਦਾ ਨਿਪਟਾਰਾ ਵੀ ਇਥੇ ਹੀ ਕੀਤਾ ਜਾਂਦਾ ਸੀ। ਅਕਾਲ ਤਖ਼ਤ ਦੀ ਪਹਿਲੀ ਛੱਤ ਸੰ.1831 ਨੂੰ ਚੜ੍ਹਾਵੇ ਦੀ ਆਮਦਨ ਨਾਲ ਬਣਾਈ ਗਈ ਸੀ। ਬਾਕੀ ਦੀਆਂ ਚਾਰ ਮੰਜ਼ਲਾਂ ਮਹਾਰਾਜਾ ਰਣਜੀਤ ਸਿੰਘ ਨੇ ਤਿਆਰ ਕਰਵਾਈਆਂ ਸਨ।[10] ਅਕਾਲ ਤਖ਼ਤ ਇਮਾਰਤ ਅੰਦਰ ਇਕ ਖੂਹ ਵੀ ਮੌਜੂਦ ਹੈ, ਜਿਸ ਨੂੰ 'ਅਕਾਲ ਸਰ' ਕਹਿੰਦੇ ਹਨ। *ਸ੍ਰੀ ਗੁਰਦੁਆਰੇ ਦਰਸ਼ਨ* ਅਨੁਸਾਰ, "ਬਾਬਾ ਬੁਢਾ ਜੀ ਦੀ ਬੇਨਤੀ ਸੁਣ ਮਹਾਰਾਜ ਜੀ ਨੇ ਲੰਗਰ ਅਤੇ ਅਸ਼ਨਾਨ ਪਾਨ ਵਾਸਤੇ ਜਲ ਦੂਰ ਹੋਣ ਕਰਕੇ ਖੂਹ ਲਵਾਇਆ, ਓਦੋਂ ਇਸ ਢਾਬ ਦਾ ਬਰਤੀਂ ਦਾ ਸੀ; ਜਿਸਦਾ ਪ੍ਰਸਿੱਧ ਨਾਮ ਕੌਲਾਂ ਵਾਲੀ ਢਾਬ ਸੀ।[11] ਵਰਤਮਾਨ ਸਮੇਂ ਤਖ਼ਤ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਅੱਜ ਵੀ ਸਿੱਖਾਂ ਦੇ ਰਾਜਸੀ ਮਸਲਿਆ ਸੰਬੰਧੀ ਇਸ ਅਸਥਾਨ ਤੋਂ ਹੀ ਹੁਕਮਨਾਮੇ ਜਾਰੀ ਕੀਤੇ ਜਾਂਦੇ ਹਨ।

ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਿਖੇ ਮੌਜੂਦ ਇਤਿਹਾਸਕ ਨਿਸਾਨੀਆਂ ਹਨ - ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਕਮਰਕਸੇ ਦੀਆਂ ਪਵਿੱਤਰ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ, ਪਵਿੱਤਰ ਕਟਾਰ, ਕ੍ਰਿਪਾਨ ਜਿਹਾ ਸ਼ਸਤਰ, ਗੁਰਜ, ਪੇਸ਼ਕਬਜ, ਸਫਾਜੰਗ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਤੀਰ, ਇੱਕ ਸ੍ਰੀ ਸਾਹਿਬ, ਕਟਾਰ, ਸਾਹਿਬਜ਼ਾਦਾ ਅਜੀਤ ਸਿੰਘ ਤੇ ਜੁਝਾਰ ਸਿੰਘ ਦੀਆਂ ਦੋ ਕਟਾਰਾਂ, ਬਾਬਾ ਬੁੱਢਾ ਜੀ ਦੀ ਕਮਰਕਸੇ ਦੀ ਤਲਵਾਰ, ਸ੍ਰੀ ਸਾਹਿਬ, ਕ੍ਰਿਪਾਨ ਭਾਈ ਜੇਠਾ ਜੀ ਦਾ ਸ੍ਰੀ ਸਾਹਿਬ, ਭਾਈ ਬਿਧੀਚੰਦ ਜੀ ਦਾ ਸ੍ਰੀ ਸਾਹਿਬ, ਭਾਈ ਉਦੈ ਸਿੰਘ ਜੀ ਦਾ ਸ੍ਰੀ ਸਾਹਿਬ, ਭਾਈ ਬਚਿੱਤਰ ਸਿੰਘ ਜੀ ਦਾ ਖੜਗ, ਬਾਬਾ ਦੀਪ ਸਿੰਘ ਜੀ ਦਾ ਦੁਧਾਰਾ ਖੰਡਾ, ਦਰਮਿਆਨਾ ਖੰਡਾ, ਛੋਟਾ ਖੰਡਾ, ਕਰਦ, ਬਾਬਾ ਗੁਰਬਖਸ਼ ਸਿੰਘ ਜੀ ਦਾ ਦੁਧਾਰਾ ਖੰਡਾ, ਪਿਸਤੌਲ, ਪੇਸ਼ਕਬਜ, ਕ੍ਰਿਪਾਨ ਜਿਹਾ ਸ਼ਸਤ੍ਰ, ਪਿਸਤੌਲ, ਚੱਕਰ, ਭਾਈ ਕਰਮ ਸਿੰਘ ਜੀ ਦਾ ਸ੍ਰੀ ਸਾਹਿਬ, ਬਾਬਾ ਨੌਧ ਸਿੰਘ ਦਾ ਦੁਧਾਰਾ ਖੰਡਾ, ਅਕਾਲੀ ਫੂਲਾ ਸਿੰਘ ਜੀ ਦੀ ਕਟਾਰ ਅਤੇ ਤੇਗਾ।[12]

- **ਗੁਰਦੁਆਰਾ ਥੜ੍ਹਾ ਸਾਹਿਬ ਪਾ.ਨੌਵੀਂ**

ਇਹ ਅਸਥਾਨ ਅਕਾਲ ਤਖ਼ਤ ਤੋਂ ਪੂਰਬੀ ਪਾਸੇ ਥੋੜੀ ਵਿਥ ਤੇ ਸਥਿਤ ਹੈ। ਇਸ ਅਸਥਾਨ ਦੀ ਇਮਾਰਤ ਨਵੀਨ ਤੇ ਸੁੰਦਰ ਹੈ। ਇਹ ਅਸਥਾਨ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਬਣਿਆ ਹੋਇਆ ਹੈ। ਸਿੱਖਾਂ ਦੇ ਨੌਵੇਂ ਗੁਰੂ ਬਣਨ ਤੋਂ ਬਾਅਦ ਬਾਬਾ ਬਕਾਲਾ ਤੋਂ ਪ੍ਰਸਿੱਧ ਸਿੱਖਾਂ ਸਮੇਤ 22 ਨਵੰਬਰ, 1664 ਈ. ਨੂੰ

ਹਰਿਮੰਦਰ ਸਾਹਿਬ ਦੇ ਦਰਸ਼ਨਾ ਲਈ ਅੰਮ੍ਰਿਤਸਰ ਪਹੁੰਚੇ ਸਨ।[13] ਉਸ ਸਮੇਂ ਦੇ ਪੁਜਾਰੀਆਂ ਨੇ ਜਦੋਂ ਗੁਰੂ ਜੀ ਨੂੰ ਹਰਿਮੰਦਰ ਦੇ ਦਰਸ਼ਨ ਨਾ ਕਰਨ ਦਿੱਤੇ ਤਾਂ ਗੁਰੂ ਜੀ ਇਸ ਦਰਖਤ ਹੇਠ ਬੈਠ ਕੇ ਵਾਪਸ ਚਲੇ ਗਏ ਸਨ।[14] ਮੌਜੂਦਾ ਸਮੇਂ ਉਸ ਸਥਾਨ ਤੇ ਸੁੰਦਰ ਗੁਰਦੁਆਰਾ ਤਿਆਰ ਕਰਵਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਹੇਠਲੀ ਮੰਜ਼ਲ ਵਿਚ ਭੋਰਾ ਬਣਿਆ ਹੋਇਆ ਹੈ। ਭੋਰੇ ਵਿਚ ਵੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ ਤੇ ਪੁਰਾਤਨ ਦਰਖਤ ਦਾ ਮੁੱਢ ਕੇਸਰੀ ਕੱਪੜੇ ਨਾਲ ਢਕਿਆ ਹੋਇਆ ਹੈ।

- **ਗੁਰਦੁਆਰਾ ਦਰਸਨੀ ਡਿਉਢੀ**

ਇਹ ਗੁਰਦੁਆਰਾ ਸਾਹਿਬ ਦਰਬਾਰ ਸਾਹਿਬ ਤੋਂ ਤਕਰੀਬਨ 200 ਮੀਟਰ ਦੀ ਦੂਰੀ 'ਤੇ ਮਾਈ ਸੇਵਾ ਬਜਾਰ ਕਟੜਾ ਆਹਲੂਆਲੀਆ ਵਿਚ ਮੌਜੂਦ ਹੈ। ਰਵਾਇਤ ਅਨੁਸਾਰ ਗੁਰੂ ਕੇ ਮਹਿਲ ਤੋਂ ਜਦੋਂ ਗੁਰੂ ਸਾਹਿਬ (ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਅਤੇ ਗੁਰੂ ਹਰਿਗੋਬਿੰਦ ਜੀ) ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਉਂਦੇ ਸਨ ਤਾਂ ਇਸ ਅਸਥਾਨ ਤੋਂ ਦਰਬਾਰ ਸਾਹਿਬ ਨਜਰੀ ਪੈਣ ਲੱਗ ਜਾਂਦਾ ਸੀ। ਹਰਿਮੰਦਰ ਸਾਹਿਬ ਪ੍ਰਤੀ ਸਤਿਕਾਰ ਪ੍ਰਗਟ ਕਰਦੇ ਹੋਏ ਸਭ ਤੋਂ ਪਹਿਲਾਂ ਇਸ ਸਥਾਨ ਤੇ ਨਤਮਸਤਕ ਹੁੰਦੇ ਸਨ। ਵਰਤਮਾਨ ਸਮੇਂ ਇਸ ਡਿਉਢੀ ਦੇ ਉਪਰ ਇਕ ਕਮਰੇ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦਾ ਪ੍ਰਕਾਸ਼ ਕੀਤਾ ਹੋਇਆ ਹੈ। ਡਿਉਢੀ  ਦੀਆਂ ਕੰਧਾਂ ਉਤੇ ਅੱਠ ਗੁਰਬਾਣੀ ਦੇ ਹੁਕਮ ਲਿਖੇ ਹੋਏ ਹਨ। ਇਮਾਰਤ ਕਾਫ਼ੀ ਪੁਰਾਤਨ ਹੈ ਤੇ ਡਿਉਢੀ ਦੇ ਅੰਦਰਲੇ ਪਾਸੇ ਖੂਬਸੂਰਤ ਮੀਨਾਕਾਰੀ ਕਰੀ ਹੋਈ ਹੈ। ਇਸ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਾਸ ਹੈ।

- **ਗੁਰਦੁਆਰਾ ਗੁਰੂ ਕੇ ਮਹਿਲ**

ਇਹ ਅਸਥਾਨ ਹਰਿਮੰਦਰ ਸਾਹਿਬ ਤੋਂ 300 ਮੀਟਰ ਦੀ ਦੂਰੀ 'ਤੇ ਉਤਰ ਪੱਛਮ ਵੱਲ ਕਟੜਾ ਆਹਲੂਵਾਲੀਆ ਵਿਖੇ ਸਥਿਤ ਹੈ। ਇਸ ਇਲਾਕੇ ਨੂੰ 'ਗੁਰੂ ਕੇ ਬਜਾਰ' ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਵਰਤਮਾਨ ਸਮੇਂ ਇਸ ਅਸਥਾਨ ਤੇ ਸੁੰਦਰ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਅੰਮ੍ਰਿਤਸਰ ਦੀ ਸਥਾਪਨਾ ਕਰਨ ਤੋਂ ਬਾਅਦ ਰਾਮਦਾਸ(ਗੁਰੂ) ਜੀ ਨੇ ਆਪਣੇ ਨਿਵਾਸ ਲਈ ਇਸ ਅਸਥਾਨ ਤੇ ਮਕਾਨ ਬਣਾਇਆ ਸੀ। *ਸ੍ਰੀ ਗੁਰੁ ਤੀਰਥ ਸੰਗ੍ਰਹਿ* ਅਨੁਸਾਰ, "ਫੇਰ ਸੰਮਤ 1634 ਮੇਂ ਮਾਘ ਮਹੀਨੇ 'ਰਾਮਦਾਸ ਪੁਰ' ਤਥਾ 'ਰਾਮਦਾਸ ਚੱਕ' ਨਾਮ ਰੱਖ ਨਗਰ ਬਸਾਇਆ, ਮਹਲ ਬਣਾਏ, ਗੁਰੂ ਕਾ ਬਾਜ਼ਾਰ ਬਣਵਾਇਆ, ਕੱਚਾ ਸੁਧਾਸਰ

ਖੁਦਵਾਇਆ।"[15] ਇਸ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਦਰਬਾਰ ਸਾਹਿਬ) ਪਾਸ ਹੈ। ਗੁਰਦੁਆਰਾ ਸਾਹਿਬ ਦੀ ਕਾਰ ਸੇਵਾ ਸੰਤ ਬਾਬਾ ਸੇਵਾ ਸਿੰਘ ਜੀ ਨੇ 17 ਅਕਤੂਬਰ, 1977 ਈ. ਨੂੰ ਆਰੰਭ ਕਰਵਾਈ ਸੀ। ਉਸ ਤੋਂ ਬਾਅਦ ਵਿਚ ਸੰਤ ਬਾਬਾ ਲਾਭ ਸਿੰਘ ਜੀ ਨੇ ਆਸ ਪਾਸ ਦੇ ਲੋਕਾਂ ਪਾਸੋਂ ਮਕਾਨ ਖਰੀਦ ਕੇ ਵਿਸ਼ਾਲ ਗੁਰਦੁਆਰਾ ਸਾਹਿਬ ਤਿਆਰ ਕਰਵਾਇਆ ਗਿਆ ਸੀ। ਲੰਗਰ ਹਾਲ ਬਣਿਆ ਹੋਇਆ ਹੈ। ਵਰਤਮਾਨ ਸਮੇਂ ਬਾਬਾ ਲਾਭ ਸਿੰਘ ਜੀ ਦੀ ਅਗਵਾਈ ਹੇਠ ਦੀਵਾਨ ਹਾਲ ਦੀ ਕਾਰ ਸੇਵਾ ਚੱਲ ਰਹੀ ਹੈ।

ਗੁਰਦੁਆਰਾ ਸਾਹਿਬ ਦੀ ਹੇਠਲੀ ਮੰਜ਼ਲ 'ਚ ਭੋਰਾ ਬਣਿਆ ਹੋਇਆ ਹੈ, ਇਥੇ ਹੀ ਗੁਰੂ ਤੇਗ ਬਹਾਦਰ ਜੀ ਦਾ ਜਨਮ ਹੋਇਆ ਸੀ। ਇਸ ਤੋਂ ਇਲਾਵਾ ਗੁਰੂ ਅਰਜਨ ਦੇਵ ਜੀ ਦੁਆਰਾ ਲਗਵਾਇਆ ਪੁਰਾਤਨ ਖੂਹ ਵੀ ਮੌਜੂਦ ਹੈ। ਖੂਹ ਦਾ ਅੰਦਰਲਾ ਹਿੱਸਾ ਪਲਾਸਤਰ ਕੀਤਾ ਹੋਇਆ ਹੈ। ਇਸ ਅਸਥਾਨ 'ਤੇ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਪੁਰਬ ਅਤੇ ਸ਼ਹੀਦੀ ਦਿਹਾੜਾ ਪੂਰੇ ਵੱਡੇ ਪੱਧਰ ਤੇ ਮਨਾਇਆ ਜਾਂਦਾ ਹੈ।

- **ਗੁਰਦੁਆਰਾ ਟੋਭਾ ਭਾਈ ਸਾਲ੍ਹੋ ਜੀ**

ਇਹ ਅਸਥਾਨ ਦਰਬਾਰ ਸਾਹਿਬ ਤੋਂ 500 ਮੀਟਰ ਦੀ ਦੂਰੀ ਤੇ ਪੱਛਮ ਦਿਸ਼ਾ ਵੱਲ ਸਥਿਤ ਹੈ। ਭਾਈ ਸਾਲ੍ਹੋ ਜੀ ਗੁਰੂ ਰਾਮਦਾਸ ਜੀ ਦੇ ਅਨਿਨ ਸੇਵਕ ਸਨ ਅਤੇ ਗੁਰੂ ਸਾਹਿਬ ਦੀ ਸੇਵਾ ਵਿਚ ਅੰਮ੍ਰਿਤਸਰ ਹੀ ਰਹਿੰਦੇ ਸਨ। ਭਾਈ ਸਾਲ੍ਹੋ ਜੀ ਦੀ ਸੇਵਾ ਭਾਵਨਾ ਤੋਂ ਪ੍ਰਸੰਨ ਹੋ ਕੇ ਪੰਜਵੇਂ ਪਾਤਸ਼ਾਹ ਨੇ ਇਲਾਕੇ ਦਾ ਪੂਰਾ ਪ੍ਰਬੰਧ ਇਨ੍ਹਾਂ ਨੂੰ ਸੌਂਪਿਆ ਸੀ। ਵਰਤਮਾਨ ਸਮੇਂ ਵਿਚ ਇਸ ਅਸਥਾਨ 'ਤੇ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਇਸ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ(ਦਰਬਾਰ ਸਾਹਿਬ) ਦੇ ਅਧੀਨ ਹੈ।

ਭਾਈ ਸਾਲ੍ਹੋ ਜੀ ਦਾ ਟੋਭਾ ਅੱਜ ਵੀ ਮੌਜੂਦ ਹੈ। ਇਸ ਟੋਭੇ ਦੀ ਇਹ ਮਾਨਤਾ ਹੈ ਕਿ ਨੇਮ ਨਾਲ 40 ਦਿਨ ਇਸ਼ਨਾਨ ਕਰਨ ਵਾਲੀ ਇਸਤਰੀ ਨੂੰ ਪੁੱਤਰ ਦੀ ਪ੍ਰਾਪਤੀ ਹੁੰਦੀ ਹੈ ਅਤੇ ਇਸ ਟੋਭੇ ਵਿਚ ਇਸ਼ਨਾਨ ਕਰਕੇ ਬਿਮਾਰ ਬੱਚੇ ਤੰਦਰੁਸਤ ਹੋ ਜਾਂਦੇ ਹਨ। 14 ਅੱਸੂ ਨੂੰ ਭਾਈ ਸਾਲ੍ਹੋ ਜੀ ਦਾ ਜਨਮ ਉਤਸਵ ਬੜੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ।

- **ਗੁਰਦੁਆਰਾ ਚੁਰਸਤੀ ਅਟਾਰੀ ਸਾਹਿਬ ਪਾ: ਛੇਵੀਂ**

ਇਹ ਅਸਥਾਨ ਦਰਬਾਰ ਸਾਹਿਬ ਤੋਂ 300 ਮੀਟਰ ਪੱਛਮ ਦਿਸ਼ਾ ਵੱਲ ਕਟੜਾ ਆਹਲੂਵਾਲੀਆ ਵਿਚ ਸਥਿਤ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਜਦ ਗਵਾਲੀਅਰ ਦੇ ਕਿਲੇ 'ਚੋਂ ਰਿਹਾ ਹੋ ਕੇ ਵਾਪਸ

ਅੰਮ੍ਰਿਤਸਰ ਆਏ ਸਨ ਤਾਂ ਉਨ੍ਹਾਂ ਦੇ ਆਉਣ ਦੀ ਖੁਸ਼ੀ ਵਿਚ ਸੰਗਤਾਂ ਵੱਲੋਂ ਇਕ ਹਵੇਲੀ ਤਿਆਰ ਕਰਵਾਈ ਗਈ ਸੀ। ਬਾਅਦ ਵਿਚ ਇਸ ਅਸਥਾਨ 'ਤੇ ਬਿਰਾਜਮਾਨ ਹੋ ਕੇ ਗੁਰੂ ਸਾਹਿਬ ਸੰਗਤਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਦੇ ਸਨ। *ਗੁਰ ਤੀਰਥ ਸਾਇਕਲ ਯਾਤਰਾ* ਅਨੁਸਾਰ, "ਜਦ ਗੁਰੂ ਜੀ ਨੇ ਸ਼ੈਹਰ ਦੀ ਰਚਨਾ ਰਚੀ ਸੀ ਤਾਂ 4 ਬਜਾਰ ਬਣਨਾ ਕੇ ਮਿਆਨੇ ਚੌਂਕ ਬਣਵਾਇਆ ਸੀ। ਬਜਾਰਾਂ ਦੇ ਨਾਮ- ਬਤੀ ਹੱਟਾ, ਗੁਰੂ ਬਜਾਰ, ਸਿੱਧਾ ਬਜਾਰ, ਦਰਬਾਰੀ ਬਜਾਰ। ਉਸ ਚੌਂਕ ਨੂੰ ਛੱਡ ਕੇ ਗੁਰੂ ਜੀ ਨੇ ਉਪਰ ਅਟਾਰੀ ਬਨਵਾਈ, ਜਿਸ ਉਤੋਂ ਸ੍ਰੀ ਹਰਿਮੰਦਰ ਜੀ ਦਾ ਹਰ ਵਕਚ ਦਰਸਨ ਹੋਇਆ ਕਰਦਾ ਸੀ।"[16] ਇਸ ਅਟਾਰੀ ਕਾਰਨ ਹੀ ਥਾਂ ਦਾ ਨਾਂ 'ਚੁਰਸਤੀ ਅਟਾਰੀ' ਪੈ ਗਿਆ ਸੀ। ਵਰਤਮਾਨ ਸਮੇਂ ਵਿਚ ਇਸ ਅਸਥਾਨ ਤੇ ਛੋਟੇ ਆਕਾਰ ਦਾ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਇਸ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ(ਦਰਬਾਰ ਸਾਹਿਬ) ਪਾਸ ਹੈ।

- **ਗੁਰਦੁਆਰਾ ਕਿਲ੍ਹਾ ਸ੍ਰੀ ਲੋਹਗੜ੍ਹ ਸਾਹਿਬ**

ਇਹ ਅਸਥਾਨ ਦਰਬਾਰ ਸਾਹਿਬ ਤੋਂ ਉਤਰ ਪੱਛਮ ਵੱਲ 700 ਮੀਟਰ ਦੀ ਦੂਰੀ ਤੇ ਕਟੜਾ ਆਹਲੂਵਾਲੀਆ ਵਿਚ ਸਥਿਤ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅੰਮ੍ਰਿਤਸਰ ਸ਼ਹਿਰ ਦੀ ਰੱਖਿਆ ਲਈ ਕਿਲ੍ਹਾ ਲੋਹਗੜ੍ਹ ਤਿਆਰ ਕਰਵਾਇਆ ਸੀ। *ਸ੍ਰੀ ਅਸ਼ਟ ਗੁਰ ਚਮਤਕਾਰ* ਅਨੁਸਾਰ ਗੁਰੂ ਸਾਹਿਬ ਨੇ ਨਗਰ ਦੀ ਰਾਖੀ ਤੇ ਜੰਗੀ ਸਮਾਨ ਸੁਰੱਖਿਅਤ ਰੱਖਣ ਹਿਤ ਸੰ. 1671 ਵਿਚ ਇਹ ਕਿਲ੍ਹਾ ਤਿਆਰ ਕਰਵਾਇਆ ਸੀ।[17] ਵਰਤਮਾਨ ਸਮੇਂ ਇਸ ਅਸਥਾਨ ਤੇ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ ਤੇ ਦਰਬਾਰ ਸਾਹਿਬ ਕਾਫ਼ੀ ਉਚਾਈ ਤੇ ਸਥਿਤ ਹੈ। ਰਵਾਇਤ ਅਨੁਸਾਰ ਗੁਰੂ ਸਾਹਿਬ ਨੇ ਮੁਖਲਸ ਖਾਂ ਨਾਲ ਪਹਿਲੀ ਜੰਗ ਇਸ ਅਸਥਾਨ ਤੇ ਹੀ ਕੀਤੀ ਸੀ। 25 ਜੇਠ ਨੂੰ ਜਿੱਤ ਦੀ ਖੁਸੀ ਵਿਚ ਫਤਿਹ ਦਿਵਸ ਮਨਾਇਆ ਜਾਂਦਾ ਹੈ। ਜੰਗ ਵਿਚ ਵਰਤੀ ਗਈ ਪੁਰਾਤਨ ਕਾਠ ਦੀ ਤੋਪ ਦਾ ਕੁਝ ਹਿੱਸਾ ਗੁਰਦੁਆਰਾ ਸਾਹਿਬ ਵਿਚ ਸੰਭਾਲ ਕੇ ਰੱਖਿਆ ਹੋਇਆ ਹੈ। ਪੁਰਾਤਨ ਕਿਲ੍ਹੇ ਦੀ ਜਗ੍ਹਾ ਤੇ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਇਸ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ(ਦਰਬਾਰ ਸਾਹਿਬ) ਦੇ ਅਧੀਨ ਹੈ। ਲੰਗਰ ਹਾਲ ਬਣਿਆ ਹੋਇਆ ਹੈ। ਗੁਰਦੁਆਰਾ ਸਾਹਿਬ ਅੰਦਰ ਜਾਣ ਲੱਗਿਆ ਸੱਜੇ ਹੱਥ ਗੁਰੂ ਸਾਹਿਬ ਦਾ ਲਗਵਾਇਆ ਪੁਰਾਤਨ ਖੂਹ ਮੌਜੂਦ ਹੈ। ਇਸ ਅਸਥਾਨ ਦੀ

ਕਾਰ ਸੇਵਾ ਬਾਬਾ ਜਗਤਾਰ ਸਿੰਘ ਦੀ ਅਗਵਾਈ ਹੇਠ ਸੰਗਤਾਂ ਦੇ ਸਹਿਯੋਗ ਨਾਲ ਸੰਨ 2003 ਆਰੰਭ ਕੀਤੀ ਗਈ ਸੀ।

- **ਗੁਰਦੁਆਰਾ ਬਿਬੇਕਸਰ ਸਾਹਿਬ ਪਾ: ਛੇਵੀਂ**

ਇਹ ਅਸਥਾਨ ਦਰਬਾਰ ਸਾਹਿਬ ਤੋਂ ਤਕਰੀਬਨ ਇੱਕ ਕਿਲੋਮੀਟਰ ਦੀ ਦੂਰੀ ਤੇ ਦੱਖਣ-ਪੂਰਬ ਦਿਸ਼ਾ ਵੱਲ ਕਟੜਾ ਆਹਲੂਵਾਲੀਆ ਵਿਖੇ ਸਥਿਤ ਹੈ। ਇਸ ਅਸਥਾਨ ਤੇ ਗੁਰੂ ਹਰਿਗੋਬਿੰਦ ਸਾਹਿਬ ਸਿੱਖਾਂ ਨਾਲ ਗਿਆਨ ਚਰਚਾ ਕਰਿਆ ਕਰਦੇ ਸਨ। ਗੁਰੂ ਸਾਹਿਬ ਨੇ ਆਪ ਇਸ ਸਰੋਵਰ ਦਾ ਟੱਕ ਲਗਾ ਕੇ 'ਬਿਬੇਕਸਰ' ਨਾਂ ਰੱਖਿਆ ਸੀ:

ਸੁਨਿ ਬ੍ਰਿਧ ਕੇ ਬਚ ਪਟ ਕਟ ਕਸੀ। ਲਈ ਮੰਗਾਇ ਹਾਥ ਗਹਿ ਕਸੀ।
ਖਨੀ ਮ੍ਰਿਤਕਾ ਵਹਿਰਿ ਗਿਰਾਈ। ਪੁਨਿ ਸਿੱਖਨਿ ਤਹਿਂ ਕਾਰ ਕਮਾਈ।[18]

ਇਸ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ(ਦਰਬਾਰ ਸਾਹਿਬ) ਦੇ ਅਧੀਨ ਹੈ। ਸਰੋਵਰ ਦੀ ਉਤਰੀ ਵਾਹੀ ਤੇ ਸੁੰਦਰ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਇਤਿਹਾਸਕ ਕਰੀਰ ਦਾ ਦਰਖਤ ਮੌਜੂਦ ਹੈ, ਜਿਸ ਨਾਲ ਗੁਰੂ ਸਾਹਿਬ ਆਪਣਾ ਘੋੜਾ ਬੰਨ੍ਹਿਆ ਕਰਦੇ ਸਨ।

- **ਗੁਰਦੁਆਰਾ ਅੰਗੀਠਾ ਸਾਹਿਬ (13 ਸਿੰਘ ਸ਼ਹੀਦ)**

ਇਹ ਅਸਥਾਨ ਗੁਰਦੁਆਰਾ ਬਿਬੇਕਸਰ ਦੇ ਬਿਲਕੁਲ ਨਾਲ ਕਟੜਾ ਆਹਲੂਵਾਲੀਆ ਵਿਖੇ ਸਥਿਤ ਹੈ। ਇਸ ਅਸਥਾਨ ਤੇ 1978ਈ: ਨੂੰ ਨਿਰੰਕਾਰੀਆਂ ਵੱਲੋਂ ਸ਼ਹੀਦ ਕੀਤੇ 13 ਸਿੰਘਾਂ ਦਾ ਅੰਤਿਮ ਸੰਸਕਾਰ ਕੀਤਾ ਗਿਆ ਸੀ। ਉਨ੍ਹਾਂ 13 ਸਿੰਘਾਂ ਦੀ ਯਾਦ ਵਿਚ ਇਹ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ ਅਤੇ ਇਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ(ਦਰਬਾਰ ਸਾਹਿਬ) ਦੇ ਅਧੀਨ ਹੈ।

- **ਗੁਰਦੁਆਰਾ ਰਾਮਸਰ ਸਾਹਿਬ**

ਇਹ ਅਸਥਾਨ ਦਰਬਾਰ ਸਾਹਿਬ ਤੋਂ ਤਕਰੀਬਨ 1.2 ਕਿਲੋਮੀਟਰ ਦੀ ਦੂਰੀ ਤੇ ਦੱਖਣ-ਪੂਰਬੀ ਦਿਸ਼ਾ ਵਲ ਸਥਿਤ ਹੈ। ਇਸ ਅਸਥਾਨ ਤੇ ਗੁਰੂ ਅਰਜਨ ਦੇਵ ਜੀ ਨੇ ਰਾਮਸਰ ਸਰੋਵਰ ਤਿਆਰ ਕਰਵਾ ਕੇ ਆਦਿ ਗ੍ਰੰਥ ਦੀ ਪਾਵਨ ਬੀੜ ਭਾਈ ਗੁਰਦਾਸ ਜੀ ਪਾਸੋਂ ਲਿਖਵਾਈ ਸੀ। *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਅਨੁਸਾਰ:

ਰਾਮ ਨਾਮ ਕੀ ਮਹਿਮਾ ਮਹਾਂ। ਰਚਿਹਂ ਗ੍ਰਿੰਥ ਭਾਈ ਸਾਹਿਬ ਸੁਖ ਰਾਸਾ।

ਯਾਂਤੇ ਨਾਮ ਰਾਮਸਰ ਹੋਵਾ। ਪਾਤਕ ਘਾਤਕ ਮੱਜਿਤ ਜੋਵਾ।[19]

ਸਰੋਵਰ ਦੀ ਪੱਛਮੀ ਵਾਹੀ ਤੇ ਆਲੀਸ਼ਾਨ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਇਸ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ(ਦਰਬਾਰ ਸਾਹਿਬ) ਦੇ ਅਧੀਨ ਹੈ। ਇਸ ਅਸਥਾਨ ਦੀਆਂ ਉਪਰਲੀਆਂ ਮੰਜ਼ਲਾਂ ਵਿਚ ਗੋਲਡਨ ਆਫਸੈਟ ਪ੍ਰੈਸ ਹੈ, ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਬੜੇ ਸੁਚੱਜੇ ਢੰਗ ਨਾਲ ਤਿਆਰ ਕੀਤੇ ਜਾਂਦੇ ਹਨ। ਇਸ ਅਸਥਾਨ ਤੇ ਇਸ਼ਨਾਨ ਕਰਨ ਦਾ ਭਾਰੀ ਮਹਾਤਮ ਹੈ। ਇਸ ਤੋਂ ਇਲਾਵਾ ਇਸ ਅਸਥਾਨ ਤੇ ਸਾਲਾਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਅਤੇ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਵੱਡੇ ਪੱਧਰ ਤੇ ਮਨਾਇਆ ਜਾਂਦਾ ਹੈ।

- **ਗੁਰਦੁਆਰਾ ਮੰਜੀ ਸਾਹਿਬ**

ਇਹ ਅਸਥਾਨ ਰਾਮਸਰ ਸਰੋਵਰ ਦੀ ਉਤਰੀ ਵਾਹੀ ਤੇ ਸਥਿਤ ਹੈ। ਇਥੇ ਗੁਰੂ ਅਰਜਨ ਦੇਵ ਜੀ ਨੇ ਬੇਰੀ ਦੇ ਦਰਖਤ ਹੇਠਾਂ ਸੁਖਮਨੀ ਸਾਹਿਬ ਬਾਣੀ ਦਾ ਉਚਾਰਨ ਕੀਤਾ ਸੀ। ਵਰਤਮਾਨ ਸਮੇਂ ਇਸ ਅਸਥਾਨ ਤੇ ਛੋਟੇ ਅਕਾਰ ਵਾਲਾ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ ਅਤੇ ਨਾਲ ਹੀ ਉਹ ਪੁਰਾਤਨ ਬੇਰੀ ਦਾ ਦਰਖਤ ਵੀ ਮੌਜੂਦ ਹੈ। ਇਸ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ(ਦਰਬਾਰ ਸਾਹਿਬ) ਦੇ ਅਧੀਨ ਹੈ।

- **ਗੁਰਦੁਆਰਾ ਬਾਬਾ ਬੋਤਾ ਸਿੰਘ ਅਤੇ ਬਾਬਾ ਗਰਜਾ ਸਿੰਘ ਸ਼ਹੀਦ**

ਇਹ ਅਸਥਾਨ ਦਰਬਾਰ ਸਾਹਿਬ ਤੋਂ ਤਕਰੀਬਨ 1.5 ਕਿਲੋਮੀਟਰ ਦੀ ਦੂਰੀ ਤੇ ਦੱਖਣ-ਪੂਰਬੀ ਦਿਸ਼ਾ ਵੱਲ ਸਥਿਤ ਹੈ। ਇਹ ਗੁਰਦੁਆਰਾ ਬਾਬਾ ਬੋਤਾ ਸਿੰਘ ਅਤੇ ਗਰਜਾ ਸਿੰਘ ਦੀ ਯਾਦ ਵਿ ਬਣਿਆ ਹੋਇਆ ਹੈ। ਇਸ ਸਥਾਨ ਤੇ ਮੁਗਲਾਂ ਨਾਲ ਹੋਈ ਲੜਾਈ ਦੇ ਦੌਰਾਨ ਦੋਵੇਂ ਸਿੰਘ ਸ਼ਹੀਦੀਆਂ ਪਾ ਗਏ ਸਨ। *ਸ੍ਰੀ ਗੁਰ ਪੰਥ ਪ੍ਰਕਾਸ਼* ਅਨੁਸਾਰ:

ਜਾਇ ਰਲੇ ਵੈ ਸ਼ਹੀਦਨ ਡੇਰੇ। ਪੀਰ ਪਿਕੰਬਰ ਫੜ ਜਿਨ ਘੇਰੇ।

ਸ਼ਹੀਦੀ ਬਡੀ ਬੋਤਾ ਸਿੰਘ ਲਈ। ਰਤਨ ਸਿੰਘ ਸੁਨ ਸੋਈ ਕਹੀ।[20]

ਇਸ ਅਸਥਾਨ ਤੇ ਸੰਤ ਬਾਬਾ ਲਾਭ ਸਿੰਘ ਦੀ ਅਗਵਾਈ ਹੇਠ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਸੇਵਾ, ਪਾਰਕਿੰਗ ਅਤੇ ਲਿਟਰੇਚਰ ਹਾਉਸ ਤਿਆਰ ਹੋ ਰਹੇ ਹਨ।

- **ਗੁਰਦੁਆਰਾ ਸ਼ਹੀਦ ਗੰਜ ਸਾਹਿਬ**

ਇਹ ਅਸਥਾਨ ਦਰਬਾਰ ਸਾਹਿਬ ਤੋਂ ਤਕਰੀਬਨ 1.5 ਕਿਲੋਮੀਟਰ ਦੀ ਦੂਰੀ ਤੇ ਦੱਖਣ-ਪੂਰਬੀ ਦਿਸ਼ਾ ਵੱਲ ਸਥਿਤ ਹੈ। ਰਵਾਇਤ ਅਨੁਸਾਰ ਇਸ ਅਸਥਾਨ ਤੇ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਸੀਸ ਧੜ ਨਾਲੋਂ ਵੱਖ ਹੋਇਆ ਸੀ। ਇਸ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ(ਦਰਬਾਰ ਸਾਹਿਬ) ਦੇ ਅਧੀਨ ਹੈ। ਗੁਰਦੁਆਰਾ ਸਾਹਿਬ ਦੇ ਨਾਲ ਹੀ ਬਾਬਾ ਦੀਪ ਸਰਾਂ ਅਤੇ ਪਾਰਕਿੰਗ ਮੌਜੂਦ ਹੈ। ਲੰਗਰ ਹਾਲ ਬਣਿਆ ਹੋਇਆ ਹੈ ਅਤੇ ਨਾਲ ਹੀ ਲਿਟਰੇਚਰ ਹਾਉਸ ਵੀ ਮੌਜੂਦ ਹੈ। ਗੁਰਦੁਆਰਾ ਸਾਹਿਬ ਦੇ ਅੰਦਰ ਹੀ ਬਾਬਾ ਜੋਧ ਸਿੰਘ ਜੀ ਦਾ ਯਾਦਗਾਰੀ ਅਸਥਾਨ ਬਣਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ।

- **ਗੁਰਦੁਆਰਾ ਸਾਰਾਗੜ੍ਹੀ ਸਾਹਿਬ**

ਦਰਬਾਰ ਸਾਹਿਬ ਤੋਂ ਤਕਰੀਬਨ 700 ਮੀਟਰ ਦੀ ਦੂਰੀ ਤੇ ਉੱਤਰ ਦਿਸ਼ਾ ਵੱਲ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਸਥਿਤ ਹੈ। ਇਹ ਅਸਥਾਨ 36-ਸਿੱਖ ਪਲਟਨ ਦੇ ਉਹਨਾਂ ਸ਼ਹਿਦਾਂ ਦੀ ਯਾਦ ਵਿਚ ਬਣਾਇਆ ਗਿਆ ਹੈ ਜਿਹਨਾਂ ਨੇ 12 ਸਤੰਬਰ 1897 ਈ: ਵਿਚ ਸਾਰਾਗੜ੍ਹੀ ਕਿਲ੍ਹੇ ਦੀ ਰੱਖਿਆ ਲਈ ਦਸ ਹਜਾਰ ਪਠਾਣਾਂ ਦਾ ਮੁਕਾਬਲਾ ਕਰਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ ਸੀ। ਇਸ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ(ਦਰਬਾਰ ਸਾਹਿਬ) ਦੇ ਅਧੀਨ ਹੈ। ਇਸ ਅਸਥਾਨ ਦੇ ਨਾਲ ਹੀ ਬਹੁਤ ਹੀ ਵਿਸ਼ਾਲ ਅਤੇ ਸੁੰਦਰ ਸਾਰਾਗੜ੍ਹੀ ਸਰਾਂ ਮੌਜੂਦ ਹੈ।

- **ਗੁਰਦੁਆਰਾ ਬਾਬਾ ਅਟਲ ਰਾਏ ਜੀ**

ਇਹ ਅਸਥਾਨ ਦਰਬਾਰ ਸਾਹਿਬ ਤੋਂ ਤਕਰੀਬਨ 100 ਮੀਟਰ ਦੀ ਦੂਰੀ ਤੇ ਦਿਸ਼ਾ ਦੱਖਣ ਵੱਲ ਸਥਿਤ ਹੈ। ਰਵਾਇਤ ਅਨੁਸਾਰ ਇਸ ਅਸਥਾਨ ਤੇ ਬਾਬਾ ਅਟੱਲ ਰਾਏ ਜੀ ਨੇ ਆਪਣੇ ਮ੍ਰਿਤਕ ਮਿੱਤਰ ਮੋਹਨ ਨੂੰ ਜਿਉਂਦਾ ਕਰ ਦਿੱਤਾ ਸੀ। ਗੁਰੂ ਹਰਿਗੋਬਿੰਦ ਜੀ ਨੂੰ ਜਦ ਇਸ ਘਟਨਾ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਨੇ ਬਾਬਾ ਅਟੱਲ ਰਾਇ ਜੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਰਾਮਾਤ ਸਿੱਖ ਸਿਧਾਂਤ ਦੇ ਵਿਰੁੱਧ ਹੈ। ਇਸ ਲਈ ਸਾਡੇ ਦੋਹਾਂ 'ਚੋਂ ਕਿਸੇ ਇਕ ਨੂੰ ਸਰੀਰ ਛੱਡਣਾ ਪਵੇਗਾ। ਗੁਰੂ ਜੀ ਦਾ ਬਚਨ ਮੰਨ ਕੇ ਬਾਬਾ ਅਟੱਲ ਰਾਏ ਜੀ ਨੇ

ਆਪਣੇ ਆਪ ਨੂੰ ਇਸ ਘਟਨਾ ਦਾ ਦੋਸ਼ੀ ਮੰਨਦੇ ਹੋਏ ਬੀਬੀ ਕੌਲਾਂ ਦੇ ਸਰੋਵਰ ਪਾਸ ਸਰੀਰ ਤਿਆਗ ਦਿੱਤਾ। ਸੰਤੋਖ ਸਿੰਘ ਅਨੁਸਾਰ:

ਧਰੇ ਮੌਨਿ ਕੌਲਾਂ ਕੇ ਤਾਲ। ਪ੍ਰਾਪਤਿ ਭਏ ਜਾਇ ਤਤਕਾਲ।
ਤਹਿਂ ਸ਼ਨਾਨ ਕਰਿ ਜਪੁਜੀ ਪਾਠ। ਦਰਭ ਡਸਾਇ ਸੁ ਆਸਨ ਠਾਠਿ।
ਕਰ ਖੂੰਡੀ ਸਿਰ ਨੀਚੇ ਧਰਿ ਕੈ। ਬਸਤ੍ਰ ਸਰੀਰ ਅਛਾਦਯੋ ਪਰਿ ਕੈ।
ਤਤਛਿਨ ਤਨ ਕੋ ਤਜਾਗਿ ਸਿਧਾਰੇ। ਜਜੋਂ ਉਦਾਰ ਨਰ ਕਰ ਤ੍ਰਿਣ ਡਾਰੇ।[21]

ਗੁਰੂ ਹਰਿਗੋਬਿੰਦ ਜੀ ਨੇ ਬਾਬਾ ਅਟੱਲ ਰਾਇ ਜੀ ਦੇ ਮ੍ਰਿਤਕ ਸਰੀਰ ਦਾ ਸਸਕਾਰ ਇਸ ਅਸਥਾਨ ਤੇ ਕੀਤਾ ਸੀ। ਸਸਕਾਰ ਵਾਲੀ ਜਗ੍ਹਾ 'ਤੇ ਸੰਨ 1784 ਈ. ਨੂੰ ਪਹਿਲੀਆਂ ਤਿੰਨ ਮੰਜ਼ਲਾਂ ਬਣੀਆਂ। ਬਾਕੀ ਮੰਜ਼ਲਾਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਵਿਚ ਸੰਨ 1820 ਈ. ਵਿਚ ਮੁਕੰਮਲ ਹੋਈਆਂ।[22] ਗੁਰਦੁਆਰਾ ਸਾਹਿਬ ਦੀਆਂ ਕੰਧਾਂ ਤੇ ਬਹੁਤ ਹੀ ਰਮਣੀਕ ਚਿੱਤਰ ਕਲਾ ਕੀਤੀ ਹੋਈ ਹੈ। ਕੰਵਰਜੀਤ ਸਿੰਘ ਕੰਗ ਇਸ ਸੰਬੰਧ ਵਿਚ ਲਿਖਦਾ ਹੈ, "ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਕੰਧ-ਚਿਤਰਾਂ ਦਾ ਸਭ ਤੋਂ ਵੱਡਾ ਭੰਡਾਰ ਬਾਬਾ ਅਟੱਲ, ਅੰਮ੍ਰਿਤਸਰ ਵਿਚ ਹੈ ਜਿੱਥੇ ਇਕ ਲੜੀ ਦੇ ਰੂਪ ਵਿਚ ਉਨ੍ਹਾਂ ਦੇ ਜਨਮ ਤੋਂ ਲੈ ਕੇ ਅਮਰਦਾਸ ਜੀ ਨੂੰ ਗੁਰ ਗੱਦੀ ਤੇ ਬਿਠਾਉਣ ਦੀਆਂ ਘਟਨਾਵਾਂ ਨੂੰ ਸੁਚਿੱਤਰ ਕੀਤਾ ਮਿਲਦਾ ਹੈ।"[23] ਇਸ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ(ਦਰਬਾਰ ਸਾਹਿਬ) ਦੇ ਅਧੀਨ ਹੈ। ਵਰਤਮਾਨ ਸਮੇਂ ਗੁਰਦੁਆਰਾ ਸਾਹਿਬ ਦੇ ਚਾਂਦੀ ਦੇ ਦਰਵਾਜਿਆਂ ਦੀ ਅਤੇ 9 ਮੰਜ਼ਲਾਂ ਖਿੜਕੀਆਂ ਦੀ ਸੇਵਾ ਤੋਂ ਇਲਾਵਾ ਸੋਨੇ ਦੀ ਪਾਲਕੀ ਸਾਹਿਬ ਦੀ ਸੇਵਾ ਸੰਗਤਾਂ ਦੇ ਸਹਿਯੋਗ ਨਾਲ ਕਾਰ ਸੇਵਾ ਸੰਤ ਬਾਬਾ ਹੰਸਾਲੀ ਵਾਲੇ ਕਰਵਾ ਰਹੇ ਹਨ। ਲੰਗਰ ਹਾਲ ਬਣਿਆ ਹੋਇਆ ਹੈ ਅਤੇ ਨਾਲ ਹੀ ਛਬੀਲ ਮੌਜੂਦ ਹੈ। ਇਸ ਅਸਥਾਨ ਦੇ ਅੰਦਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੇ ਨਵਾਬ ਕਪੂਰ ਸਿੰਘ ਦੀ ਸਮਾਧ ਸਥਿਤ ਹੈ।

- **ਗੁਰਦੁਆਰਾ ਕੌਲਸਰ ਸਾਹਿਬ**

ਇਹ ਅਸਥਾਨ ਗੁਰਦੁਆਰਾ ਬਾਬਾ ਅਟੱਲ ਰਾਏ ਦੇ ਸੱਜੇ ਹੱਥ ਸਥਿਤ ਹੈ। ਸਰੋਵਰ ਬਣਿਆ ਹੋਇਆ ਹੈ ਅਤੇ ਸਰੋਵਰ ਦੀ ਪੱਛਮੀ ਵਾਹੀ ਤੇ ਬੀਬੀ ਕੌਲਾਂ ਜੀ ਦਾ ਗੁਰਦੁਆਰਾ ਸੁਸ਼ੋਭਿਤ ਹੈ। ਗੁਰੂ ਹਰਿਗੋਬਿੰਦ ਜੀ ਨੇ ਬੀਬੀ ਕੌਲਾਂ ਦੀ ਪੁੱਤਰ ਦੀ ਮੰਗ ਪੂਰੀ ਕਰਨ ਹਿਤ ਬਾਬਾ ਬੁੱਢਾ ਜੀ ਦੀ ਅਗਵਾਈ ਹੇਠ ਕੌਲਸਰ ਸਰੋਵਰ

ਤਿਆਰ ਕਰਵਾਇਆ ਸੀ। ਕਵੀ ਸੰਤੋਖ ਸਿੰਘ ਲਿਖਦੇ ਹਨ ਕਿ ਗੁਰੂ ਸਾਹਿਬ ਨੇ ਸੇਵਕਾਂ ਨੂੰ ਹੁਕਮ ਦੇ ਕੇ ਸ਼ਹਿਰ ਦੀ ਦੱਖਣੀ ਦਿਸ਼ਾ ਵੱਲ ਬੀਬੀ ਕੌਲਾਂ ਲਈ ਘਰ ਤਿਆਰ ਕਰਨ ਦਾ ਆਦੇਸ਼ ਦਿੱਤਾ:

'ਦੱਖਣ ਦਿਸ਼ਿ ਸ੍ਰੀ ਅੰਮ੍ਰਿਤਸਰ ਤੇ। ਪਿਖਹੁ ਸੁਥਲ ਸਮੀਪ ਬਰ ਤਰੁ ਤੇ।

ਤਹਿਂ ਤੰਬੂ ਕੋ ਦਿਹੁ ਲਗਵਾਇ। ਡੇਰੇ ਕਹੁ ਡੇਰਾ ਕਰਵਾਇ।[24]

ਵਰਤਮਾਨ ਸਮੇਂ ਇਸ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ(ਦਰਬਾਰ ਸਾਹਿਬ) ਦੇ ਅਧੀਨ ਹੈ।

- **ਗੁਰਦੁਆਰਾ ਟਾਹਲੀ ਸਾਹਿਬ (ਸੰਤੋਖਸਰ)**

ਇਹ ਅਸਥਾਨ ਦਰਬਾਰ ਸਾਹਿਬ ਤੋਂ ਉਤਰ ਦਿਸ਼ਾ ਵੱਲ ਤਕਰੀਬਨ 600 ਮੀਟਰ ਦੀ ਦੂਰੀ ਤੇ ਸਥਿਤ ਹੈ। ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਸ਼ਹਿਰ ਦੀ ਨੀਂਹ ਰੱਖਣ ਤੋਂ ਬਾਅਦ ਸੰਤੋਖਸਰ ਸਰੋਵਰ ਖੁਦਵਾਉਣਾ ਆਰੰਭ ਕੀਤਾ ਸੀ। ਕਵੀ ਸੰਤੋਖ ਸਿੰਘ ਅਨੁਸਾਰ:

ਗਮਨਹੁ ਲਿਹੁ ਸੁਧਿ ਗ੍ਰਾਮ ਬਸਾਯੋ। ਜੋ ਨਿਜ ਬਸਬੇ ਸਦਨ ਚਿਨਾਯੋ।

ਜਹਿਂ ਪੂਰਬ ਤੁਮ ਸਰ ਖਨਵਾਯੋ। ਚਾਰ ਕੋਨਿ ਕੋ ਬਜੋਂਤ ਬਨਾਯੋ।

ਸਰ ਸੰਤੋਖ ਨਾਮ ਤਿਸ ਰਾਖੋ। ਅਬ ਤਿਸ ਕਰਬੇ ਨਹਿਂ ਅਭਿਲਾਖੋ।[25]

ਜਿਸ ਦਾ ਕਾਰਜ ਗੁਰੂ ਅਰਜਨ ਦੇਵ ਜੀ ਦੁਆਰਾ ਸੰਪੂਰਨ ਕਰਵਾਇਆ ਗਿਆ ਸੀ। ਵਰਤਮਾਨ ਸਮੇਂ ਸਰੋਵਰ ਦੀ ਉੱਤਰੀ ਵਾਹੀ ਤੇ ਸੁੰਦਰ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ ਅਤੇ ਨਾਲ ਹੀ ਪੁਰਾਤਨ ਟਾਹਲੀ ਦਾ ਦਰਖਤ ਮੌਜੂਦ ਹੈ। ਇਸ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ(ਦਰਬਾਰ ਸਾਹਿਬ) ਦੇ ਅਧੀਨ ਹੈ। ਸਾਲਾਨਾ ਇਸ ਅਸਥਾਨ ਤੇ ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ ਅਤੇ ਹਰ ਪੂਰਨਮਾਸ਼ੀ ਦੀ ਰਾਤ ਨੂੰ ਦੀਵਾਨ ਸਜਦੇ ਹਨ।

- **ਗੁਰਦੁਆਰਾ ਭਾਈ ਮੰਝ ਜੀ**

ਇਹ ਗੁਰਦੁਆਰਾ ਹਰਿਮੰਦਰ ਸਾਹਿਬ ਤੋਂ 5 ਕਿਲੋਮੀਟਰ ਦੀ ਦੂਰੀ ਤੇ ਸ਼ਹਿਰ ਦੀ ਦੱਖਣ-ਪੂਰਬੀ ਦਿਸ਼ਾ ਵਲ ਸਥਿਤ ਹੈ। ਸੁੰਦਰ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ ਤੇ ਭਾਈ ਮੰਝ ਜੀ ਜਿਸ ਖੂਹ ਵਿਚ ਲੱਕੜਾਂ ਸਮੇਤ ਡਿੱਗੇ ਸਨ ਉਹ ਵੀ ਮੌਜੂਦ ਹੈ। ਗੁਰੂ ਅਰਜਨ ਦੇਵ ਜੀ ਨੇ ਆਪ ਇਸ ਜਗ੍ਹਾ ਤੇ ਆ ਕੇ ਭਾਈ

ਮੰਝ ਜੀ ਨੂੰ ਖੂਹ ਵਿਚੋਂ ਬਾਹਰ ਕੱਢਿਆ ਸੀ। ਗੁਰੂ ਘਰ ਪ੍ਰਤੀ ਸੇਵਾ ਭਾਵਨਾ ਤੋਂ ਖੁਸ਼ ਹੋ ਕੇ ਗੁਰੂ ਸਾਹਿਬ ਨੇ ਇਹ ਬਚਨ ਕਹੇ ਸਨ:

ਮੰਞ ਪਿਆਰਾ ਗੁਰੂ ਨੂੰ ਗੁਰੁ ਮੰਞ ਪਿਆਰਾ।

ਮੰਞ ਗੁਰੂ ਕਾ ਬੋਹਿਥਾ ਜਗ ਲੰਘਣਹਾਰਾ।[26]

ਇਸ ਅਸਥਾਨ ਦਾ ਪ੍ਰਬੰਧ ਸੰਤ ਭੂਰੀ ਵਾਲਿਆਂ ਪਾਸ ਹੈ। ਲੰਗਰ ਹਾਲ ਬਣਿਆ ਹੋਇਆ ਹੈ ਤੇ ਨਾਲ ਹੀ ਸੁੰਦਰ ਪਾਰਕ ਵੀ ਮੌਜੂਦ ਹੈ।

- **ਗੁਰਦੁਆਰਾ ਸ਼ਹੀਦ ਗੰਜ ਸਾਹਿਬ (ਬਾਬਾ ਗੁਰਬਖ਼ਸ਼ ਸਿੰਘ ਜੀ ਸ਼ਹੀਦ)**

ਇਹ ਅਸਥਾਨ ਗੁਰਦੁਆਰਾ ਥੜ੍ਹਾ ਸਾਹਿਬ ਦੇ ਸਮੀਪ ਹੀ ਸਥਿਤ ਹੈ। ਇਸ ਅਸਥਾਨ ਤੇ ਹਰਿਮੰਦਰ ਸਾਹਿਬ ਦੀ ਦੁਰਾਨੀਆਂ ਦੇ ਹਮਲੇ ਤੋਂ ਰੱਖਿਆ ਕਰਨ ਵਾਲੇ ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ ਗਿਆ ਸੀ। ਇਹ ਸਿੰਘ ਦੁਰਾਨੀ ਫੌਜ ਨਾਲ ਲੜਦੇ ਸ਼ਹੀਦੀਆਂ ਪਾ ਗਏ ਸਨ। ਗੁਰਬਖਸ਼ ਸਿੰਘ ਅਕਾਲ ਤਖ਼ਤ ਦੇ ਪਾਸ ਸ਼ਹੀਦ ਹੋਇਆ ਸੀ।[27] ਪਹਿਲਾਂ ਇਸ ਅਸਥਾਨ ਤੇ ਇਕ ਯਾਦਗਰੀ ਥੜ੍ਹਾ ਹੀ ਸੀ ਪਰ ਬਾਅਦ ਵਿੱਚ ਅਨੰਦਪੁਰ ਸਾਹਿਬ ਦੇ ਸਰਦਾਰ ਸੂਬਾ ਸਿੰਘ ਨੇ ਸੁੰਦਰ ਮੰਜੀ ਸਾਹਿਬ ਤੇ ਮੰਦਰ ਬਣਵਾਇਆ ਸੀ। ਮੌਜੂਦਾ ਸਮੇਂ ਸੁੰਦਰ ਨਵੀਨ ਇਮਾਰਤ ਬਣ ਚੁੱਕੀ ਹੈ। ਹਰ ਸਾਲ 9 ਮੱਘਰ ਨੂੰ ਉਸ ਸਾਕੇ ਦੀ ਯਾਦ ਵਿਚ ਬਾਬਾ ਜੀ ਦਾ ਸ਼ਹੀਦੀ ਦਿਨ ਮਨਾਇਆ ਜਾਂਦਾ ਹੈ, ਸਾਰੀ ਰਾਤ ਦੀਵਾਨ ਸਜਦਾ ਹੈ।

- **ਗੁਰਦੁਆਰਾ ਪਿਪਲੀ ਸਾਹਿਬ**

ਇਹ ਅਸਥਾਨ ਹਰਿਮੰਦਰ ਸਾਹਿਬ ਤੋਂ 3.3 ਕਿਲੋਮੀਟਰ ਦੀ ਦੂਰੀ ਤੇ ਪੱਛਮ ਦਿਸ਼ਾ ਵਲ ਸਥਿਤ ਹੈ। ਅੰਮ੍ਰਿਤਸਰ ਸਰੋਵਰ ਦੀ ਕਾਰ ਸੇਵਾ ਲਈ ਪੋਠੋਹਾਰ, ਪਸ਼ੌਰ ਤੇ ਕਾਬਲ-ਕੰਧਾਰ ਦੇ ਇਲਾਕਿਆਂ ਤੋਂ ਆਈਆਂ ਸੰਗਤਾਂ ਦੇ ਸੁਆਗਤ ਵਿਚ ਗੁਰੂ ਅਰਜਨ ਦੇਵ ਜੀ ਮੁਖੀ ਸਿੱਖਾਂ ਸਮੇਤ ਇਸ ਅਸਥਾਨ ਤੇ ਆਏ ਸਨ। 1923 ਈ. ਨੂੰ ਅੰਮ੍ਰਿਤਸਰ ਸਰੋਵਰ ਦੀ ਕਾਰ ਸੇਵਾ ਸਮੇਂ ਸੰਗਤਾਂ ਦਾ ਬਹੁਤ ਭਾਰੀ ਇਕੱਠ ਇਸ ਅਸਥਾਨ ਤੋਂ ਸਰੋਵਰ ਵਲ ਗਿਆ ਸੀ।[28] ਸਾਲਾਨਾ ਬਸੰਤ-ਪੰਚਮੀ ਦਾ ਜੋੜ ਮੇਲਾ ਬੜੀ ਸਜ-ਧਜ ਨਾਲ ਮਨਾਇਆ ਜਾਂਦਾ ਹੈ। ਸੁੰਦਰ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ ਅਤੇ ਪੁਰਾਤਨ ਖੂਹ 'ਤੇ ਗੁੰਬਦ ਬਣਾ ਕੇ ਸੰਭਾਲ ਕੀਤੀ ਹੋਈ ਹੈ। ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਹੈ।

- **ਗੁਰਦੁਆਰਾ ਸ੍ਰੀ ਛੇਹਰਟਾ ਸਾਹਿਬ**

ਇਹ ਅਸਥਾਨ ਹਰਿਮੰਦਰ ਸਾਹਿਬ ਤੋਂ 8.5 ਕਿਲੋਮੀਟਰ ਦੀ ਦੂਰੀ ਤੇ ਪੂਰਬ ਦਿਸ਼ਾ ਵਸ ਸਥਿਤ ਹੈ। ਰਵਾਇਤ ਅਨੁਸਾਰ ਗੁਰੂ ਅਰਜਨ ਦੇਵ ਜੀ ਪਾਸ ਇਲਾਕੇ ਦੀ ਸੰਗਤ ਨੇ ਬੇਨਤੀ ਕੀਤੀ ਸੀ ਕਿ ਖੇਤਾਂ ਦੀ ਸਿੰਚਾਈ ਅਤੇ ਪੀਣ ਵਾਲੇ ਪਾਣੀ ਦੀ ਬਹੁਤ ਕਿੱਲਤ ਹੈ, ਇਸ ਸਮੱਸਿਆ ਦਾ ਕੋਈ ਹੱਲ ਕੀਤਾ ਜਾਵੇ। ਗੁਰੂ ਜੀ ਨੇ ਬੇਨਤੀ ਪ੍ਰਵਾਨ ਕਰਦਿਆਂ ਇਥੇ ਛੇ-ਹਰਟਾ ਵਾਲਾ ਖੂਹ ਲਗਵਾਇਆ:

ਰਚਿਉ ਛਿਹਰਟਾ ਅਤਿ ਸੁਖਦਾਈ। ਜਾ ਕੀ ਮਹਿਮਾ ਅਧਿਕ ਬਢਾਈ।
ਪੁੱਤਰ ਹੇਤ ਨਾਰੀ ਜੋਊ ਮਾਸ ਮਾਸ ਈਹਾ ਨ੍ਹਾਇ।
ਇਕ ਬਰਸ ਮਹਿ ਸੁਤ ਲਹਿ ਸਿਰੀ ਗੁਰ ਅਸ ਫੁਰਮਾਇ।[29]

ਇਹ ਖੂਹ ਗੁਰਦੁਆਰਾ ਸਾਹਿਬ ਦੇ ਪਾਸ ਹੀ ਪੂਰੀ ਵਧੀਆ ਹਾਲਤ ਵਿਚ ਮੌਜੂਦਾ ਹੈ। ਗੁਰਦੁਆਰਾ ਸਾਹਿਬ ਦੇ ਪਿਛਲੇ ਪਾਸੇ ਸਰੋਵਰ ਬਣਿਆ ਹੋਇਆ ਹੈ। ਇਸ ਅਸਥਾਨ ਦੇ ਪ੍ਰਬੰਧ ਹੇਠ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸੀਨੀਅਰ ਸੈਕੰਡਰੀ ਸਕੂਲ ਚੱਲ ਰਿਹਾ ਹੈ। ਸਾਲਾਨਾ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਬੜੀ ਸ਼ਰਧਾ ਭਾਵਨਾ ਸਹਿਤ ਮਨਾਏ ਜਾਂਦੇ ਹਨ। ਇਸ ਤੋਂ ਇਲਾਵਾ ਬਸੰਤ ਪੰਚਮੀ ਵਾਲੇ ਦਿਨ ਭਾਰੀ ਜੋੜ-ਮੇਲਾ ਭਰਦਾ ਹੈ।

- **ਗੁਰਦੁਆਰਾ ਜਨਮ ਅਸਥਾਨ ਪਾ. ਛੇਵੀਂ (ਗੁਰੂ ਕੀ ਵਡਾਲੀ)**

ਇਹ ਨਗਰ ਹਰਿਮੰਦਰ ਸਾਹਿਬ ਤੋਂ ਪੱਛਮ ਵਲ 8 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਗੁਰੂ ਹਰਿਗੋਬਿੰਦ ਜੀ ਦੇ ਜਨਮ ਦੀ ਯਾਦ ਵਿਚ ਇਹ ਅਸਥਾਨ ਬਣਿਆ ਹੋਇਆ ਹੈ। ਇਸ ਅਸਥਾਨ ਤੇ ਮਾਤਾ ਗੰਗਾ ਜੀ ਦੀ ਕੁੱਖ ਤੋਂ 14 ਜੂਨ 1595 ਈ. ਨੂੰ ਗੁਰੂ ਹਰਿਗੋਬਿੰਦ ਜੀ ਦਾ ਜਨਮ ਹੋਇਆ ਸੀ।[30] ਪੁੱਤਰ ਦੇ ਜਨਮ ਦੀ ਖੁਸ਼ੀ ਵਿਚ ਗੁਰੂ ਅਰਜਨ ਸਾਹਿਬ ਜੀ ਨੇ ਇਲਾਕੇ ਵਿਚ ਪਾਣੀ ਦੀ ਥੁੜ੍ਹ ਮਹਿਸੂਸ ਕਰਦਿਆਂ ਇਕ ਖੂਹ ਲਗਵਾਇਆ ਸੀ ਜੋ ਅੱਜ ਵੀ ਗੁਰਦੁਆਰਾ ਸਾਹਿਬ ਤੋਂ ਥੋੜੀ ਵਿਥ ਤੇ ਮੌਜੂਦ ਹੈ। ਇਸ ਅਸਥਾਨ ਦਾ ਪ੍ਰਬੰਧ ਗੁਰਦੁਆਰਾ ਛੇਹਰਟਾ ਸਾਹਿਬ ਅਧੀਨ ਹੈ। ਗੁਰਦੁਆਰਾ ਸਾਹਿਬ ਦੀ ਹੇਠਲੀ ਮੰਜ਼ਲ ਵਿਚ ਭੋਰਾ ਬਣਿਆ ਹੋਇਆ ਹੈ ਤੇ ਇਥੇ ਹੀ ਗੁਰੂ ਹਰਿਗੋਬਿੰਦ ਜੀ ਦਾ ਜਨਮ ਹੋਇਆ ਮੰਨਿਆ ਜਾਂਦਾ ਹੈ।

ਗੁਰੂ ਹਰਿਗੋਬਿੰਦ ਜੀ ਦਾ ਪ੍ਰਕਾਸ਼ ਦਿਹਾੜਾ ਗੁਰਦੁਆਰਾ ਜਨਮ-ਅਸਥਾਨ ਗੁਰੂ ਕੀ ਵਡਾਲੀ ਵਿਖੇ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ, ਜਿਸ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ ਤੇ ਕਵੀਸ਼ਰੀ ਜਥੇ ਦਿਨ ਰਾਤ ਦੋ ਦਿਨ ਸੰਗਤਾਂ ਨੂੰ ਗੁਰ-ਇਤਿਹਾਸ ਤੋਂ ਜਾਣੂ ਕਰਵਾਉਂਦੇ ਹਨ।

- **ਗੁਰਦੁਆਰਾ ਦਮਦਮਾ ਸਾਹਿਬ (ਗੁਰੂ ਕੀ ਵਡਾਲੀ)**

ਇਹ ਅਸਥਾਨ ਗੁਰਦੁਆਰਾ ਜਨਮ ਅਸਥਾਨ ਤੋਂ 600 ਮੀਟਰ ਦੀ ਦੂਰੀ ਤੇ ਦੱਖਣ ਦਿਸ਼ਾ ਵਲ ਸਥਿਤ ਹੈ। ਇਸ ਅਸਥਾਨ ਤੇ ਗੁਰੂ ਜੀ ਨੇ ਸੂਰ ਦਾ ਸ਼ਿਕਾਰ ਕਰ ਕੇ ਪੈਂਦੇ ਖਾਂ ਦਾ ਹੰਕਾਰ ਤੋੜਿਆ ਸੀ।

ਅਬ ਸਤਿਗੁਰ ਨੇ ਆਨਿ ਉਧਾਰਾ। ਖਿਲਤਿ ਅਖੋਰ ਮੋਹਿ ਕਉ ਮਾਰਾ।
ਇਮੁ ਕਹੈ ਪਰਮ ਗਈ ਕਹੁ ਗਯੋ। ਭਾਨਾ, ਸਾਧੂ, ਸੁਨਿ ਬਿਸਮਯੋ।
ਤਹਾ 'ਦਮਦਮਾ' ਕੁਝ ਬਨਿਵਾਏ। ਬੈਠੇ ਪੈਂਦਾ ਲੀਨ ਬੁਲਾਏ।
ਬੂਝੀ ਕੁਸ਼ਲ ਕੀਨ ਸਨਮਾਨਾ। ਕਿਤਕਿ ਦੇਰਿ ਮਹਿ ਕੀਨ ਪਿਯਾਨਾ।[31]

ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਪੰਜ ਹਰਟਾਂ ਵਾਲਾ ਖੂਹ ਮੌਜੂਦ ਹੈ, ਬਾਬਾ ਸ਼ਬੇਗ ਸਿੰਘ ਜੀ (ਕਾਰ ਸੇਵਾ ਵਾਲੇ) ਸੇਵਾ ਕਰਵਾ ਰਹੇ ਹਨ। ਪ੍ਰਬੰਧ ਗੁਰਦੁਆਰਾ ਛੇਹਰਟਾ ਸਾਹਿਬ ਦੇ ਅਧੀਨ ਹੈ।

ਇਸ ਤੋਂ ਇਲਾਵਾ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ, ਵਿਖੇ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਮੌਜੂਦ ਇਤਿਹਾਸਕ ਨਿਸਾਨੀਆ ਹਨ- ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਕਟਾਰ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਟਾਰ, ਸੁਨਹਿਰੀ ਕਮਰਕੱਸਾ, ਕੰਘਾ, ਬਾਬਾ ਦੀਪ ਸਿੰਘ ਜੀ ਦੇ ਦੁਮਾਲੇ ਸਜਾਉਣ ਵਾਲੇ ਤਿੰਨ ਚੱਕਰ, ਭਾਈ ਮਹਿਤਾਬ ਸਿੰਘ ਜੀ ਮੀਰਾਂਕੋਟ ਵਾਲੇ ਦੀ ਤਲਵਾਰ, ਮਹਾਰਾਜਾ ਰਣਜੀਤ ਸਿੰਘ ਦੀ ਤਲਵਾਰ, ਬਾਬਾ ਆਲਾ ਸਿੰਘ ਦੇ ਤੀਰ ਅਤੇ ਕਮਾਨ, ਮਹਾਰਾਜਾ ਰਣਜੀਤ ਸਿੰਘ ਦੇ ਫਰਾਂਸੀਸੀ ਜਰਨੈਲ ਦਾ ਪਿਸਤੌਲ, ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੇ ਸਿੱਕੇ।[32]

## <u>ਤਰਨਤਾਰਨ ਸਾਹਿਬ</u>

ਅੰਮ੍ਰਿਤਸਰ ਤੋਂ ਤਕਰੀਬਨ 24 ਕਿਲੋਮੀਟਰ ਦੱਖਣ ਵਲ ਤਰਨਤਾਰਨ ਸਾਹਿਬ ਸਥਿਤ ਹੈ। ਪਹਿਲਾਂ ਇਹ ਸ਼ਹਿਰ ਜ਼ਿਲ੍ਹਾ ਅੰਮ੍ਰਿਤਸਰ ਦੀ ਇਕ ਤਹਿਸੀਲ ਸੀ, ਪਰ ਸੰਨ 2006 ਵਿਚ ਇਸ ਨੂੰ ਪੰਜਾਬ ਦਾ ਉਨੀਵਾਂ ਜ਼ਿਲ੍ਹਾ ਐਲਾਨਿਆ ਗਿਆ। ਗੁਰੂ ਅਰਜਨ ਦੇਵ ਜੀ ਦੁਆਰਾ ਤਰਨਤਾਰਨ ਸਰੋਵਰ ਦੀ ਖੁਦਵਾਈ

ਕਰਵਾ ਕੇ ਇਸ ਨਗਰ ਦੀ ਨੀਂਹ ਰੱਖੀ ਗਈ। ਇਸ ਸ਼ਹਿਰ ਵਿਚ ਸਿੱਖ ਧਰਮ ਨਾਲ ਸੰਬੰਧਿਤ ਇਤਿਹਾਸਕ ਅਸਥਾਨਾਂ ਦੀ ਵਰਤਮਾਨ ਸਥਿਤ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ:

- **ਗੁਰਦੁਆਰਾ ਸ੍ਰੀ ਦਰਬਾਰ ਸਾਹਿਬ**

ਤਰਨਤਾਰਨ ਸਰੋਵਰ ਦੀ ਪੂਰਬੀ ਵਾਹੀ 'ਤੇ ਬਹੁਤ ਹੀ ਸੁੰਦਰ ਅਤੇ ਰਮਣੀਕ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਇਮਾਰਤ ਦਾ ਨਕਸ਼ਾ ਹਰਿਮੰਦਰ ਸਾਹਿਬ ਦੀ ਇਮਾਰਤ ਨਾਲ ਮੇਲ ਖਾਂਦਾ ਹੈ। ਦਰਬਾਰ ਸਾਹਿਬ ਦੀਆਂ ਕੰਧਾਂ ਤੇ ਛੱਤਾਂ ਉੱਤੇ ਬਹੁਤ ਮਨਮੋਹਕ ਸਿਲਪਕਾਰੀ ਕੀਤੀ ਹੋਈ ਹੈ। ਤਕਰੀਬਨ ਅੱਧੀ ਇਮਾਰਤ ਤੇ ਸੋਨੇ ਦੇ ਪਤਰੇ ਚੜ੍ਹੇ ਹੋਏ ਹਨ। ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਨੀਚੇ ਅਜਾਇਬ ਘਰ ਬਣਿਆ ਹਇਆ ਹੈ, ਜਿਸ ਵਿਚ ਸਿੱਖ ਇਤਿਹਾਸ ਸੰਬੰਧੀ ਸਚਿਤਰ ਬਣਾ ਕੇ ਜਾਣਕਾਰੀ ਦਿੱਤੀ ਗਈ ਹੈ। ਦਰਬਾਰ ਸਹਿਬ ਦੇ ਪਿਛਲੇ ਪਾਸੇ ਹਰਿ ਕੀ ਪੌੜੀ ਹੈ ਜਿੱਥੋਂ ਸੰਗਤਾਂ ਜਲ ਦਾ ਚੂਲਾ ਛਕਦੀਆਂ ਹਨ। ਗੁਰਦੁਆਰਾ ਸਾਹਿਬ ਕੰਪਲੈਕਸ ਅੰਦਰ ਦਾਖਲ ਹੋਣ ਲਈ ਵੱਖ-ਵੱਖ ਦਿਸ਼ਾਵਾ ਵਿਚ ਛੇ ਗੇਟ ਬਣੇ ਹੋਏ ਹਨ। ਪਾਣੀ ਦੀ ਸੇਵਾ ਲਈ ਸਰੋਵਰ ਦੇ ਚਾਰੇ ਕੋਨਿਆਂ ਵਿਚ ਛਬੀਲਾਂ ਬਣੀਆ ਹੋਈਆ ਹਨ। ਇਸ ਤੋਂ ਇਲਾਵਾ ਦੋ ਛਬੀਲਾਂ ਦਰਬਾਰ ਸਾਹਿਬ ਦੇ ਪੂਰਬੀ ਅਤੇ ਉੱਤਰੀ ਗੇਟ ਤੇ ਸਥਿਤ ਹਨ। ਪੂਰਬੀ ਵਾਹੀ ਤੇ ਦੀਵਾਨ ਹਾਲ ਬਣਿਆ ਹੋਇਆ ਹੈ। ਉੱਤਰੀ ਵਾਹੀ ਵਾਲੇ ਗੇਟ ਦੇ ਸੱਜੇ ਪਾਸੇ ਲੰਗਰ ਹਾਲ ਬਣਿਆ ਹੋਇਆ ਹੈ। ਲੰਗਰ ਹਾਲ ਦੇ ਨਾਲ ਹੀ ਪਹਿਲੀ ਮੰਜ਼ਲ ਤੇ ਪ੍ਰਬੰਧਕੀ ਸਟਾਫ ਦਾ ਦਫ਼ਤਰ ਹੈ। ਦਰਬਾਰ ਸਾਹਿਬ ਦੇ ਸਾਹਮਣੇ ਵਾਲੀ ਦਰਸ਼ਨੀ ਡਿਉਢੀ ਦਾ ਕਾਰਜ ਉਸਾਰੀ ਅਧੀਨ।

- **ਗੁਰਦੁਆਰਾ ਸ੍ਰੀ ਮੰਜੀ ਸਾਹਿਬ**

ਸਰੋਵਰ ਦੀ ਪੂਰਬੀ ਵਾਹੀ ਤੇ ਗੁੰਬਦਨੁਮਾ ਇਮਾਰਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ, ਇਸ ਅਸਥਾਨ ਨੂੰ ਮੰਜੀ ਸਾਹਿਬ ਕਿਹਾ ਜਾਂਦਾ ਹੈ। ਇਸ ਅਸਥਾਨ 'ਤੇ ਬੈਠ ਕੇ ਗੁਰੂ ਸਾਹਿਬ ਸਰੋਵਰ ਦੀ ਕਾਰ ਸੇਵਾ ਕਰਵਾਉਂਦੇ ਸਨ। ਗੁਰੂ ਹਰਿਗੋਬਿੰਦ ਜੀ ਜਦੋਂ ਦਿੱਲੀ ਤੋਂ ਚੰਦੂ ਸਵਾਹੀ ਨੂੰ ਗ੍ਰਿਫਤਾਰ ਕਰਕੇ ਲਾਹੌਰ ਲਜਾ ਰਹੇ ਸਨ ਤਾਂ ਰਾਸਤੇ ਵਿਚ ਰਾਤ ਇਸ ਅਸਥਾਨ 'ਤੇ ਬਤੀਤ ਕੀਤੀ ਸੀ।[33]

**<u>ਤਰਨਤਾਰਨ ਸਰੋਵਰ</u>**

ਗੁਰੂ ਅਰਜਨ ਦੇਵ ਜੀ ਨੇ ਇਲਾਕੇ ਨਿਵਾਸੀਆਂ ਪਾਸੋਂ ਜ਼ਮੀਨ ਮੁੱਲ ਲੈ ਕੇ ਸਭ ਤੋਂ ਪਹਿਲਾਂ ਤਰਨ ਤਾਰਨ ਸਰੋਵਰ ਤਿਆਰ ਕਰਵਾਇਆ ਸੀ। ਇਹ ਸਰੋਵਰ ਆਕਾਰ ਵਿਚ ਸਿੱਖ ਧਰਮ ਦੇ ਬਾਕੀ ਸਭ ਸਰੋਵਰਾਂ ਤੋਂ ਵਿਸ਼ਾਲ ਹੈ। ਇਸ ਸਰੋਵਰ ਦੀ ਲੰਬਾਈ 999 ਫੁੱਟ ਤੇ ਚੌੜਾਈ 990 ਫੁੱਟ ਅਤੇ ਡੂੰਗਾਈ 30 ਫੁੱਟ ਦੇ ਆਸ-ਪਾਸ ਹੈ।[34] ਪਹਿਲਾਂ ਇਸ ਸਰੋਵਰ ਦੀ ਲੰਬਾਈ ਅਤੇ ਚੌੜਾਈ ਮੌਜੂਦਾ ਸਮੇਂ ਤੋਂ ਜਿਆਦਾ ਸੀ, ਪਰਤੂੰ ਉਸਾਰੀ ਦੇ ਕਾਰਜ ਸਮੇਂ ਸਰੋਵਰ ਦਾ ਕੁਝ ਹਿੱਸਾ ਪਰਕਰਮਾ ਵਿਚ ਰਲਾ ਲਿਆ ਗਿਆ। ਪੂਰਬ ਅਤੇ ਦੱਖਣ ਵਾਲੀ ਵਾਹੀ 'ਤੇ ਇਸਤੀਆਂ ਦੇ ਇਸ਼ਨਾਨ ਕਰਨ ਲਈ ਪੋਣੇ ਬਣੇ ਹੋਏ ਹਨ। ਸਰੋਵਰ ਦੀ ਪੂਰੀ ਪਰਕਰਮਾ ਤਕਰੀਬਨ ਇਕ ਮੀਲ ਦੇ ਬਰਾਬਰ ਬਣ ਜਾਂਦੀ ਹੈ। ਸਰੋਵਰ ਵਿਚ ਪਾਣੀ ਪਹੁੰਚਾਉਣ ਦਾ ਪ੍ਰਬੰਧ ਰਸੂਲਪੁਰ ਘਰਾਟਾਂ ਵਾਲੀ ਨਹਿਰ ਤੋਂ ਸਰੋਵਰ ਤੱਕ ਪੱਕੀ ਹੰਸਲੀ ਬਣਾ ਕੇ ਕੀਤਾ ਗਿਆ ਹੈ। ਇਹ ਰਾਸਤਾ ਤਕਰੀਬਨ 4 ਲਿਕੋਮੀਟਰ ਬਣਦਾ ਹੈ। ਸਰੋਵਰ ਦੀ ਪਰਕਰਮਾਂ ਦੇ ਪੱਛਮੀ ਵਾਹੀ ਤੇ ਅਕਾਲੀ ਫੂਲਾ ਸਿੰਘ ਦਾ ਅਸਥਾਨ ਬਣਿਆ ਹੋਇਆ ਹੈ। ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦਾ ਪ੍ਰਕਾਸ਼ ਹੈ ਤੇ ਨਿਸ਼ਾਨ ਸਾਹਿਬ ਲੱਗਿਆ ਹੋਇਆ ਹੈ। ਇਸ ਤੋਂ ਅੱਗੇ ਇੱਕ ਕਮਰਾ ਬਣਿਆ ਹੋਇਆ ਹੈ ਜਿਸ ਨੂੰ ਸ਼ਹੀਦ ਬਾਬਾ ਨੈਣਾ ਸਿੰਘ ਦਾ ਅਸਥਾਨ ਆਖਿਆ ਜਾਂਦਾ ਹੈ। ਇਸ ਅਸਥਾਨ 'ਤੇ ਬਾਬਾ ਨੈਣਾ ਸਿੰਘ ਵੱਲੋਂ ਅਕਾਲੀ ਫੂਲਾ ਸਿੰਘ ਨੂੰ ਸ਼ਸ਼ਤਰ ਵਿਦਿਆ ਦਿੱਤੀ ਜਾਂਦੀ ਸੀ।

- **ਬੁੰਗਾ**

ਸਰੋਵਰ ਦੇ ਪੂਰਬੀ ਅਤੇ ਉੱਤਰੀ ਕੋਨੇ ਤੇ ਤਿੰਨ ਮੰਜਲਾਂ ਬੁੰਗਾ ਬਣਿਆ ਹੈ। ਇਹ ਬੁੰਗਾ ਮਹਾਰਾਜਾ ਰਣਜੀਤ ਸਿੰਘ ਜੀ ਦੇ ਪੋਤਰੇ ਕੰਵਰ ਨੌ-ਨਿਹਾਲ ਦੁਆਰਾ 1841 ਵਿਚ ਬਣਵਾਇਆ ਗਿਆ ਸੀ।[35] ਇਸ ਛੇ-ਭੁਜੀ ਬੁੰਗੇ ਦੀ ਉਚਾਈ 156 ਫੁੱਟ 6 ਇੰਚ ਹੈ।

ਦੂਰੋ ਆਈਆਂ ਸੰਗਤਾਂ ਦੀ ਸਹੂਲਤ ਲਈ 50 ਕਮਰਿਆਂ ਵਾਲੀ ਗੁਰੂ ਅਰਜਨ ਦੇਵ ਨਿਵਾਸ ਸਰਾਂ ਬਣੀ ਹੋਈ ਹੈ। ਇਸ ਦੀ ਉਸਾਰੀ ਕਾਰ ਸੇਵਾ ਬਾਬਾ ਗੁਰਮੁਖ ਸਿੰਘ ਜੀ ਵੱਲੋਂ ਸੰਗਤਾਂ ਦੀ ਸਹਾਇਤਾ ਨਾਲ ਸੰਨ 2001 ਵਿਚ ਕਰਵਾਈ ਗਈ ਸੀ।

- **ਗੁਰਦੁਆਰਾ ਗੁਰੂ ਕਾ ਖੂਹ**

ਇਹ ਅਸਥਾਨ ਗੁਰਦੁਆਰਾ ਤਰਨਤਾਰਨ ਸਾਹਿਬ ਤੋਂ ਤਕਰੀਬਨ ਅੱਧ ਮੀਲ ਦੀ ਦੂਰੀ 'ਤੇ ਦੱਖਣ ਦਿਸ਼ਾ ਵੱਲ ਸਥਿਤ ਹੈ। ਗੁਰੂ ਅਰਜਨ ਦੇਵ ਜੀ ਸਰੋਵਰ ਦੀ ਕਾਰ ਸੇਵਾ ਕਰਵਾਉਣ ਤੋਂ ਬਾਅਦ ਇਸ ਖੂਹ 'ਤੇ ਬਿਰਾਜਦੇ ਸਨ।[36] ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ। ਪੁਰਾਤਨ ਖੂਹ ਦੇ ਉੱਪਰ ਚਾਰ ਦੀਵਾਰੀ ਕਰਕੇ ਗੁੰਬਦ ਬਣਾਇਆ ਗਿਆ ਹੈ। ਖੂਹ ਦੀਆਂ ਇੱਟਾਂ ਤਾਂ ਨਾਨਕਸ਼ਾਹੀ ਹਨ, ਪਰ ਮੌਜੂਦਾ ਸਮੇਂ ਸੀਮਿੰਟ ਦਾ ਪਲਸਤਰ ਕੀਤਾ ਹੋਇਆ ਹੈ। ਗੁਰਦੁਆਰਾ ਸਾਹਿਬ ਦੀ ਇਮਾਰਤ ਨਵੀਨ ਹੈ ਅਤੇ ਲੰਗਰ ਹਾਲ ਬਣਿਆ ਹੋਇਆ ਹੈ।

- **ਗੁਰਦੁਆਰਾ ਖੂਹ ਬੀਬੀ ਭਾਨੀ ਜੀ**

ਇਹ ਅਸਥਾਨ ਗੁਰਦੁਆਰਾ ਤਰਨਤਾਰਨ ਸਾਹਿਬ ਤੋਂ ਤਕਰੀਬਨ ਅੱਧੇ ਮੀਲ ਦੀ ਦੂਰੀ ਤੇ ਪੱਛਮ ਦਿਸ਼ਾ ਵੱਲ ਸਥਿਤ ਹੈ। ਗੁਰਦੁਆਰਾ ਸਾਹਿਬ ਦੀ ਇਮਾਰਤ ਨਵੀਨ ਅਤੇ ਸੁੰਦਰ ਬਣੀ ਹੋਈ ਹੈ। ਸੱਜੇ ਪਾਸੇ ਬੀਬੀ ਭਾਨੀ ਜੀ ਦਾ ਪੁਰਾਤਨ ਖੂਹ ਮੌਜੂਦ ਹੈ। ਖੂਹ ਅੰਦਰ ਨਾਨਕਸ਼ਾਹੀ ਇੱਟ ਲੱਗੀ ਹੋਈ ਹੈ, ਜੋ ਇਸਦੀ ਪੁਰਾਤਨਤਾ ਦਰਸਾਉਂਦੀ ਹੈ। ਦੋ ਮੰਜਲਾਂ ਵਿਸ਼ਾਲ ਲੰਗਰ ਹਾਲ ਬਣਿਆ ਹੋਇਆ ਹੈ। ਗੁਰਦੁਆਰਾ ਸਾਹਿਬ ਦਾ ਪ੍ਰਬੰਧ ਕਾਰ ਸੇਵਾ ਬਾਬਾ ਜਗਤਾਰ ਸਿੰਘ ਤਰਨ ਤਾਰਨ ਸਾਹਿਬ ਵਾਲਿਆ ਪਾਸ ਹੈ। ਉਸਾਰੀ ਦੇ ਕਾਰਜ ਵੀ ਸਾਰੇ ਉਹਨਾਂ ਦੀ ਅਗਵਾਈ ਅਧੀਨ ਹੀ ਹੋਏ ਹਨ।

**<u>ਕਰਤਾਰਪੁਰ ਸਾਹਿਬ (ਜਲੰਧਰ)</u>**

ਤਰਨਤਾਰਨ ਸਾਹਿਬ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਨੇ ਦੁਆਬੇ ਇਲਾਕੇ ਵਿਚ ਪਹਿਲਾ ਸਿੱਖੀ ਦਾ ਕੇਂਦਰ ਕਰਤਾਰਪੁਰ ਸਾਹਿਬ ਸਥਾਪਿਤ ਕੀਤਾ ਸੀ। ਇਹ ਅਸਥਾਨ ਜਲੰਧਰ-ਅੰਮ੍ਰਿਤਸਰ ਨੂੰ ਜਾਣ ਵਾਲੇ ਮੁੱਖ ਮਾਰਗ 'ਤੇ ਜਲੰਧਰ ਤੋਂ ਉੱਤਰ ਵੱਲ ਤਕਰੀਬਨ 15 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਹ ਕਸਬਾ ਪੂਰੇ ਭਾਰਤ ਵਿਚ ਲੱਕੜੀ ਦਾ ਫਰਨੀਚਰ ਤਿਆਰ ਕਰਨ ਵਿਚ ਮਸ਼ਹੂਰ ਹੈ। ਇਸ ਕਸਬੇ ਅੰਦਰ ਸਿੱਖ ਗੁਰੂ ਸਾਹਿਬਾਨ ਨਾਲ ਸੰਬੰਧਿਤ ਜੋ ਇਤਿਹਾਸਕ ਅਸਥਾਨ ਹਨ ਉਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

- **ਗੁਰਦੁਆਰਾ ਥੰਮ੍ਹ ਜੀ ਸਾਹਿਬ ਪਾ: ਪੰਜਵੀਂ**

ਗੁਰੂ ਅਰਜਨ ਦੇਵ ਜੀ ਨੇ ਕਰਤਾਰਪੁਰ ਦੀ ਸਥਾਪਨਾ ਕਰਨ ਸਮੇਂ ਸਭ ਤੋਂ ਪਹਿਲਾਂ ਇਸ ਅਸਥਾਨ ‘ਤੇ ਥੰਮ੍ਹ ਗੱਡ ਕੇ ਇਸ ਨਗਰ ਦੀ ਮੋੜ੍ਹੀ ਗੱਡੀ ਸੀ।

ਬਹੁਰ ਹੁਕਮ ਘਰ ਚਿਨਿਬੇ ਕਰਿਓ। ਸੁੰਦਰ ਨਾਮ ਗੁਰੂ ਤਬਿ ਧਰਿਓ।
ਸ਼੍ਰੀ ਕਰਤਾਰ ਪੁਰਾ ਸਭਿ ਬੀਚ। ਬਿਦਤ ਹੋਇ ਕਹਿਂ ਊਚ ਰੁ ਨੀਚ।
ਸ਼੍ਰੀ ਅਰਜਨ ਪੁਨ ਲੋਕ ਬੁਲਾਏ। ਮਾਨ ਦਾਨ ਦੇ ਘਨੇ ਬਸਾਏ।[37]

ਸਿੱਖ ਰਾਜ ਸਮੇਂ ਮਹਾਰਾਜਾ ਰਣਜੀਤ ਸਿੰਘ ਦੁਆਰਾ ਸੱਤ-ਮੰਜ਼ਲੀ ਇਮਾਰਤ ਵਾਲਾ ਗੁਰਦੁਆਰਾ ਸਾਹਿਬ ਤਿਆਰ ਕਰਵਾਇਆ ਗਿਆ ਸੀ। ਗੁਰਦੁਆਰਾ ਸਾਹਿਬ ਦੀ ਪਹਿਲੀ ਮੰਜ਼ਲ ਤੋਂ ਸਾਰੇ ਸ਼ਹਿਰ ਦਾ ਨਜਾਰਾ ਵੇਖਿਆ ਜਾ ਸਕਦਾ ਹੈ। ਇਹ ਅਸਥਾਨ ਸ਼ਹਿਰ ਦੇ ਸਭ ਤੋਂ ਵੱਧ ਵਸੋਂ ਵਾਲੇ ਇਲਾਕੇ ਵਿਚ ਸਥਿਤ ਹੈ।

ਇਸ ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੈਕਸ਼ਨ 85 ਦੇ ਅਧੀਨ ਹੈ। ਨਵੀਂ ਇਮਾਰਤ ਦੀ ਉਸਾਰੀ ਸੰਨ 2002 ਵਿਚ ਹੋਈ ਸੀ। ਜਿਸ ਅਸਥਾਨ ‘ਤੇ ਗੁਰੂ ਸਾਹਿਬ ਨੇ ਥੰਮ੍ਹ ਗੱਢਿਆ ਸੀ ਉਥੇ ‘ਗੁਰੂ ਗ੍ਰੰਥ ਸਾਹਿਬ’ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਮੇਨ ਗੇਟ ਨਾਲ ਹੀ ਇਕ ਕਮਰੇ ਅੰਦਰ ਸਿੱਖ ਧਰਮ ਨਾਲ ਸੰਬੰਧਿਤ ਪੁਸਤਕਾਂ ਵਾਲੀ ਲਾਈਬਰ੍ਰੇਰੀ ਬਣੀ ਹੋਈ ਹੈ।

- **ਗੁਰਦੁਆਰਾ ਗੰਗਸਰ ਸਾਹਿਬ ਅਤੇ ਗੁਰਦੁਆਰਾ ਮੰਜੀ ਸਾਹਿਬ ਪਾ: ਪੰਜਵੀਂ ਤੇ ਛੇਵੀਂ**

ਇਹ ਗੁਰਦੁਆਰਾ ਜਰਨੈਲੀ ਸੜਕ ਤੋਂ ਤਰਕੀਬਨ ਇਕ ਕਿਲੋਮੀਟਰ ਦੀ ਦੂਰੀ ‘ਤੇ ਸ਼ਹਿਰ ਦੇ ਬਾਹਰੋ ਬਾਰ ਪੂਰਬ ਦਿਸ਼ਾ ਵੱਲ ਸਥਿਤ ਹੈ। ਗੁਰੂ ਅਰਜਨ ਦੇਵ ਜੀ ਦੁਆਰਾ ਸੰਗਤਾਂ ਦੀ ਮੰਗ ਉਤੇ ਇਸ ਨਗਰੀ ਵਿਚ ਖੂਹ ਲਗਵਾਇਆ ਸੀ। *ਗੁਰ ਪ੍ਰਤਾਪ ਸੂਰਜ ਗ੍ਰੰਥ* ਅਨੁਸਾਰ ਗੁਰੂ ਜੀ ਨੇ ਇਸ ਖੂਹ ਦਾ ਜਲ ਸ਼ਕਰ ਵਾਂਗ ਮਿੱਠਾ ਹੋਣ ਕਾਰਨ ਇਸਦਾ ਨਾਂ ‘ਸ਼ਕਰਗੰਗ’ ਰੱਖਿਆ:

ਜਥਾ ਜੋਗ ਸਾਦਰ ਮਿਲਿ ਕਰਿ ਕੈ। ਨਦੀ ਬਿਪਾਸਾ ਪਾਰਿ ਉਤਰਿਕੈ।
ਸ਼ਕਰ ਗੰਗ ਜਹਿ ਕੂਪ ਬਨਾਯੋ। ਇਹਾਂ ਆਨਿ ਉਤਰੇ ਸੁਖ ਪਾਯੋ।[38]

ਇਸ ਖੂਹ ਨੂੰ ਗੁਰੂ ਸਹਿਬ ਨੇ ਵਰ ਦਿੱਤਾ ਸੀ ਕਿ ਇਸ ਖੂਹ ਵਿਚ ਕੀਤਾ ਇਸ਼ਨਾਨ ਗੰਗਾ ਇਸ਼ਨਾਨ ਦੇ ਬਰਾਬਰ ਹੋਵੇਗਾ। ਇਸ ਅਸਥਾਨ 'ਤੇ ਗੁਰੂ ਹਰਿਗੋਬਿੰਦ ਸੰਗਤਾਂ ਨੂੰ ਉਪਦੇਸ਼ ਦਿੰਦੇ ਸਨ। ਵਰਤਮਾਨ ਸਮੇਂ ਇਸ ਇਤਿਹਾਸਕ ਖੂਹ ਦੇ ਨਾਲ ਗੁਰਦੁਆਰਾ ਮੰਜੀ ਸਾਹਿਬ ਸਥਿਤ ਹੈ।

ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ। ਇਸ ਅਸਥਾਨ 'ਤੇ ਪ੍ਰਬੰਧਕੀ ਬਲਾਕ ਬਣਿਆ ਹੋਇਆ ਹੈ ਅਤੇ ਇਥੋ ਹੀ ਕਰਤਾਰਪੁਰ ਸਾਹਿਬ ਵਿਚਲੇ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਚਲਦਾ ਹੈ। ਗੁਰੂ ਅਰਜਨ ਦੇਵ ਜੀ ਦਾ ਲਗਵਾਇਆ ਪੁਰਾਤਨ ਖੂਹ ਅਤੇ ਸਰੋਵਰ ਮੌਜੂਦ ਹੈ। ਸੰਗਤਾਂ ਦੀ ਰਹਾਇਸ਼ ਲਈ ਤਕਰੀਬਨ 45 ਕਮਰਿਆਂ ਦੀ ਦੋ ਮੰਜ਼ਲਾਂ ਸਰਾਂ ਬਣੀ ਹੋਈ ਹੈ, ਪਰ ਸਰਾਂ ਦੀ ਹਾਲਤ ਖਸਤਾ ਹੈ। ਇਹ ਸਰਾਂ ਦੀ ਸੇਵਾ ਭਾਈ ਜੈਮਲ ਸਿੰਘਮ ਦਾਨ ਵੱਲੋਂ ਸੰਨ 2003 ਵਿਚ ਕਰਵਾਈ ਗਈ ਸੀ। ਇਸ ਤੋਂ ਇਲਾਵਾ ਦੀਵਾਨ ਹਾਲ ਅਤੇ ਲੰਗਰ ਹਾਲ ਬਣਿਆ ਹੋਇਆ ਹੈ। ਵਿਸਾਖ ਦੀ ਮੱਸਿਆ ਅਤੇ ਪੁੰਨਿਆ ਨੂੰ ਵਿਸ਼ੇਸ ਦਿਨ ਵਜੋਂ ਮਨਾਇਆ ਜਾਂਦਾ ਹੈ ਅਤੇ ਇਹਨਾਂ ਦਿਨਾਂ ਵਿਚ ਸੰਗਤਾਂ ਦੂਰੋ ਨੇੜਓ ਦਰਸ਼ਨਾਂ ਲਈ ਇਸ ਅਸਥਾਨ 'ਤੇ ਨਤਮਸਤਕ ਹੁੰਦੀਆਂ ਹਨ।

- **ਗੁਰਦੁਆਰਾ ਨਿਵਾਸ ਅਤੇ ਵਿਆਹ ਅਸਥਾਨ ਗੁਰੂ ਤੇਗ ਬਹਾਦਰ ਜੀ ਅਤੇ ਮਾਤਾ ਗੁਜਰ ਕੌਰ ਜੀ**

ਸ਼ਹਿਰ ਦੇ ਵਿਚਕਾਰ ਰਬਾਬੀਆਂ ਵਾਲੀ ਗਲੀ ਵਿਚ ਇਹ ਅਸਥਾਨ ਸਥਿਤ ਹੈ। ਰਵਾਇਤ ਅਨੁਸਾਰ ਇਸ ਅਸਥਾਨ 'ਤੇ ਗੁਰੂ ਤੇਗ ਬਹਾਦਰ ਜੀ ਅਤੇ ਮਾਤਾ ਗੁਜਰੀ ਜੀ ਦਾ ਵਿਆਹ ਹੋਇਆ ਸੀ। *ਗੁਰਬਿਲਾਸ ਪਾਤਸ਼ਾਹੀ ਛੇਵੀਂ* ਅਨੁਸਾਰ:

ਸੰਮਤ ਸੋਰਹ ਸੈ ਸੁਖਦ ਔਰ ਉਨਾਨਵ ਜਾਨੁ।
ਤੇਗਬਹਾਦਰ ਬਜਾਹ ਕਰਿ ਫੱਗਨ ਗ੍ਰਹ ਅਹਿ ਮਾਨੁ।
ਸੁਰ ਪਤਨੀ ਪਰ ਨਾਰਿ ਕਹੁ ਹੇ ਅਲਿ ਦੂਲੋ ਜੈਸ।
ਇਹ ਲਾਇਕ ਬਿਧਨਾ ਰਚੀ ਸੁਤਾ ਗੂਜਰੀ ਤੈਸ।[39]

ਮਾਤਾ ਗੁਜਰੀ ਜੀ ਅਤੇ ਗੁਰੂ ਸਾਹਿਬ ਇਸ ਅਸਥਾਨ 'ਤੇ ਹੀ ਨਿਵਾਸ ਕਰਦੇ ਸਨ। ਪਹਿਲਾਂ ਇਸ ਅਸਥਾਨ ਤੇ ਸਮਾਧ ਬਣੀ ਹੋਈ ਸੀ ਪਰ ਬਾਅਦ ਵਿਚ ਇਸ ਅਸਥਾਨ ਦੇ ਨਾਮ ਅੱਜ ਤੋਂ ਤਕਰੀਬਨ 30-35 ਸਾਲ ਪਹਿਲਾਂ ਦੋ ਸਕੇ ਭਰਾਵਾਂ ਨੇ 6-7 ਏਕੜ ਜਮੀਨ ਲਗਵਾਈ ਸੀ। ਫਿਰ ਇਸ ਅਸਥਾਨ 'ਤੇ ਕਾਰ ਸੇਵਾ

ਖਡੂਰ ਸਾਹਿਬ ਵਾਲਿਆਂ ਨੇ ਗੁਰਦੁਆਰਾ ਸਾਹਿਬ ਦੀ ਇਮਾਰਤ ਤਿਆਰ ਕਰਵਾਈ। ਮੌਜੂਦਾ ਪ੍ਰਬੰਧ ਕਾਰ ਸੇਵਾ ਖਡੂਰ ਸਾਹਿਬ ਬਾਬਾ ਬਲਦੇਵ ਸਿੰਘ ਪਾਸ ਹੈ। 11 ਅੱਸੂ ਨੂੰ ਗੁਰੂ ਸਾਹਿਬ ਦੇ ਵਿਆਹ ਵਾਲੇ ਦਿਨ ਨੂੰ ਪੂਰੇ ਵੱਡੇ ਪੱਧਰ 'ਤੇ ਮਨਾਇਆ ਜਾਂਦਾ ਹੈ।

- **ਗੁਰਦੁਆਰਾ ਸ੍ਰੀ ਚੁਬੱਚਾ ਸਾਹਿਬ ਪਾਤਸ਼ਾਹੀ ਛੇਵੀਂ**

ਇਹ ਅਸਥਾਨ ਥੰਮ੍ਹ ਜੀ ਸਾਹਿਬ ਤੋਂ ਦਰਵਾਜੇ ਦਿਆਲਪੁਰ ਨੂੰ ਜਾਣ ਲੱਗਿਆ ਰਾਸਤੇ ਵਿਚ ਆਉਂਦਾ ਹੈ। ਪੱਕੇ ਬਾਗ਼ ਦੀ ਇਕ ਹੱਦ ਇਸ ਅਸਥਾਨ ਦੇ ਨਾਲ ਲਗਦੀ ਹੈ। ਇਸ ਅਸਥਾਨ ਤੇ ਪੁਰਾਤਨ ਸਮੇਂ ਵਿਚ ਚੁਬੱਚਾ ਅਤੇ ਖੂਹ ਬਣਿਆ ਹੋਇਆ ਸੀ, ਇਸ ਚੁਬੱਚੇ ਦੇ ਕੰਢੇ ਬੈਠ ਕੇ ਗੁਰੂ ਹਰਿਗੋਬਿੰਦ ਸਾਹਿਬ ਜੀ ਬੰਦਗੀ ਕਰਦੇ ਸਨ। ਇਸ ਜਗ੍ਹਾ ਤੇ ਗੁਰੂ ਜੀ ਪੈਂਦੇ ਖਾਂ ਨਾਲ ਸਤਰੰਜ ਖੇਡਦੇ ਸਨ। ਸੋਢੀਆਂ ਨੇ ਇਸ ਜਗਾਂ ਤੇ ਵੱਡੀਆਂ ਇੱਟਾਂ ਦੀ ਮੰਜੀ ਤਿਆਰ ਕਰਵਾਈ ਸੀ।[40] ਜਿਸ ਅਸਥਾਨ ਤੇ ਚੁਬੱਚਾ ਬਣਿਆ ਹੋਇਆ ਸੀ ਉਸ ਅਸਥਾਨ 'ਤੇ ਵਰਤਮਾਨ ਸਮੇਂ ਗੁਰੂ ਗ੍ਰੰਥ ਸਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ। ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ। ਨਵੀਂ ਇਮਾਤਰ ਉਸਾਰੀ ਦੀ ਕਾਰ ਸੇਵਾ ਸੁਭੇਗ ਸਿੰਘ ਗੋਇੰਦਵਾਲ ਸਹਿਬ ਵਾਲਿਆਂ ਨੇ ਇਲਾਕੇ ਦੀਆਂ ਸੰਗਤਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਸਦਕਾ ਤਿਆਰ ਕਰਵਾਈ ਸੀ। ਇਮਾਰਤ ਦਾ ਕਾਰਜ 2015 ਈ: ਵਿਚ ਮੁਕੰਮਲ ਹੋਇਆ ਸੀ।

- **ਸਮਾਧ ਬੀਬੀ ਕੌਲਾਂ ਜੀ**

ਇਹ ਅਸਥਾਨ ਗੁਰਦੁਆਰਾ ਚੁਬੱਚਾ ਸਾਹਿਬ ਦੇ ਸਮੀਪ ਪੱਕੇ ਬਾਗ਼ ਵਿਚ ਸਥਿਤ ਹੈ। ਇਸ ਅਸਥਾਨ ਤੇ ਬੀਬੀ ਕੌਲਾਂ ਦਾ ਅਕਾਲ ਚਲਾਣਾ ਹੋਇਆ ਸੀ। ਗੁਰੂ ਹਰਿਗੋਬਿੰਦ ਜੀ ਨੇ ਉਹਨਾਂ ਦੇ ਮ੍ਰਿਤਕ ਸਰੀਰ ਦਾ ਸਸਕਾਰ ਇਸ ਅਸਥਾਨ ਤੇ ਕੀਤਾ ਸੀ। *ਗੁਰਬਿਲਾਸ ਪਾਤਸ਼ਾਹੀ ਛੇਵੀਂ* ਅਨੁਸਾਰ:

ਮ੍ਰਿਤ ਕਿਰਿਆ ਸਭ ਸ਼ਰਾ ਸੁ ਕਈ। ਦੇਹ ਦਾਬਨ ਕੀ ਆਰਜਾ ਲਈ।
ਗੋਰ ਕਾਢ ਤਬ ਦਾਬਨ ਕਰੀ। ਬਾਗ ਬੀਚ ਗੁਰ ਆਗਯਾ ਧਰੀ।[41]

ਸਮਾਧ ਸਥਾਨ ਧੀਰਮੱਲੀਆਂ ਦੀ ਜਗ੍ਹਾ ਵਿਚ ਹੈ। ਮੌਜੂਦਾ ਸਮੇਂ ਸਮਾਧ ਤੇ ਇਕ ਕਮਰਾ ਬਣਿਆ ਹੋਇਆ ਹੈ।

- **ਗੁਰਦੁਆਰਾ ਬਾਬਾ ਗੁਰਦਿੱਤਾ ਜੀ (ਬਾਬੇ ਕੀ ਬੇਰ)**

ਗੁਰਦੁਆਰਾ ਗੰਗਸਰ ਸਾਹਿਬ ਤੋਂ ਪਿੰਡ ਕਾਲ੍ਹਵਾਂ ਜਾਣ ਵਾਲੀ ਸੜਕ ‘ਤੇ ਗੁਰਦੁਆਰਾ ਬਾਬੇ ਕੀ ਬੇਰ ਸਥਿਤ ਹੈ। ਇਹ ਅਸਥਾਨ ਬਾਬਾ ਗੁਰਦਿੱਤਾ ਜੀ ਦੀ ਯਾਦ ‘ਚ ਬਣਿਆ ਹੋਇਆ ਹੈ। ਕਰਤਾਰਪੁਰ ਨਿਵਾਸ ਕਰਦੇ ਸਮੇਂ ਬਾਬਾ ਗੁਰਦਿੱਤਾ ਜੀ ਕਈ ਵਾਰ ਇਸ ਬੇਰੀ ਹੇਠ ਬਿਰਾਜ ਕੇ ਸੰਗਤਾਂ ਨਾਲ ਬਚਨ ਬਿਲਾਸ ਕਰਦੇ ਸਨ।

ਮੌਜੂਦਾ ਸਮੇਂ ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਕਮੇਟੀ ਖੂਹ ਮਲ੍ਹੀਆਂ (ਮੱਲ੍ਹੀ ਪਰਿਵਾਰਾਂ) ਪਾਸ ਹੈ। ਪੁਰਾਤਨ ਬੇਰੀ ਦਾ ਦਰਖਤ ਮੌਜੂਦ ਹੈ ਅਤੇ ਬੇਰੀ ਹੇਠਾਂ ਥੜ੍ਹਾ ਬਣਿਆ ਹੋਇਆ ਹੈ। ਛੋਟੇ ਅਕਾਰ ਦਾ ਲੰਗਰ ਹਾਲ ਬਣਿਆ ਹੋਇਆ ਹੈ।

- **ਦਮਦਮਾ ਸਾਹਿਬ**

ਕਰਤਾਰਪੁਰ ਸਾਹਿਬ ਵਿਖੇ ਦੋ ਅਸਥਾਨਾਂ ਨੂੰ ਦਮਦਮਾ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਦੋਵੇਂ ਅਸਥਾਨ ਗੁਰੂ ਹਰਿਗੋਬਿੰਦ ਸਾਹਿਬ ਨਾਮ ਸੰਬੰਧਿਤ ਹਨ। ਇਕ ਅਸਥਾਨ ਗੁਰਦੁਆਰਾ ਗੰਗਸਰ ਅਤੇ ਸੰਗਮ ਸਿਨਮੇ ਦੇ ਵਿਚਕਾਰ ਸਥਿਤ ਹੈ। ਇਸ ਨੂੰ ਵੱਡਾ ਦਮਦਮਾ ਸਾਹਿਬ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਸ ਅਸਥਾਨ ਤੇ ਹੀ ਗੁਰੂ ਸਾਹਿਬ ਯੁੱਧ ਦੀਆਂ ਤਿਆਰੀਆਂ ਕਰਦੇ ਸਨ। ਪੈਂਦੇ ਖਾਂ ਦੀ ਹੱਤਿਆ ਕਰ ਕੇ ਗੁਰੂ ਸਾਹਿਬ ਨੇ ਇਸ ਅਸਥਾਨ ਤੇ ਕਮਰ-ਕਸਾ ਖੋਲ ਕੇ ਦਮ ਲਿਆ ਸੀ।[42] ਦੂਜਾ ਅਸਥਾਨ ਮੁਹੱਲਾ ਰਾਮਗੜ੍ਹੀਆ ਵਿਚ ਸਥਿਤ ਹੈ ਇਸ ਅਸਥਾਨ ‘ਤੇ ਗੁਰੂ ਸਾਹਿਬ ਨੇ ਪੈਂਦੇ ਖਾਂ ਨੂੰ ਮੌਤ ਦੇ ਘਾਟ ਉਤਾਰਿਆ ਸੀ। ਵਰਤਮਾਨ ਸਮੇਂ ਵਿਚ ਇਸ ਅਸਥਾਨ ਦੀ ਹਾਲਤ ਖਸਤਾ ਹੈ ਛੋਟਾ ਜਾ ਥੜ੍ਹਾ ਸਾਹਿਬ ਬਣਿਆ ਹੋਇਆ ਹੈ।

ਵੱਡੇ ਦਮਦਮੇ ਦਾ ਪ੍ਰਬੰਧ ਗੁਰੂ ਸਾਹਿਬ ਤੋਂ ਬਾਅਦ ਧੀਰ ਮੱਲੀਆਂ ਦੇ ਕਬਜ਼ੇ ਵਿਚ ਆ ਗਿਆ ਸੀ। ਪਹਿਲਾਂ ਇਸ ਅਸਥਾਨ ਤੇ ਵਿਸਾਖੀ ਵਾਲੇ ਦਿਨ ਦਿਵਾਨ ਸਜਦਾ ਸੀ ਪਰ ਵਰਤਮਾਨ ਸਮੇਂ ਵਿਚ ਇਸ ਧਾਰਮਿਕ ਕਾਰਜ ਨੂੰ ਕੇਵਲ ਮੇਲਾ ਦਾ ਰੂਪ ਦੇ ਦਿੱਤਾ ਗਿਆ ਹੈ। ਵਿਸਾਖੀ ਵਾਲੇ ਦਿਨ ਖੁੱਲੇ ਅਸਥਾਨ ਵਿਚ ਕਾਂਗਰਸ ਪਾਰਟੀ ਵੱਲੋਂ ਸਿਆਸੀ ਕਾਨਫਰੰਸ ਕੀਤੀ ਜਾਂਦੀ ਹੈ।

- **ਸ਼ੀਸ਼ ਮਹਿਲ**

ਇਸ ਅਸਥਾਨ 'ਤੇ ਗੁਰੂ ਅਰਜਨ ਦੇਵ ਜੀ ਨਿਵਾਸ ਕਰਦੇ ਸਨ ਅਤੇ ਇਸ ਅਸਥਾਨ ਨੂੰ ਕਿਲ੍ਹੇ ਦੇ ਰੂਪ ਵਿਚ ਤਿਆਰ ਕੀਤਾ ਗਿਆ ਸੀ। ਗੁਰਦੁਆਰਾ ਥੰਮ੍ਹ ਜੀ ਸਾਹਿਬ ਦੇ ਨਾਲ ਹੀ ਇਹ ਕਿਲ੍ਹਾ ਮੌਜੂਦ ਹੈ। ਮੌਜੂਦਾ ਸਮੇਂ ਇਸ ਅਸਥਾਨ ਤੇ ਧੀਰਮੱਲੀਆਂ ਦਾ ਕਬਜ਼ਾ ਹੈ। ਇਸ ਕਿਲ੍ਹੇ ਉੱਪਰ ਸੋਢੀਆਂ ਦਾ ਕਬਜ਼ਾ ਹੈ ਜਿਸ ਕਰਕੇ ਇਸਨੂੰ 'ਕਿਲ੍ਹਾ ਸੋਢੀਆਂ' ਵੀ ਕਿਹਾ ਜਾਂਦਾ ਹੈ। ਆਮ ਲੋਕਾਂ ਦਾ ਇਸ ਕਿਲ੍ਹੇ ਅੰਦਰ ਜਾਣਾ ਸਖ਼ਤ ਮਨ੍ਹਾ ਹੈ। ਕੇਵਲ ਵਿਸਾਖੀ ਵਾਲੇ ਦਿਨ ਹੀ ਸੰਗਤਾਂ ਇਸ ਕਿਲ੍ਹੇ ਅੰਦਰ ਜਾ ਸਕਦੀਆਂ ਹਨ ਅਤੇ ਉਸ ਦਿਨ ਗੁਰੂ ਸਾਹਿਬ ਦੀਆਂ ਕੁਝ ਇਤਿਹਾਸਕ ਨਿਸ਼ਾਨੀਆਂ ਦੇ ਦਰਸ਼ਨ ਕਰਵਾਏ ਜਾਂਦੇ ਹਨ। ਇਹ ਇਤਿਹਾਸਕ ਵਸਤਾਂ ਹੇਠ ਲਿਖੇ ਅਨੁਸਾਰ ਹਨ:

1. ਗੁਰੂ ਹਰਿਗੋਬਿੰਦ ਜੀ ਦਾ ਤੇਗਾ ਜਿਸ ਨਾਲ ਪੈਂਦੇ ਖਾਂ ਨੂੰ ਮਾਰਿਆ ਸੀ। ਇਸ ਤੇਗੇ ਦਾ ਵਜ਼ਨ 18 ਸੇਰ ਕੱਚਾ ਹੈ।
2. ਗੁਰੂ ਹਰਿਰਾਏ ਜੀ ਦਾ ਖੰਡਾ।
3. ਗੁਰੂ ਅਰਜਨ ਦੇਵ ਜੀ ਦਾ ਨਿੱਤਨੇਮ ਗੁਟਕਾ ਸਾਹਿਬ।
4. ਬਾਬਾ ਸ੍ਰੀ ਚੰਦ ਜੀ ਦੁਆਰਾ ਬਾਬਾ ਗੁਰਦਿੱਤਾ ਜੀ ਨੂੰ ਦਿੱਤੀ ਸੇਹਲੀ ਟੋਪੀ ਅਤੇ ਬਾਬਾ ਗੁਰਦਿੱਤਾ ਜੀ ਦੀ ਦਸਤਾਰ।
5. ਗੁਰੂ ਅਰਜਨ ਦੇਵ ਜੀ ਦੀ ਦੁਆਰਾ ਭਾਈ ਗੁਰਦਾਸ ਪਾਸੋਂ ਲਿਖਵਾਈ 'ਆਦਿ ਗ੍ਰੰਥ' ਦੀ ਪਹਿਲੀ ਬੀੜ।

- **ਸਮਾਧ ਭਾਈ ਭਗਤੂ ਜੀ**

ਭਾਈ ਭਗਤੂ ਜੀ ਦਾ ਜਨਮ ਗੁਰੂ ਰਾਮਦਾਸ ਜੀ ਦੇ ਬਚਨਾਂ ਸਦਕੇ ਭਾਈ ਆਦਮ ਜੀ ਦੇ ਘਰ ਹੋਇਆ ਸੀ। ਗੁਰੂ ਹਰਿਰਾਇ ਜੀ ਦੇ ਦਰਸ਼ਨਾ ਲਈ ਜਾਂਦੇ ਹੋਏ ਕਰਤਾਰਪੁਰ ਸਾਹਿਬ ਵਿਖੇ ਬਿਮਾਰ ਹੋਣ ਕਾਰਨ ਅਕਾਲ ਚਲਾਣਾ ਕਰ ਗਏ ਸਨ। ਰਵਾਇਤ ਅਨੁਸਾਰ ਇਸ ਅਸਥਾਨ ਤੇ ਗੁਰੂ ਸਾਹਿਬ ਨੇ ਭਾਈ ਭਗਤੂ ਜੀ ਦੇ ਮ੍ਰਿਤਰ ਸਰੀਰ ਦਾ ਸਸਕਾਰ ਕੀਤਾ ਸੀ ਅਤੇ ਵਰ ਦਿੱਤਾ ਸੀ ਕਿ ਜੋ ਇਸ ਅਸਥਾਨ ਦੇ ਪਾਸ ਕਿਸੇ ਵੀ ਮ੍ਰਿਤਕ ਪ੍ਰਾਣੀ ਦਾ ਸਸਕਾਰ ਕਰੇਗਾ ਮੁਕਤੀ ਪ੍ਰਾਪਤ ਕਰੇਗਾ।[43]

ਕਰਤਾਰਪੁਰ ਸਾਹਿਬ ਦੇ ਚੜ੍ਹਦੇ ਪਾਸੇ ਸਮਸਾਨ ਭੂਮੀ ਦੇ ਪਾਸ ਸਮਾਧ ਮੌਜੂਦ ਹੈ। ਇਹ ਸਮਾਧ ਪੰਜ ਫੁੱਟ ਉੱਚੇ ਥੜ੍ਹੇ ਤੇ ਬਣੀ ਹੋਈ ਹੈ। ਸ਼ਹਿਰ ਦੇ ਲੋਕ ਅੱਜ ਵੀ ਇਸ ਅਸਥਾਨ ਦੇ ਪਾਸ ਮ੍ਰਿਤਕ ਸਰੀਰ ਦਾ ਸਸਕਾਰ ਕਰਨਾ ਸ਼ੁਭ ਮੰਨਦੇ ਹਨ।

- **ਪੱਕਾ ਬਾਗ਼**

ਗੁਰੂ ਅਰਜਨ ਦੇਵ ਜੀ ਦੁਆਰਾ ਕਰਤਾਰਪੁਰ ਵਿਖੇ ਆਪਣੇ ਨਿਵਾਸ ਅਸਥਾਨ ਦੇ ਪਾਸ ਇਕ ਬਾਗ਼ ਲਗਵਾਇਆ ਗਿਆ ਸੀ। ਚਾਰ ਦੀਵਾਰੀ ਪੱਕੀ ਹੋਣ ਕਰਕੇ ਇਸਨੂੰ ਪੱਕਾ ਬਾਗ਼ ਕਿਹਾ ਜਾਂਦਾ ਸੀ। ਉਸ ਸਮੇਂ ਇਸ ਬਾਗ਼ ਵਿਚ ਕਈ ਪ੍ਰਕਾਰ ਦੇ ਫਲਾਂ ਵਾਲੇ ਬੂਟੇ ਸਨ। ਇਸ ਜ਼ਮੀਨ ਤੇ ਧੀਰਮੱਲੀਆਂ ਦਾ ਕਬਜ਼ਾ ਹੈ, ਬਾਗ਼ ਵਾਲੀ ਜਗ੍ਹਾ ਤੇ ਖੇਤੀ ਕੀਤੀ ਜਾਂਦੀ ਹੈ। ਇਸ ਬਾਗ਼ ਵਿਚ ਅੱਜ ਵੀ ਧੀਰਮੱਲੀਆ ਦੇ ਬਜੁਰਗਾਂ ਦੀਆਂ ਸਮਾਧਾਂ ਮੌਜੂਦ ਹਨ। ਕਰਤਾਰਪੁਰ ਸਾਹਿਬ ਦੇ ਸੋਢੀ ਖਾਨਦਾਨ ਦੇ ਜੇਕਰ ਕਿਸੇ ਪ੍ਰਾਣੀ ਦੀ ਮ੍ਰਿਤੂ ਹੁੰਦੀ ਹੈ ਤਾਂ ਉਸਦਾ ਸਸਕਾਰ ਇਸ ਬਾਗ਼ ਵਿਚ ਕੀਤਾ ਜਾਂਦਾ ਹੈ।

**ਸ੍ਰੀ ਹਰਿਗੋਬਿੰਦਪੁਰ**

ਇਹ ਕਸਬਾ ਪੰਜਾਬ ਦੇ ਉੱਤਰ ਵਿਚ ਟਾਂਡੇ ਤੋਂ ਅਮ੍ਰਿਤਸਰ ਜਾਣ ਵਾਲੀ ਸੜਕ 'ਤੇ ਬਿਆਸ ਦਰਿਆ ਦੇ ਕੰਢੇ ਤੇ ਕਸਬਾ ਸਥਿਤ ਹੈ। ਗੁਰੂ ਅਰਜਨ ਦੇਵ ਜੀ ਦੁਆਰਾ ਇਸ ਕਸਬੇ ਦੀ ਸਥਾਪਨਾ ਕੀਤੀ ਗਈ ਸੀ। ਵਰਤਮਾਨ ਸਮੇਂ ਇਹ ਕਸਬਾ ਜ਼ਿਲ੍ਹਾ ਗੁਰਦਾਸਪੁਰ ਤਹਿਸੀਲ ਬਟਾਲਾ ਵਿਚ ਸਥਿਤ ਹੈ। ਗੁਰਦਾਸਪੁਰ ਤੋਂ 40 ਕਿਲੋਮੀਟਰ ਅਤੇ ਅੰਮ੍ਰਿਤਸਰ ਤੋਂ ਇਹ ਕਸਬਾ 60 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਗੁਰੂ ਸਾਹਿਬਾਨ ਨਾਲ ਸੰਬੰਧਿਤ ਇਤਿਹਾਸਕ ਅਸਥਾਨਾਂ ਦੀ ਵਰਤਮਾਨ ਸਥਿਤੀ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

- **ਗੁਰਦੁਆਰਾ ਦਮਦਮਾ ਸਾਹਿਬ ਪਾ: ਛੇਵੀਂ**

ਇਹ ਅਸਥਾਨ ਮਹਿਤਾ ਚੌਂਕ ਵੱਲੋਂ ਆਈਏ ਤਾਂ ਕਸਬੇ ਦੀ ਆਬਾਦੀ ਵਾਲੇ ਇਲਾਕੇ ਤੋਂ ਪਹਿਲਾਂ ਹੀ ਸੱਜੇ ਪਾਸੇ ਸਥਿਤ ਹੈ। ਗੁਰੂ ਸਾਹਿਬ ਨੇ ਭਗਵਾਨ ਦਾਸ ਘੇਰੜ ਦੇ ਪੁੱਤਰ ਨੂੰ ਯੁੱਧ ਵਿਚ ਹਰਾਉਣ ਤੋਂ ਬਾਅਦ ਸ਼ਹਿਰ ਦੇ ਬਾਹਰੋ ਬਾਹਰ ਇਸ ਅਸਥਾਨ 'ਤੇ ਕਮਰ-ਕੱਸਾ ਖੋਲ ਕੇ ਦਮ ਲਿਆ ਸੀ, ਜਿਸ ਕਰਕੇ ਬਾਅਦ ਵਿਚ ਇਸ ਅਸਥਾਨ ਦਾ ਨਾਂ 'ਦਮਦਮਾ ਸਾਹਿਬ' ਪੈ ਗਿਆ। ਵਰਤਮਾਨ ਸਮੇਂ ਇਸ ਅਸਥਾਨ 'ਤੇ ਸੁੰਦਰ

ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਮੌਜੂਦਾ ਇਮਾਰਤ ਦੀ ਉਸਾਰੀ ਕਾਰ ਸੇਵਾ ਦਿੱਲੀ ਵਾਲਿਆਂ ਵੱਲੋਂ ਕਰਵਾਈ ਗਈ ਸੀ। ਇਸ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ। ਦੀਵਾਨ ਹਾਲ ਦੀ ਉਸਾਰੀ ਦਾ ਕਾਰਜ ਕਾਰ ਸੇਵਾ ਬਾਬਾ ਅਮਰੀਕ ਸਿੰਘ ਦਿੱਲੀ ਵਾਲਿਆਂ ਪਾਸ ਹੈ। ਲੰਗਰ ਹਾਲ ਅਤੇ ਕੁਝ ਰਹਾਇਸ਼ੀ ਕਮਰਿਆਂ ਦੇ ਨਾਲ ਪ੍ਰਬੰਧਕੀ ਕਮਰੇ ਮੌਜੂਦ ਹਨ। ਦਰਬਾਰ ਸਾਹਿਬ ਦੀ ਹਦੂਦ ਅੰਦਰ ਪੁਰਾਣਾ ਬਾਗ਼ ਪੁੱਟ ਕੇ ਨਵਾਂ ਬਾਗ਼ ਲਗਾਇਆ ਗਿਆ ਹੈ। ਜਿਸ ਵਿਚ ਕਈ ਪ੍ਰਕਾਰ ਦੇ ਫਲਾਂ ਦੇ ਬੂਟੇ ਲਗਵਾਏ ਹਨ।

- **ਗੁਰਦੁਆਰਾ ਬਾਬਾ ਜਾਨੀ ਸ਼ਾਹ ਜੀ**

ਇਹ ਇਤਿਹਾਸਕ ਗੁਰਦੁਆਰਾ ਸਾਹਿਬ ਗੁਰੂ ਹਰਿਗੋਬਿੰਦ ਜੀ ਦੇ ਸ਼ਰਧਾਲੂ ਬਾਬਾ ਜਾਨੀ ਸ਼ਾਹ ਦੀ ਯਾਦ ਵਿਚ ਬਣਿਆ ਹੋਇਆ ਹੈ। ਇਹ ਅਸਥਾਨ ਗੁਰਦੁਆਰਾ ਦਮਦਮਾ ਸਾਹਿਬ ਦੀ ਹੱਦਬੰਦੀ ਦੇ ਅੰਦਰ ਹੀ ਪੂਰਬ ਦਿਸ਼ਾ ਵੱਲ ਥੋੜੀ ਦੂਰੀ ‘ਤੇ ਸਥਿਤ ਹੈ। ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਹੈ।

- **ਗੁਰਦੁਆਰਾ ਗ੍ਰੰਥੀਆਂ ਪਾ: ਛੇਵੀਂ**

ਇਸ ਅਸਥਾਨ ਨੂੰ ਗੁਰੂ ਹਰਿਗੋਬਿੰਦ ਸਾਹਿਬ, ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੀ ਚਰਨ-ਛੋਹ ਪ੍ਰਾਪਤ ਹੈ। ਇਸ ਅਸਥਾਨ ਨੂੰ ਪਹਿਲਾਂ ‘ਗ੍ਰੰਥੀਆਂ ਦੀ ਧਰਮਸ਼ਾਲਾ’ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਪੁਰਾਤਨ ਸਮਿਆਂ ਵਿਚ ਇਸ ਅਸਥਾਨ ‘ਤੇ ਗਰਮਤਿ ਇਤਿਹਾਸ ਲਿਖਿਆ ਜਾਂਦਾ ਅਤੇ ਗ੍ਰੰਥੀ ਸਿੰਘ ਤਿਆਰ ਕੀਤੇ ਜਾਂਦੇ ਸਨ। ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸੈਕਸ਼ਨ 87 ਦੇ ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ। ਨਿਸ਼ਾਨ ਸਹਿਬ ਦੇ ਨਾਲ ਇਕ ਪੁਰਾਤਨ ਕਮਰਾ ਹੈ, ਜਿਸ ਵਿਚ ‘ਗੁਰੂ ਗ੍ਰੰਥ ਸਾਹਿਬ ਜੀ’ ਦਾ ਪ੍ਰਕਾਸ਼ ਹੈ। ਇਸ ਕਮਰੇ ‘ਤੇ ਲੱਗੀ ਪੱਥਰ ਸਿੱਲ ਤੇ ਲਿਖਿਆ ਹੈ ਕਿ ਛੇਵੇਂ ਪਾਤਸ਼ਾਹ ਨੇ ਇਸ ਅਸਥਾਨ ‘ਤੇ ਬੈਠ ਕੇ ਇਸ ਨਗਰ ਦੀ ਉਸਾਰੀ ਕਰਵਾਈ ਸੀ। ਇਮਾਰਤ ਨਵੀਨ ਹੈ ਅਤੇ ਅੰਦਰਲਾ ਹਿੱਸਾ ਵਧੀਆ ਢੰਗ ਨਾਲ ਤਿਆਰ ਕੀਤਾ ਹੋਇਆ ਹੈ। ਪ੍ਰਬੰਧਕਾਂ ਦੇ ਦੱਸਣ ਮੁਤਾਬਕ ਇਥੇ ਪਹਿਲਾਂ ਬਹੁਤ ਪੁਰਾਤਨ ਹੱਥ ਲਿਖਤਾਂ ਮੌਜੂਦ ਸਨ, ਜੋ ਬਾਅਦ ਵਿਚ ਸਾਂਭ ਸੰਭਾਲ ਨਾ ਹੋਣ ਕਾਰਨ ਸਭ ਖੁਰਦ ਬਰਦ ਹੋ ਗਈਆਂ।

- **ਗੁਰਦੁਆਰਾ ਗੁਰੂ ਕੀ ਮਸੀਤ ਪਾ: ਛੇਵੀਂ**

ਗੁਰੂ ਹਰਿਗੋਬਿੰਦ ਜੀ ਦੁਆਰਾ ਇਸ ਨਗਰ ਦੀ ਉਸਾਰੀ ਦੌਰਾਨ ਮੁਸਲਮਾਨ ਭਾਈਚਾਰੇ ਲਈ ਮਸੀਤ ਤਿਆਰ ਕਰਵਾਈ ਗਈ ਸੀ। ਮੌਜੂਦਾ ਸਮੇਂ ਇਸ ਅਸਥਾਨ ਦੀ ਹਾਲਤ ਬਹੁਤ ਖਸਤਾ ਹੈ। ਪੁਰਾਤਨ ਮਸੀਤ

ਅਤੇ ਹੋਰ ਇਮਾਰਤਾਂ ਮੌਜੂਦ ਹਨ। ਇਕ ਇਮਾਰਤ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਇਲਾਕਾ ਨਿਵਾਸੀਆਂ ਦੇ ਦੱਸਣ ਮੁਤਾਬਕ ਇਸ ਅਸਥਾਨ 'ਤੇ ਇਕ ਨਹੰਗ ਸਿੰਘ ਆਪਣਾ ਕਬਜ਼ਾ ਜਮਾਈ ਬੈਠਾ ਹੈ, ਜਿਸ ਕਰਕੇ ਇਸ ਅਸਥਾਨ ਵੱਲ ਕਿਸੇ ਹੋਰ ਜਥੇਬੰਦੀ ਨੇ ਧਿਆਨ ਨਹੀਂ ਦਿੱਤਾ। ਨਿਸ਼ਾਨ ਸਾਹਿਬ ਦੇ ਪਾਸ ਇਕ ਪੁਰਾਤਨ ਖੂਹ ਖਸਤਾ ਹਾਲਤ ਵਿਚ ਮੌਜੂਦ ਹੈ।

- **ਗੁਰਦੁਆਰਾ ਮੰਜੀ ਸਾਹਿਬ ਪਾ: ਛੇਵੀਂ**

ਇਹ ਅਸਥਾਨ ਸ਼ਹਿਰ ਦੇ ਵਿਚਕਾਰ 'ਗੁਰੂ ਕੀ ਗਲੀ' ਵਿਚ ਸਥਿਤ ਹੈ। ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਬਾਬਾ ਗੱਜਣ ਜੀ ਪਾਸ ਹੈ। ਛੋਟਾ ਦਰਬਾਰ ਸਾਹਿਬ ਬਣਿਆ ਹੋਇਆ ਹੈ ਪਰ ਹਾਲਤ ਬਹੁਤੀ ਚੰਗੀ ਨਹੀਂ ਹੈ। ਇਸ ਅਸਥਾਨ ਨੂੰ 'ਗੁਰੂ ਕੇ ਮਹਿਲ' ਵੀ ਕਿਹਾ ਜਾਂਦਾ ਹੈ, ਕਿਉਂਕਿ ਗੁਰੂ ਦੀ ਇਸ ਅਸਥਾਨ 'ਤੇ ਆਪਣਾ ਨਿਵਾਸ ਰੱਖਦੇ ਸਨ।

**<u>ਕੀਰਤਪੁਰ ਸਾਹਿਬ</u>**

ਇਹ ਅਸਥਾਨ ਅਨੰਦਪੁਰ ਸਾਹਿਬ ਤੋਂ ਅਗਨਿ ਕੋਣ ਤੇ ਤਕਰੀਬਨ 10 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਨਗਰ ਦੀ ਸਥਾਪਨਾ ਸੰ. 1683 ਵਿਚ ਗੁਰੂ ਹਰਿਗੋਬਿੰਦ ਜੀ ਨੇ ਕਹਿਲੂਰ ਦੇ ਰਾਜੇ ਪਾਸੋਂ ਜ਼ਰ ਖਰੀਦ ਕੇ ਬਾਬਾ ਗੁਰਦਿੱਤਾ ਜੀ ਦੀ ਮਾਰਫ਼ਤ ਕਰਵਾਈ ਸੀ।[44] ਗੁਰੂ ਹਰਿਗੋਬਿੰਦ ਜੀ ਦੁਆਰਾ ਆਪਣੇ ਜੀਵਨ ਦਾ ਅੰਤਲਾ ਸਮਾਂ ਇਸ ਕਸਬਾ ਵਿਚ ਬਤੀਤ ਕਰਨ ਕਰਕੇ ਇਹ ਸਿੱਖੀ ਦਾ ਨਵਾਂ ਪ੍ਰਚਾਰ ਕੇਂਦਰ ਬਣ ਗਿਆ ਸੀ। ਸਿੱਖ ਪੰਥ ਵਿਚ ਇਸ ਕਸਬੇ ਦੀ ਇਤਿਹਾਸਕ ਪੱਖ ਤੋਂ ਵਿਸ਼ੇਸ਼ ਮਹੱਤਤਾ ਹੈ, ਕਿਉਂਕਿ ਇਸ ਨਗਰ ਨੂੰ ਛੇ ਗੁਰੂ ਸਾਹਿਬਾਨਾਂ ਦੀ ਚਰਨ-ਛੋਹ ਪ੍ਰਾਪਤ ਹੈ। ਇਸ ਕਸਬੇ ਵਿਚਲੇ ਜਿਆਦਾਤਰ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਹੈ। ਇਸ ਨਗਰ ਵਿਖੇ ਮੌਜੂਦ ਸਿੱਖ ਇਤਿਹਾਸਕ ਅਸਥਾਨਾਂ ਦਾ ਵੇਰਵਾ ਨਿਮਨਾਨੁਸਾਰ ਹੈ:-

- **ਗੁਰਦੁਆਰਾ ਚਰਨ ਕੰਵਲ ਸਾਹਿਬ, ਪਾਤਸ਼ਾਹੀ ਪਹਿਲੀ**

ਇਹ ਅਸਥਾਨ ਗੁਰਦੁਆਰਾ ਪਤਾਲਪੁਰੀ ਤੋਂ ਉਤਰ ਦਿਸ਼ਾ ਵਲ ਨੰਗਲ ਭਾਖੜਾ ਨਹਿਰ ਪਾਰ ਕਰ ਕੇ ਸਥਿਤ ਹੈ। ਇਸ ਗੁਰਦੁਆਰੇ ਨੂੰ ਕੀਰਤਪੁਰ ਸਾਹਿਬ ਦੇ ਪਹਿਲੇ ਗੁਰਦੁਆਰੇ ਵਜੋਂ ਮੰਨਿਆ ਜਾਂਦਾ ਹੈ, ਕਿਉਂਕਿ ਗੁਰੂ ਨਾਨਕ ਦੇਵ ਜੀ ਨੇ ਆਪਣੀ ਤੀਜੀ ਉਦਾਸੀ ਦੌਰਾਨ ਇਸ ਅਸਥਾਨ 'ਤੇ ਸੂਫੀ ਫਕੀਰ ਸਾਈਂ

ਬੁੱਢਣ ਸ਼ਾਹ ਜੀ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ ਸੀ। *ਮਹਾਨ ਕੋਸ਼* ਅਨੁਸਾਰ, "ਸੰਮਤ 1683 ਵਿੱਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਰਾਜਾ ਤਾਰਾਚੰਦ ਤੋਂ ਜ਼ਮੀਨ ਖਰੀਦ ਕੇ ਬਾਬਾ ਗੁਰਦਿੱਤਾ ਜੀ ਦੀ ਮਾਰਫ਼ਤ ਆਬਾਦ ਕਰਵਾਇਆ, ਇਸ ਦੇ ਵਸਣ ਦਾ ਵਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਦਿੱਤਾ ਸੀ, ਜਦੋਂ ਗੁਰੂ ਜੀ ਇੱਥੇ ਆਏ ਹੋਏ "ਚਰਣਕਮਲ" ਠਹਿਰੇ ਅਤੇ ਸਾਂਈ ਬੁੱਢਣਸ਼ਾਹ ਨੂੰ ਜੰਗਲ ਵਿਚ ਮਿਲੇ ਸਨ।"[45] ਗੁਰੂ ਨਾਨਕ ਦੇਵ ਤੋਂ ਬਾਅਦ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਪੁੱਤਰ ਬਾਬਾ ਗੁਰਦਿੱਤਾ ਜੀ ਨੂੰ ਪੀਰ ਬੁੱਢਣ ਸ਼ਾਹ ਜੀ ਪਾਸ ਭੇਜਿਆ ਸੀ। ਬੁੱਢਣ ਸ਼ਾਹ ਦੀ ਦੁੱਧ ਛਕਾਉਣ ਦੀ ਇੱਛਾ ਨੂੰ ਬਾਬਾ ਗੁਰਦਿੱਤਾ ਜੀ ਨੇ ਇਸ ਅਸਥਾਨ 'ਤੇ ਪੂਰਾ ਕੀਤਾ ਸੀ।[46]

ਮੌਜੂਦਾ ਗੁਰਦੁਆਰਾ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਉੱਚੇ ਸਥਾਨ ਤੇ ਕਿਲੇ ਨੁਮਾ ਸ਼ਕਲ ਵਿਚ ਬਣਿਆ ਹੋਇਆ ਹੈ। ਮੌਜੂਦਾ ਇਮਾਰਤ ਦੀ ਸੇਵਾ ਸੰਤ ਬਾਬਾ ਸੇਵਾ ਸਿੰਘ, ਬਾਬਾ ਭਾਗ ਸਿੰਘ ਦੁਆਰਾ ਕਰਵਾਈ ਗਈ ਸੀ। ਸੰਨ 1965-66 ਤੋਂ ਪਹਿਲਾਂ ਇਹ ਛੋਟਾ ਗੁੰਮਟੀਦਾਰ ਗੁਰਦੁਆਰਾ ਦੇ ਰੂਪ ਵਿਚ ਸਥਿਤ ਸੀ।[47] ਇਹ ਸੇਵਾ ਰਾਜਾ ਭੂਪ ਸਿੰਘ ਨੇ 19ਵੀਂ ਸਦੀ ਦੇ ਪਹਿਲੇ ਅੱਧ ਵਿਚ ਕਰਵਾਈ ਸੀ।[48] ਮੌਜੂਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਹੈ ਤੇ ਲੰਗਰ ਹਾਲ ਬਣਿਆ ਹੋਇਆ ਹੈ।

- **ਗੁਰਦੁਆਰਾ ਸ਼ੀਸ਼ ਮਹੱਲ ਸਾਹਿਬ**

ਇਹ ਅਸਥਾਨ ਗੁਰਦੁਆਰਾ ਚਰਨ ਕੰਵਲ ਸਾਹਿਬ ਤੋਂ ਉਤਰ ਦਿਸ਼ਾ ਵੱਲ 100 ਮੀਟਰ ਦੀ ਦੂਰੀ ਤੇ ਸਥਿਤ ਹੈ। ਕੀਰਤਪੁਰ ਸਾਹਿਬ ਦੀ ਸਥਾਪਨਾ ਕਰਨ ਤੋਂ ਬਾਅਦ ਬਾਬਾ ਗੁਰਦਿੱਤਾ ਜੀ ਨੇ ਸਭ ਤੋਂ ਪਹਿਲਾਂ ਇਸ ਅਸਥਾਨ 'ਤੇ ਆਪਣੇ ਨਿਵਾਸ ਲਈ ਮਹੱਲ ਬਣਵਾਏ ਸਨ। ਛੇਵੇਂ, ਸੱਤਵੇਂ ਤੇ ਅੱਠਵੇਂ ਗੁਰੂ ਜੀ ਨੇ ਪਰਿਵਾਰ ਸਮੇਤ ਇਸ ਅਸਥਾਨ 'ਤੇ ਹੀ ਆਪਣਾ ਨਿਵਾਸ ਕਰਦੇ ਸਨ। ਇਸ ਅਸਥਾਨ ਨੂੰ ਤਿੰਨ ਗੁਰੂ ਸਾਹਿਬਾਨ ਦੀ ਚਰਨ-ਛੋਹ ਪ੍ਰਾਪਤ ਹੈ। ਇਹ ਅਸਥਾਨ 1635 ਈ. ਤੋਂ 1663 ਈ. ਤੱਕ ਗੁਰੂ ਪਰਿਵਾਰ ਦਾ ਨਿਵਾਸ ਅਸਥਾਨ ਸੀ।[49] ਗੁਰਦੁਆਰਾ ਸਾਹਿਬ ਦੇ ਸਮੀਪ ਹੀ ਪੁਰਾਤਨ 'ਗੁਰੂ ਕਾ ਖੂਹ' ਮੌਜੂਦ ਹੈ, ਜੋ ਗੁਰੂ ਪਰਿਵਾਰ ਲਈ ਪਾਣੀ ਦਾ ਮੁੱਖ ਸ੍ਰੋਤ ਸੀ।

ਪਹਿਲਾਂ ਇਸ ਅਸਥਾਨ ਦੀ ਹਾਲਤ ਬਹੁਤ ਖਸਤਾ ਸੀ, ਬਾਅਦ ਵਿਚ ਭਾਈ ਨਿਹਾਲ ਸਿੰਘ ਜੀ "ਸੱਚਾ ਸੌਦਾ" ਗੁਜਰਾਂ ਵਾਲੀਏ ਨੇ ਸੰ. 1975 ਨੂੰ ਸੇਵਾ ਕਰਵਾਈ ਸੀ।[50] ਵਰਤਮਾਨ ਸਮੇਂ ਸੰਗਮਰਮਰ ਦਾ

ਬਣਿਆ ਕਿਲੇ ਨੁਮਾ ਆਕਾਰ ਵਾਲਾ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ ਤੇ ਪ੍ਰਬੰਧ ਗੁਰਦੁਆਰਾ ਪਤਾਲਪੁਰੀ ਸਾਹਿਬ ਤੋਂ ਚਲਦਾ ਹੈ, ਜੋ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਹੈ। ਗੁਰਦੁਆਰਾ ਸਾਹਿਬ ਦੀ ਅੰਦਰਲੀ ਛੱਤ ਅਤੇ ਕੰਧਾਂ 'ਤੇ ਸ਼ੀਸ਼ੇ ਦੀ ਸ਼ਾਨਦਾਰ ਟੁਕੜੀ ਲੱਗੀ ਹੋਈ ਹੈ ਜੋ ਇਸਨੂੰ ਸਹੀ ਅਰਥਾਂ ਵਿਚ ਸ਼ੀਸ਼ ਮਹਲ ਬਣਾਉਂਦੀ ਹੈ। ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਇਕ ਨਿਸ਼ਾਨ ਸਾਹਿਬ ਦੇ ਪਾਸ ਗੁੰਬਦ ਬਣਾ ਕੇ ਥੜ੍ਹਾ ਸਥਾਪਿਤ ਕੀਤਾ ਹੋਇਆ ਹੈ। ਰਵਾਇਤ ਅਨੁਸਾਰ ਇਸ ਅਸਥਾਨ 'ਤੇ ਬੈਠ ਕੇ ਗੁਰੂ ਹਰਿਰਾਇ ਜੀ ਸੰਗਤਾਂ ਨੂੰ ਉਪਦੇਸ਼ ਦਿੰਦੇ ਸਨ, ਇਸ ਅਸਥਾਨ ਨੂੰ ਦਮਦਮਾ ਸਾਹਿਬ ਕਿਹਾ ਜਾਂਦਾ ਹੈ। ਗੁਰੂ ਹਰਿਕ੍ਰਿਸ਼ਨ ਜੀ ਦਾ ਪ੍ਰਕਾਸ਼ ਪੁਰਬ ਵੱਡੇ ਪੱਧਰ ਤੇ ਮਨਾਇਆ ਜਾਂਦਾ ਹੈ।

- **ਗੁਰਦੁਆਰਾ ਬਿਬਾਨਗੜ੍ਹ ਸਾਹਿਬ**

ਇਹ ਅਸਥਾਨ ਗੁਰਦੁਆਰਾ ਪਤਾਲਪੁਰੀ ਸਾਹਿਬ ਤੋਂ ਈਸਾਨ ਕੋਣ ਤੇ ਨਹਿਰ ਪਾਰ ਕਰਕੇ ਸਥਿਤ ਹੈ। ਇਸ ਅਸਥਾਨ 'ਤੇ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਜੀ ਦਾ ਸੀਸ ਭਾਈ ਜੈਤੇ ਤੋਂ ਪ੍ਰਾਪਤ ਕੀਤਾ ਸੀ। ਫਿਰ ਇਸ ਅਸਥਾਨ ਤੋਂ ਗੁਰੂ ਜੀ ਦਾ ਸੀਸ ਬਿਬਾਨ ਵਿਚ ਸਜਾ ਕੇ ਸੰਗਤਾਂ ਸਮੇਤ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਾਹਿਬ ਲੈ ਗਏ ਸਨ। *ਤਵਾਰੀਖ ਗੁਰੂ ਖਾਲਸਾ* ਅਨੁਸਾਰ, "ਗੁਰੂ ਜੀ ਨੇ ਸੀਸ ਇਸਨਾਨ ਕਰਾ ਸੁਗੰਧੀ ਸਣੇ ਪਟੰਬਰ ਉਢਾ, ਬਿਬਾਨ ਵਿਚ ਪੌਦਾ, ਅੱਗੇ ਪਿੱਛੇ ਕੀਰਤਨ ਕਰਦੇ ਹੋਏ ਵਾਜੇ ਗਾਜੇ ਨਾਲ ਅਨੰਦਪੁਰ (ਜਿਥੇ ਹੁਣ ਨੌਂਵੇ ਗੁਰੂ ਜੀ ਦਾ ਦੇਹੁਰਾ ਹੈ) ਲੈ ਆਏ।"[51] ਮੌਜੂਦਾ ਇਮਾਰਤ ਤੋਂ ਪਹਿਲਾਂ ਵਾਲੀ ਇਮਾਰਤ ਮਾਤਾ ਪ੍ਰਤਾਪ ਕੌਰ ਦੁਆਰਾ ਬਣਵਾਈ ਗਈ ਸੀ। ਵਰਤਮਾਨ ਇਮਾਰਤ ਦੀ ਉਸਾਰੀ ਬਾਬਾ ਸੇਵਾ ਸਿੰਘ, ਬਾਬਾ ਭਾਗ ਸਿੰਘ ਅਤੇ ਉਹਨਾਂ ਦੇ ਗੱਦੀਨਸ਼ੀਨ ਬਾਬਾ ਲਾਭ ਸਿੰਘ ਕਿਲ੍ਹਾ ਅਨੰਦਗੜ੍ਹ ਵਾਲਿਆ ਦੁਆਰਾ ਕਰਵਾਈ ਗਈ ਸੀ। ਮੌਜੂਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ।

- **ਗੁਰਦੁਆਰਾ ਮੰਜੀ ਸਾਹਿਬ**

ਇਹ ਅਸਥਾਨ ਗੁਰਦੁਆਰਾ ਪਤਾਲਪੁਰੀ ਸਾਹਿਬ ਤੋਂ ਈਸਾਨ ਕੋਣ ਤੇ ਗੁਰਦੁਆਰਾ ਬਿਬਾਨਗੜ੍ਹ ਦੇ ਸਮੀਪ ਹੀ ਸਥਿਤ ਹੈ। ਇਸ ਅਸਥਾਨ ਤੇ ਗੁਰੂ ਹਰਿਰਾਇ ਜੀ ਦੀ ਪੁੱਤਰੀ ਬੀਬੀ ਰੂਪ ਕੌਰ ਆਪਣੇ ਪਰਿਵਾਰ ਸਮੇਤ ਨਿਵਾਸ ਕਰਦੇ ਸਨ। ਬੀਬੀ ਰੂਪ ਕੌਰ ਜੀ ਦਾ ਵਿਆਹ 3 ਦਸੰਬਰ 1662ਈ. ਨੂੰ ਭਾਈ ਖੇਮ ਕਰਨ

ਨਾਲ ਹੋਇਆ ਸੀ। ਪਰ ਪਰਿਵਾਰ ਵਿਆਹ ਤੋਂ ਥੋੜ੍ਹੇ ਸਮੇਂ ਬਾਅਦ ਹੀ ਪੱਕੇ ਤੌਰ ਤੇ ਇਸ ਅਸਥਾਨ ਤੇ ਨਿਵਾਸ ਕਰਨ ਲੱਗੇ ਸਨ।[52]

ਵਰਤਮਾਨ ਸਮੇਂ ਇਸ ਅਸਥਾਨ 'ਤੇ ਇਕ ਕਮਰੇ ਵਿਚ ਬੀਬੀ ਰੂਪ ਕੋਰ ਜੀ ਦਾ ਹੱਥੀਂ ਕੱਢਿਆ ਰੁਮਾਲ, ਇਕ ਪੋਥੀ, ਇਕ ਪੱਖਾ ਪੁਰਾਤਨ ਨਿਸ਼ਾਨੀਆਂ ਮੌਜੂਦ ਹਨ। ਗੁਰਦੁਆਰੇ ਦੀ ਉਸਾਰੀ ਸੰਤ ਬਾਬਾ ਸੇਵਾ ਸਿੰਘ ਤੇ ਬਾਬਾ ਭਾਗ ਸਿੰਘ ਅਨੰਦਗੜ੍ਹ ਵਾਲਿਆ ਵਲੋ ਕਰਵਾਈ ਗਈ ਸੀ। ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ।

- **ਧੂਣਾ ਬਾਬਾ ਸ੍ਰੀਚੰਦ ਜੀ**

ਇਹ ਅਸਥਾਨ ਗੁਰਦੁਆਰਾ ਤੀਰ ਸਾਹਿਬ ਦੇ ਨੇੜੇ ਕੀਰਤਪੁਰ-ਬਿਲਾਸਪੁਰ ਵਾਲੀ ਸੜਕ ਤੇ ਸਥਿਤ ਹੈ। ਮੌਜੂਦਾ ਸਮੇਂ ਬਾਬਾ ਸ੍ਰੀਚੰਦ ਜੀ ਦਾ ਧੂਣਾ ਤੇ ਬਾਉਲੀ ਮਜੌਦ ਹੈ। ਇਹ ਬਾਉਲੀ ਨਗਰ ਦੀ ਉਸਾਰੀ ਦੌਰਾਨ ਬਾਬਾ ਗੁਰਦਿੱਤਾ ਜੀ ਨੇ ਸ੍ਰੀਚੰਦ ਦੇ ਹੁਕਮ ਅਨੁਸਾਰ ਤਿਆਰ ਕਰਵਾਈ ਸੀ। *ਸਿੱਖ ਧਰਮ ਵਿਸ਼ਵਕੋਸ਼* ਦਾ ਸੰਪਾਦਕ *ਭੱਟ ਵਹੀਆਂ* ਦੇ ਹਵਾਲੇ ਨਾਲ ਇਸ ਸਥਾਨ ਸੰਬੰਧੀ ਲਿਖਦਾ ਹੈ, "ਵੈਸਾਖ ਸੁਦੀ ਪੂਰਨਮਾਸੀ, 1683 ਬਿਕਰਮੀ/ 1 ਮਈ 1626 ਈ. ਨੂੰ ਬਾਬਾ ਸ੍ਰੀਚੰਦ ਜੀ ਇਥੇ ਆਏ ਸਨ ਜਦੋਂ ਉਹਨਾਂ ਨੇ ਕੀਰਤਪੁਰ ਦੀ ਸਥਾਪਨਾ ਦੇ ਚਿਨ੍ਹ ਵਜੋਂ ਇਕ ਬੂਟਾ ਅਤੇ ਬਾਉਲੀ ਜ਼ਮੀਨ ਨੂੰ ਟੱਕ ਲਗਾਇਆ ਸੀ।"[53]

ਮੌਜੂਦਾ ਸਮੇਂ ਇਸ ਅਸਥਾਨ ਦਾ ਪ੍ਰਬੰਧ ਬਾਬਾ ਲਾਭ ਦੇ ਗੱਦੀਨਸ਼ੀਨ ਬਾਬਾ ਸੁੱਚਾ ਸਿੰਘ ਕਿਲ੍ਹਾ ਅਨੰਦਗੜ੍ਹ ਵਾਲਿਆ ਪਾਸ ਹੈ।

- **ਗੁਰਦੁਆਰਾ ਬਾਬਾ ਗੁਰਦਿੱਤਾ ਜੀ**

ਇਹ ਅਸਥਾਨ ਗੁਰਦੁਆਰਾ ਪਤਾਲਪੁਰੀ ਤੋਂ 2 ਕਿਲੋਮੀਟਰ ਪੂਰਬ ਵੱਲ ਉੱਚੀ ਪਹਾੜੀ 'ਤੇ ਸਥਿਤ ਹੈ। ਇਹ ਅਸਥਾਨ ਤੇ ਗੁਰੂ ਹਰਿਗੋਬਿੰਦ ਜੀ ਨੂੰ ਦੇ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਨੇ ਪੰਜ-ਭੂਤਕ ਸਰੀਰ ਤਿਆਗਿਆ ਸੀ। ਪੁਰਾਤਨ ਰਵਾਇਤ ਅਨੁਸਾਰ ਜਦੋਂ ਬਾਬਾ ਗੁਰਦਿੱਤਾ ਜੀ ਸ਼ਿਕਾਰ ਖੇਡਣ ਪਹਾੜੀ ਵਲ ਗਏ ਸਨ ਤਾਂ ਉਨ੍ਹਾਂ ਪਾਸੋਂ ਮ੍ਰਿਗ ਦੇ ਭੁਲੇਖੇ ਗਊ ਦੇ ਤੀਰ ਵੱਜਿਆ ਸੀ। ਹਿਰਦਾ ਨਰਮਦਿਲ ਹੋਣ ਕਰਕੇ ਬਾਬਾ ਜੀ ਨੇ ਗਊ ਹੱਤਿਆ ਸਮਝ ਕੇ ਮਰੀ ਹੋਈ ਗਊ ਜੀਵਤ ਕਰ ਦਿੱਤੀ ਸੀ। ਇਸ ਘਟਨਾ ਬਾਰੇ ਜਦ ਗੁਰੂ ਹਰਿਗੋਬਿੰਦ ਜੀ ਨੂੰ ਪਤਾ ਲੱਗਿਆ ਤਾਂ ਬਾਬਾ ਗੁਰਦਿੱਤਾ ਜੀ ਕੀਤਾ ਇਹ ਕੌਤਕ ਗੁਰੂ ਮਰਿਯਾਦਾ ਦੇ ਵਿਰੁੱਧ

ਦੱਸਿਆ। ਜਿਸ ਕਾਰਨ ਬਾਬਾ ਜੀ ਨੇ ਪੀਰ ਬੁੱਢਣ ਸ਼ਾਹ ਦੀ ਕਬਰ ਨਜ਼ਦੀਕ ਆਪਣਾ ਸਰੀਰ ਤਿਆਗ ਦਿੱਤਾ ਸੀ। *ਗੁਰਬਿਲਾਸ ਪਾਤਸ਼ਾਹੀ ਛੇਵੀਂ* ਅਨੁਸਾਰ:

ਕਰਾਮਾਤ ਤੁਮ ਦੇਨੇ ਲਾਗਾ। ਐਸੇ ਕਰਿ ਜਗਿ ਲਾਗੈ ਦਾਗਾ।
"ਨਾਹਿ ਸਮਾਵੈ ਏਕ ਮਿਆਨ। ਦੋਇ ਤੇਗ" ਕਹਿ ਕ੍ਰਿਪਾ ਨਿਧਾਨ।
ਕੈ ਹਮ ਤਜੈ ਕੈ ਤੁਮ ਤਜਿ ਪ੍ਰਾਨਾ। ਸੁਨੋ ਸੰਤ ਜਬ ਐਸ ਬਖਾਨਾ।
ਬਾਬਾ ਸੁਨਿ ਅਸ ਪ੍ਰਭ ਕੇ ਬੈਨਾ। ਭਗਤ ਸਿੰਘ ਮਨਿ ਪਾਯੋ ਚੈਨਾ।
ਕਰਿ ਪ੍ਰਰਿਕ੍ਰਮਾ ਬੰਦਨ ਧਾਰੀ। ਦੀਯੋ ਨ ਉਤ੍ਰ ਸਮੁਹਿ ਮੁਰਾਰੀ।
ਜਿਹ ਠਾਂ ਬੁਢਣ ਕੇਰ ਸਥਾਨਾ। ਬਾਬੇ ਤਿਹ ਦਿਸ ਕੀਯੋ ਪਜਾਨਾ।[54]

*ਸਿੱਖ ਧਰਮ ਵਿਸ਼ਵਕੋਸ਼* ਅਨੁਸਾਰ ਇਹ ਘਟਨਾ ਚੇਤ ਸੁਦੀ 10, 1695 ਬਿਕਰਮੀ/15 ਮਾਰਚ 1638 ਈ. ਨੂੰ ਵਾਪਰੀ ਸੀ।[55] ਵਰਤਮਾਨ ਸਮੇਂ ਇਸ ਅਸਥਾਨ ਦੀ ਸੇਵਾ ਸੰਭਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਹੈ। ਪੁਰਾਤਨ ਗੁਰਦੁਆਰਾ ਸਾਹਿਬ ਅਤੇ ਨਿੰਮ ਦਾ ਦਰਖਤ ਮੌਜੂਦ ਹੈ। ਗੁਰਦੁਆਰਾ ਸਾਹਿਬ ਦੀਆਂ ਪੌੜੀਆਂ ਰਾਜਾ ਭੂਪ ਸਿੰਘ ਨੇ ਬਣਵਾਈਆ ਸਨ।[56]

- **ਗੁਰਦਆਰਾ ਤੀਰ ਸਾਹਿਬ**

ਇਹ ਅਸਥਾਨ ਧੂਣਾ ਬਾਬਾ ਸ੍ਰੀਚੰਦ ਤੇ ਗੁਰਦੁਆਰਾ ਬਾਬਾ ਗੁਰਦਿੱਤਾ ਜੀ ਦੇ ਵਿਚਕਾਰ ਸਥਿਤ ਹੈ। ਇਹ ਅਸਥਾਨ ਗੁਰੂ ਹਰਿਗੋਬਿੰਦ ਜੀ ਨਾਲ ਸੰਬੰਧਿਤ ਹੈ। ਪ੍ਰਚਲਿਤ ਰਵਾਇਤ ਅਨੁਸਾਰ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਜੋਤਿ ਜੋਤਿ ਸਮਾਉਣ ਵਾਲੇ ਅਸਥਾਨ ਦੀ ਚੋਣ ਕਰਨ ਲਈ ਇਸ ਪਹਾੜੀ ਤੋਂ ਤੀਰ ਚਲਾਇਆ ਸੀ ਜੋ ਗੁਰਦੁਆਰਾ ਪਤਾਲਪੁਰੀ ਵਾਲੇ ਅਸਥਾਨ 'ਤੇ ਜਾ ਡਿੱਗਿਆ ਸੀ। ਫਿਰ ਉਸ ਅਸਥਾਨ 'ਤੇ ਹੀ ਬਾਅਦ ਵਿਚ ਗੁਰੂ ਜੀ ਨੇ ਅਪਣਾ ਸਰੀਰ ਤਿਆਗਿਆ ਸੀ।

ਗੁਰਦੁਆਰਾ ਸਾਹਿਬ ਦੀ ਕਾਰ ਸੇਵਾ ਦਾ ਕਾਰਜ ਬਾਬਾ ਸੇਵਾ ਸਿੰਘ ਨੇ ਬੜ੍ਹੀ ਮਸ਼ੱਕਤ ਨਾਲ 10 ਸਾਲਾਂ ਵਿਚ ਮੁਕੰਮਲ ਕਰਵਾਇਆ ਸੀ। ਗੁਰਦੁਆਰਾ ਤੀਰ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਹੈ।

- **ਗੁਰਦੁਆਰਾ ਹਰਿਮੰਦਰ ਸਾਹਿਬ**

ਇਹ ਅਸਥਾਨ ਗੁਰਦੁਆਰਾ ਸ਼ੀਸ਼ ਮਹੱਲ ਦੇ ਪੂਰਬ ਵਲ ਥੋੜੀ ਦੂਰੀ ਤੇ ਸਥਿਤ ਹੈ। ਇਸ ਅਸਥਾਨ ਤੇ ਗੁਰੂ ਹਰਿਗੋਬਿੰਦ ਜੀ ਪ੍ਰਭੂ ਭਗਤੀ ਕਰਦੇ ਸਨ ਤੇ ਗੁਰੂ ਹਰਿਰਾਇ ਜੀ ਦੁਆਰਾ ਇਸ ਅਸਥਾਨ ਤੇ ਨੌਂ ਲੱਖਾ ਬਾਗ਼ ਲਗਵਾਇਆ ਗਿਆ ਸੀ। ਕਮੇਟੀ ਵਲੋਂ ਇਸ ਬਾਗ਼ ਦੀ ਮੁੜ ਉਸਾਰੀ ਦਾ ਕਾਰਜ ਆਰੰਭ ਕੀਤਾ ਹੋਇਆ ਹੈ। ਰਵਾਇਤ ਅਨੁਸਾਰ ਜਦੋਂ ਦਾਰਾ ਸ਼ਕੋਹ ਗੁਰੂ ਸਾਹਿਬ ਨੂੰ ਮਿਲਣ ਆਇਆ ਸੀ ਤਾਂ ਇਸ ਅਸਥਾਨ 'ਤੇ ਹੀ ਮੇਲੇ ਹੋਏ ਸਨ।[57] ਇਸ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ। ਗੁਰਦੁਆਰਾ ਸਾਹਿਬ ਅੰਦਰ ਭੋਰਾ ਮੌਜੂਦ ਹੈ ਜੋ ਗੁਰੂ ਜੀ ਦੇ ਸਮੇਂ ਦਾ ਦੱਸਿਆ ਜਾਂਦਾ ਹੈ।

- **ਗੁਰਦੁਆਰਾ ਪਤਾਲਪੁਰੀ ਸਾਹਿਬ**

ਇਹ ਅਸਥਾਨ ਦਰਿਆ ਸਤਲੁਜ ਦੇ ਕੰਢੇ ਬੜੀ ਰਮਣੀਕ ਜਗ੍ਹਾ ਤੇ ਸਥਿਤ ਹੈ। ਇਸ ਅਸਥਾਨ ਦਾ ਸੰਬੰਧ ਗੁਰੂ ਹਰਿਗੋਬਿੰਦ ਜੀ, ਗੁਰੂ ਹਰਿਰਾਇ ਜੀ ਅਤੇ ਗੁਰੂ ਹਰਿਕ੍ਰਿਸ਼ਨ ਨਾਲ ਹੈ। ਕੀਰਤਪੁਰ ਸਾਹਿਬ ਜਾ ਸਭ ਤੋਂ ਪ੍ਰਮੁੱਖ ਅਸਥਾਨ ਇਸਨੂੰ ਮੰਨਿਆ ਜਾਂਦਾ ਹੈ। ਇਸ ਅਸਥਾਨ ਤੇ ਗੁਰੂ ਹਰਿਗੋਬਿੰਦ ਜੀ ਜੋਤੀ-ਜੋਤਿ ਸਮਾਏ ਸਨ। *ਮਹਾਨ ਕੋਸ਼* ਅਨੁਸਾਰ, "ਆਪਣੇ ਯੋਗ ਪੋਤੇ ਸ੍ਰੀ ਗੁਰੂ ਹਰਿਰਾਇ ਜੀ ਨੂੰ ਗੁਰੁਗੱਦੀ ਪੁਰ ਥਾਪਕੇ 7 ਚੇਤ ਸੰ.1701 (3 ਮਾਰਚ 1644 ਈ.) ਨੂੰ ਜੋਤੀ ਜੋਤ ਸਮਾਏ। ਆਪ ਦੇ ਦੇਹਰੇ ਦਾ ਨਾਉਂ ਕੀਰਤਪੁਰ ਵਿੱਚ ਪਤਾਲਪੁਰੀ ਹੈ।"[58]

ਗੁਰੂ ਹਰਿਰਾਇ ਜੀ ਦੇ ਸੀਸ ਦਾ ਅੰਤਮ ਸੰਸਕਾਰ ਵੀ ਇਸ ਅਸਥਾਨ 'ਤੇ 6 ਅਕਤੂਬਰ 1661 ਈ. ਨੂੰ ਕੀਤਾ ਗਿਆ ਸੀ। ਉਸ ਤੋਂ ਬਾਅਦ ਗੁਰੂ ਹਰਿਕ੍ਰਿਸ਼ਨ ਜੀ ਦੀਆਂ ਅਸਥੀਆਂ ਵੀ ਇਸ ਅਸਥਾਨ 'ਤੇ 22 ਅਗਸਤ, 1664 ਈ. ਨੂੰ ਜਲ ਪ੍ਰਵਾਹ ਕੀਤੀਆਂ ਗਈਆਂ ਸਨ।[59] ਵਰਤਮਾਨ ਸਮੇਂ ਮ੍ਰਿਤਕ ਪ੍ਰਾਣੀ ਦੀਆਂ ਅਸਥੀਆਂ ਤਾਰਣ ਲਈ ਇਸ ਅਸਥਾਨ 'ਤੇ ਅਸਥ-ਘਾਟ ਬਣਿਆ ਹੋਇਆ ਹੈ। ਮ੍ਰਿਤਕ ਪ੍ਰਾਣੀਆਂ ਦਾ ਰਿਕਾਰਡ ਦਰਜ਼ ਕਰਨ ਲਈ ਦਫ਼ਤਰ ਹੈ। ਹਰ ਸਮੇਂ ਸੰਗਤ ਦਾ ਕਾਫ਼ੀ ਇਕੱਠ ਬਣਿਆ ਰਹਿੰਦਾ ਹੈ। ਇਸ ਅਸਥਾਨ ਦਾ ਪ੍ਰਬੰਧ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਚਲਦਾ ਹੈ ਅਤੇ ਕੀਰਤਪੁਰ ਸਾਹਿਬ ਦੇ ਸਾਰੇ ਗੁਰਦੁਆਰਿਆਂ ਦਾ ਪ੍ਰਬੰਧ ਇਸ ਅਸਥਾਨ ਤੋਂ ਚਲਦਾ ਹੈ। ਯਾਤਰੀਆਂ ਦੇ ਨਿਵਾਸ ਲਈ ਗੁਰੂ ਹਰਿਕ੍ਰਿਸ਼ਨ

ਨਿਵਾਸ ਸਰ੍ਹਾਂ ਬਣੀ ਹੋਈ ਹੈ। ਸਰੋਵਰ ਅਤੇ ਲੰਗਰ ਵੀ ਬਣਿਆ ਹੋਇਆ ਹੈ। ਯਾਤਰੂਆਂ ਦੀ ਸਿਹਤ ਦਾ ਖਿਆਲ ਰੱਖਣ ਹਿਤ ਸ੍ਰੀ ਗੁਰੂ ਰਾਮਦਾਸ ਚੈਰੀਟੇਬਲ, ਡਿਸਪੈਂਨਸਰੀ ਬਣਾਈ ਗਈ ਹੈ।

- **ਗੁਰਦੁਆਰਾ ਚਬੱਚਾ ਸਾਹਿਬ**

ਗੁਰੂ ਹਰਿਰਾਇ ਜੀ ਦੀ ਫੌਜ ਵਿਚ 2200 ਘੋੜਸਵਾਰ ਸ਼ਾਮਲ ਸਨ।[60] ਇਹ ਅਸਥਾਨ ਗੁਰਦੁਆਰਾ ਚਰਣ ਕੰਵਲ ਸਾਹਿਬ ਦੇ ਪੂਰਬ ਵੱਲ ਸਥਿਤ ਹੈ। ਇਸ ਜਗ੍ਹਾ ਗੁਰੂ ਹਰਿ ਰਾਇ ਸਾਹਿਬ ਦੇ ਘੋੜਿਆਂ ਦੇ ਚੁਬੱਚੇ ਹੁੰਦੇ ਸਨ। ਉਨ੍ਹਾਂ ਦੇ ਦਾਣੇ ਭੇਉਣ ਲਈ ਇਸ ਅਸਥਾਨ ਤੇ ਚੁਬੱਚਾ ਤਿਆਰ ਕੀਤੇ ਹੋਏ ਸਨ। ਦਾਣੇ ਦਾ ਸਟੋਰ ਵੀ ਇਥੇ ਹੀ ਮੌਜੂਦ ਸੀ, ਜੋ ਸਾਰਾ ਸਾਲ ਭਰਿਆ ਰਹਿੰਦਾ ਸੀ।[61]

ਇਸ ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਹੈ। ਪਰ ਵਰਤਮਾਨ ਸਮੇਂ ਕੋਈ ਵੀ ਚੁਬੱਚਾ ਮੌਜੂਦ ਨਹੀਂ ਹੈ।

**ਅਨੰਦਪੁਰ ਸਾਹਿਬ**

ਅਨੰਦਪੁਰ ਸਾਹਿਬ ਪੰਜਾਬ ਦੇ ਉਤਰ-ਪੂਰਬੀ ਇਲਾਕੇ ਵਿਚ ਸਥਿਤ ਰੂਪਨਗਰ ਜਿਲ੍ਹੇ ਦਾ ਇਕ ਪ੍ਰਸਿਧ ਇਤਿਹਾਸਕ ਸ਼ਹਿਰ ਹੈ। ਨਗਰ ਦੀ ਸਥਾਪਨਾ ਗੁਰੂ ਤੇਗ ਬਹਾਦਰ ਜੀ ਨੇ ਸੰ. 1722 (1665ਈ.) ਬਿਲਾਸਪੁਰ ਦੀ ਰਾਣੀ ਚੰਪਾ ਪਾਸੋਂ ਜ਼ਮੀਨ ਖਰੀਦ ਕੇ ਕੀਤੀ ਸੀ।[62] ਇਹ ਸ਼ਹਿਰ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਕਾਲ ਦੇ ਆਖਰੀ ਸਮੇਂ ਦੀਆਂ ਯਾਦਾਂ ਦਵਾਉਂਦਾ ਹੈ। ਅਨੰਦਪੁਰ ਸਿੱਖਾਂ ਦੇ ਪੰਜ ਪ੍ਰਮੁੱਖ ਪਵਿੱਤਰ ਸਥਾਨਾਂ ਵਿਚੋਂ ਇਕ ਹੈ। ਸ਼ਹਿਰ ਵਿਚਲੇ ਸਿੱਖ ਧਾਰਮਿਕ ਅਸਥਾਨਾਂ ਦਾ ਵੇਰਵਾ ਨਿਮਨਾਨੁਸਾਰ ਹੈ:

- **ਗੁਰਦੁਆਰਾ ਗੁਰੂ ਕੇ ਮਹਿਲ ਤੇ ਭੋਰਾ ਸਾਹਿਬ**

ਇਹ ਗੁਰਦੁਆਰਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਤਕਰੀਬਨ 200 ਮੀਟਰ ਦੀ ਵਿਥ 'ਤੇ ਪੂਰਬ ਦਿਸ਼ਾ ਵੱਲ ਸਥਿਤ ਹੈ। ਇਸ ਸਥਾਨ 'ਤੇ ਹੀ ਗੁਰੂ ਤੇਗ ਬਹਾਦਰ ਜੀ ਨੇ ਚੱਕ ਨਾਨਕੀ ਨਗਰ ਦੀ ਮੋੜ੍ਹੀ ਗੱਡੀ ਸੀ। ਨਗਰ ਦੀ ਸਥਾਪਨਾ ਕਰਨ ਤੋਂ ਬਾਅਦ ਆਪਣੇ ਨਿਵਾਸ ਲਈ ਘਰਾਂ ਦੀ ਉਸਾਰੀ ਕਰਵਾਈ ਸੀ। ਉਸ ਸਮੇਂ ਸਾਰਾ ਪਰਿਵਾਰ ਇਸ ਸਥਾਨ 'ਤੇ ਹੀ ਨਿਵਾਸ ਕਰਦਾ ਸੀ। ਕਵੀ ਸੰਤੋਖ ਸਿੰਘ ਲਿਖਦੇ ਹਨ ਕਿ ਗੁਰੂ ਕੇ ਮਹਿਲ ਦੀ ਉਸਾਰੀ ਗੁਰੂ ਸਾਹਿਬ ਨੇ ਖ਼ੁਦਮੁਖਤਿਆਰੀ ਵਿਚ ਕਾਰੀਗਰਾਂ ਪਾਸੋਂ ਕਰਵਾਈ ਸੀ ਤੇ ਘਰ ਦੀਆਂ ਨੀਹਾਂ ਬਹੁਤ ਡੂੰਘੀਆਂ ਰਖਵਾਈਆਂ ਸਨ:

ਪੁਨ ਸਤਿਗੁਰ ਨਿਜ ਧਾਮਨਿ ਕੇਰੀ। ਨੀਵੀ ਨੀਵ ਖੁਦਾਇ ਘਨੇਰੀ।

ਖਰੇ ਹੋਇ ਕਰਿ ਜੁਗਤਿ ਬਤਾਈ। ਇਸ ਚਿਨੀਯਹਿ ਨਿਕੇਤ ਸੁਖਦਾਈ।[63]

ਘਰ ਦੀਆਂ ਨੀਹਾਂ ਜਿਆਦਾ ਡੂੰਘੀਆਂ ਰਖਵਾਉਣ ਦੇ ਕਾਰਨ ਤੋਂ ਸਪੱਸ਼ਟ ਹੁੰਦਾ ਹੈ ਕਿ ਉਸੇ ਸਮੇਂ ਹੀ ਗੁਰੂ ਸਾਹਿਬ ਨੇ ਭਜਨ ਬੰਦਗੀ ਕਰਨ ਲਈ ਆਪਣੇ ਨਿਵਾਸ ਸਥਾਨ ਦੇ ਹੇਠਾ ਭੋਰਾ ਤਿਆਰ ਕਰਵਾਇਆ ਸੀ। ਮੌਜੂਦਾ ਸਮੇਂ ਇਸ ਅਸਥਾਨ 'ਤੇ ਚਾਰ-ਭੁਜੀ ਸੁੰਦਰ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ ਤੇ ਗੁਰਦੁਆਰੇ ਦੀ ਹੇਠਲੀ ਮੰਜ਼ਲ ਵਿਚ ਭੋਰਾ ਸਥਿਤ ਹੈ। ਭੋਰੇ ਦੇ ਅੰਦਰ ਪੱਕਾ ਫਰਸ਼ ਲੱਗਿਆ ਹੋਇਆ ਹੈ ਤੇ ਗੁਰੂ ਜੀ ਦੇ ਬੈਠਣ ਵਾਲੀ ਜਗ੍ਹਾ 'ਤੇ 1.5 ਮੀਟਰ ਵਰਗਾਕਾਰ ਸੰਗਮਰਮਰ ਪੱਕਾ ਥੜ੍ਹਾ ਬਣਿਆ ਹੋਇਆ ਹੈ। 1982-83 ਸਮੇਂ ਪੁਰਾਤਨ ਮਕਾਨਾਂ ਦੇ ਕੁਝ ਹਿੱਸੇ ਮੌਜੂਦ ਸਨ ਪਰ ਨੀਵਨ ਉਸਾਰੀ ਦੌਰਾਨ ਢਾਹ ਦਿੱਤੇ ਗਏ।[64]

ਇਸ ਤੋਂ ਇਲਾਵਾ ਗੁਰਦੁਆਰਾ ਗੁਰੂ ਕੇ ਮਹਿਲ ਕੰਪਲੈਕਸ ਅੰਦਰ ਹੋਰ ਇਤਿਹਾਸਕ ਅਸਥਾਨ ਤੇ ਇਕ ਪੁਰਾਤਨ ਨਾਨਕਸ਼ਾਹੀ ਇੱਟਾਂ ਦਾ ਬਣਿਆ ਖੂਹ ਮੌਜੂਦ ਹੈ। ਕੰਪਲੈਕਸ ਅੰਦਰ ਮੌਜੂਦ ਸਾਰੇ ਇਤਿਹਾਸਕ ਅਸਥਾਨਾਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸੈਕਸ਼ਨ 85 ਦੇ ਅਧੀਨ ਹੈ।

- **ਗੁਰਦੁਆਰਾ ਜਮਨ ਅਸਥਾਨ ਸਾਹਿਬਜਾਦੇ**

ਇਹ ਗੁਰਦੁਆਰਾ ਗੁਰੂ ਕੇ ਮਹਿਲ ਕੰਪਲੈਕਸ ਅੰਦਰ ਸਥਿਤ ਹੈ। *ਭਾਈ ਕਾਨ੍ਹ ਸਿੰਘ ਨਾਭਾ* ਅਨੁਸਾਰ, "ਸ਼ਹਿਰ ਅੰਦਰ ਜੋ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਰਹਿਣ ਲਈ ਮਕਾਨ ਬਣਵਾਏ ਇਨ੍ਹਾਂ ਮਹਿਲਾਂ ਵਿਚ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਨਿਵਾਸ ਕੀਤਾ ਅਤੇ ਚਾਰ ਸਾਹਿਬਜ਼ਾਦਿਆਂ ਦਾ ਜਨਮ ਹੋਇਆ।"[65] ਗੁਰਦੁਆਰਾ ਸਾਹਿਬ ਅੰਦਰ ਲੱਗੇ ਸੂਚਨਾ ਬੋਰਡ ਅਨੁਸਾਰ ਇਸ ਅਸਥਾਨ 'ਤੇ ਸਾਹਿਬਜਾਦਾ ਅਜੀਤ ਸਿੰਘ ਨੂੰ ਛੱਡ ਬਾਕੀ ਤਿੰਨ ਸਾਹਿਬਜਾਦਿਆਂ ਦਾ ਜਨਮ ਹੋਇਆ ਸੀ। ਮੌਜੂਦਾ ਸਮੇਂ ਇਸ ਅਸਥਾਨ 'ਤੇ ਛੇ-ਭੁਜਾ ਨਵੀਨ ਇਮਾਰਤ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਇਮਾਰਤ ਉਸਾਰੀ ਦਾ ਕਾਰਜ ਕਾਰ ਸੇਵਾ ਭੂਰੀ ਵਾਲਿਆ ਵੱਲੋਂ ਕਰਵਾਇਆ ਗਿਆ ਹੈ।

- **ਗੁਰਦੁਆਰਾ ਦਮਦਮਾ ਸਾਹਿਬ**

ਗੁਰਦੁਆਰਾ ਗੁਰੂ ਕੇ ਮਹਿਲ ਦੀ ਹਦੂਦ ਅੰਦਰ ਹੀ ਗੁਰਦੁਆਰਾ ਦਮਦਮਾ ਸਾਹਿਬ ਸਥਿਤ ਹੈ। ਰਵਾਇਤ ਪ੍ਰਚਲਿਤ ਹੈ ਕਿ ਇਸ ਅਸਥਾਨ ਤੇ ਬੈਠ ਕੇ ਗੁਰੂ ਤੇਗ ਬਹਾਦਰ ਜੀ ਸੰਗਤਾਂ ਨੂੰ ਸਤਿ ਦਾ ਉਪਦੇਸ਼ ਦਿੰਦੇ ਸਨ। ਇਸ ਤੋਂ ਇਲਾਵ ਇਸ ਅਸਥਾਨ 'ਤੇ ਹੀ ਗੁਰੂ ਗੋਬਿੰਦ ਸਿੰਘ ਜੀ ਨੂੰ ਭਾਈ ਗੁਰਦਿੱਤਾ ਜੀ ਨੇ ਪੰਜ ਪੈਸੇ ਤੇ ਨਾਰੀਅਲ ਅੱਗੇ ਰੱਖ ਕੇ ਗੁਰਿਆਈ ਦਾ ਤਿਲਕ ਲਗਾਇਆ ਸੀ। *ਗੁਰੂ ਕੀਆਂ ਸਾਖੀਆਂ* ਅਨੁਸਾਰ, "ਗੁਰੂ ਜੀ ਕਾ ਦਰਬਾਰ ਹੋਆ, ਦੀਵਾਨ ਦਰਘਾ ਮੱਲ ਸੇ ਬਚਨ ਕੀਆ, ਤਿਆਰੀ ਕਰੀਏ! ਹਮੇਂ ਗੋਬਿੰਦ ਦਾਸ ਕੋ ਗੁਰਿਆਈ ਦੇਨੀ ਹੈ, ਦੀਵਾਨ ਜੀ! ਤੁਸੀਂ ਗੁਰਿਆਈ ਕੀ ਸਮੱਗਰੀ ਲੈ ਆਈਏ। ਸਤਿਗੁਰਾਂ ਸਾਹਿਬਜ਼ਾਦੇ ਕੋ ਸ਼ਸਤਰ ਬਸਤਰ ਸਜਾਇ ਆਪਨੇ ਆਸਨ 'ਤੇ ਲਿਆਇ ਬੈਠਾਇਆ। ਦੀਵਾਨ ਦਰਘਾ ਮੱਲ ਨੇ ਗੁਰਿਆਈ ਦੀ ਸਮੱਗਰੀ ਲਿਆਇ ਸਾਹਿਬਜ਼ਾਦੇ ਕੇ ਆਗੇ ਰਾਖ ਮੱਥਾ ਟੇਕਾ। ਬਾਬੇ ਬੁੱਢੇ ਕੇ ਸ੍ਰੀ ਰਾਮ ਕੁਇਰ ਨੰਨੀ ਅਵਸਥਾ ਮੇਂ ਸ੍ਰੀ ਗੋਬਿੰਦ ਦਾਸ ਜੀ ਕੇ ਭਾਲ ਮੇਂ ਚੰਦਨ ਕਾ ਟੀਕਾ ਕੀਆ। ਬਚਨ ਹੋਆ, ਭਾਈ ਸਿੱਖੋ! ਆਗੇ ਸੇ ਅਸਾਂ ਕੀ ਥਾਂਇ ਸ੍ਰੀ ਗੋਬਿੰਦ ਦਾਸ ਜੀ ਕੋ ਗੁਰੂ ਜੋ ਜਾਨੈਗਾ ਤਿਸ ਕੀ ਘਾਲ ਥਾਂਇ ਪਏਗੀ।"[66] *ਗੁਰਬਿਸਾਲ ਪਾਤਸ਼ਾਹੀ 10* ਕ੍ਰਿਤ ਕੁਇਰ ਸਿੰਘ ਅਨੁਸਾਰ:

ਜਹ ਦਮਦਮਾ ਪੂਜਤੇ ਭਾਈ। ਮਾਤਾ ਜੀ ਤਬ ਤਹਾਂ ਸਿਧਾਈ।
ਜੋ ਦਮਦਮਾ ਸਾਚ ਸਿੰਘਾਸਨ। ਧਰੀ ਸੌਜ ਅਤਿ ਹੀ ਸੁਖ ਤਾਸਨ।
ਕੇਸਰ ਨੀਰ ਤਰੁਨ ਦਲ ਆਨੇ। ਭੇਟ ਲਿਆਵਤ ਭੇ ਰੁਚਿ ਠਾਨੇ।
ਸਭ ਸੰਗਤ ਮਿਲ ਅਨਕ ਮਸੰਦਾ। ਦੇਸ ਦੇਸ ਕੇ ਸੋਢੀ ਚੰਦਾ।
ਸਭ ਮਿਲ ਸ੍ਰੁਤ ਰੀਤਨ ਸੋ ਕੀਨੀ। ਅਤਿ ਹੀ ਪੰਕਤ ਭੀ ਰੁਚਿ ਭੀਨੀ।[67]

ਇਸ ਕਰਕੇ ਇਸ ਅਸਥਾਨ ਨੂੰ 'ਗੁਰਿਆਈ ਅਸਥਾਨ ਪਾਤਸਾਹੀ ਦਸਵੀਂ' ਵੀ ਆਖਿਆ ਜਾਂਦਾ ਹੈ। ਦਸਤਾਰਬੰਦੀ ਦੀ ਰਸਮ ਸਬੰਧੀ ਸ੍ਵਰੂਪ ਸਿੰਘ ਕੋਸ਼ਿਸ਼ ਲਿਖਦਾ ਹੈ, "ਮਾਤਾ ਨਾਨਕੀ ਜੀ ਨੇ ਦੀਵਾਨ ਦਰਘਾ ਮੱਲ ਸੇ ਕਹਾ ਕਿ ਅਬ ਦਸਤਾਰਬੰਦੀ ਕੀ ਰਸਮ ਅਦਾਦਿ ਕੀ ਜਾਏ। ਬਚਨ ਪਾਇ ਦੀਵਾਨ ਦਰਘਾ ਮੱਲ ਜੀ ਆਗੇ ਆਇ ਬੈਠ। ਪ੍ਰਿਥਮੇਂ ਮਾਤਾ ਸੁਲੱਖਨੀ ਜੀ ਨੇ ਪਗੜੀ ਭੇਟ ਕੀ।"[68] ਇਸ ਸਥਾਨ ਤੇ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਦੋਸ਼ੀ ਮਸੰਦਾਂ ਦੀ ਪਰਖ ਕਰ ਕੇ ਦੰਡ ਦਿੱਤਾ ਸੀ।[69] ਪੁਰਾਤਨ ਇਤਿਹਾਸਕ ਖੂਹ ਗੁਰਦੁਆਰਾ

ਸਾਹਿਬ ਦੇ ਪਿੱਛਲੇ ਹਿਸੇ ਵਿਚ ਮੌਜੂਦ ਹੈ। ਨਵੀਨ ਅੱਠ-ਭੁਜੀ ਇਮਾਰਤ ਵਾਲਾ ਗੁਰਦੁਆਰਾ ਸਾਹਿਬ ਇਸ ਅਸਥਾਨ 'ਤੇ ਸੁਸ਼ੋਭਿਤ ਹੈ।

- **ਗੁਰਦੁਆਰਾ ਥੜਾ ਸਾਹਿਬ**

ਇਹ ਅਸਥਾਨ ਵੀ ਗੁਰੂ ਕੇ ਮਹਿਲ ਕੰਪਲੈਕਸ ਦਾ ਹੀ ਹਿੱਸਾ ਹੈ। ਸਿੱਖ ਰਵਾਇਤ ਅਨੁਸਾਰ ਗੁਰੂ ਤੇਗ ਬਹਾਦਰ ਜੀ ਇਸ ਅਸਥਾਨ 'ਤੇ ਬੈਠ ਕੇ ਨਿਤਾਪ੍ਰਤੀ ਦੀਵਾਨ ਸਜਾਉਂਦੇ ਸਨ। ਇਥੇ ਹੀ ਮੁਗਲ ਸਰਕਾਰ ਦੇ ਸਤਾਏ ਹੋਏ ਕਸ਼ਮੀਰੀ ਪੰਡਿਤ ਫਰਿਆਦ ਲੈ ਕੇ ਗੁਰੂ ਸ਼ਰਨ ਆਏ ਸਨ। ਕੁਇਰ ਸਿੰਘ ਇਸ ਫਰਿਆਦ ਨੂੰ ਇੰਞ ਬਿਆਨ ਕਰਦਾ ਹੈ:

ਸੰਗਤ ਆਵਤ ਦੇਸਨ ਦੇਸ ਤੇ, ਗਾਇ ਮੁਨੀ ਪ੍ਰਭ ਰੂਪ ਨਿਹਾਰੀ।
ਸੰਗ ਅਯੋ ਇਕ ਦੇਸ ਕਸਮੀਰ ਰਹਿ, ਆਨ ਗੁਰੂ ਪਦ ਬੰਦਨ ਧਾਰੀ।
ਕੁਸਲ ਬੂਝੀ ਜਬ ਸ੍ਰੀ ਗੁਰ ਜੀ, ਤਬ ਰੋਵਤ ਨੈਨ ਕਹੀ ਕਥ ਸਾਰੀ।
"ਹੇ ਪ੍ਰਭ ਤੂਟਤ ਬਜੂਹ ਜਨੇਵਨ, ਗਊਅਨ ਘਾਤ ਘਨੇ ਦੁਖ ਭਾਰੀ।"[70]

ਗੁਰੂ ਜੀ ਨੇ ਕਸ਼ਮੀਰੀ ਪੰਡਤਾਂ ਦੀ ਫਰਿਆਦ ਕਬੂਲਦੇ ਹੋਏ ਅੱਗੇ ਦਾ ਕਾਰ-ਵਿਹਾਰ ਦੀਵਾਨ ਦਰਘਾ ਮੱਲ ਤੇ ਚਉਪਤ ਰਾਇ ਨੂੰ ਸਮਝਾ ਕੇ ਦਿੱਲੀ ਨੂੰ ਕੂਚ ਕੀਤੀ ਸੀ। ਮੌਜੂਦਾ ਸਮੇਂ ਇਸ ਸਥਾਨ ਤੇ ਛੇ-ਭੁਜੀ ਇਮਾਰਤ ਵਾਲਾ ਗੁਰਦੁਆਰਾ ਥੜਾ ਸਾਹਿਬ ਬਣਿਆ ਹੋਇਆ ਹੈ।

- **ਗੁਰਦੁਆਰਾ ਸੀਸ ਗੰਜ ਸਾਹਿਬ**

ਇਹ ਗੁਰਦੁਆਰਾ ਤਖ਼ਤ ਕੇਸਗੜ੍ਹ ਸਾਹਿਬ ਤੋਂ ਉੱਤਰ ਦਿਸ਼ਾ ਵੱਲ ਥੋੜੀ ਦੂਰੀ 'ਤੇ ਸਥਿਤ ਹੈ। ਗੁਰੂ ਗੋਬਿੰਦ ਸਿੰਘ ਜੀ ਕੀਰਤਪੁਰ ਸਾਹਿਬ ਤੋਂ ਗੁਰੂ ਤੇਗ ਬਹਾਦਰ ਜੀ ਦਾ ਸੀਸ ਬਿਬਾਨ ਵਿਚ ਸਜਾ ਕੇ ਸਿੱਖਾਂ ਸਮੇਤ ਇਸ ਅਸਥਾਨ 'ਤੇ ਲੈ ਕੇ ਆਏ ਸਨ। ਸਿੱਖ ਮਰਯਾਦਾ ਅਨੁਸਾਰ ਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਅੰਤਮ ਸੰਸਕਾਰ ਇਸ ਅਸਥਾਨ 'ਤੇ ਕੀਤਾ ਗਿਆ ਸੀ। ਗੁਰਦੁਆਰਾ ਸਾਹਿਬ ਦਾ ਅੰਦਰਲਾ ਹਿੱਸਾ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਨਿਗਰਾਨੀ ਹੇਠ ਤਿਆਰ ਕਰਵਾਇਆ ਸੀ।[71] ਇਸ ਸਥਾਨ ਨੂੰ 'ਗੁਰਦੁਆਰਾ ਦੇਹੁਰਾ ਸਾਹਿਬ' ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਵਰਤਮਾਨ ਸਮੇਂ ਵਿਚ ਇਸ ਅਸਥਾਨ 'ਤੇ ਰਮਣੀਕ

ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ।

- **ਗੁਰਦੁਆਰਾ ਅਕਾਲ ਬੁੰਗਾ ਸਾਹਿਬ**

ਇਹ ਅਸਥਾਨ ਗੁਰਦੁਆਰਾ ਸੀਸ ਗੰਜ ਦੀ ਹਦੂਦ ਅੰਦਰ ਹੀ ਸਥਿਤ ਹੈ। ਇਸ ਅਸਥਾਨ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਸਸਕਾਰ ਕਰਨ ਉਪਰੰਤ ਇਕਤਰ ਹੋਈਆਂ ਸੰਗਤਾਂ ਨੂੰ ਭਾਣਾ ਮੰਨਣ ਦਾ ਉਪਦੇਸ਼ ਦਿਤਾ ਸੀ। *ਗੁਰੂ ਕੀਆ ਸਾਖੀਆਂ* ਵਿਚ ਇਹ ਵਿਰਤਾਂਤ ਇਸ ਤਰ੍ਹਾਂ ਲਿਖਿਆ ਮਿਲਦਾ ਹੈ, "ਸਿੱਖ ਸੰਗਤਾਂ ਇੱਕ ਟਕ ਹੋਇ ਕੇ ਬਾਲਾ ਗੁਰੂ ਜੀ ਕੀ ਤਰਫ ਦੇਖ ਰਹੀਆਂ ਸੀ, ਸਭਸ ਕੇ ਨੈਣੋਂ ਮੇਂ ਜ਼ਾਰ ਜ਼ਾਰ ਨੂਰ ਬਹਿ ਰਹਾ ਥਾ। ਗੁਰੂ ਜੀ ਨੇ ਸਭ ਸੇ ਧੀਰਜ ਦਈ, ਬਚਨ ਹੂਆ ਭਾਈ ਸਿੱਖੋਂ ! ਪਿਤਾ ਜੀ ਨੇ ਰੱਬੀ ਭਾਣੇ ਕੋ ਮੀਠਾ ਕਰ ਕੇ ਮਾਨਾ ਹੈ, ਅਤੇ ਮੁਖ ਥੀਂ ਸੀ ਤੱਕ ਉਚਾਰਨ ਨਹੀਂ ਕੀ। ਇਹ ਸਾਕਾ ਜਬ ਤੀਕ ਸੂਰਜ ਤੇ ਚਾਂਦ ਖਲਾ ਹੈ, ਹਮੇਸ਼ਾ ਲਈ ਚਮਕੇਗਾ।"[72]

ਵਰਤਮਾਨ ਸਮੇਂ ਇਸ ਅਸਥਾਨ 'ਤੇ ਗੁੰਬਦਨੁਮਾ ਛੋਟਾ ਕਮਰਾ ਬਣਾ ਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਇਹ ਅਸਥਾਨ ਪੁਜਾਰੀ ਮਾਨ ਸਿੰਘ ਨੇ 1889ਈ. ਵਿਚ ਬਣਵਾਇਆ ਸੀ।[73] ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਹੈ।

- **ਗੁਰਦੁਆਰਾ ਮੰਜੀ ਸਾਹਿਬ / ਦੁਮਾਲਗੜ੍ਹ ਸਾਹਿਬ**

ਇਹ ਅਸਥਾਨ ਤਖ਼ਤ ਸਾਹਿਬ ਦੇ ਬਿਲਕੁਲ ਨਜ਼ਦੀਕ ਉੱਤਰੀ ਦਿਸ਼ਾ ਵੱਲ ਹੈ। ਪ੍ਰਚਲਿਤ ਰਵਾਇਤ ਅਨੁਸਾਰ ਇਸ ਅਸਥਾਨ 'ਤੇ ਗੁਰੂ ਸਾਹਿਬ ਆਪਣੇ ਸਾਹਿਬਜਾਦਿਆਂ ਨੂੰ ਸਰੀਰਕ ਕਸਰਤ ਅਤੇ ਖੇਡਾਂ ਖਿਡਾਇਆ ਕਰਦੇ ਸਨ। ਅਨੰਦਪੁਰ ਸਾਹਿਬ ਦੀ ਲੜਾਈ ਸਮੇਂ ਭਾਈ ਮਾਨ ਸਿੰਘ ਜੀ ਦੇ ਜ਼ਖ਼ਮੀ ਹੋਣ ਨਾਲ ਨੀਸ਼ਾਨ ਸਾਹਿਬ ਵੀ ਟੁੱਟ ਕੇ ਡਿੱਗ ਪਿਆ ਸੀ। ਇਸ ਘਟਨਾ ਨੂੰ ਦੇਖ ਕੇ ਗੁਰੂ ਸਾਹਿਬ ਨੇ ਆਪਣੀ ਕੇਸਕੀ ਵਿੱਚੋਂ ਨੀਲਾ ਫ਼ਰਰਾ ਕੱਢ ਕੇ ਸਜਾ ਲਿਆ। ਗੁਰੂ ਸਾਹਿਬ ਦੁਆਰਾ ਫ਼ਰਰਾ (ਦੁਮਾਲਾ) ਸਜਾਉਣ ਕਰ ਕੇ ਇਸ ਅਸਥਾਨ ਦਾ ਨਾਮ ਦੁਮਾਲਗੜ੍ਹ ਵੀ ਪੈ ਗਿਆ। *ਗੁਰੂ ਕੀਆਂ ਸਾਖੀਆਂ* ਅਨੁਸਾਰ, "ਜਦੋਂ ਬਿਲਾਸਪੁਰ ਦੇ ਰਾਜਾ ਅਜਮੇਰ ਚੰਦ ਨੇ ਹੰਡੂਰ ਦੇ ਰਾਜਾ ਨਾਲ ਰਲ ਕੇ ਅਨੰਦਪੁਰ ਸਾਹਿਬ `ਤੇ ਹਮਲਾ ਕਰ ਦਿੱਤਾ ਅਤੇ ਸਖ਼ਤ ਲੜਾਈ ਹੋਈ। ਗੁਰੂ ਸਾਹਿਬ ਦੇ ਹੁਕਮ ਅਨੁਸਾਰ ਭਾਈ ਮਾਨ ਸਿੰਘ ਨਿਸ਼ਾਨਚੀ ਨੇ ਅੱਗੇ ਹੋ ਕੇ ਰਣ ਭੂਮੀ ਵਿਚ

ਨਿਸ਼ਾਨ ਸਾਹਿਬ ਗੱਡ ਕੇ ਡੱਟ ਕੇ ਲੜਾਈ ਕੀਤੀ। ਭਾਈ ਮਾਨ ਸਿੰਘ ਨਿਸ਼ਾਨਚੀ ਜੂਝਦੇ ਹੋਏ ਜ਼ਖਮੀ ਹੋ ਜ਼ਮੀਨ 'ਤੇ ਡਿੱਗ ਪਏ ਤੇ ਨਾਲ ਹੀ ਨਿਸ਼ਾਨ ਸਾਹਿਬ ਵੀ ਦੁਸ਼ਮਨ ਦੇ ਵਾਰ ਨਾਲ ਟੁੱਟ ਜ਼ਮੀਨ `ਤੇ ਡਿੱਗ ਗਿਆ। ਇਸ ਘਟਨਾ ਦੀ ਖਬਰ ਕਿਸੇ ਸਿੱਖ ਨੇ ਤਖ਼ਤ ਸ੍ਰੀ ਕੇਸਗੜ੍ਹ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਆ ਕੇ ਦਿੱਤੀ। ਗੁਰੂ ਸਾਹਿਬ ਨੇ ਉਸੇ ਸਮੇਂ ਆਪਣੀ ਵੱਡੀ ਦਸਤਾਰ ਨੂੰ ਉਤਾਰ ਹੇਠਾਂ ਬੰਨ੍ਹੀ ਕੇਸਕੀ ਵਿਚੋਂ ਨੀਲੇ ਰੰਗ ਦਾ ਫਰਾਰਾ ਕੱਢ ਕੇ ਦਸਤਾਰ ਸਜਾਈ ਅਤੇ ਬਚਨ ਕੀਤਾ, ਇਹ ਖ਼ਾਲਸਾਈ ਨਿਸ਼ਾਨ ਕਭੀ ਆਗੇ ਸੇ ਟੂਟੇਗਾ ਨਹੀਂ। ਉਪਰੰਤ ਨੇੜੇ ਬੈਠੇ ਭਾਈ ਉਦੈ ਸਿੰਘ, ਹਿੰਮਤ ਸਿੰਘ, ਸਾਹਿਬ ਸਿੰਘ, ਮੋਹਕਮ ਸਿੰਘ ਤੇ ਆਲਮ ਸਿੰਘ ਨੇ ਵੀ ਦਸਤਾਰਾਂ ਤੇ ਕੇਸਕੀ ਵਿਚੋਂ ਕੱਢ ਨੀਲੇ ਫਰਾਰੇ ਸਜਾਏ। ਉਸੀ ਸਮੇਂ ਸਾਹਿਬਜ਼ਾਦਾ ਫ਼ਤਿਹ ਸਿੰਘ ਨੇ, ਜੋ ਅਜੇ ਸਾਲ ਦੇ ਹੀ ਸਨ, ਪਿਤਾ ਜੀ ਨੂੰ ਦੇਖ ਫਰਾਰਾ ਸਜਾ ਲਿਆ। ਇਸ ਨੂੰ ਦੇਖ ਗੁਰੂ ਜੀ ਮੁਸਕਰਾਏ ਤੇ ਬਚਨ ਕੀਤਾ, ਬੇਟਾ, ਇਹ ਅਕਾਲੀ ਫਰਾਰਾ ਪੰਥ ਮੇਂ ਸਦੀਵ ਰਹੇਗਾ। ਇਹ ਸਰਗੁਨ ਸਰੂਪ ਸ੍ਰੀ ਮਹਾਂਕਾਲ ਕਾ ਬਾਣਾ ਹੈ, ਇਸ ਕਾ ਸਤਿਕਾਰ ਨਿਸ਼ਾਨ ਸਾਹਿਬ ਕੇ ਸਮਾਨ ਕਰਨਾ। ਸ਼ਾਮ ਹੁੰਦੇ ਹੀ ਰਾਜੇ ਭੱਜ ਗਏ ਤੇ ਲੜਾਈ ਬੰਦ ਹੋ ਗਈ।"[74]

ਮੌਜੂਦਾ ਸਮੇਂ ਇਮਾਰਤ ਦੀ ਪਹਿਲੀ ਮੰਜ਼ਲ ਉੱਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ ਤੇ ਜ਼ਮੀਨੀ ਮੰਜਿਲ 'ਤੇ ਗਠੜੀ ਘਰ ਬਣਾਇਆ ਹੋਇਆ ਹੈ। ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਹੈ।

- **ਗੁਰਦੁਆਰਾ ਸ਼ਹੀਦੀ ਬਾਗ**

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਕਿਲ੍ਹਾ ਅਨੰਦਗੜ੍ਹ ਦੇ ਵਿਚਕਾਰਲੀ ਪਹਾੜੀ ਦੇ ਹੇਠਾਂ ਇਹ ਅਸਥਾਨ ਸਥਿਤ ਹੈ। ਰਵਾਇਤ ਪ੍ਰਚਲਿਤ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਨੂੰ ਹੋਰ ਰਮਣੀਕ ਬਣਾਉਣ ਲਈ ਇਸ ਅਸਥਾਨ ਤੇ ਬਾਗ਼ ਲਗਵਾਇਆ ਸੀ। ਇਸ ਅਸਥਾਨ ‘ਤੇ ਹੀ ਗੁਰੂ ਸਾਹਿਬ ਨੇ ਅਨੰਦਪੁਰ ਦੀ ਜੰਗ ਵਿਚ ਸ਼ਹੀਦ ਹੋਣ ਵਾਲੇ ਸਿੰਘਾਂ ਦਾ ਸਸਕਾਰ ਕੀਤਾ ਸੀ। ਇਸ ਕਰਕੇ ਇਸ ਅਸਥਾਨ ਨੂੰ ਸ਼ਹੀਦੀ ਬਾਗ਼ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਪਹਿਲਾਂ ਇਹ ਅਸਥਾਨ 96 ਕਰੋੜੀ ਬੁੱਢਾ ਦਲ ਨਿਹੰਗ ਸਿੰਘਾਂ ਦਾ ਹੈਡ ਕੁਆਟਰ ਸੀ। ਵਰਤਮਾਨ ਸਮੇਂ ਗੁਰਦੁਆਰਾ ਸ਼ਹੀਦੀ ਬਾਗ ਨਾਂ ਹੇਠ ਤਿੰਨ ਗੁਰਦੁਆਰਾ

ਸਾਹਿਬ ਸ਼ੁਸ਼ੋਭਿਤ ਹਨ, ਇਕ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਹੈ, ਦੂਜੇ ਦਾ ਨਿਹੰਗ ਸਿੰਘ (ਤਰਨਾ ਦਲ ) ਅਤੇ ਤੀਜੇ ਦਾ ਨਿਹੰਗ ਸਿੰਘ (ਬੁੱਢਾ ਦਲ)ਪਾਸ ਹੈ।

ਇਸ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਅਨੰਦਪੁਰ ਸਾਹਿਬ ਦੀ ਰੱਖਿਆ ਲਈ ਵੱਖ-ਵੱਖ ਦਿਸ਼ਾਵਾਂ ਵਿਚ ਪੰਜ ਕਿਲ੍ਹੇ ਤਿਆਰ ਕਰਵਾਏ ਗਏ ਸਨ। ਵਰਤਮਾਨ ਸਮੇਂ ਇਨ੍ਹਾਂ ਅਸਥਾਨਾਂ ਤੇ ਗੁਰਦੁਆਰਾ ਸਾਹਿਬ ਸੁਸ਼ੋਭਿਤ ਹਨ। ਕਿਲ੍ਹਿਆਂ ਦੀ ਵਰਨਣ ਨਿਮਨਾਨੁਸਾਰ ਹੈ:

- **ਗੁਰਦੁਆਰਾ ਕਿਲ੍ਹਾ ਅਨੰਦਗੜ੍ਹ ਸਾਹਿਬ**

ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਦੀ ਸੁਰੱਖਿਆ ਲਈ ਸਭ ਤੋਂ ਪਹਿਲਾਂ ਕਿਲ੍ਹਾ ਅਨੰਦਗੜ੍ਹ ਤਿਆਰ ਕਰਵਾਇਆ ਸੀ। ਇਹ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ 800 ਮੀਟਰ ਦੀ ਦੂਰੀ ਤੇ ਸਥਿਤ ਹੈ। ਇਹ ਕਿਲ੍ਹਾ ਆਸ-ਪਾਸ ਇਲਾਕੇ ਦੀਆਂ ਪਹਾੜੀਆਂ ਵਿਚੋਂ ਸਭ ਤੋਂ ਉੱਚੀ ਪਹਾੜੀ ਤੇ ਬਣਾਇਆ ਗਿਆ ਸੀ। ਅਨੰਦਪੁਰ ਸਾਹਿਬ ਦਾ ਪ੍ਰਵੇਸ਼ ਦੁਆਰ ਹੋਣ ਕਰ ਕੇ ਇਸ ਕਿਲ੍ਹੇ ਨੂੰ ਬਾਕੀ ਕਿਲ੍ਹਿਆ ਦੇ ਮੁਕਾਬਲੇ ਸਭ ਤੋਂ ਵਧ ਮਜ਼ਬੂਤੀ ਨਾਲ ਤਿਆਰ ਕਰਵਾਇਆ ਗਿਆ ਸੀ।[75] ਸਮਕਾਲੀ ਹਾਲਾਤਾਂ ਨੂੰ ਦੇਖਦੇ ਹੋਏ ਗੁਰੂ ਸਾਹਿਬ ਨੇ ਇਸ ਕਿਲ੍ਹੇ ਦੇ ਨਾਲ ਬਾਉਲੀ ਤਿਆਰ ਕਰਵਾਈ ਸੀ। ਯੁੱਧ ਦੇ ਸਮੇਂ ਸਿੰਘਾਂ ਨੂੰ ਪਾਣੀ ਦੀ ਸਹੂਲਤ ਪ੍ਰਦਾਨ ਦੇ ਤਹਿਤ ਇਹ ਬਾਉਲੀ ਤਿਆਰ ਕਰਵਾਈ ਗਈ ਸੀ। *ਮਹਾਨ ਕੋਸ਼* ਅਨੁਸਾਰ, "ਇਸ ਕਿਲੇ ਅੰਦਰ ਇਕ ਬਾਵਲੀ ਹੈ ਜਿਸ ਦੀਆਂ ਪਉੜੀਆਂ ਉਤਰ ਕੇ ਚੜ੍ਹਨਾ ਔਖਾ ਹੋ ਜਾਂਦਾ ਹੈ ਅਤੇ ਇਸ ਬਾਵਲੀ ਦੇ ਇਰਧ ਗਿਰਧ ਇਹੋ ਜਿਹੀਆਂ ਗੁਪਤ ਕੋਠੜੀਆਂ ਹਨ ਜਿਨ੍ਹਾਂ ਅੰਦਰ ਆਦਮੀ ਚਲਾ ਜਾਵੇ ਤਾਂ ਇਹ ਬਾਹਰ ਦਾ ਰਾਸਤਾ ਮਿਲਣਾ ਮੁਸ਼ਕਲ ਹੋ ਜਾਂਦਾ ਹੈ।"[76]

ਅਨੰਦਪੁਰ ਸਾਹਿਬ ਉਤੇ ਅਨੇਕਾਂ ਹਮਲੇ ਹੋਣ ਦੇ ਬਾਵਜੂਦ ਵੀ ਇਹ ਕਿਲ੍ਹਾ ਅਡੋਲ ਤੇ ਅਹਿਲ ਖੜਾ ਰਿਹਾ। ਪਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਅਨੰਦਪੁਰ ਛੱਡਿਆ ਗਿਆ ਸੀ ਉਦੋਂ ਰਾਜਾ ਅਜਮੇਰ ਚੰਦ ਦੀ ਸੈਨਾ ਨੇ ਇਸ ਕਿਲ੍ਹੇ ਨੂੰ ਕਾਫ਼ੀ ਨੁਕਸਾਨ ਪਹੁੰਚਿਆ ਸੀ। ਸਿੱਖ ਮਿਸਲਾਂ ਦੇ ਸਮੇਂ ਇਸ ਕਿਲ੍ਹੇ ਦੀ ਉਸਾਰੀ ਜੱਸਾ ਸਿੰਘ ਆਹਲੂਵਾਲੀਆ ਦੁਆਰਾ ਕਰਵਾਈ ਗਈ ਸੀ। ਉਸ ਨੇ ਸੰ.1826 (1769 ਈ.) ਨੂੰ ਇਕ ਲੱਖ ਰੁਪਇਆ ਖਰਚ ਕਰਕੇ ਬਾਉਲੀ ਤਿਆਰ ਕਰਵਾਈ ਸੀ।[77] ਪਰ ਕਿਲੇ ਅਨੰਦਗੜ੍ਹ ਦੀ ਸੇਵਾ ਕਾਫ਼ੀ ਸਮੇਂ ਬਾਅਦ ਕਰਵਾਈ ਗਈ। ਇਹ ਸੇਵਾ ਗਿਆਨੀ ਕਰਤਾਰ ਸਿੰਘ ਕਲਾਸਵਾਲੀਆ ਨੇ 'ਗੁਰੂ ਕਾ ਬਾਗ'

ਅੰਮ੍ਰਿਤਸਰ ਵਿਖੇ ਕੀਤੀ ਸੂਰਜ ਪ੍ਰਕਾਸ਼ ਗ੍ਰੰਥ ਦੀ ਕਥਾ ਸੁਣਨ ਵਾਲੀ ਸੰਗਤ ਵੱਲੋਂ ਭੇਟ ਕੀਤੀ ਮਾਇਆ ਨਾਲ ਕੀਤੀ। ਸੰ. 1 ਮੱਘਰ, 1990 ਨੂੰ ਕਿਲ੍ਹੇ ਦੀ ਸੇਵਾ ਆਰੰਭ ਹੋਈ ਅਤੇ ਪੋਹ 1992 ਨੂੰ ਸੰਪੂਰਨ ਹੋਈ।[78] ਕਿਲ੍ਹਾ ਅਨੰਦਗੜ੍ਹ ਦੇ ਸਮੀਪ ਗੁਰਦੁਆਰਾ ਸਾਹਿਬ 1992 ਈ. ਨੂੰ ਸੰਤ ਸੇਵਾ ਸਿੰਘ ਨੌਰੇਵਾਲੇ ਨੇ ਤਿਆਰ ਕਰਵਾਈਆ ਸੀ।[79] ਮੌਜੂਦਾ ਸਮੇਂ ਇਹ ਕਿਲ੍ਹੇ ਅਤੇ ਬਾਉਲੀ ਦੀ ਸੇਵਾ ਸੰਭਾਲ ਸੰਤ ਬਾਬਾ ਲਾਭ ਸਿੰਘ ਪਾਸ ਹੈ।

- **ਗੁਰਦੁਆਰਾ ਕਿਲ੍ਹਾ ਲੋਹਗੜ੍ਹ ਸਾਹਿਬ**

ਇਹ ਕਿਲ੍ਹਾ, ਤਖ਼ਤ ਕੇਸਗੜ੍ਹ ਸਾਹਿਬ ਤੋਂ ਨੈਰਤ ਕੋਣ ਤੇ ਤਕਰੀਬਨ ਡੇਢ ਕਿਲੋਮੀਟਰ ਦੀ ਦੂਰੀ ਤੇ ਮੈਦਾਨੀ ਇਲਾਕੇ ਵਿਚ ਸਥਿਤ ਹੈ। ਰਵਾਇਤ ਪ੍ਰਚਲਿਤ ਹੈ ਕਿ ਗੁਰੂ ਸਾਹਿਬ ਦੁਆਰਾ ਇਸ ਕਿਲ੍ਹੇ ਵਿਚ ਜੰਗੀ ਸਮੱਗਰੀ ਬਣਾਉਣ ਲਈ ਕਾਰਖਾਨਾ ਲਗਾਇਆ ਗਿਆ ਸੀ। ਜਦੋਂ ਪਹਾੜੀ ਰਾਜੇ ਸਿੰਘਾਂ ਨੂੰ ਮਾਤ ਦੇਣ ਵਿਚ ਅਸਫਲ ਮਹਿਸੂਸ ਕਰਨ ਲੱਗੇ ਤਾਂ ਉਨ੍ਹਾਂ ਕਿਲ੍ਹੇ ਦੀ ਕੰਧ ਤੋੜਨ ਲਈ ਹਾਥੀ ਨੂੰ ਸ਼ਰਾਬ ਪਿਆ ਕੇ ਕਿਲ੍ਹੇ ਵੱਲ ਛੱਡਿਆ ਸੀ। ਇਸ ਕਿਲ੍ਹੇ ਅੰਦਰੋਂ ਹੀ ਗੁਰੂ ਸਾਹਿਬ ਨੇ ਭਾਈ ਬਚਿੱਤਰ ਸਿੰਘ ਨੂੰ ਨਾਗਨੀ ਸੌਂਪ ਕੇ ਹਾਥੀ ਦਾ ਮੁਕਾਬਲਾ ਕਰਨ ਲਈ ਭੇਜਿਆ ਸੀ। ਗੁਰੂ ਮਿਹਰ ਸਦਕਾ ਬਚਿਤਰ ਸਿੰਘ ਨੇ ਹਾਥੀ ਦੇ ਮੱਥੇ ਵਿਚ ਨਾਗਨੀ ਮਾਰ ਕੇ ਹਾਥੀ ਵਾਪਸ ਦੁਸ਼ਮਣ ਵੱਲ ਹੀ ਧੱਕ ਦਿੱਤਾ ਸੀ। *ਗੁਰੂ ਕੀਆਂ ਸਾਖੀਆਂ* ਅੰਦਰ ਇਸ ਘਟਨਾ ਦਾ ਬਿਆਨ ਇਸ ਪ੍ਰਕਾਰ ਕੀਤਾ ਗਿਆ ਹੈ:

"ਵਜੀਰ ਪਰਮਾਨੰਦ ਨੇ ਕਹਾ ਕਿ ਗੁਰੂ ਸਾਥ ਲੜਾਈ ਕਿਲੌਂ ਮੈ ਸੇ ਲੋਹਗਢ ਕੇ ਕਿਲੇ ਕੇ ਸਿਖੋਂ ਗੈਲ ਲਰੀ ਜਾਏ ਠੀਕ ਰਹੇਗੀ। ਦੇਖਨਾ ਅਬ ਯਹ ਹੈ ਕਿ ਲੋਹ ਗਢ ਕਿਲੇ ਕਾ ਦਰਵਾਜ਼ਾ ਬੜਾ ਮਜਬੂਤ ਹੈ ਤੇ ਇਸੇ ਕੈਸੇ ਤੋੜਾ ਜਾਏਗਾ।......... ਪਿਰਥਮੈਂ ਅਰਦਾਸ ਕਰ ਕੇ ਤੇ ਸਾਥੀ ਸਿੰਘਾਂ ਸੇ ਆਗਿਆ ਲੈ ਘੋੜੇ ਤੇ ਅਸਵਾਰ ਹੋਇ ਕਿਲਾ ਲੋਹਗੜ੍ਹ ਸੇ ਬਜਹਰ ਆਇਆ। ਇਸ ਨੇ ਦੇਖਾ ਕਿ ਹਾਥੀ ਪੀਛੇ ਰਾਜਾ ਕੇਸਰੀ ਚੰਦ ਜਸਵਾਰੀਆ ਬੜੀ ਤੇਜੀ ਸੇ ਕਿਲਾ ਲੋਹ ਗੜ੍ਹ ਕੀ ਤਰਫ ਨੂੰ ਆ ਰਿਹਾ ਹੈ। ਬਚਿਤਰ ਸਿੰਘ ਸਤਿ ਸਿਰੀ ਅਕਾਲ ਦਾ ਜੈਕਾਰਾ ਗਜਾਇ ਆਂਖ ਕੀ ਫੋਰ ਮੇਂ ਬਿਜਲੀ ਕੀ ਤਰਹ ਘੋੜੇ ਤੇ ਭਜਾਇ ਹਾਥੀ ਕੇ ਨਿਕਟ ਜਾਇ ਪਹੁੰਚਾ ਭਾਈ ਸਾਹਿਬ ਦੇ ਦੋਨੋਂ ਪਾਉਂ ਕਾ ਭਾਰ ਘੋੜੇ ਕੀ ਰਕਾਬੋਂ ਮੇਂ ਪਾਇ ਐਸੇ ਜ਼ੋਰ ਸੇ ਹਾਥੀ ਕੇ ਮਸਤਕ ਮੇਂ ਬਰਛਾ ਮਾਰਾ ਕਿ ਉਸ ਕੇ ਮਾਥੇ ਕੀਆਂ ਤਵੀਆਂ ਵਿੰਨ ਕੇ ਬੀਚ ਫਸ ਗਿਆ। ਬਚਿਤਰ ਸਿੰਘ ਨੇ ਤੇਜੀ ਸੇ ਜ਼ੋਰ ਕੇ ਸਾਥ ਬਰਛਾ ਹਾਥੀ

ਕੇ ਮਸਤਕ ਸੇ ਖੀਂਚਾਂ ਹਾਥੀ ਚਿੰਗਾਰਤਾ ਹੂਆ ਪਾਛੇ ਕੀ ਤਰਫ਼ ਮੁੜ ਆਇਆ। ਇਸੇ ਸਿਰ ਨਾਲ ਬਾਂਧੀ ਤੇਗ ਸੇ ਤੇ ਪਾਉਂ ਗੈਲ ਲਤਾੜ ਕੇ ਕਈ ਪਰਬਤੀ ਜਮਪੁਰੀ ਰਵਾਨਾ ਕਰ ਦੀਏ।[80]

ਸਮੇਂ ਦੀ ਗਰਦਸ਼ ਨਾਲ ਇਹ ਕਿਲ੍ਹਾ ਵੀ ਢਹਿ-ਢੇਰੀ ਹੋ ਗਿਆ ਸੀ। *ਮਹਾਨ ਕੋਸ਼* ਦਾ ਕਰਤਾ ਲਿਖਦਾ ਹੈ, "ਸਤਿਗੁਰੂ ਜੀ ਨੇ ਸ੍ਰੀ ਆਨੰਦਪੁਰ ਦੇ ਬਚਾਓ ਲਈ ਇਹ ਦ੍ਰਿੜ ਕਿਲਾ ਬਣਵਾਇਆ ਸੀ। ਇਹ ਕਿਲਾ ਦਰਿਆ ਸਤਿਲੁਜ ਦੀ ਢਾਹ ਅਤੇ ਸਿੱਖਾਂ ਦੀ ਅਣਗਿਹਲੀ ਕਾਰਨ ਢਹਿ ਚੁੱਕਾ ਹੈ।"[81]

ਗੁਰਦੁਆਰਾ ਸਾਹਿਬ ਦੀ ਤਿੰਨ ਮੰਜ਼ਲਾ ਇਮਾਰਤ 1980 ਈ. ਦੇ ਅਖੀਰ ਵਿਚ ਬਣਾਈ ਗਈ ਸੀ।[82] ਗੁਰਦੁਆਰਾ ਸਾਹਿਬ ਦੇ ਗੇਟ ਤੇ ਲੱਗੀ ਪੱਥਰ ਸਿਲ ਅਨੁਸਾਰ ਕਿਲ੍ਹਾ ਲੋਹਗੜ੍ਹ ਸਾਹਿਬ ਦੀ ਪੁਰਾਤਨ ਦਿੱਖ ਬਹਾਲ ਕਰਨ ਲਈ ਮਿਤੀ 17-6-2015 ਨੂੰ ਉਦਘਾਟਨ ਕੀਤਾ ਗਿਆ ਸੀ। ਕਿਲ੍ਹੇ ਦਾ ਕਾਰਜ ਉਸਾਰੀ ਅਧੀਨ ਹੈ, ਸੇਵਾ ਬਾਬਾ ਜੋਗਿੰਦਰ ਸਿੰਘ ਡੁਮੇਲੀ ਵਾਲੇ ਕਰਵਾ ਰਹੇ ਹਨ। ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਇਕ ਪੁਰਾਤਨ ਖੂਹ ਵੀ ਮੌਜੂਦ ਹੈ। ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ।

- **ਗੁਰਦੁਆਰਾ ਕਿਲ੍ਹਾ ਹੋਲਗੜ੍ਹ ਸਾਹਿਬ**

ਇਹ ਕਿਲ੍ਹਾ ਅਨੰਦਪੁਰ ਸਾਹਿਬ ਤੋਂ ਵਾਇਵ ਕੋਣ ਤੇ ਪਿੰਡ ਅਗਮਪੁਰ ਵਿਖੇ ਸਥਿਤ ਹੈ। ਤਖ਼ਤ ਸ੍ਰੀ ਕੇਸਗੜ੍ਹ ਤੋਂ ਤਕਰੀਬਨ 2.2 ਕਿਲੋਮੀਟਰ ਦੀ ਦੂਰੀ ਤੇ ਮੌਜੂਦ ਹੈ। ਇਸ ਅਸਥਾਨ 'ਤੇ ਹੀ 1701ਈ. ਨੂੰ ਗੁਰੂ ਜੀ ਨੇ ਸਿੱਖਾਂ ਵਿਚ ਹੋਲੀ ਤੋਂ ਅਗਲੇ ਦਿਲ ਹੋਲਾ ਮਨਾਉਣ ਦੀ ਪ੍ਰਿਤ ਪਾਈ ਸੀ।[83] ਗੁਰੂ ਗੋਬਿੰਦ ਸਿੰਘ ਜੀ ਇਸ ਕਿਲ੍ਹੇ ਅੰਦਰ ਸਿੰਘਾਂ ਦੇ ਸ਼ਸ਼ਤਰ ਵਿਦਿਆ ਦੇ ਮੁਕਾਬਲੇ ਕਰਵਾਉਂਦੇ ਸਨ। ਹਰਜਿੰਦਰ ਸਿੰਘ ਦਿਲਗੀਰ ਅਨੁਸਾਰ, "ਕਿਲ੍ਹਾ ਹੋਲਗੜ੍ਹ, ਪਿੰਡ ਅਗੰਮਪੁਰ ਵਿਚ ਸੀ, ਇਸੇ ਕਰਕੇ ਇਸਨੂੰ ਕਿਲ੍ਹਾ ਅਗੰਮਗੜ੍ਹ ਵੀ ਆਖਦੇ ਹਨ।"[84]

*ਤਵਾਰੀਖ ਗੁਰੂ ਖਾਲਸਾ* ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਕਿਲ੍ਹਾ ਹੋਲਗੜ੍ਹ ਵਿਖੇ ਹੋਲਾ-ਮਹੱਲਾ ਮਨਾਉਣ ਗਏ ਸਨ। ਇਥੇ ਅੱਠ ਦਿਨਾਂ ਤੱਕ ਹੋਲੇ ਦੀ ਰੌਣਕ ਬਣੀ ਰਹੀ ਅਤੇ ਨੌਂਵੇਂ ਦਿਨ ਮਹੱਲਾ ਖੇਡਿਆ। ਗੁਰੂ ਜੀ ਨੇ ਰਾਗੀਆਂ, ਰਬਾਬੀਆਂ, ਕਵੀਸ਼ਰਾਂ ਨੂੰ ਇਨਾਮ ਅਤੇ ਸਿਰੋਪਾਉ ਦੇ ਕੇ ਵਿਦਾ ਕੀਤਾ।[85] ਵਰਤਮਾਨ ਸਮੇਂ ਇਸ ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਹੈ ਤੇ ਪੁਰਾਤਨ ਦਿਖ ਵਾਲੇ ਕਿਲ੍ਹੇ ਦੀ

ਕਾਰ ਸੇਵਾ ਬਾਬਾ ਅਮਰੀਕ ਸਿੰਘ ਜੀ ਪਟਿਆਲੇ ਵਾਲੇ ਕਰਵਾ ਰਹੇ ਹਨ। ਮੌਜੂਦਾ ਅਠ ਕੋਣੀ ਇਮਾਰਤ ਗੁੰਬਦਨੁਮਾ ਢਾਂਚਾ ਹੈ ਜਿਸਦੀ ਉਸਾਰੀ ਸੰਤ ਸੇਵਾ ਸਿੰਘ ਦੀ ਦੇਖ-ਰੇਖ ਹੇਠ 1970 ਈ. ਨੂੰ ਮੁਕੰਮਲ ਹੋਈ ਸੀ।[86]

- **ਗੁਰਦੁਆਰਾ ਕਿਲ੍ਹਾ ਫ਼ਤਿਹਗੜ੍ਹ ਸਾਹਿਬ**

ਇਹ ਕਿਲ੍ਹਾ ਗੁਰਦੁਆਰਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ 1.2 ਕਿਲੋਮੀਟਰ ਦੀ ਦੂਰੀ ਤੇ ਉੱਤਰ ਦਿਸ਼ਾ ਵਲ ਸਥਿਤ ਹੈ। ਇਹ ਅਸਥਾਨ ਪਿੰਡ ਸਹੋਟਾ ਦੀ ਹੱਦ ਅੰਦਰ ਮੌਜੂਦ ਹੈ। *ਮਹਾਨ ਕੋਸ਼* ਅਨੁਸਾਰ, " ਫਤੇ ਗੜ੍ਹ ਕਿਲਾ, ਸ਼ਹਿਰ ਆਨੰਦਪੁਰ ਵਿਚ ਹੀ ਥਾਣੇ ਦੇ ਪਾਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਹੈ। ਸਤਿਗੁਰੂ ਜੀ ਨੇ ਸ੍ਰੀ ਆਨੰਦਪੁਰ ਦੀ ਰਖਯਾ ਲਈ ਇਹ ਕਿਲ੍ਹਾ ਬਣਵਾਇਆ ਸੀ। ਇਹ ਕਿਲ੍ਹਾ ਹੁਣ ਢੈਹ ਚੁੱਕਾ ਹੈ।"[87]

*ਗੁਰੂ ਕੀਆਂ ਸਾਖੀਆਂ* ਅਨੁਸਾਰ, "30 ਭਾਦਰੋਂ ਸ਼ੁਕਰਵਾਰ ਕੇ ਦਿਵਸ ਰਾਜਾ ਅਜਮੇਰ ਚੰਦ ਨੇ ਕਿਲ੍ਹਾ ਫਤੇਗਢ ਤੇ ਮਾਰੂ ਹਮਲਾ ਕਰ ਦੀਆ। ਇਹ ਕਿਲਾ ਅਧੂਰਾ ਅਜੇ ਬਨ ਰਹਾ ਥਾ, ਏਸ ਕੀ ਏਕ ਦੀਵਾਰ ਕਿਲਾ ਕੇਸਗਢ ਕੇ ਤਰਫ ਕੀ ਅਧੂਰੀ ਸੀ। ਕਿਲੇ ਕਾ ਜਥੇਦਾਰ ਭਗਵਾਨ ਸਿੰਘ ਥਾ, ਖਾਲਸੇ ਇਸ ਕੀ ਜਥੇਦਾਰੀ ਹੇਠ ਲਧੀ ਆ ਰਹੀ ਪਰਬਤੀ ਫੋਜ ਦੇ ਆਹੂ ਲਾਹ ਸੁੱਟੇ। ਢਾਈ ਪਹਿਰ ਦੂੰਹ ਤਰਫੀਂ ਬੜਾ ਬਗਮੇਲ ਜੰਗ ਹੂਆ, ਕਾਈ ਦਕੀਕੀ ਬਾਕੀ ਨਾ ਰਹਾ।"[88]

ਪ੍ਰਚਲਿਤ ਰਵਾਇਤ ਮੁਤਾਬਕ ਇਸ ਅਸਥਾਨ ਤੇ ਬੈਠ ਕੇ ਗੁਰੂ ਜੀ ਨੇ ਛੇ ਸਾਲ ਸਿੰਘਾਂ ਨੂੰ ਸਿਖਲਾਈ ਦਿੱਤੀ ਸੀ। ਇਸ ਅਸਥਾਨ ਤੇ ਹੀ ਭਾਈ ਉਦੇ ਸਿੰਘ ਨੇ ਰਾਜੇ ਭੀਮ ਚੰਦ ਦਾ ਸਿਰ ਨੇਜੇ ਉਤੇ ਟੰਗ ਕੇ ਗੁਰੂ ਚਰਨਾਂ ਵਿਚ ਆ ਰੱਖਿਆ ਸੀ। ਜਿੱਤ ਦੀ ਖੁਸ਼ੀ ਵਿਚ ਗੁਰੂ ਜੀ ਨੇ ਇਸ ਅਸਥਾਨ ਦਾ ਨਾਂ ਫ਼ਤਿਹਗੜ੍ਹ ਰੱਖ ਦਿੱਤਾ।[89] ਪੁਰਾਤਨ ਖੂਹ ਤੇ ਲੰਗਰ ਹਾਲ ਗੁਰਦੁਆਰਾ ਸਾਹਿਬ ਦੀ ਹੱਦ ਅੰਦਰ ਸਥਿਤ ਹੈ। ਮੌਜੂਦਾ ਇਮਾਰਤ ਦੀ ਸੇਵਾ ਸੰਤ ਸੇਵਾ ਸਿੰਘ, ਕਿਲਾ ਅਨੰਦਪੁਰ ਸਾਹਿਬ ਦੇ ਉਤਰਾਧਿਕਾਰੀਆਂ ਦੀ ਦੇਖਭਾਲ ਵਿਚ 1980 ਈ. ਵਿਚ ਹੋਈ। ਦੋ ਮੰਜ਼ਲੀ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ।[90]

- **ਗੁਰਦੁਆਰਾ ਕਿਲ੍ਹਾ ਤਾਰਾਗੜ੍ਹ ਸਾਹਿਬ**

ਇਹ ਕਿਲ੍ਹਾ ਅਨੰਦਪੁਰ ਸਾਹਿਬ ਤੋਂ 7 ਕਿਲੋਮੀਟਰ ਦੀ ਦੂਰੀ ਤੇ ਉੱਤਰ ਦਿਸ਼ਾ ਵਲ ਸਥਿਤ ਹੈ। ਇਹ ਕਿਲ੍ਹਾ ਬਣਾਉਣ ਦਾ ਮਕਸਦ ਦੁਸ਼ਮਣ ਫੌਜ ਦੇ ਹੱਲੇ ਤੋਂ ਪਹਿਲਾਂ ਅਨੰਦਪੁਰ ਨੂੰ ਸੁਚੇਤ ਕਰਨਾ ਅਤੇ ਪਹਾੜੀ ਰਾਜਿਆਂ ਦੇ ਹੱਲਿਆ ਨੂੰ ਰੋਕਣਾ ਸੀ। 29-30 ਅਗਸਤ, 1700 ਈ. ਨੂੰ ਅਨੰਦਪੁਰ ਸਾਹਿਬ ਉਤੇ ਹੋਏ ਹਮਲੇ ਵਿਚ ਦੁਸ਼ਮਣਾਂ ਨੇ ਸਭ ਤੋਂ ਪਹਿਲਾਂ ਧਾਬਾ ਇਸ ਕਿਲ੍ਹੇ ਤੇ ਬੋਲਿਆ ਸੀ।[91] *ਮਹਾਨ ਕੋਸ਼* ਅਨੁਸਾਰ, "ਤਾਰਾਗੜ੍ਹ ਸ਼ਹਿਰ ਆਨੰਦਪੁਰ ਤੋਂ ਤਿੰਨ ਮੀਲ ਦਾ ਚੜਦੇ ਵਲ 'ਤਾਰਾਪੁਰ' ਦੇ ਕੋਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਹੈ। ਜੰਗ ਸਮੇਂ ਸ੍ਰੀ ਆਨੰਦਪੁਰ ਦੀ ਰਖਯਾ ਵਾਸਤੇ ਗੁਰੂ ਜੀ ਨੇ ਇਥੇ ਕਿਲਾ ਬਣਵਾਇਆ ਸੀ ਜੋ ਹੁਣ ਢਹਿ ਗਿਆ ਹੈ ਰਕ ਕੁਝ ਬੁਨਿਆਦਾਂ ਅਜੇ ਭੀ ਨਜਰ ਪੈਂਦੀਆਂ ਹਨ। ਗੁਰਦੁਆਰਾ ਬਣਿਆ ਹੋਇਆ ਹੈ। ਪਾਸ ਹੀ ਇਕ ਬਾਵਲੀ ਗੁਰੂ ਜੀ ਦੇ ਸਮੇਂ ਦੀ ਹੈ।"[92]

ਇਸ ਅਸਥਾਨ 'ਤੇ ਭਾਈ ਘਨੱਈਆ ਜੀ ਦੇ ਨਾਲ ਪੰਜ ਸੌ ਦੇ ਕਰੀਬ (ਬ੍ਰਹਮ ਗਿਆਨੀ) ਸਿੰਘਾਂ ਨੇ ਤਪ ਕੀਤਾ ਸੀ।[93] ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਹੈ।

- **ਕਿਲ੍ਹਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ**

ਸ੍ਰੀ ਕੇਸਗੜ੍ਹ ਸਾਹਿਬ ਸਿੱਖ ਪੰਥ ਦੇ ਪੰਜ ਤਖ਼ਤਾਂ ਵਿਚੋਂ ਤੀਜਾ ਤਖ਼ਤ ਹੈ। ਇਹ ਸਿੱਖ ਧਰਮ ਦੇ ਪ੍ਰਸਿੱਧ ਅਸਥਾਨਾਂ ਵਿਚੋਂ ਇਕ ਹੈ। ਗੁਰੂ ਜੀ ਦੁਆਰਾ ਇਸ ਕਿਲ੍ਹੇ ਨੂੰ ਬਾਕੀ ਕਿਲ੍ਹਿਆ ਦੇ ਵਿਚਕਾਰ ਰੱਖਿਆ ਗਿਆ ਸੀ। ਗੁਰੂ ਨਾਨਕ ਦੇਵ ਜੀ ਦੁਆਰਾ ਸ਼ੁਰੂ ਕੀਤੇ ਮਿਸ਼ਨ ਦੀ ਸੰਪੂਰਨਤਾ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਅਸਥਾਨ 'ਤੇ 1699 ਈ. ਨੂੰ ਵਿਸਾਖੀ ਵਾਲੇ ਖਾਲਸਾ ਪੰਥ ਦੀ ਸਾਜਨਾ ਕਰ ਕੇ ਕੀਤੀ ਸੀ। ਖਾਲਸਾ ਪੰਥ ਦੀ ਸਾਜਨਾ ਸਬੰਧੀ ਕਵਿ ਸੈਨਾਪਤਿ ਲਿਖਦਾ ਹੈ:

ਪੁਰ ਅਨੰਦ ਗੁਰੁ ਗਬਿੰਦ ਸਿੰਘ, ਅਬ ਕਬਿ ਕਰਤ ਬਖਾਨ।
ਗਿਰਦ ਪਹਾਰ ਅਪਾਰ ਅਤਿ, ਸਤਲੁਜ ਤਟ ਸ਼ੁਭ ਥਾਨ।
ਚੇਤ ਮਾਸ ਬੀਤਯੋ ਸਕਲ, ਮੇਲਾ ਭਯੋ ਅਪਾਰ।
ਬੈਸਾਖੀ ਤੇ ਦਰਸ ਪੈ, ਸਤਿਗੁਰੁ ਕਿਯੋ ਬਿਚਾਰ।
ਸੰਗਤ ਦਰਸਨ ਕਰਤ ਸਬ, ਨਗਰ ਨਗਰ ਬਿਸਥਾਰ।

ਹ੍ਵੈ ਦਯਾਲ ਦਰਸਨ ਦਿਯੋ, ਕਰਨਹਾਰ ਕਰਤਾਰ।

ਗੋਬਿੰਦ ਸਿੰਘ ਕਰੀ ਖੁਸੀ, ਸੰਗਤਿ ਕਰੀ ਨਿਹਾਲ।

ਕਿਯੋ ਪ੍ਰਗਟ ਤਬ ਖਾਲਸਾ, ਚੂਕਯੋ ਸਰਬ ਜੰਜਾਲ।[94]

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਇਮਾਰਤ ਰਿਆਸਤ ਪਟਿਆਲਾ ਦੁਆਰਾ ਬਣਾਈ ਗਈ ਸੀ, ਜਿਸ ਬਾਰੇ ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ਇਹ ਅਸਥਾਨ (11000) ਗਿਯਾਰਾਂ ਹਜ਼ਾਰ ਨਾਲ ਮਹਾਰਾਜਾ ਨਰਿੰਦ ਸਿੰਘ ਪਟਿਆਲਾ ਨੇ ਬਣਾਯਾ ਸੀ।[95] ਮੌਜੂਦਾ ਇਮਾਰਤ ਦੀ ਸੇਵਾ ਸੰਤ ਹਰੀ ਸਿੰਘ ਕਹਾਰਪੁਰੀ ਦੀ ਦੇਖ-ਰੇਖ ਹੇਠ 1936-44 ਈ. ਦੌਰਾਨ ਮੁਕੰਮਲ ਹੋਈ ਸੀ।[96]

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਅੰਦਰਲੇ ਪ੍ਰਕਾਸ਼ ਅਸਥਾਨ ਵਿਚ ਰੱਖੀਆਂ ਹੋਈਆਂ ਪੁਰਾਤਨ ਨਿਸਾਨੀਆਂ ਹਨ: ਖੰਡਾ, ਕਟਾਰ, ਇਕ ਸੈਫ, ਇਕ ਤੋੜੇਦਾਰ ਬੰਦੂਕ, ਇਕ ਕਰਪਾ ਬਰਛਾ ਅਤੇ ਇਕ ਨਾਗਨੀ ਬਰਛਾ। ਹਥਿਆਰਾਂ ਦਾ ਇਕ ਹੋਰ ਸੈੱਟ ਜੋ ਵਿਸ਼ਵਾਸ਼ ਕੀਤਾ ਜਾਂਦਾ ਹੈ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਹੈ ਅਤੇ 1849 ਈ. ਵਿਚ ਪੰਜਾਬ ਉਤੇ ਕਬਜ਼ਾ ਹੋਣ ਉਪਰੰਤ ਬ੍ਰਿਟਿਸ਼ ਸਰਕਾਰ ਦੁਆਰਾ ਕੁਝ ਸ਼ਸਤਰ ਇੰਗਲੈਂਡ ਲੈ ਜਾਏ ਗਏ ਸਨ ਅਤੇ ਜੋ 1966-67 ਵਿਚ ਗੁਰੂ ਗੋਬਿੰਦ ਸਿੰਘ ਜੀ ਦੇ 300 ਸਾਲਾ ਪ੍ਰਕਾਸ਼ ਦਿਵਸ ਸਮੇਂ ਵਾਪਸ ਲਿਆਂਦੇ ਗਏ ਸਨ, ਹੁਣ ਦਰਸ਼ਨਾਂ ਲਈ ਰੱਖੇ ਗਏ ਹਨ।"[97]

ਹਰ ਸਾਲ ਵਿਸਾਖੀ ਤੇ ਹੋਲਾ ਮਹੱਲਾ ਵੱਡੇ ਪੱਧਰ ਤੇ ਮਨਾਇਆ ਜਾਂਦਾ ਹੈ। ਦੀਵਾਨ ਹਾਲ ਤੇ ਲੰਗਰ ਹਾਲ ਬਣਿਆ ਹੋਇਆ ਹੈ। ਯਾਤਰੂਆਂ ਦੀ ਸਹੂਲਤ ਲਈ ਗੁਰੂ ਤੇਗ ਬਹਾਦਰ ਯਾਤਰੀ ਨਿਵਾਸ, ਮਾਤਾ ਗੁਜਰੀ ਜੀ ਯਾਤਰੀ ਨਿਵਾਸ, ਭਾਈ ਬਚਿੱਤਰ ਸਿੰਘ ਯਾਤਰੀ ਨਿਵਾਸ ਆਦਿ ਸਰਾਂਵਾਂ ਬਣੀਆਂ ਹੋਈਆਂ ਹਨ। ਇਸ ਤੋਂ ਇਲਾਵਾ ਕਾਰ ਸੇਵਾ ਭੂਰੀ ਵਾਲੇ, ਸ੍ਰੀ ਅੰਮ੍ਰਿਤਸਰ ਵਾਲਿਆਂ ਵਲੋਂ ਗੁਰੂ ਗੋਬਿੰਦ ਸਿੰਘ ਜੀ ਯਾਤਰੀ ਨਿਵਾਸ, 500 ਏ.ਸੀ. ਕਮਰਿਆਂ ਵਾਲੀ ਵਿਸ਼ਾਲ ਸ਼ਰਾਂ ਉਸਾਰੀ ਅਧੀਨ ਹੈ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਪੂਰਬ ਵਲ ਥੋੜੀ ਦੂਰੀ ਤੇ ਸ੍ਰੀ ਗੁਰੂ ਤੇਗ ਬਹਾਦਰ ਅਜਾਇਬ ਘਰ ਸਥਿਤ ਹੈ।

ਉਪਰੋਕਤ ਚਰਚਾ ਤੋਂ ਸਪੱਸ਼ਟ ਹੈ ਕਿ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਸ਼ਹਿਰਾਂ ਅਤੇ ਕਸਬਿਆਂ ਵਿਚ ਵਰਤਮਾਨ ਸਮੇਂ ਅਨੇਕਾਂ ਹੀ ਸਿੱਖ ਧਾਰਮਿਕ ਅਸਥਾਨ ਮੌਜੂਦ ਹਨ ਜਿਨ੍ਹਾਂ ਦਾ ਸਿੱਖ ਧਰਮ ਵਿਚ ਵਿਸ਼ੇਸ਼ ਮਹੱਤਵ ਹੈ। ਜਿਸ ਕਿਸੇ ਵੀ ਸਥਾਨ ਤੇ ਗੁਰੂ ਸਾਹਿਬਾਨ ਦੁਆਰਾ ਕੋਈ ਵੀ ਗਤੀਵਿਧੀ ਕੀਤੀ ਗਈ

ਵਰਤਮਾਨ ਸਮੇਂ ਅੱਜ ਉਸ ਸਥਾਨਾਂ ਤੇ ਸੁੰਦਰ ਗੁਰਦੁਆਰਾ ਸਾਹਿਬ ਸ਼ੁਸ਼ੋਭਿਤ ਹੈ। ਸਰਵੇਖਣ ਦੌਰਾਨ ਇਹ ਨਤੀਜਾ ਸਾਹਮਣੇ ਆਇਆ ਹੈ ਕਿ ਸ੍ਰੀ ਹਰਿਗੋਬਿੰਦਪੁਰ ਅਤੇ ਕਰਤਾਰਪੁਰ ਸਾਹਿਬ ਦੇ ਕੁਝ ਅਸਥਾਨਾਂ ਨੂੰ ਛੱਡ ਬਾਕੀ ਸਭ ਸ਼ਹਿਰਾਂ ਤੇ ਕਸਬਿਆਂ ਦੇ ਸਿੱਖ ਧਾਰਮਿਕ ਅਸਥਾਨਾਂ ਦਾ ਪ੍ਰਬੰਧ ਕਾਬਲ-ਏ-ਤਾਰੀਫ ਹੈ। ਇਨ੍ਹਾਂ ਗੁਰਦੁਆਰਿਆਂ ਵਿਚ ਪ੍ਰਬੰਧਕਾਂ ਵਲੋਂ ਯਾਤਰੂਆਂ ਦੀ ਸਹੂਲਤ ਲਈ ਹਰ ਪ੍ਰਕਾਰ ਦੇ ਪ੍ਰਬੰਧ ਕੀਤੇ ਹੋਏ ਹਨ। ਰੋਜ਼ਾਨਾ ਲੱਖਾਂ ਹੀ ਸੰਗਤਾਂ ਇਨ੍ਹਾਂ ਅਸਥਾਨਾਂ ਦੀ ਯਾਤਰਾ ਕਰਕੇ ਜਿਥੇ ਗੁਰੂ-ਕਾਲ ਇਤਿਹਾਸ ਤੋਂ ਜਾਣੂ ਹੁੰਦੀਆਂ ਹਨ ਉਥੇ ਹੀ ਗੁਰਬਾਣੀ ਦਾ ਪਾਠ ਤੇ ਕੀਰਤਨ ਸ੍ਰਵਣ ਕਰਕੇ ਆਤਮਿਕ ਅਨੰਦ ਮਾਣਦੀਆਂ ਹਨ। ਇਹ ਸਿੱਖ ਧਾਰਮਿਕ ਅਸਥਾਨ ਸਿੱਖੀ ਸਿਧਾਂਤਾਂ, ਮਰਯਾਦਾ, ਸਿੱਖ ਸੱਭਿਆਚਾਰ, ਇਤਿਹਾਸ ਆਦਿ ਪੱਖਾਂ ਤੋਂ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ।

## ਹਵਾਲੇ ਅਤੇ ਟਿੱਪਣੀਆਂ

[1] ਤੇਜਾ ਸਿੰਘ ਤੇ ਗੰਡਾ ਸਿੰਘ, *ਸਿੱਖ ਇਤਿਹਾਸ,* ਭਗਤ ਸਿੰਘ (ਅਨੁ.)ਪੰਜਾਬੀ ਯੂਨੀਵਰਸਿਟੀ, ਪਟਿਆਲਾ, ਛੇਵਾਂ ਸੰਸਕਰਣ, ਪੰਨਾ 22.

[2] *ਮਹਿਮਾ ਪ੍ਰਕਾਸ਼*, ਪੰਨਾ 197.

[3] *ਗੁਰਬਿਲਾਸ ਪਾਤਸ਼ਾਹੀ-6*, ਪੰਨਾ 630-31.

[4] *ਮਹਿਮਾ ਪ੍ਰਕਾਸ਼*, ਭਾਗ-ਦੂਜਾ (ਖੰਡ- 1), ਪੰਨਾ 320.

[5] *ਅੰਮ੍ਰਿਤਸਰ ਸਿਫ਼ਤੀ ਦਾ ਘਰ*, ਪੰਨਾ 22.

[6] *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ 748.

[7] *ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ,* ਪੰਨਾ 286.

[8] ਉਕਤ, ਪੰਨਾ 269.

[9] ਜੋਗਿੰਦਰ ਸਿੰਘ ਵੇਦਾਂਤੀ (ਸੰਪਾ.), *ਗੁਰ ਬਿਲਾਸ ਪਾਤਸ਼ਾਹੀ 6*, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, 1998, ਪੰਨਾ 210.

[10] *ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ,* ਪੰਨਾ 299.

[11] ਗਿਆਨੀ ਠਾਕਰ ਸਿੰਘ, *ਸ੍ਰੀ ਗੁਰਦੁਆਰੇ ਦਰਸ਼ਨ*, ਪੰਨਾ 169.

[12] ਹਰਪ੍ਰੀਤ ਸਿੰਘ, *ਇਤਿਹਾਸਕ ਸਿੱਖ ਨਿਸ਼ਾਨੀਆਂ,* ਲਾਹੌਰ ਬੁੱਕਸ, ਲੁਧਿਆਣਾ, 2017, ਪੰਨਾ 64.

[13] ਸਖਦਿਆਲ ਸਿੰਘ, *ਗੁਰੂ ਤੇਗ ਬਹਾਦਰ ਮਾਰਗ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ 31

[14] *ਸਿੱਖ ਧਰਮ ਵਿਸ਼ਵਕੋਸ਼*, ਪੰਨਾ 164.

[15] ਪੰਡਿਤ ਤਾਰਾ ਸਿੰਘ ਨਿਰੋਤਮ, *ਸ੍ਰੀ ਗੁਰ ਤੀਰਥ ਸੰਗ੍ਰਹਿ*, ਨਿਰਮਲ ਪੰਚਾਇਤੀ ਅਖਾੜਾ, ਕਨਖਲ, 1975, ਪੰਨਾ 40.

[16] ਧੰਨਾ ਸਿੰਘ ਚਹਿਲ, *ਗੁਰ ਤੀਰਥ ਸਾਈਕਲ ਯਾਤਰਾ*, ਚੇਤਨ ਸਿੰਘ (ਸੰਪਾ.), ਯੂਰਪੀਅਨ ਪੰਜਾਬੀ ਸੱਥ, ਯੂ. ਕੇ., 2016, ਪੰਨਾ 325.

[17] ਭਾਈ ਵੀਰ ਸਿੰਘ, *ਸ੍ਰੀ ਅਸ਼ਟ ਗੁਰ ਚਮਤਕਾਰ,* (ਭਾਗ-3), ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2016, ਪੰਨਾ 21.

[18] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਰਾਸਿ 5, ਅੰਸੂ 66, ਪੰਨਾ 2775.

[19] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਰਾਸਿ 3, ਅੰਸੂ 40, ਪੰਨਾ 2080.

[20] ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* ਜੀਤ ਸਿੰਘ ਸੀਤਲ (ਸੰਪਾ.), ਸਿੱਖ ਇਤਿਹਾਸ ਰੀਸਰਚ ਬੋਰਡ, ਸ੍ਰੀ ਅੰਮ੍ਰਿਤਸਰ, 2014, ਪੰਨਾ 321.

[21] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਰਾਸਿ 6, ਅੰਸੂ 58, ਪੰਨਾ 3030.

[22] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼*, ਭਾਗ-ਪਹਿਲਾ, ਗਰੇਸ਼ੀਅਸ਼ ਬੁਕਸ, ਪਟਿਆਲਾ, 2014, ਪੰਨਾ 153.

[23] ਕੰਵਰਜੀਤ ਸਿੰਘ ਕੰਗ, *ਪੰਜਾਬ ਦੇ ਕੰਧ ਚਿੱਤਰ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988, ਪੰਨਾ 108.

[24] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਰਾਸ 5, ਅੰਸੂ 22, ਪੰਨਾ 2598.

[25] ਉਕਤ, ਰਾਸਿ 2, ਅੰਸੂ 13, ਪੰਨਾ 1691.

[26] *ਮਹਿਮਾ ਪ੍ਰਕਾਸ਼, (ਭਾਗ-ਦੂਜਾ ਖੰਡ-1)*,ਪੰਨਾ 338.

[27] *ਤਵਾਰੀਖ ਗੁਰੂ ਖਾਲਸਾ*, ਪੰਨਾ 199.

[28] *ਸਿੱਖ ਧਰਮ ਵਿਸ਼ਵਕੋਸ਼*, ਪੰਨਾ 167.

[29] *ਗੁਰ ਬਿਲਾਸ ਪਾਤਸ਼ਾਹੀ-6*, ਪੰਨਾ 117.

[30] *ਮਹਾਨ ਕੋਸ਼*, ਪੰਨਾ 265.

[31] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਰਾਸਿ 7, ਅਸੂ 10, ਪੰਨਾ 3097.

[32] ਹਰਪ੍ਰੀਤ ਸਿੰਘ ਨਾਜ਼, *ਇਤਿਹਾਸਕ ਸਿੱਖ ਨਿਸ਼ਾਨੀਆਂ,* ਲਾਹੌਰ ਬੁੱਕਸ, ਲੁਧਿਆਣਾ, 2017, ਪੰਨਾ 63.

[33] ਮੌਖਿਕ ਇਤਿਹਾਸ

[34] *ਮਹਾਨ ਕੋਸ਼,* ਪੰਨਾ 578. (ਫੁਟਨੋਟ)

[35] *ਗੁਰਦੁਆਰਾ ਕੋਸ਼*, ਪੰਨਾ 219.

[36] ਸੂਚਨਾ ਬੋਰਡ ਤੇ ਲਿਖੀ ਜਾਣਕਾਰੀ ਅਨੁਸਾਰ

[37] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਰਾਸਿ 10, ਅੰਸੂ 2, ਪੰ. 3777.

[38] *ਸ੍ਰੀ ਗੁਰ ਪ੍ਰਤਾਪ ਸੁਰਜ ਗ੍ਰੰਥ,* ਰਾਸਿ 10, ਅੰਸੂ 2, ਪੰਨਾ 3775.

[39] *ਗੁਰਬਿਲਾਸ ਪਾਤਸ਼ਾਹੀ-6,* ਪੰਨਾ 708.

[40] *ਗੁਰ ਤੀਰਥ ਸਾਇਕਲ ਯਾਤਰਾ*, ਪੰਨਾ 301.

[41] *ਗੁਰਬਿਲਾਸ ਪਾਤਸ਼ਾਹੀ-6*, ਪੰਨਾ 478.

[42] *ਗੁਰ ਤੀਰਥ ਸਾਇਕਲ ਯਾਤਰਾ*, ਪੰਨਾ 301

[43] ਸੂਚਨਾ ਬੋਰਡ ਅਨੁਸਾਰ।

[44] *ਮਹਾਨ ਕੋਸ਼*, ਪੰਨਾ 301.

[45] ਉਕਤ, ਪੰਨਾ 332.

[46] *ਸਿੱਖ ਧਰਮ ਵਿਸ਼ਵਕੋਸ਼*, ਪੰਨਾ 208.

[47] *ਗੁਰਧਾਮ ਕੀਰਤਪੁਰ*, ਪੰਨਾ 72.

[48] ਉਕਤ, ਪੰਨਾ 209

[49] *ਗੁਰਦੁਆਰਾ ਕੋਸ਼*, ਪੰਨਾ 123.

[50] *ਗੁਰਧਾਮ ਦੀਦਾਰ*, ਪੰਨਾ 83.

[51] *ਤਵਾਰੀਖ ਗੁਰੂ ਖਾਲਸਾ*, ਪੰਨਾ 757.

[52] *ਸਿੱਖ ਧਰਮ ਵਿਸ਼ਵਕੋਸ਼*, ਪੰਨਾ 210.

[53] ਉਕਤ, ਪੰਨਾ 212.

[54] *ਗੁਰਬਿਲਾਸ ਪਾਤਸ਼ਾਹੀ-6*, ਪੰਨਾ 763.

[55] *ਸਿੱਖ ਧਰਮ ਵਿਸ਼ਵਕੋਸ਼*, ਪੰਨਾ 211.

[56] ਉਕਤ, ਪੰਨਾ 211.

[57] ਸੂਚਨਾ ਬੋਰਡ ਅਨੁਸਾਰ।

[58] *ਮਹਾਨ ਕੋਸ਼*, 265

[59] *ਸਿੱਖ ਧਰਮ ਵਿਸ਼ਵਕੋਸ਼*, ਪੰਨਾ 212.

[60] *ਸਿੱਖ ਇਤਿਹਾਸ*, ਪੰਨਾ 47.

[61] ਸੂਚਨਾ ਬੋਰਡ ਅਨੁਸਾਰ।

[62] *ਗੁਰੂ ਕੀਆਂ ਸਾਖੀਆਂ*, ਪੰਨਾ 72.

[63] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (ਜਿਲਦ ਦਸਵੀਂ)*, ਪੰਨੇ 4080-81

[64] ਸੁਖਦਿਆਲ ਸਿੰਘ, *ਖਾਲਸਾ ਪੰਥ ਦੇ ਪੰਜ ਤਖ਼ਤ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ 145.

[65] *ਮਹਾਨ ਕੋਸ਼*, ਪੰਨਾ 76.

[66] ਸ੍ਰਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਪਿਆਰਾ ਸਿੰਘ ਪਦਮ (ਸੰਪਾ.), ਪੰਨਾ 79.

[67] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ 10*, ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2019, ਪੰਨਾ 46-47.

[68] *ਗੁਰੂ ਕੀਆਂ ਸਾਖੀਆਂ*, ਪੰਨਾ 86.

[69] *ਖਾਲਸਾ ਪੰਥ ਦੇ ਪੰਜ ਤਖ਼ਤ*, ਪੰਨਾ 146.

[70] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ 10*, ਪੰਨਾ 31.

[71] ਗੁਰਦੁਆਰਾ ਸੀਸ ਗੰਜ ਅੰਦਰ ਲੱਗੇ ਸੂਚਨਾ ਬੋਰਡ ਅਨੁਸਾਰ।

[72] *ਗੁਰੂ ਕੀਆਂ ਸਾਖੀਆਂ*, ਪੰਨਾ 86-87.

[73] ਉਕਤ, ਪੰਨਾ 123.

[74] ਸ੍ਰਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਪਿਆਰਾ ਸਿੰਘ ਪਦਮ (ਸੰਪਾ.), ਪੰਨੇ 148-49.

[75] *ਤਵਾਰੀਖ ਗੁਰੂ ਖਾਲਸਾ*, ਪੰਨਾ 846.

[76] *ਮਹਾਨ ਕੋਸ਼*, ਪੰਨਾ 100

[77] *ਤਵਾਰੀਖ ਗੁਰੂ ਖਾਲਸਾ*, ਭਾਗ ਦੂਜਾ, ਪੰਨਾ 731.

[78] *ਖਾਲਸੇ ਦੀ ਜਨਮ ਭੂਮੀ-ਸਿਰੀ ਆਨੰਦਪੁਰ ਸਾਹਿਬ*, ਪੰਨਾ 34.

[79] *ਖਾਲਸੇ ਪੰਥ ਦੇ ਪੰਜ ਤਖ਼ਤ*, ਪੰਨਾ 132.

[80] *ਗੁਰੂ ਕੀਆਂ ਸਾਖੀਆਂ*, ਪੰਨਾ 134-36.

[81] *ਮਹਾਨ ਕੋਸ਼*, ਪੰਨਾ 101.

[82] *ਸਿੱਖ ਧਰਮ ਵਿਸ਼ਵਕੋਸ਼*, ਸੈਂਚੀ ਪਹਿਲੀ, ਪੰਨਾ 123.

[83] ਉਕਤ, ਪੰਨਾ 123.

[84] ਹਰਜਿੰਦਰ ਸਿੰਘ ਦਿਲਗੀਰ, *ਅਨੰਦਪੁਰ ਸਾਹਿਬ*, ਸਿੱਖ ਯੂਨੀਵਰਸਿਟੀ ਸੈਂਟਰ, ਬੈਲਜੀਅਮ, 2003, ਪੰਨਾ 85.

[85] *ਤਵਾਰੀਖ ਗੁਰੂ ਖ਼ਾਲਸਾ*, ਪੰਨਾ 865.

[86] *ਸਿੱਖ ਧਰਮ ਵਿਸ਼ਵਕੋਸ਼*, ਪੰਨਾ 123.

[87] *ਮਹਾਨ ਕੋਸ਼*, ਪੰਨਾ 101.

[88] *ਗੁਰੂ ਕੀਆਂ ਸਾਖੀਆਂ, ਪੰਨਾ 131.*

[89] ਸੂਚਨਾ ਬੋਰਡ ਅਨੁਸਾਰ

[90] *ਸਿੱਖ ਧਰਮ ਵਿਸ਼ਵਕੋਸ਼*, ਪੰਨਾ 122.

[91] ਦਿਲਜੀਤ ਸਿੰਘ ਬੇਦੀ, *ਸ੍ਰੀ ਅਨੰਦਪੁਰ ਸਾਹਿਬ: ਬਹੁਪੱਖੀ ਦਰਸ਼ਨ*, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, 2015, ਪੰਨਾ 173.

[92] *ਮਹਾਨ ਕੋਸ਼*, ਪੰਨਾ 587.

[93] ਸੂਚਨਾ ਬੋਰਡ ਤੇ ਲਿਖੇ ਅਨੁਸਾਰ।

[94] ਕਵਿ ਸੈਨਾਪਤਿ, *ਸ੍ਰੀ ਗੁਰ ਸੋਭਾ*, ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਸਿੱਖ ਇਤਿਹਾਸ ਰੀਸਰਚ ਬੋਰਡ, ਸ੍ਰੀ ਅੰਮ੍ਰਿਤਸਰ, 2018, ਪੰਨਾ 38.

[95] *ਗੁਰਧਾਮ ਸੰਗ੍ਰਹਿ*, ਪੰਨਾ 145.

[96] *ਸਿੱਖ ਧਰਮ ਵਿਸ਼ਵਕੋਸ਼*, ਪੰਨਾ 121.

[97] ਉਕਤ, ਪੰਨਾ 122.

## ਪੁਸਤਕ ਸੂਚੀ

**ਪਵਿੱਤਰ ਗ੍ਰੰਥ**

- ਸ੍ਰੀ ਗੁਰੂ ਗ੍ਰੰਥ ਸਾਹਿਬ
- ਸ੍ਰੀ ਦਸਮ ਗ੍ਰੰਥ ਸਾਹਿਬ

**ਮੁਢਲੇ ਸ੍ਰੋਤ**

**ਪੰਜਾਬੀ**


- ਅਮਰ ਸਿੰਘ ਚਾਕਰ, *ਵਾਰਾਂ ਭਾਈ ਗੁਰਦਾਸ ਜੀ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2011.
- ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼,* ਭਾਗ ਦੂਜਾ (ਖੰਡ ਪਹਿਲਾ), ਜੀ. ਐਸ. ਲਾਂਬਾ (ਸੰਪਾ.), ਭਾਸ਼ਾ ਵਿਭਾਗ, ਪੰਜਾਬ, 2003 (ਦੂਜੀ ਵਾਰ).
- ————————, *ਮਹਿਮਾ ਪ੍ਰਕਾਸ਼,* ਭਾਗ ਦੂਜਾ (ਖੰਡ ਦੂਜਾ), ਜੀ. ਐਸ. ਲਾਂਬਾ (ਸੰਪਾ.), ਭਾਸ਼ਾ ਵਿਭਾਗ, ਪੰਜਾਬ, 2003 (ਦੂਜੀ ਵਾਰ).
- ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* ਪਿਆਰਾ ਸਿੰਘ ਪਦਮ (ਸੰਪਾ.), ਸਿੰਘ ਬ੍ਰਦਰਜ਼, ਅੰਮ੍ਰਿਤਸਰ, 2008 (ਛੇਵੀਂ ਵਾਰ).
- ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ਦਸਵੀਂ,* ਭਾਸ਼ਾ ਵਿਭਾਗ ਪੰਜਾਬ, 1989.
- ਕਵੀ ਸੈਨਾਪਤਿ, *ਸ੍ਰੀ ਗੁਰ ਸੋਭਾ,* ਗੰਡਾ ਸਿੰਘ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988 (ਤੀਜੀ ਵਾਰ).
- ਕਵੀ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਭਾਸ਼ਾ ਵਿਭਾਗ, ਪੰਜਾਬ (ਜਿਲਦਾ ਚੌਦਾ), 2011.
- ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆ ਕਾ,* ਰਾਏਜਸਬੀਰ ਸਿੰਘ (ਸੰਪਾ.), ਸਿੰਘ ਬ੍ਰਦਰਜ਼, ਅੰਮ੍ਰਿਤਸਰ, 2005 (ਦੂਜੀ ਵਾਰ).
- ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ਦਸਵੀਂ,* ਸਮਸ਼ੇਰ ਸਿੰਘ ਅਸ਼ੋਕ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.

- ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਭਾਸ਼ਾ ਵਿਭਾਗ, ਪੰਜਾਬ, 1987.
- ——————————, *ਤਵਾਰੀਖ ਗੁਰੂ ਖ਼ਾਲਸਾ (ਭਾਗ ਪਹਿਲਾ)*, ਭਾਸ਼ਾ ਵਿਭਾਗ, ਪੰਜਾਬ, 2011 (ਪੰਜਵੀਂ ਵਾਰ).
- ——————————, *ਤਵਾਰੀਖ ਗੁਰੂ ਖ਼ਾਲਸਾ (ਭਾਗ ਦੂਜਾ)*, ਭਾਸ਼ਾ ਵਿਭਾਗ, ਪੰਜਾਬ, 2003 (ਚੌਥੀ ਵਾਰ).
- ਭਗਤ ਸਿੰਘ, *ਗੁਰ ਬਿਲਾਸ ਪਾਤਸ਼ਾਹੀ-੬,* ਜੋਗਿੰਦਰ ਸਿੰਘ ਵੇਦਾਂਤੀ (ਸੰਪਾ.), ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, 1998
- ਰਤਨ ਸਿੰਘ ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼,* ਭਾਈ ਵੀਰ ਸਿੰਘ (ਸੰਪਾ.), ਖਾਲਸਾ ਸਮਾਚਾਰ, ਅੰਮ੍ਰਿਤਸਰ, 1962.

**English**

- B. R. Sharma (State Editor), *Punjab District Gazetteer: Rupnagar*, Revenue Department Punjab, Chandigarh, 1987.
- Baldev Raj Sharma (State Editor), *Punjab District Gazetteer: Hoshiarpur,* Revenue Depatment Punjab, Chandigarh, 1980.
- ——————————, *Punjab District Gazetteer: Jullundur,* Revenue Depatment Punjab, Chandigarh, 1980.
- Barkat Rai Chopra (State Editor), *Punjab District Gazetteer: Amritsar,* Revenue Depatment Punjab, Chandigarh, 1976.
- *Gazetteer of the Amritsar,* Calcutta, 1883-84.

**ਪੰਜਾਬੀ ਪੁਸਤਕਾਂ**

- ਅਨੀਤਾ, *ਸੁਰਿੰਦਰ, ਤਵਾਰੀਖ ਲਾਹੌਰ-ਅੰਮ੍ਰਿਤਸਰ,* ਪ੍ਰੀਮੀਅਰ ਪਬਲੀਕੇਸ਼ਨ, ਅੰਮ੍ਰਿਤਸਰ, 2005.
- ਸ.ਸ.ਅਮੋਲ, *ਅੰਮ੍ਰਿਤਸਰ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1975.

- ਸਮਸ਼ੇਰ ਸਿੰਘ ਅਸ਼ੋਕ, *ਪ੍ਰਸਿੱਧ ਗੁਰਦੁਆਰੇ,* ਭਾਸ਼ਾ ਵਿਭਾਗ, ਪੰਜਾਬ, 1991 (ਪਹਿਲੀ ਵਾਰ).
- ਸਰਬਜਿੰਦਰ ਸਿੰਘ (ਸੰਪਾ.), *ਵਿਸ਼ਵ ਧਰਮ ਬਾਨੀ, ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ (ਚਾਰ ਭਾਗ),* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008, 2011, 2007, 2012.
- ਸਾਹਿਬ ਸਿੰਘ, *ਗੁਰ-ਇਤਿਹਾਸ: ਪਾਤਸ਼ਾਹੀ 2-9*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2006 (ਚੌਥੀ ਵਾਰ).
- *ਸਿੱਖ ਇਤਿਹਾਸ ਦੇ ਫ਼ਾਰਸੀ ਸਰੋਤ,* ਹਰਚੰਦ ਸਿੰਘ ਬੇਦੀ (ਸੰਪਾ.), ਸਿੱਖ ਇਤਿਹਾਸ ਰੀਸਰਚ ਬੋਰਡ, ਅੰਮ੍ਰਿਤਸਰ, 2018.
- ਸੁਖਦਿਆਲ ਸਿੰਘ, *ਗੁਰੂ ਤੇਗ ਬਹਾਦਰ ਮਾਰਗ ਪੰਜਾਬ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.
- ————————, *ਮਨੁੱਖਤਾ ਦੇ ਗੁਰੂ: ਗੁਰੂ ਗੋਬਿੰਦ ਸਿੰਘ ਜੀ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2012.
- ————————, *ਗੁਰੂ ਹਰਿਗੋਬਿੰਦ ਸਾਹਿਬਜੀਵਨ, ਯੁੱਧ ਅਤੇ ਯਾਤਰਾਵਾਂ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.
- ————————, *ਖਾਲਸਾ ਰਾਜ ਦੇ ਪੰਜ ਤਖ਼ਤ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.
- ————————, *ਬੰਦਾ ਸਿੰਘ ਬਹਾਦਰ: ਇਤਿਹਾਸਕ ਅਧਿਐਨ,* ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010.
- ਸੁਖਮਿੰਦਰ ਸਿੰਘ (ਸੰਪਾ.), *ਪੰਜਾਬ ਦੇ ਪਿੰਡ ਸ਼ਹਿਰ ਅਤੇ ਕਸਬੇ,* ਇੰਡੀਅਨ ਸਟੈਟਿਸਟੀਕਲ ਲਾਇਬਰੇਰੀ, ਲੁਧਿਆਣਾ, 2011.
- ਸੁਜਾਨ ਰਾਏ ਭੰਡਾਰੀ, *ਖ਼ੁਲਾਸਤੁਤ ਤਵਾਰੀਖ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000.
- ਸੁਰਿੰਦਰ ਸਿੰਘ ਕੋਹਲੀ, *ਅੰਮ੍ਰਿਤਸਰ ਅਨੂਪ ਰਾਮਦਾਸਪੁਰ,* ਅੰਮ੍ਰਿਤਸਰ, 1978
- ਸੁਰਿੰਦਰ ਕੋਛੜ, *ਅੰਮ੍ਰਿਤਸਰ ਆਰੰਭ ਤੋਂ ਅੱਜ ਤਕ*, ਪ੍ਰੀਮੀਅਰ ਪਬਲੀਕੇਸ਼ਨ, ਅੰਮ੍ਰਿਤਸਰ, 2010

- ਸੁਰਜੀਤ ਸਿੰਘ ਭਾਟੀਆ, *ਸਿਫਤੀ ਦੇ ਘਰ*, ਨਾਨਕ ਸਿੰਘ ਪੁਸਤਕਮਾਲਾ, ਅਮ੍ਰਿਤਸਰ, 1981.
- ਸੋਹਣ ਸਿੰਘ ਸੀਤਲ, *ਸਿੱਖ ਮਿਸਲਾਂ ਤੇ ਸਰਦਾਰ ਘਰਾਣੇ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2012, (ਸੱਤਵੀਂ ਵਾਰ).
- ਸੰਤ ਸੇਵਾ ਸਿੰਘ, *ਧਰਤ ਅਨੰਦਪੁਰ ਦੀ,* ਗੁਰਦੁਆਰਾ ਰਾਮਪੁਰ ਖੇੜਾ, ਹੁਸ਼ਿਆਰਪੁਰ, ਪੰਜਾਬ, 2015.
- ਸੰਗਤ ਸਿੰਘ, *ਇਤਿਹਾਸ 'ਚ ਸਿੱਖ*, ਸਿੰਘ ਬ੍ਰਦਰਜ, ਅੰਮ੍ਰਿਤਸਰ, 2008 (ਤੀਜੀ ਵਾਰ).
- ਸਤਿਬੀਰ ਸਿੰਘ, *ਸਾਡਾ ਇਤਿਹਾਸ,* ਭਾਗ-ਪਹਿਲਾ (1469-1708), ਨਿਊ ਬੁੱਕ ਕੰਪਨੀ, ਜਲੰਧਰ, ਬਾਰਵੀਂ ਵਾਰ 2011.
- ————————, *ਪਰਬਤੁ ਮੇਰਾਣੁ*, ਨਿਊ ਬੁੱਕ ਕੰਪਨੀ, ਜਲੰਧਰ, 2007.
- ————————, *ਇਤਿ ਜਿਨਿ ਕਰੀ,* ਨਿਊ ਬੁੱਕ ਕੰਪਨੀ, ਜਲੰਧਰ, 2000, ਪੰਨਾ 70.
- ————————, *ਪਰਤਖੁ ਹਰਿ,* ਨਿਉ ਬੁੱਕ ਕੰਪਨੀ, ਜਲੰਧਰ, 2000.
- ————————, *ਗੁਰ ਭਾਰੀ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2015, ਪੰਨਾ 102.
- ਹਰਜਿੰਦਰ ਸਿੰਘ ਦਿਲਗੀਰ, *ਅਨੰਦਪੁਰ ਸਾਹਿਬ,* ਸਿੱਖ ਯੂਨੀਵਰਸਿਟੀ ਸੈਂਟਰ, ਬੈਲਜੀਅਮ, 2003 (ਦੂਜੀ ਐਡੀਸ਼ਨ).
- ਹਰਪ੍ਰੀਤ ਸਿੰਘ ਨਾਜ਼, *ਇਤਿਹਾਸਕ ਸਿੱਖ ਨਿਸ਼ਾਨੀਆਂ,* ਲਾਹੌਰ ਬੁੱਕਸ, ਲੁਧਿਆਣਾ, 2017.
- ਹਰਮੀਤ ਸਿੰਘ, *ਸਿਫਤੀ ਦਾ ਘਰ,* ਪੰਮੀ ਪ੍ਰਕਾਸ਼ਨ, ਦਿੱਲੀ, 1978.
- ਕਰਨਲ ਦਲਵਿੰਦਰ ਸਿੰਘ ਗ੍ਰੇਵਾਲ, *ਸੋ ਥਾਨੁ ਸੁਹਾਵਾ,* ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਮਾਰਚ, 2007.
- ਕਰਮ ਸਿੰਘ ਹਿਸਟੋਰੀਅਨ, *ਅੰਮ੍ਰਿਤਸਰ ਦੀ ਤਵਾਰੀਖ਼,* ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, (ਮਿਤੀਹੀਣ)
- ਕਵੀ ਕੰਕਣ, *ਦਸ ਗੁਰ ਕਥਾ,* ਕਿਰਪਾਲ ਸਿੰਘ (ਸੰਪਾ.), ਖ਼ਾਲਸਾ ਸਮਾਚਾਰ, ਅੰਮ੍ਰਿਤਸਰ, 1967.

- ਕਿਰਪਾਲ ਸਿੰਘ, *ਜਨਮਸਾਖੀ ਪਰੰਪਰਾ: ਇਤਿਹਾਸਕ ਦ੍ਰਿਸ਼ਟੀਕੋਣ ਤੋਂ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990 (ਦੂਜੀ ਵਾਰ).
- ——————, *ਸਿੱਖ ਇਤਿਹਾਸ ਦੇ ਵਿਸ਼ੇਸ਼ ਪੱਖ,* ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1997 (ਦੂਜੀ ਵਾਰ).
- ਕੁਲਦੀਪ ਸਿੰਘ ਧੀਰ, *ਗੁਰੂ ਹਰਿਗੋਬਿੰਦ ਸਾਹਿਬ ਜੀਵਨ ਤੇ ਪ੍ਰਤਿਭਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.
- ਗੁਰਚਰਨ ਸਿੰਘ ਔਲਖ, *ਸਿਮਰੌ ਸ੍ਰੀ ਹਰਿ ਰਾਇ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 2004 (ਦੂਸਰੀ ਵਾਰ).
- ——————, *ਮਹਾਰਾਜਾ ਰਣਜੀਤ ਸਿੰਘ: ਜੀਵਨ ਅਤੇ ਘਾਲਣਾ,* ਸਿੱਖ ਇਤਿਹਾਸ ਰਿਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2007.
- ਗਿਆਨੀ ਕ੍ਰਿਪਾਲ ਸਿੰਘ, *ਸ੍ਰੀ ਅੰਮ੍ਰਿਤਸਰ ਮਹਿਮਾ ਕੋਸ਼,* ਭਾਈ ਚਤਰ ਸਿੰਘ ਜੀਵਨ ਸਿੰਘ, ਮਿਸਰ, 2001.
- ਗਿਆਨੀ ਕਿਰਪਾਲ ਸਿੰਘ, *ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ,* ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, 2010
- ਗਿਆਨੀ ਗਿਆਨ ਸਿੰਘ, *ਗੁਰਧਾਮ ਸੰਗ੍ਰਹਿ,* ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, (ਮਿਤੀਹੀਣ).
- ਗਿਆਨੀ ਗੁਰਦਿੱਤ ਸਿੰਘ (ਸੰਪਾ.), *ਗੁਰਧਾਮ ਦੀਦਾਰ,* ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2009.
- ਗਿਆਨੀ ਠਾਕੁਰ ਸਿੰਘ, *ਸ੍ਰੀ ਗੁਰਦੁਆਰਾ ਦਰਸ਼ਨ,* ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2005.
- ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਸ੍ਰੀ ਦਮਦਮਾ ਗੁਰੂ ਕੀ ਕਾਸ਼ੀ,* ਗਿਆਨੀ ਕੌਰ ਸਿੰਘ ਸਾਹਿਤਯ ਸ਼ਾਸਤ੍ਰੀ ਸਦਨ, ਕੋਠਾ ਗੁਰੂ (ਬਠਿੰਡਾ), 1995.

- ਗਿਆਨੀ ਮਹਾਂ ਸਿੰਘ (ਸੰਪਾ.), *ਸ੍ਰੀ ਦਰਬਾਰ ਸਾਹਿਬ ਮਹੱਤਤਾ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2015.
- ਗੁਰਜਿੰਦਰ ਸਿੰਘ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ: ਹੋਂਦ, ਬਣਤਰ ਤੇ ਕਾਰਜ,* ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2013.
- ਗੁਰਦੇਵ ਸਿੰਘ ਸੰਘਾ, *ਗੁਰਦੁਆਰਾ ਸੰਕਲਪ ਅਤੇ ਸੰਸਥਾ ਸਿੰਘ ਬ੍ਰਦਰਜ,* ਅੰਮ੍ਰਿਤਸਰ, 2011 (ਪਹਿਲੀ ਵਾਰ).
- ਗੁਰਬਚਨ ਸਿੰਘ ਨਈਅਰ (ਸੰਪਾ.), *ਗੁਰ ਰਤਨ ਮਾਲ ਸੌ ਸਾਖੀ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995 (ਤੀਜੀ ਵਾਰ).
- ——————————, *ਸਿੱਖ ਇਤਿਹਾਸ ਦੇ ਚੋਣਵੇਂ ਮੂਲ ਸਰੋਤ (1469-1849) ਅਧਿਐਨ ਤੇ ਮੁਲਾਂਕਣ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010.
- ——————————, ਤੇ ਸੁਖਦਿਆਲ ਸਿੰਘ, *ਗੁਰੂ ਗੋਬਿੰਦ ਸਿੰਘ (ਯਾਤਰਾ ਅਸਥਾਨ, ਪਰੰਪਰਾਵਾਂ ਅਤੇ ਯਾਦ-ਚਿੰਨ) ਇਕ ਸਰਵੇਖਣ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989.
- ਗੰਡਾ ਸਿੰਘ, *ਮਹਾਰਾਜਾ ਕੌੜਾ ਮੱਲ ਬਹਾਦੁਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000.
- ————, *ਸਰਦਾਰ ਜੱਸਾ ਸਿੰਘ ਆਹਲੂਵਾਲੀਆ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011.
- ਗੁਰਮੁਖ ਸਿੰਘ (ਸੰਪਾ.), *ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2010.
- ਜਸਵੰਤ ਸਿੰਘ ਨੇਕੀ, *ਅਰਦਾਸ: ਦਰਸ਼ਨ, ਰੂਪ ਤੇ ਅਭਿਆਸ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2012. (ਛੇਵੀਂ ਵਾਰ).
- ਜਗਜੀਤ ਸਿੰਘ ਥਾਪਰ, *ਅੰਮ੍ਰਿਤਸਰ ਸਿਫਤੀ ਦਾ ਘਰ,* ਨਿਊ ਲਾਈਫ਼ ਪਬਲੀਕੇਸ਼ਨ, ਅੰਬਾਲਾ ਕੈਂਟ, 1977.
- ਜੀਤ ਸਿੰਘ ਸੀਤਲ, *ਅੰਮ੍ਰਿਤਸਰ ਸਿਫਤੀ ਦਾ ਘਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1978.
- ਜੋਧ ਸਿੰਘ, *ਗੁਰੂ ਅਰਜਨ ਦੇਵ ਸ਼ਹੀਦੀ ਅਤੇ ਰਚਨਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007

- ਜੋਗਿੰਦਰ ਸਿੰਘ ਅਟਵਾਲ, *ਗੁਰਧਾਮ ਕੀਰਤਪੁਰ ਸਾਹਿਬ,* ਟੇਕਨੋਵੀ ਪ੍ਰਿੰਟਰਜ਼, ਜਲੰਧਰ, 1991.
- ਜੰਗ ਸਿੰਘ, *ਅੰਮ੍ਰਿਤਸਰ ਸਿਫਤੀ ਦਾ ਘਰ,* ਸਿੱਖ ਇਤਿਹਾਸ ਰਿਸਰਚ ਬੋਰਡ, ਸ੍ਰੀ ਅਮ੍ਰਿਤਸਰ, 1977.
- ਤੇਜਾ ਸਿੰਘ ਅਤੇ ਗੰਡਾ ਸਿੰਘ, *ਸਿੱਖ ਇਤਿਹਾਸ,* ਭਗਤ ਸਿੰਘ (ਅਨੁ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006.
- ਦਿਲਜੀਤ ਸਿੰਘ ਬੇਦੀ (ਸੰਪਾ.), *ਸ੍ਰੀ ਅਨੰਦਪੁਰ ਸਾਹਿਬ: ਬਹੁਪੱਖੀ ਦਰਸ਼ਨ,* ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ, 2007.
- ਧਨਵੰਤ ਸਿੰਘ ਸੀਤਲ, *ਸ੍ਰੀ ਅੰਮ੍ਰਿਤਸਰ ਦਰਸ਼ਨ ਅਰਥਾਤ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ,* ਅਮ੍ਰਿਤਸਰ, ਮਿਤੀਹੀਣ।
- ਪਰਮਵੀਰ ਸਿੰਘ, *ਮਾਤਾ ਸੁੰਦਰੀ ਜੀ: ਸੰਘਰਸ਼ ਅਤੇ ਸ਼ਖਸੀਅਤ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2012.
- ਪਿਆਰਾ ਸਿੰਘ ਨਿਰਛਲ, *ਸਥਾਪਨਾ ਸ੍ਰੀ ਅੰਮ੍ਰਿਤਸਰ,* ਭਗਤਪੁਰਾ, ਅਮ੍ਰਿਤਸਰ, 1977.
- ਪਿਆਰਾ ਸਿੰਘ ਪਦਮ (ਸੰਪਾ.), *ਰਹਿਤਨਾਮੇ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2000. (ਸੱਤਵੀ ਵਾਰ).
- ਪੰਡਿਤ ਤਾਰਾ ਸਿੰਘ ਨਰੋਤਮ, *ਸ੍ਰੀ ਗੁਰ ਤੀਰਥ ਸੰਗ੍ਰਹਿ,* ਕਨਖਲ 1884.
- ਪ੍ਰਤਾਪ ਸਿੰਘ, *ਅੰਮ੍ਰਿਤਸਰ ਸਿਫ਼ਤੀ ਦਾ ਘਰ,* ਭਾਈ ਉਤਮ ਸਿੰਘ ਗੁਰਬਚਨ ਸਿੰਘ, ਬਾਜ਼ਾਰ ਮਾਈ ਸੇਵਾ, ਅਮ੍ਰਿਤਸਰ, 1977.
- ਫੌਜਾ ਸਿੰਘ, *ਗੁਰੂ ਗੋਬਿੰਦ ਸਿੰਘ ਜੀ ਦੇ ਸਫ਼ਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1968 (ਪਹਿਲਾ ਸੰਸਕਰਣ).
- ———, *ਗੁਰੂ ਤੇਗ ਬਹਾਦਰ ਸਾਹਿਬ: ਯਾਤਰਾ ਅਸਥਾਨ, ਪਰੰਪਰਾਵਾਂ ਤੇ ਯਾਦ ਚਿੰਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976 (ਪਹਿਲੀ ਵਾਰ).

- ———, (ਸੰਪਾ.), *ਪੰਜਾਬ ਦੀ ਸੈਰ,* ਗਿਆਨੀ ਲਾਲ ਸਿੰਘ (ਅਨੁ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988.
- ਬਲਵਿੰਦਰਜੀਤ ਕੌਰ ਭੱਟੀ, *ਸ੍ਰੀ ਗੁਰੂ ਗ੍ਰੰਥ ਸਾਹਿਬ: ਸਮਾਜਕ ਸਰੋਕਾਰ,* ਚੇਤਨਾ ਪ੍ਰਕਾਸ਼ਨ, ਲੁਧਿਆਣਾ, 2011.
- ਭਗਤ ਸਿੰਘ, *ਸਿਫਤੀ ਦਾ ਘਰ,* ਸੁੰਦਰ ਪ੍ਰਕਾਸ਼ਨ, ਦਿੱਲੀ, 1977.
- ਭਜਨ ਸਿੰਘ, *ਸਾਡੇ ਇਤਿਹਾਸਕ ਗੁਰਧਾਮ, (ਮਾਝਾ, ਮਾਲਵਾ, ਦੁਆਬਾ ਅਤੇ ਹਿਮਾਚਲ ਪ੍ਰਦੇਸ਼ ਦੇ ਗੁਰਦੁਆਰੇ),* ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2012 (ਤੀਜੀ ਐਡੀਸ਼ਨ).
- ———, *ਸ੍ਰੀ ਹਰਿਮੰਦਰ ਸਾਹਿਬ,* ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ, 1989.
- ਭਾਈ ਕਾਨ੍ਹ ਸਿੰਘ ਨਾਭਾ, *ਗੁਰੁਮਤ ਮਾਰਤੰਡ, (ਭਾਗ ਪਹਿਲਾ),* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2005 (ਸੱਤਵੀਂ ਐਡੀਸ਼ਨ).
- ਭਾਈ ਕਾਨ੍ਹ ਸਿੰਘ ਨਾਭਾ, *ਗੁਰੁਮਤ ਮਾਰਤੰਡ,* (ਭਾਗ ਦੂਜਾ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2008.
- ਭਾਈ ਧੰਨਾ ਸਿੰਘ ਚਹਿਲ ਪਟਿਆਲਵੀ, *ਗੁਰ ਤੀਰਥ ਸਾਈਕਲ ਯਾਤਰਾ,* ਚੇਤਨ ਸਿੰਘ (ਸੰਪਾ.), ਯੂਰਪੀਅਨ ਪੰਜਾਬੀ ਸੱਥ, ਵਾਲਸਾਲ, ਯੂ. ਕੇ., 2016.
- ਭਾਈ ਵੀਰ ਸਿੰਘ, *ਸ੍ਰੀ ਅਸ਼ਟ ਗੁਰ ਚਮਤਕਾਰ,* (ਦੋ-ਭਾਗ), ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2016.
- ਮਹਿੰਦਰ ਸਿੰਘ, *ਅਕਾਲੀ ਲਹਿਰ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2005 (ਪਹਿਲੀ ਵਾਰ).
- ਮੈਕਸ ਆਰਥਰ ਮੈਕਾਲਿਫ, *ਸਿੱਖ ਇਤਿਹਾਸ (ਪਹਿਲਾ-ਦੂਜਾ ਭਾਗ),* ਅਜੈਬ ਸਿੰਘ (ਅਨੁਵਾਦਕ), ਗੁਰਚਰਨ ਸਿੰਘ ਔਲਖ (ਸੋਧਕ), ਲਾਹੌਰ ਬੁੱਕ ਸ਼ਾਪ, ਲੁਧਿਆਣਾ, 2014.
- ——————, *ਸਿੱਖ ਇਤਿਹਾਸ (ਤੀਜਾ ਭਾਗ),* ਗੁਰਚਰਨ ਸਿੰਘ ਔਲਖ (ਅਨੁਵਾਦਕ), ਲਾਹੌਰ ਬੁੱਕ ਸ਼ਾਪ, ਲੁਧਿਆਣਾ, 2014.

- ਰਾਜਿੰਦਰ ਜੀਤ ਕੌਰ ਢੀਂਡਸਾ, *ਗੁਰੂ ਗ੍ਰੰਥ ਜੀ ਮਾਨਿਓ,* ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2014.
- ਰੂਪ ਸਿੰਘ, *ਸੋ ਥਾਨੁ ਸੁਹਾਵਾ,* ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2014 (ਪੰਜਵੀਂ ਵਾਰ).
- ਰੂਪ ਸਿੰਘ (ਸੰਪਾ.), *ਸਿੱਖ ਸੰਕਲਪ, ਸਿਧਾਂਤ ਤੇ ਸੰਸਥਾਵਾਂ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2012 (ਪਹਿਲੀ ਐਡੀਸ਼ਨ).
- ——————, *ਨਿਰਭਉ ਨਿਰੰਕਾਰ,* ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, 2018.

**ਸਰਵੇ ਪੁਸਤਕਾਂ**

- ਹਰਭਜਨ ਕੌਰ (ਸੰਪਾ.), *ਕਰਤਾਰਪੁਰ (ਭਾਸ਼ਾਈ ਤੇ ਸੱਭਿਆਚਾਰਕ ਸਰਵੇਖਣ),* ਭਾਸ਼ਾ ਵਿਭਾਗ, ਪੰਜਾਬ, 2008.
- —————— (ਸੰਪਾ.), *ਛੇਹਰਟਾ ਸਾਹਿਬ (ਭਾਸ਼ਾਈ ਤੇ ਸੱਭਿਆਚਾਰਕ ਸਰਵੇਖਣ),* ਭਾਸ਼ਾ ਵਿਭਾਗ, ਪੰਜਾਬ, 2010.
- ——————(ਸੰਪਾ.), *ਤਰਨਤਾਰਨ ਸਾਹਿਬ (ਭਾਸ਼ਾਈ ਤੇ ਸੱਭਿਆਚਾਰਕ ਸਰਵੇਖਣ),* ਭਾਸ਼ਾ ਵਿਭਾਗ, ਪੰਜਾਬ, 2010.
- ਮਦਨ ਲਾਲ ਹਸੀਜਾ (ਸੰਪਾ.), *ਸ੍ਰੀ ਹਰਿਗੋਬਿੰਦਪੁਰ,* ਭਾਸ਼ਾ ਵਿਭਾਗ, ਪੰਜਾਬ, 1995.

**English Books**

- Anand Gauba, *Amritsar A Study in Urban History*, ABS Publications, Jalandhar, 1988.
- Bhagat Singh, *A History of The Sikh Misals,* Punjabi University, Patiala, 2009.
- Fauja Singh (ed.), *The City of Amritsar - An Introduction,* Punjabi University, Patiala, 2000.

- Ishwari Prasad, *A Short History of Muslim Rule in India,* The Indian Press, Allahabad
- J.S. Grewal, *The Sikhs of The Punjab*, Cambridge University Press, New Delhi, 2014.
- Major Gurmukh Singh, *Historical Sikh Shrines,* Singh Brothers, Amritsar, 1995.
- Muhammad Akbar, *The Punjab Under The Mughals,* Ripon Printing Press, Lahore, 1948.
- P. S. Arshi, *The Golden Temple History, Art and Architecture,* Harman Publishing House, New Delhi, 1989.
- Surjit Singh Gandhi, *Sikhs in the Eighteenth Century*, Singh Brothers, Amritsar, 1999.
- Surjit Singh Gandhi, *History of Sikh Gurus Retold (1469-1606 C.E.),* Atlantic Publishers & Ditributors, New Delhi, 2007,
- Surinder Singh Johar, *The Heritage of Amritsar*, Sandeep Parkashan, Delhi, 1978.
- Teja Singh, *The Gurdwara Reform Movement and The Sikh Awakening*, Shiromani Gurdwara Parbandhak Committee, Amritsar, 1922 (First Impression).
- V.N Datta, *Amritsar Past and Present*, The Municipal Committee, Amritsar, 1967.

**ਕੋਸ਼**


- ਗੁਰਚਰਨ ਸਿੰਘ (ਸੰਪਾ.), *ਸ੍ਰੀ ਗੁਰੂ ਗ੍ਰੰਥ ਕੋਸ਼ (ਜਿਲਦ-1)*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002 (ਪਹਿਲੀ ਵਾਰ).
- ਗੁਰਚਰਨ ਸਿੰਘ (ਸੰਪਾ.), *ਸ੍ਰੀ ਗੁਰੂ ਗ੍ਰੰਥ ਕੋਸ਼ (ਜਿਲਦ-2)*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002 (ਪਹਿਲੀ ਵਾਰ).
- ਜਸਬੀਰ ਸਿੰਘ ਸਰਨਾ ਤੇ ਦਿਲਜੀਤ ਸਿੰਘ ਬੇਦੀ, *ਗੁਰਦੁਆਰਾ ਕੋਸ਼,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2013 (ਪਹਿਲੀ ਵਾਰ).
- ਜੋਧ ਸਿੰਘ (ਮੁੱਖ ਸੰਪਾ.), *ਸਿੱਖ ਧਰਮ ਵਿਸ਼ਵਕੋਸ਼ (ਸੈਂਚੀ ਪਹਿਲੀ)*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008.
- ਜੋਧ ਸਿੰਘ (ਮੁੱਖ ਸੰਪਾ.), *ਸਿੱਖ ਧਰਮ ਵਿਸ਼ਵਕੋਸ਼ (ਸੈਂਚੀ ਦੂਜੀ),* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013.
- ਪ੍ਰੋ. ਰਾਜਿੰਦਰ ਸਿੰਘ (ਡਾਇਰੈਕਟਰ) ਅਤੇ ਹੋਰ, *ਪੰਜਾਬੀ ਵਿਸ਼ਵ ਕੋਸ਼ (ਜਿਲਦ ਸੱਤਵੀਂ)*, ਭਾਸ਼ਾ ਵਿਭਾਗ, ਪੰਜਾਬ, 1990.
- ਭਾਈ ਕਾਨ੍ਹ ਸਿੰਘ ਨਾਭਾ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, 2006 (ਸੱਤਵੀਂ ਵਾਰ).
- ਭਾਈ ਵੀਰ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2003 (ਸੱਤਵੀਂ ਵਾਰ).
- ਰਛਪਾਲ ਸਿੰਘ ਗਿੱਲ (ਮੁੱਖ ਸੰਪਾ.) ਅਤੇ ਹੋਰ, *ਪੰਜਾਬੀ ਵਿਸ਼ਵ ਕੋਸ਼ (ਜਿਲਦ ਦੂਜੀ)*, ਭਾਸ਼ਾ ਵਿਭਾਗ, ਪੰਜਾਬ, 2001 (ਦੂਜਾ ਐਡੀਸ਼ਨ).
- ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼ (ਦੋ ਭਾਗ),* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

- ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼ (ਦੋ ਭਾਗ),* ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005.
- ਰਾਜਿੰਦਰ ਸਿੰਘ (ਮੁੱਖ ਸੰਪਾ.), *ਫ਼ਾਰਸੀ-ਪੰਜਾਬੀ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996.

**Encyclopedia / Dictionary**

- Harbans Singh (Editor-in-Chief), *The Encyclopaedia of Sikhism* (Volume I), Punjabi University, Patiala, 2002 (Fourth Edition).
- Harbans Singh (Editor-in-Chief), *The Encyclopaedia of Sikhism* (Volume II), Punjabi University, Patiala, 2011 (Third Edition).
- Harbans Singh (Editor-in-Chief), *The Encyclopaedia of Sikhism* (Volume III), Punjabi University, Patiala, 1997 (First Edition).
- Harbans Singh (Editor-in-Chief), *The Encyclopaedia of Sikhism* (Volume IV), Punjabi University, Patiala, 2004 (Second Edition).

**ਖੋਜ ਪ੍ਰਬੰਧ**

**ਪੰਜਾਬੀ**

- ਪਰਮਜੀਤ ਸਿੰਘ, *ਸਿੱਖ ਸਿਮਰਤੀ ਵਿਚ ਸ੍ਰੀ ਅਨੰਦਪੁਰ ਸਾਹਿਬ (ਇਤਿਹਾਸ ਅਤੇ ਸਾਹਿਤ ਦੇ ਹਵਾਲੇ ਵਿੱਚ),* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2021.
- ਪੂਜਾ, *ਅੰਮ੍ਰਿਤਸਰ ਸ਼ਹਿਰ ਦੀ ਲੋਕਧਾਰਾ: ਅੰਤਰ ਅਨੁਸ਼ਾਸਨੀ ਅਧਿਐਨ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2018.

### ਅੰਗਰੇਜ਼ੀ

- Daljit Kaur Gill, *Sikh Shrines From Historical Literature (Late 19th and early 20$^{th}$ centuries)*, Department of History, Guru Nanak Dev University, Amritsar, 2012.

### ਪਤ੍ਰਿਕਾਵਾਂ ਅਤੇ ਜਰਨਲ

- *ਗੁਰਮਤਿ ਪ੍ਰਕਾਸ਼*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਗਸਤ 2007.
- *ਗੁਰਮਤਿ ਪ੍ਰਕਾਸ਼*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜੁਲਾਈ 2009.

### Websites

- http://www.discoversikhism.com
- Isher Micro Media

# ਪੰਜਾਬ ਵਿਚ ਸਿੱਖ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਸ਼ਹਿਰ ਅਤੇ ਕਸਬੇ: ਇਤਿਹਾਸਕ ਪਰਿਪੇਖ (ਵਰਤਮਾਨ ਭਾਰਤੀ ਪੰਜਾਬ)

ਫੈਕਲਟੀ ਆਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀਜ਼ ਅਧੀਨ

ਪੀ-ਐੱਚ.ਡੀ. (ਧਰਮ ਅਧਿਐਨ)

ਦੀ ਡਿਗਰੀ ਹਿਤ ਪੇਸ਼

ਖੋਜ-ਪ੍ਰਬੰਧ

**ਫਰਵਰੀ-2023**


ਨਿਗਰਾਨ

ਡਾ.ਕਿਰਨਦੀਪ ਕੌਰ

ਮੁਖੀ ਅਤੇ ਸਹਾਇਕ ਪ੍ਰੋਫ਼ੈਸਰ

ਖੋਜਾਰਥੀ

ਦਿਲਪ੍ਰੀਤ ਸਿੰਘ

(ਰਜਿ. ਨੰ: 1632901)

**ਸ੍ਰੀ ਗੁਰੂ ਗ੍ਰੰਥ ਸਾਹਿਬ ਧਰਮ ਅਧਿਐਨ ਵਿਭਾਗ**

**ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ**

**ਫ਼ਤਿਹਗੜ੍ਹ ਸਾਹਿਬ**

## ਸਾਰੰਸ਼ ਅਤੇ ਸਥਾਪਨਾਵਾਂ

ਗੁਰੂ ਸਾਹਿਬਾਨ ਦੁਆਰਾ ਸਥਾਪਿਤ ਸ਼ਹਿਰ ਅਤੇ ਕਸਬੇ ਮਨੁੱਖੀ ਜੀਵਨ ਨੂੰ ਉੱਚਾ ਚੁੱਕਣ ਵਿਚ ਵਿਸ਼ਵ ਕਲਿਆਣਕਾਰੀ ਸਿੱਧ ਹੋਏ। ਇਨ੍ਹਾਂ ਨਗਰਾਂ ਵਿਚ ਕਰਵਾਏ ਗਏ ਬਹੁਪੱਖੀ (ਸਮਾਜਿਕ, ਆਰਥਿਕ, ਰਾਜਨੀਤਿਕ, ਧਾਰਮਿਕ, ਸਾਹਿਤਿਕ, ਸੱਭਿਆਚਾਰਕ) ਕਾਰਜਾਂ ਨੇ ਆਦਰਸ਼ ਸਮਾਜ ਦੀ ਸਿਰਜਨਾ ਕੀਤੀ। ਇਸ ਮਿਸ਼ਨ ਪੂਰਤੀ ਲਈ ਗੁਰੂ ਸਾਹਿਬਾਨ ਨੂੰ 239 ਸਾਲ (1469 ਤੋਂ 1708 ਈ.) ਸਾਲ ਦਾ ਸਮਾਂ ਲੱਗਿਆ।

ਗੁਰੂ ਸਾਹਿਬਾਨ ਦੁਆਰਾ ਆਪਣੇ ਜੀਵਨ ਕਾਲ ਦੌਰਾਨ ਕੀਤੇ ਗਏ ਅਨੇਕਾਂ ਹੀ ਸਮਾਜ ਭਲਾਈ ਕਾਰਜਾਂ ਵਿਚੋਂ ਨਗਰ ਸਥਾਪਨਾ ਦਾ ਕੰਮ ਪ੍ਰਮੁੱਖ ਸਾਬਿਤ ਹੁੰਦਾ ਹੈ। ਗੁਰੂ ਸਾਹਿਬਾਨ ਚਾਹੁੰਦੇ ਸਨ ਕਿ ਲੋਕਾਈ ਨੂੰ ਪਰੰਪਰਾਗਤ ਭੈੜੀਆਂ ਰੀਤਾਂ ਤੋਂ ਦੂਰ ਰੱਖ ਕੇ, ਇਕ ਨਵਾਂ ਭਾਈਚਾਰਕ ਸਾਂਝ ਵਾਲਾ ਵਾਤਾਵਰਨ ਕਾਇਮ ਕੀਤਾ ਜਾਵੇ। ਇਸ ਮਿਸ਼ਨ ਨੂੰ ਸਫਲ ਕਰਨ ਲਈ ਨਵੇਂ ਨਗਰਾਂ ਦੀ ਸਥਾਪਨਾ ਕੀਤੀ ਗਈ।

ਨਵੇਂ ਨਗਰ ਸਥਾਪਨਾ ਕਾਰਜ-ਪ੍ਰਣਾਲੀ ਦੀ ਸ਼ੁਰੂਆਤ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਕਾਲ ਦੇ ਅੰਤਲੇ ਸਮੇਂ ਰਾਵੀ ਦਰਿਆ ਦੇ ਕੰਢੇ ਸਿੱਖਾਂ ਦਾ ਪਹਿਲਾ ਧਰਮ ਪ੍ਰਚਾਰ ਕੇਂਦਰ ਕਰਤਾਰਪੁਰ ਸਾਹਿਬ (ਪਾਕਿਸਤਾਨ) ਦੀ ਸਥਾਪਨਾ ਕਰਕੇ ਕੀਤੀ ਸੀ। ਸਿੱਖੀ ਸਿਧਾਂਤਾਂ ਨੂੰ ਵਿਹਾਰਕ ਰੂਪ ਪ੍ਰਦਾਨ ਕਰਨ ਲਈ ਨਗਰ ਵਿਚ ਧਰਮਸ਼ਾਲਾ ਤਿਆਰ ਕਰਵਾਈ ਗਈ। ਕਿਰਤ ਕਰੋ, ਨਾਮ ਜਪੋ, ਵੰਡ ਛਕੋ ਜੋ ਸਿੱਖੀ ਦਾ ਮੂਲ ਸਿਧਾਂਤ ਮੰਨਿਆ ਜਾਂਦਾ ਹੈ, ਸੰਗਤ ਨੂੰ ਦ੍ਰਿੜ ਕਰਵਾਇਆ ਗਿਆ। ਲੰਗਰ ਪ੍ਰਥਾ ਦਾ ਸਿਧਾਂਤ ਕਾਇਮ ਹੋਣ ਨਾਲ ਚਾਰੇ ਵਰਨਾਂ ਦੇ ਲੋਕ ਬਿਨ੍ਹਾਂ ਕਿਸੇ ਭੇਦ-ਭਾਵ ਤੋਂ ਇਕੋ ਪੰਗਤ ਵਿਚ ਬੈਠ ਕੇ ਲੰਗਰ ਛਕਦੇ, ਜਿਸਦੇ ਸਿੱਟੇ ਵਜੋਂ ਲੋਕਾਂ ਵਿਚ ਆਪਸੀ ਭਾਈਚਾਰੇ ਅਤੇ ਬਰਾਬਰਤਾ ਦੀ ਭਾਵਨਾ ਨੂੰ ਬਲ ਮਿਲਿਆ। ਸੰਗਤ ਅਤੇ ਪੰਗਤ ਦੇ ਸਿਧਾਂਤ ਨੇ ਸਮਾਜ ਵਿਚ ਪਸਰੇ ਹੋਏ ਨਸਲੀ ਭੇਦ-ਭਾਵ ਦੇ ਖ਼ਾਤਮੇ ਲਈ ਇਕ ਅਹਿਮ ਰੋਲ ਅਦਾ ਕੀਤਾ।

ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਸ਼ੁਰੂ ਕੀਤੇ ਸਰਵ-ਕਲਿਆਣ ਦੇ ਮਿਸ਼ਨ ਨੂੰ ਖਡੂਰ ਸਾਹਿਬ ਤੋਂ ਸੰਚਾਲਨ ਕੀਤਾ। ਗੁਰੂ ਅੰਗਦ ਦੇਵ ਜੀ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਅਮਰਦਾਸ

(ਗੁਰੂ) ਜੀ ਨੇ ਬਿਆਸ ਦਰਿਆ ਦੇ ਕੰਢੇ ਗੋਇੰਦਵਾਲ ਸਾਹਿਬ ਦੀ ਸਥਾਪਨਾ ਕਰਕੇ ਇਸ ਵਿਕਾਸ ਲੜੀ ਨੂੰ ਅਗਾਂਹ ਤੋਰਿਆ। ਫਿਰ ਸਿੱਖਾਂ ਦਾ ਕੇਂਦਰ ਖਡੂਰ ਸਾਹਿਬ ਦੀ ਬਜਾਇ ਗੋਇੰਦਵਾਲ ਸਾਹਿਬ ਬਣ ਗਿਆ। ਇਥੇ ਰਹਿੰਦਿਆਂ ਗੁਰੂ ਅਮਰਜਾਸ ਜੀ ਨੇ ਜਗਤ ਕਲਿਆਣ ਹਿਤ ਬਹੁਪੱਖੀ ਸਿਧਾਂਤ ਕਾਇਮ ਕੀਤੇ।

ਇਸੇ ਤਰ੍ਹਾਂ ਹੀ ਗੁਰੂ ਅਮਰਦਾਸ ਜੀ ਦੇ ਹੁਕਮ ਨੂੰ ਮੰਨਦੇ ਹੋਏ ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਸਾਹਿਬ ਦੀ ਸਥਾਪਨਾ ਕੀਤੀ। ਸਭ ਤੋਂ ਪਹਿਲਾਂ ਸੰਤੋਖਸਰ ਦੀ ਖੁਦਵਾਈ ਦਾ ਕਾਰਜ ਆਰੰਭ ਕਰਵਾਇਆ ਤੇ ਫਿਰ ਬਾਅਦ ਵਿਚ ਨਗਰ ਦੀ ਸਥਾਪਨਾ ਅਤੇ ਅੰਮ੍ਰਿਤਸਰ ਸਰੋਵਰ ਤਿਆਰ ਕਰਵਾਇਆ ਗਿਆ।

ਸਿੱਖਾਂ ਦੇ ਪੰਜਵੇਂ ਗੁਰੂ, ਗੁਰੂ ਅਰਜਨ ਦੇਵ ਜੀ ਦੁਆਰਾ ਅੰਮ੍ਰਿਤਸਰ ਸ਼ਹਿਰ ਦੇ ਅਧੂਰੇ ਪਏ ਕਾਰਜਾਂ ਨੂੰ ਸਿਰੇ ਚਾੜ੍ਹਿਆ ਗਿਆ ਅਤੇ ਅੰਮ੍ਰਿਤ ਸਰੋਵਰ ਵਿਚਕਾਰ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾ ਕੇ ਸਿੱਖਾਂ ਦੇ ਨਵੇਂ ਕੇਂਦਰ ਨੂੰ ਮਜ਼ਬੂਤ ਕੀਤਾ ਗਿਆ। ਮਾਝੇ ਵਿਚ ਹੀ ਤਰਨਤਾਰਨ ਸਾਹਿਬ ਦੀ ਸਥਾਪਨਾ ਕੀਤੀ। ਫਿਰ ਦੁਆਬੇ ਵਿਚ ਸਿੱਖੀ ਦਾ ਪ੍ਰਚਾਰ ਕਰਨ ਸਮੇਂ ਕਰਤਾਰਪੁਰ ਸਾਹਿਬ (ਜਲੰਧਰ) ਅਤੇ ਬਿਆਸ ਦਰਿਆ ਦੇ ਕੰਢੇ ਸ੍ਰੀ ਹਰਿਗੋਬਿੰਦਪੁਰ' ਨਗਰ ਸਥਾਪਿਤ ਕੀਤਾ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਗੁਰਿਆਈ ਗੁਰੂ ਹਰਿਗੋਬਿੰਦ ਜੀ ਨੂੰ ਪ੍ਰਾਪਤ ਹੋਈ। ਗੁਰੂ ਹਰਿਗੋਬਿੰਦ ਜੀ ਨੇ ਸਿੱਖ ਪੰਥ ਦੀਆਂ ਰਾਜਨੀਤਿਕ ਗਤੀਵਿਧੀਆਂ ਦੇ ਸੰਚਾਲਨ ਕਰਨ ਲਈ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ। ਫਿਰ ਪੁਆਦ ਖੇਤਰ ਵਿਚ ਸਿੱਖੀ ਦਾ ਪਹਿਲਾ ਕੇਂਦਰ 'ਕੀਰਤਪੁਰ ਸਾਹਿਬ' ਵਸਾਇਆ।

ਸਿੱਖਾਂ ਦੇ ਸੱਤਵੇਂ ਨਾਨਕ ਗੁਰੂ ਹਰਿਰਾਇ ਜੀ ਨੇ ਭਾਵੇਂ ਕੋਈ ਨਵਾਂ ਨਗਰ ਨਹੀਂ ਆਬਾਦ ਕੀਤਾ ਪਰ ਵਿਕਾਸ ਲੜੀ ਵਿਚ ਉਚੇਚਾ ਯੋਗਦਾਨ ਪਾਉਂਦੇ ਹੋਏ ਕੀਰਤਪੁਰ ਸਾਹਿਬ ਵਿਖੇ 'ਦਵਾਖਾਨਾ' ਖੋਲਿਆ। ਇਸ ਦਵਾਖਾਨੇ ਵਿਚ ਬਹੁਤ ਹੀ ਕੀਮਤੀ ਅਤੇ ਦੁਰਲੱਭ ਦਵਾਈਆਂ ਮਿਲਦੀਆਂ ਸਨ। ਵਾਤਾਵਰਨ ਤੇ ਜੀਵਾਂ ਦੇ ਹਿਤ ਵਿਚ ਅਨੇਕਾਂ ਕਾਰਜ ਕਰਵਾਏ ਗਏ। ਇਸੇ ਤਰ੍ਹਾਂ ਹੀ ਗੁਰੂ ਹਰਿਕ੍ਰਿਸ਼ਨ ਜੀ ਨੇ ਵੀ ਕੀਰਤਪੁਰ ਸਾਹਿਬ ਨਿਵਾਸ ਕਰਦਿਆਂ ਸਰਵ-ਕਲਿਆਣਕਾਰੀ ਕਾਰਜ ਕੀਤੇ।

ਸਿੱਖਾਂ ਦੇ ਨੌਵੇਂ ਨਾਨਕ ਗੁਰੂ ਤੇਗ ਬਹਾਦਰ ਜੀ ਨੇ ਇਸ ਵਿਕਾਸ ਲੜੀ ਵਿਚ ਆਪਣਾ ਯੋਗਦਾਨ ਪਾਉਂਦੇ ਹੋਏ ਕੀਰਤਪੁਰ ਸਾਹਿਬ ਤੋਂ ਥੋੜੀ ਦੂਰੀ ਤੇ ਚੱਕ ਨਾਨਕੀ ਨਗਰ ਸਥਾਪਿਤ ਕੀਤਾ। ਇਸ ਨਗਰ ਦਾ

ਪੂਰਨ ਤੌਰ ਤੇ ਵਿਕਾਸ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਕੀਤਾ ਗਿਆ। ਉਨ੍ਹਾਂ ਦੁਆਰਾ ਇਸ ਨਗਰ ਦੀ ਹਿਫਾਜਤ ਲਈ ਕਿਲ੍ਹਿਆਂ ਦੀ ਉਸਾਰੀ ਕਰਵਾ ਕੇ ਇਸ ਨਗਰ ਨੂੰ ਹਰ ਪੱਖ ਤੋਂ ਸੁਰੱਖਿਅਤ ਕੀਤਾ ਗਿਆ।

ਤੀਜੇ ਅਧਿਆਇ ਵਿਚ ਗੁਰੂ ਸਾਹਿਬਾਨ ਦੁਆਰਾ ਸਮਾਜ ਦੇ ਸਰਵ-ਪੱਖੀ ਵਿਕਾਸ ਲਈ ਗੋਇੰਦਵਾਲ ਸਾਹਿਬ, ਅੰਮ੍ਰਿਤਸਰ ਸਾਹਿਬ, ਤਰਨਤਾਰਨ ਸਾਹਿਬ, ਕਰਤਾਰਪੁਰ ਸਾਹਿਬ (ਜਲੰਧਰ), ਸ੍ਰੀ ਹਰਿਗੋਬਿੰਦਪੁਰ, ਕੀਰਤਪੁਰ ਸਾਹਿਬ ਅਤੇ ਅਨੰਦਪੁਰ ਸਾਹਿਬ ਤੋਂ ਸਿੱਖ ਧਰਮ ਦੇ ਪ੍ਰਚਾਰ ਅਤੇ ਪਸਾਰ ਖੇਤਰ ਵਿਚ ਹੋਏ ਬਹੁਪੱਖੀ ਯੋਗਦਾਨ ਨੂੰ ਬਿਆਨ ਕੀਤਾ ਗਿਆ ਹੈ। ਇਸ ਮੁਹਿੰਮ ਤਹਿਤ ਲੋਕਾਈ ਦਾ ਸਮਾਜਿਕ, ਆਰਥਿਕ, ਧਾਰਮਿਕ, ਰਾਤਨੀਤਿਕ ਅਤੇ ਸਾਹਿਤਕ ਪੱਖੋਂ ਵਿਕਾਸ ਹੋਇਆ। ਉਕਤ ਨਗਰਾਂ ਦਾ ਆਰਥਿਕ ਵਿਕਾਸ ਕਰਨ ਲਈ ਖੂਹ, ਸਰੋਵਰ, ਬਉਲੀਆਂ ਦੀ ਸਥਾਪਨਾ ਕੀਤੀ ਗਈ। ਇਸ ਨਾਲ ਬੇਅੰਤ ਲੋਕਾਂ ਨੂੰ ਰੁਜ਼ਗਾਰ ਪ੍ਰਾਪਤ ਹੋਇਆ, ਬਿਨ੍ਹਾਂ ਕਿਸੇ ਭਿੰਨ-ਭੇਦ ਤੋਂ ਪਾਣੀ ਦੀ ਸਹੂਲਤ ਮਿਲੀ ਕਿਉਂਕਿ ਇਸ ਤੋਂ ਪਹਿਲਾਂ ਸਮਾਜ ਵਿਚ ਜੀਵਨ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਲਈ ਨੀਵੀਆਂ ਸ਼੍ਰੇਣੀਆਂ ਨੂੰ ਬੜੀ ਜੱਦੋ ਜਹਿਦ ਕਰਨੀ ਪੈਂਦੀ ਸੀ। ਇਨ੍ਹਾਂ ਨਗਰਾਂ ਦੀ ਸਥਾਪਨਾ ਦੇ ਮੂਲ ਕਾਰਨਾਂ ਵਿਚੋਂ ਇਕ ਲੋਕਾਈ ਲਈ ਪਾਣੀ ਦਾ ਪ੍ਰਬੰਧ ਕਰਨਾ ਸੀ, ਜਿਸਦੇ ਤਹਿਤ ਇਹ ਨਗਰ ਦਰਿਆਵਾਂ, ਨਦੀਆਂ ਦੇ ਕੰਢੇ ਵਸਾਏ ਗਏ। ਜਿੱਥੇ ਪਾਣੀ ਦੇ ਕੁਦਰਤੀ ਸਰੋਤ ਮੌਜੂਦ ਨਹੀਂ ਸਨ ਉੱਥੇ ਸਰੋਵਰ, ਖੂਹ ਤੇ ਬਾਉਲੀਆਂ ਲਗਵਾਈਆਂ ਗਈਆਂ।

ਇਨ੍ਹਾਂ ਨਗਰਾਂ ਨੂੰ ਆਰਥਿਕ ਪੱਥ ਤੋਂ ਮਜਬੂਤ ਕਰਨ ਲਈ ਗੁਰੂ ਸਾਹਿਬਾਨ ਨੇ ਪਹਿਲ ਦੇ ਅਧਾਰ ਤੇ ਵਪਾਰੀ ਵਰਗ ਨੂੰ ਵਸਾਇਆ। ਬਿਨ੍ਹਾਂ ਕਿਸੇ ਭੇਦ-ਭਾਵ ਤੋਂ ਹਰ ਵਰਗ ਦੇ ਵਪਾਰੀ ਇਨ੍ਹਾਂ ਨਗਰਾਂ ਵਿਚ ਵਸਾਏ ਗਏ। ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਨੂੰ ਸਿੱਖ ਪੰਥ ਦਾ ਸਦੀਵੀ ਕੇਂਦਰ ਸਥਾਪਿਤ ਕਰਕੇ ਸਮਾਜ ਦੇ ਬਹੁਪੱਖੀ ਵਿਕਾਸ ਵਿਚ ਅਹਿਮ ਭੂਮਿਕਾ ਨਿਭਾਈ। 52 ਕਿਸਮ ਦੇ ਕਿੱਤਿਆਂ ਵਾਲੇ ਵੱਖ-ਵੱਖ ਜਾਤਾਂ ਤੇ ਵਰਗਾਂ ਦੇ ਲੋਕ ਵਸਾਏ। ਇਸ ਮੁਹਿੰਮ ਦੇ ਤਹਿਤ ਹੀ ਅੰਮ੍ਰਿਤਸਰ ਸਾਹਿਬ ਪੂਰੇ ਭਾਰਤ ਵਿਚ ਵਪਾਰ ਦਾ ਪ੍ਰਮੁੱਖ ਕੇਂਦਰ ਬਣਿਆ। ਸ਼ਾਹੂਕਾਰਾਂ ਦੇ ਹੋਰ ਰਾਜਾਂ ਨਾਲ ਅੰਤਰ-ਸੰਬੰਧਾਂ ਨੇ ਇਨ੍ਹਾਂ ਨਗਰਾਂ ਨੂੰ ਆਰਥਿਕ ਪੱਖ ਤੋਂ ਮਜਬੂਤੀ ਪ੍ਰਦਾਨ ਕੀਤੀ।

ਸੰਗਤ-ਪੰਗਤ, ਮੰਜੀ ਪ੍ਰਥਾ, ਮਸੰਦ ਪ੍ਰਥਾ ਤੇ ਖਾਲਸਾ ਪੰਥ ਦੀ ਸਾਜਨਾ ਆਦਿ ਇਹ ਸਭ ਗੁਰੂ ਸਾਹਿਬਾਨ ਦੁਆਰਾ ਮਨੁੱਖ ਨੂੰ ਧਾਰਮਿਕ ਪੱਖ ਤੋਂ ਸਚਿਆਰ ਬਣਾਉਣ ਹਿਤ ਕਰਵਾਏ ਗਏ ਕਾਰਜ ਸਨ। ਗੁਰੂ

ਕਾਲ ਤੋਂ ਪਹਿਲਾਂ ਸਮਾਜ ਦੀ ਧਾਰਮਿਕ ਦਸ਼ਾ ਬਹੁਤ ਵਿਗੜ ਚੁੱਕੀ ਸੀ। ਧਰਮ ਦੇ ਸੰਚਾਲਕ ਪਦਾਰਥਾਂ ਦੇ ਲਾਲਚ ਵਸ ਹੋ ਕੇ ਆਮ ਜਨਤਾ ਨੂੰ ਫੋਕੇ ਕਰਮ-ਕਾਡਾਂ ਵਿਚ ਭਰਮਾ ਰਹੇ ਸਨ। ਇਸ ਵਿਗੜੀ ਹੋਈ ਦਸ਼ਾ ਦੇ ਸੁਧਾਰ ਲਈ ਇਨ੍ਹਾਂ ਨਗਰਾਂ ਵਿਚ ਧਰਮਸ਼ਾਲਾਵਾਂ ਕਾਇਮ ਕੀਤੀਆਂ ਗਈਆਂ। ਫੋਕੇ ਕਰਮ ਕਾਂਡਾਂ ਵਿਚੋਂ ਕੱਢ ਕੇ ਆਤਮਿਕ ਜੀਵਨ ਦੀ ਉੱਨਤੀ ਲਈ ਖਾਲਸ ਸਿਧਾਂਤ ਦ੍ਰਿੜ ਕਰਵਾਏ ਗਏ।

ਅਕਾਲ ਤਖ਼ਤ ਦੀ ਸਿਰਜਨਾ, ਮੀਰੀ ਪੀਰੀ ਦਾ ਸਿਧਾਂਤ, ਢਾਡੀ ਵਾਰਾਂ ਆਦਿ ਸਭ ਸਿਧਾਂਤਾਂ ਦੀ ਬਦੌਲਤ ਅੰਮ੍ਰਿਤਸਰ ਸਾਹਿਬ ਰਾਜਨੀਤਿਕ ਪੱਖ ਤੋਂ ਸਿੱਖਾਂ ਦਾ ਪਹਿਲਾ ਕੇਂਦਰ ਕਾਇਮ ਹੋਇਆ। ਦੁਨਿਆਵੀ ਸ਼ਾਸ਼ਕਾਂ ਦੇ ਸਤਾਈ ਹੋਏ ਲੋਕਾਂ ਨੂੰ ਗੁਰੂ ਦਰਬਾਰ ਵਿਚ ਇਨਸਾਫ ਮਿਲਣਾ ਸ਼ੁਰੂ ਹੋ ਗਿਆ। ਸਦੀਆਂ ਤੋਂ ਗੁਲਾਮੀ ਦੀ ਨੀਂਦ ਸੁੱਤੀ ਹੋਈ ਮਨੁੱਖਤਾ ਨੂੰ ਵੀਰ ਰਸੀ ਪ੍ਰਸੰਗ ਸੁਣਾ ਕੇ ਜਗਾਇਆ ਗਿਆ। ਅਨੰਦਪੁਰ ਸਾਹਿਬ ਫੌਜੀ ਗਤੀਵਿਧੀਆਂ ਦੇ ਸੰਬੰਧ ਵਿਚ ਬਹੁਤ ਸਹਾਈ ਸਿਧ ਹੋਇਆ। ਗੁਰੂ ਸਾਹਿਬਾਨ ਦੀ ਇਸ ਕ੍ਰਾਂਤੀਕਾਰੀ ਸੋਚ ਦਾ ਸਦਕਾ ਇਨ੍ਹਾਂ ਨਗਰਾਂ ਵਿਚ ਆਤਮ-ਨਿਰਭਰ ਤੇ ਆਤਮ-ਰੱਖਿਆ ਦੀ ਸੋਚ ਕਾਇਮ ਹੋਈ। ਅਨੰਦਪੁਰ ਸਾਹਿਬ ਵਿਖੇ ਕਿਲ੍ਹਿਆਂ ਦੀ ਸਥਾਪਨਾ ਕਰਕੇ ਬਾਹਰੀ ਹਮਲਿਆਂ ਤੋਂ ਇਸ ਨਗਰ ਨੂੰ ਸੁਰੱਖਿਆ ਪ੍ਰਦਾਨ ਕੀਤੀ ਗਈ।

ਦੇਸ਼ ਵਿਚ ਪ੍ਰਚਲਿਤ ਸਮਾਜ ਵਿਰੋਧੀ ਗਤੀਵਿਧੀਆਂ ਦਾ ਖੰਡਨ ਕਰਕੇ ਨਵੀਂ ਭਰਾਤਰੀ ਭਾਵ ਪੈਦਾ ਕਰਨ ਵਾਲੀ ਪ੍ਰਣਾਲੀ ਤਿਆਰ ਕੀਤੀ ਗਈ। ਗੁਰੂ ਅਮਰਦਾਸ ਜੀ ਨੇ ਇਸ ਸਮਾਜ ਕਲਿਆਣਕਾਰੀ ਕਾਰਜ ਅਧੀਨ ਗੋਇੰਦਵਾਲ ਵਿਖੇ ਇਸਤਰੀ ਜਾਤੀ ਨੂੰ ਸਮਾਜ ਵਿਚ ਬਣਦਾ ਸਨਮਾਨ ਦਵਾਇਆ। ਪਰਦਾ ਪ੍ਰਥਾ ਤੇ ਸਤੀ ਪ੍ਰਥਾ ਵਰਗੀਆਂ ਸਮਾਜ ਵਿਚ ਪ੍ਰਚਲਿਤ ਪਰੰਪਰਾਗਤ ਭੈੜੀਆਂ ਰੀਤੀਆਂ ਨੂੰ ਗੋਇੰਦਵਾਲ ਸਾਹਿਬ ਵਿਖੇ ਜੜ ਤੋਂ ਖਤਮ ਕੀਤਾ ਗਿਆ। ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਦੇ ਚਾਰ ਦਰਵਾਜੇ ਰਖਵਾ ਕੇ ਸਰਬ-ਸਾਂਝੀਵਾਲਤਾ ਦਾ ਸਦੀਵੀ ਪ੍ਰਤੀਕ ਕਾਇਮ ਕੀਤਾ। ਸਰੋਵਰਾਂ, ਬਾਉਲੀਆਂ, ਖੂਹਾਂ ਆਦਿ ਪਾਣੀ ਦੇ ਸਰੋਤ ਬਿਨ੍ਹਾਂ ਕਿਸੇ ਵਰਣ-ਆਸ਼ਰਮ ਦੇ ਭੇਦ ਤੋਂ ਸਭਨਾਂ ਨੂੰ ਮੁਹੱਈਆ ਕਰਵਾ ਕੇ ਇਨ੍ਹਾਂ ਨਗਰਾਂ ਦੀ ਸਥਾਪਨਾ ਪਿਛੇ ਬਣਦੇ ਕਾਰਨ ਸਪੱਸ਼ਟ ਕੀਤੇ।

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਗੁਰੂ ਸਾਹਿਬਾਨ ਦੁਆਰਾ ਸਮੁੱਚੀ ਲੋਕਾਈ ਨੂੰ ਬਿਨ੍ਹਾਂ ਕਿਸੇ ਨਸਲ, ਜਾਤ, ਵਰਗ ਦੇ ਭੇਦ-ਭਾਵ ਤੋਂ ਇਕ ਮਾਲਾ ਵਿਚ ਸੂਤਰ-ਬੱਧ ਕਰਨ ਦੇ ਕਾਰਜ ਵਿਚ ਇਨ੍ਹਾਂ ਨਗਰਾਂ

ਨੇ ਅਹਿਮ ਭੂਮਿਕਾ ਨਿਭਾਈ। ਇਹ ਨਗਰ ਸਿੱਖ ਧਰਮ ਦੇ ਵਿਲੱਖਣ ਤੇ ਅਧਿਕ ਗੁਣਾਂ ਨੂੰ ਦਰਸਾਉਣ ਹਿਤ ਸਮਾਜ ਵਿਚ ਉਜਾਗਰ ਕੀਤੇ ਗਏ। ਵਿਕਸਿਤ ਸ਼ਹਿਰਾਂ ਅਤੇ ਕਸਬਿਆਂ ਦਾ ਰੂਪ ਲੈ ਚੁੱਕੇ ਇਹ ਨਗਰ ਗੁਰੂ ਸਾਹਿਬਾਨ ਦੁਆਰਾ ਸਮਾਜ ਨੂੰ ਪ੍ਰਦਾਨ ਕੀਤੇ ਸਰਵ-ਕਲਿਆਣਕਾਰੀ ਮਾਡਲ ਦੀ ਕਾਮਯਾਬੀ ਤਹਿ ਕਰਦੇ ਹਨ।

ਇਸ ਵਿਚ ਕੋਈ ਦੋ ਰਾਏ ਨਹੀਂ ਹੈ ਕਿ ਜੇਕਰ ਇਹ ਕਹਿ ਲਿਆ ਜਾਵੇ ਕਿ ਜਿਸ ਬੇਗਮਪੁਰਾ ਸ਼ਹਿਰ ਦਾ ਜਿਕਰ ਭਗਤ ਰਵੀਦਾਸ ਜੀ ਨੇ ਅਪਣੀ ਬਾਣੀ ਵਿਚ ਕੀਤਾ ਸੀ ਉਸਦਾ ਪ੍ਰਤੱਖ ਰੂਪ ਸਿੱਖ ਗੁਰੂ ਸਾਹਿਬਾਨ ਨੇ ਸਮਾਜ ਵਿਚ ਤਿਆਰ ਕਰ ਕੇ ਵਿਖਾਇਆ। ਗੁਰੂ ਸਾਹਿਬਾਨ ਦੁਆਰਾ ਇਨ੍ਹਾਂ ਨਗਰਾਂ ਵਿਚ ਜੀਵਨ ਨਿਰਬਾਹ ਦੀਆਂ ਮੁੱਢਲੀਆਂ ਲੋੜਾਂ ਮੁਫ਼ਤ ਮੁਹੱਈਆ ਕਰਵਾਈਆਂ ਗਈਆਂ। ਰਾਜਨੀਤਿਕ ਪੱਖ ਤੋਂ ਲੋਕਾਂ ਦੇ ਆਪਸੀ ਝਗੜਿਆਂ ਦੇ ਮਸਲੇ ਭ੍ਰਿਸ਼ਟ ਹੁਕਮਰਾਨਾਂ ਦੀ ਬਜਾਇ ਗੁਰੂ ਦਰਬਾਰ ਵਿਚ ਹੀ ਨਬੇੜੇ ਗਏ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਜਿਸ ਆਦਰਸ਼ ਸਮਾਜ ਦੀ ਸਿਰਜਨਾ ਦਾ ਸੰਕਲਪ ਗੁਰੂ ਸਾਹਿਬਾਨ ਨੇ ਲਿਆ ਸੀ ਉਹ ਪੂਰਨ ਕਰਕੇ ਵਿਖਾਇਆ।

**ਸਥਾਪਨਾਵਾਂ:** ਖੋਜ-ਕਾਰਜ ਦੌਰਾਨ ਅਸੀਂ ਜਿਨ੍ਹਾਂ ਸਥਾਪਨਾਵਾਂ ਤੱਕ ਪਹੁੰਚ ਸਕੇ ਹਾਂ, ਉਨ੍ਹਾਂ ਨੂੰ ਹੇਠ ਲਿਖੇ ਅਨੁਸਾਰ ਵਿਚਾਰਿਆ ਗਿਆ ਹੈ:

1. ਗੁਰੂ ਸਾਹਿਬਾਨ ਨੇ ਆਪਣੇ ਸਿਧਾਂਤਾਂ ਦੇ ਪ੍ਰਚਾਰ ਸਦਕੇ ਲੋਕਾਈ ਦੇ ਜੀਵਨ-ਜਾਂਚ ਵਿਚ ਇਨਕਲਾਬ ਦੀ ਲਹਿਰ ਪੈਦਾ ਕੀਤੀ। ਇਹ ਇਨਕਲਾਬ ਸਮਾਜ ਵੱਲੋਂ ਪ੍ਰਵਾਨਿਆ ਗਿਆ ਅਤੇ ਸਮਾਜ ਦੀ ਬਹੁ-ਗਿਣਤੀ ਨੇ ਗੁਰੂ ਜੀ ਦਾ ਸਾਥ ਦਿੰਦੇ ਹੋਏ ਇਨ੍ਹਾਂ ਸਿਧਾਂਤਾ ਦਾ ਵਧ-ਚੜ੍ਹ ਕੇ ਪ੍ਰਚਾਰ ਕੀਤਾ।
2. ਖੋਜ ਦੌਰਾਨ ਇਹ ਤੱਥ ਸਾਹਮਣੇ ਆਇਆ ਹੈ ਕਿ ਗੁਰੂ ਸਾਹਿਬਾਨ ਨੇ ਸਿੱਖ ਧਰਮ ਦੀ ਵਿਲੱਖਣ ਪਹਿਚਾਣ ਪੇਸ਼ ਕਰਨ ਲਈ ਨਿਰੋਲ ਸਿੱਖ ਸੱਭਿਆਚਾਰ ਦਾ ਪ੍ਰਗਟਾਵਾ ਕਰਨ ਵਾਲੇ ਨਗਰਾਂ ਦੀ ਸਥਾਪਨਾ ਕੀਤੀ।
3. ਗੁਰੂ ਸਾਹਿਬਾਨ ਦੁਆਰਾ ਨਵੇਂ ਨਗਰ ਦੀ ਸਥਾਪਨਾ ਕਰਨ ਨਾਲ ਪੂਰੇ ਭਾਰਤ ਦੇ ਮਾਹੌਲ ਵਿਚ ਤਬਦੀਲੀ ਆਈ। ਇਨ੍ਹਾਂ ਨਗਰਾਂ ਦੇ ਮਾਡਲ ਪਹਿਲਾਂ ਸਥਾਪਿਤ ਨਗਰਾਂ ਤੋਂ ਬਿਲਕੁਲ ਵੱਖਰੇ ਸਨ, ਕਿਉਂਕਿ ਗੁਰੂ ਕਾਲ ਤੋਂ ਪਹਿਲਾਂ ਪਛੜੀਆਂ ਸ਼੍ਰੇਣੀਆਂ ਨੂੰ ਦਿਸ਼ਾ ਭੇਦ ਕਾਰਨ ਪਿੰਡ, ਨਗਰ ਤੇ ਸ਼ਹਿਰਾਂ

ਦੇ ਪੂਰਬ ਵਾਲੇ ਪਾਸੇ ਵਸਣ ਦੀ ਮਨਾਹੀ ਸੀ। ਪਰ ਗੁਰੂ ਰਾਮਦਾਸ ਜੀ ਨੇ ਸਿੱਖਾਂ ਦੇ ਕੇਂਦਰੀ ਅਸਥਾਨ ਅੰਮ੍ਰਿਤਸਰ ਸਾਹਿਬ ਵਿਖੇ 52 ਵੱਖ-ਵੱਖ ਜਾਤਾਂ ਦੇ ਲੋਕ ਵਸਾ ਕੇ ਨਸਲੀ ਵਿਤਕਰੇ ਨੂੰ ਜੜ੍ਹ ਤੋਂ ਉਖੇੜ ਕੇ ਰੱਖ ਦਿੱਤਾ।

4. ਗੁਰੂ ਸਾਹਿਬਾਨ ਨੇ ਇਨ੍ਹਾਂ ਨਗਰਾਂ ਦੀ ਉਸਾਰੀ ਕਰਵਾ ਕੇ ਅਜਿਹੇ ਮਾਹੌਲ ਦੀ ਸਿਰਜਨਾ ਕੀਤੀ ਜਿਸ ਦੇ ਅੰਤਰਗਤ ਹਰੇਕ ਵਿਅਕਤੀ ਸੁਤੰਤਰ ਰੂਪ ਵਿਚ ਅਨੰਦਮਈ ਜੀਵਨ ਬਤੀਤ ਕਰ ਸਕਦਾ ਸੀ।
5. ਗੁਰੂ ਸਾਹਿਬਾਨ ਦੁਆਰਾ ਵੱਖ-ਵੱਖ ਸਮਿਆਂ ਤੇ ਸਥਾਪਿਤ ਕੀਤੇ ਗਏ ਸ਼ਹਿਰਾਂ ਅਤੇ ਕਸਬਿਆਂ ਦੇ ਇਤਿਹਾਸਕ ਪਿਛੋਕੜ ਨੂੰ ਕ੍ਰਮਵਾਰ ਕਾਲਾਂਤਰ ਲੜੀ ਵਿਚ ਸੂਤਰਬੱਧ ਕੀਤਾ ਗਿਆ ਹੈ। ਇਨ੍ਹਾਂ ਸ਼ਹਿਰਾਂ ਅਤੇ ਕਸਬਿਆਂ ਦੀ ਸਥਾਪਨਾ ਸੰਨ/ਸੰਮਤ ਸੰਬੰਧੀ ਵਿਦਵਾਨਾਂ ਵਿਚ ਪ੍ਰਚੱਲਿਤ ਵਖਰੇਵੇਂ ਦਾ ਵਿਸਲੇਸ਼ਣ ਕਰਕੇ ਅਸਲ ਸੱਚ ਤੱਕ ਅੱਪੜਨ ਦਾ ਯਤਨ ਕੀਤਾ ਗਿਆ ਹੈ।
6. ਇਹ ਵੀ ਤੱਥ ਸਾਹਮਣੇ ਆਇਆ ਹੈ ਕਿ ਗੁਰੂ ਸਾਹਿਬਾਨ ਨੇ ਭੂਗੋਲਿਕ ਦ੍ਰਿਸ਼ਟੀ ਤੋਂ ਇਹਨਾਂ ਨਗਰਾਂ ਦੀ ਸਥਾਪਨਾ ਲਈ ਜਗ੍ਹਾ ਦੀ ਚੋਣ ਪੂਰੀ ਸੋਚ ਵਿਚਾਰ ਕੇ ਕੀਤੀ ਤਾਂ ਜੋ ਮਨੁੱਖੀ ਜੀਵਨ ਦੀਆਂ ਮੁੱਢਲੀਆਂ ਲੋੜਾਂ ਅਸਾਨੀ ਨਾਲ ਪੂਰੀਆਂ ਹੋ ਸਕਣ।
7. ਸਿੱਖ ਗੁਰੂ ਸਾਹਿਬਨ ਦੁਆਰਾ ਸਥਾਪਿਤ ਸ਼ਹਿਰ ਅਤੇ ਕਸਬੇ ਹਰੇਕ ਪ੍ਰਾਣੀ ਲਈ ਮਾਰਗ ਦਰਸ਼ਕ ਹਨ ਕਿਉਂਕਿ ਇਹ ਸਥਾਪਨਾ ਕਾਰਜ ਹਰੇਕ ਪ੍ਰਾਣੀ ਨੂੰ ਜਾਤੀ ਵਿਤਕਰੇ ਦੀ ਭਾਵਨਾ ਤੋਂ ਮੁਕਤ ਕਰਕੇ ਆਪਸੀ ਭਾਈਚਾਰਕ ਸਾਂਝ ਪੈਦਾ ਕਰਨ ਦੀ ਭਾਵਨਾ ਪੈਦਾ ਕਰਦੇ ਹਨ। ਇਸ ਤੋਂ ਇਲਾਵਾ ਗੁਰੂ ਸਾਹਿਬਾਨ ਨੇ ਸਮਾਜ ਵਿਚ ਭ੍ਰਿਸ਼ਟ ਆਗੂਆਂ ਦਾ ਬੋਲ-ਬਾਲਾ ਹੋਣ ਦੇ ਬਾਵਜੂਦ ਵੀ ਇਹ ਸਮਾਜ ਸੁਧਾਰਕ ਸਿਧਾਂਤ ਆਪਣੀ ਬਾਣੀ ਵਿਚ ਦਰਜ਼ ਕਰਨ ਦੇ ਨਾਲ-ਨਾਲ ਸਮਾਜ ਵਿਚ ਲਾਗੂ ਕਰ ਕੇ ਦਿਖਾਏ। ਜਿਸਦੇ ਫਲਸਰੂਪ ਗੁਰੂ ਸਾਹਿਬਾਨ ਨੇ ਜਾਤ-ਪਾਤ 'ਤੇ ਆਧਾਰਿਤ ਵੰਡੇ ਸਮਾਜ ਦਾ ਵਿਰੋਧ ਕਰਦੇ ਹੋਏ ਇਕ ਨਵਾਂ ਭੇਦ-ਭਾਵ ਤੋਂ ਰਹਿਤ ਸਮਾਜ ਸਿਰਜਿਆ।
8. ਸਿੱਖ ਧਰਮ ਦੀ ਪ੍ਰਫੁੱਲਤਾ ਵਿਚ ਇਹਨਾਂ ਸ਼ਹਿਰਾਂ ਅਤੇ ਕਸਬਿਆਂ ਦੇ ਯੋਗਦਾਨ ਨੂੰ ਵਰਣਨ ਕਰਦਿਆਂ ਇਹ ਤੱਥ ਸਾਹਮਣੇ ਆਉਂਦੇ ਹਨ ਕਿ ਇਹਨਾਂ ਅਸਥਾਨਾਂ ਦੀ ਸਥਾਪਨਾ ਨੇ ਹਰੇਕ ਮਨੁੱਖ ਦੇ ਜੀਵਨ ਸੰਬੰਧੀ ਧਾਰਮਿਕ ਖੇਤਰ ਤੋਂ ਇਲਾਵਾ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਖੇਤਰ

ਵਿਚ ਯੋਗ ਤਬਦੀਲੀ ਲਿਆਂਦੀ। ਜਿਸਦੇ ਸਿੱਟੇ ਵਜੋਂ ਥੋੜ੍ਹੇ ਸਮੇਂ ਵਿਚ ਹੀ ਇਹ ਸਾਰੇ ਪਿੰਡ ਵਸੋਂ ਦੇ ਵਾਧੇ ਕਾਰਨ ਕਸਬਿਆਂ ਅਤੇ ਸ਼ਹਿਰਾਂ ਵਿਚ ਤਬਦੀਲ ਹੋ ਗਏ। ਇਨ੍ਹਾਂ ਸ਼ਹਿਰਾਂ ਅਤੇ ਕਸਬਿਆਂ ਦੀ ਸਥਾਪਨਾ ਕੇਵਲ ਸਿੱਖ ਧਰਮ ਨੂੰ ਕੇਵਲ ਧਾਰਮਿਕ ਪੱਖ ਤੋਂ ਉਤਾਂਹ ਚੁੱਕਣਾ ਨਹੀਂ ਸੀ ਬਲਕਿ ਸਮਾਜਕ, ਆਰਥਕ ਅਤੇ ਰਾਜਨੀਤਿਕ ਪੱਖਾਂ ਤੋਂ ਵੀ ਮਜ਼ਬੂਤੀ ਪ੍ਰਦਾਨ ਕਰਨਾ ਸੀ।